25-Sep-Sunday.qxd 9/24/2022 10:02 PM Page 1

ਮੱਖਣ ਕੁਹਾੜ ਦੀਆਂ ਗ਼ਜ਼ਲਾਂ
ਆਖਰੀ ਤੋਂ ਪਹਿਲੇ ਸਫ਼ੇ 'ਤੇ


# ਨਵਾਂ ਜ਼ਮਾਨਾ ਐਤਵਾਰਤਾ


ਪੱਥਰ ਦੀ ਸਾਰੰਗੀ 'ਤੇ
ਕੱਚ ਦਾ ਗ਼ਜ਼ ਫੇਰੀ ਜਾਂਦਾ ਹੈ
ਜਿਸ ਦਾ ਸ਼ਿਕਵਾ ਹੈ ਲੋਕਾਂ ਨੂੰ
ਸੁਣਨਾ ਆਉਂਦਾ ਰਾਗ ਨਹੀਂ

- ਜਗਵਿੰਦਰ ਜੋਧਾ

Regd. No : Pb/JL-123/2021-2023, (R.N.I.)-00068/57 ਜਲੰਧਰ : ਐਤਵਾਰ, 25 ਸਤੰਬਰ 2022 www.nawanzamana.in ਕੀਮਤ 5.00 ਰੁਪਏ

ਸਮਕਾਲੀ ਚਿੰਤਨ

ਕਾਮਰੇਡ ਜਗਰੂਪ

## ਕੁਦਰਤ ਅਤੇ ਸਮਾਜਿਕ ਦਵੰਦਵਾਦ ਦੇ ਨੇਮ ਤੇ ਸੱਤਾ

(1) ਕਿਸੇ ਵਸਤੂ ਵਰਤਾਰੇ ਦੀ ਧਾਰਨਾ ਦਾ ਨਿਰਧਾਰਨ (ਖੁਦ ਉਸੇ ਦੇ ਸੰਬੰਧਾਂ ਅਤੇ ਵਿਕਾਸ ਵਿੱਚੋਂ ਵਿਚਾਰਿਆ ਜਾਵੇ)

(2) ਖੁਦ ਵਸਤੂ ਦੀ ਖਾਸੀਅਤ, ਅੰਤਰ-ਵਿਰੋਧ, (ਖੁਦ ਦਾ ਹੀ ਉਲਟ) ਵਰਤਾਰੇ ਦੇ ਅੰਤਰ-ਵਿਰੋਧੀ ਬਲ ਤੇ ਰੁਝਾਨ।

(3) ਵਿਸ਼ਲੇਸ਼ਣ ਤੇ ਸੰਸਲੇਸ਼ਣ ਦੀ ਏਕਤਾ।

ਸਪੱਸ਼ਟ ਤੌਰ 'ਤੇ ਵਿਰੋਧ-ਵਿਕਾਸ ਦੇ ਤੱਤ ਇਹੋ ਜਿਹੇ ਹਨ।

ਆਓ "ਸੱਤਾ" (ਰਾਜਸੱਤਾ) ਨੂੰ ਇਸ ਸੰਦਰਭ ਵਿੱਚ ਵਿਚਾਰੀਏ!

(1) ਸੱਤਾ ਨੂੰ ਬਾਹਰੀ ਵਿਰੋਧ ਸਿੱਧੇ ਰੂਪ ਵਿੱਚ ਨਹੀਂ ਹਰਾਉਂਦਾ, ਸਗੋਂ ਬਾਹਰੀ ਵਿਰੋਧ ਨੂੰ ਹਰਾ ਕੇ "ਸੱਤਾ" ਬਣੀ ਹੈ। ਉਸ ਨੂੰ ਹਰਾਉਣ ਲਈ ਬਾਹਰੀ ਵਿਰੋਧ ਨੇ ਉਸ ਦੇ ਅੰਤਰ-ਵਿਰੋਧ ਨੂੰ ਵਧਾਉਣਾ ਹੁੰਦਾ ਹੈ, ਜਿਸ ਨਾਲ ਸਮਾਜਿਕ ਮਹੌਲ ਬਦਲਦਾ ਹੈ। ਜਿਹੜਾ ਵੀ "ਸੱਤਾ ਵਿਰੋਧੀ" ਇਹ ਕੰਮ ਨਹੀਂ ਕਰਦਾ, ਉਹ "ਸੱਤਾ" ਦੇ ਹੱਕ ਵਿੱਚ ਭੁਗਤਦਾ ਹੈ।

"ਫਿਰਕੂ-ਸੱਤਾ" ਦਾ ਸਾਦਾ, ਪ੍ਰਤੀਕਿਰਿਆ ਵਾਲਾ ਵਿਰੋਧ, ਉਸ ਨੂੰ ਨੁਕਸਾਨ ਘੱਟ ਅਤੇ ਬਲ ਵਧੇਰੇ ਬਖਸ਼ਦਾ ਹੈ।

(ਵਸਤੂ-ਵਰਤਾਰਾ) ਰਾਜ ਸੱਤਾ ਬੀ ਜੇ ਪੀ ਕੋਲ ਹੈ!

ਸੱਤਾ, ਮੁੱਢ (ਜਨਮ) ਤੋਂ ਹੀ ਜਮਾਤੀ ਹੈ।

ਇਕ ਜਮਾਤ ਦਾ ਦੂਜੀ (ਦੂਜੀਆਂ) ਜਮਾਤ ਉਤੇ ਆਪਣਾ ਹੁਕਮ (ਹਿੱਤ) ਲਾਗੂ ਕਰਨਾ ਹੈ।

'ਵਰਤਾਰੇ ਦੀ ਧਾਰਨਾ ਦਾ ਨਿਰਧਾਰਨ' : ਭਾਵ ਉਸ ਦਾ ਅਮਲ, ਸੱਤਾ 'ਤੇ ਕਾਬਜ਼ ਰਹਿਣਾ, ਕਾਬਜ਼ ਰਹਿਣ ਦੇ ਅਮਲ ਨੂੰ ਲਾਗੂ ਕਰਨਾ ਹੈ।

(ਦੂਜੇ ਨੇਮ ਅਨੁਸਾਰ)

* (ਬੀ ਜੇ ਪੀ) ਸੱਤਾ ਦੀ ਖਾਸੀਅਤ ਕੀ ਹੈ?
* ਉਸ ਦੇ ਅੰਤਰ-ਵਿਰੋਧ ਕੀ ਹਨ?
* ਵਰਤਾਰੇ ਦੇ ਅੰਤਰ-ਵਿਰੋਧੀ ਬਲ ਤੇ ਰੁਝਾਨ ਕੀ ਹਨ?

ਬੀ ਜੇ ਪੀ-ਸੱਤਾ ਦੀ ਖਾਸੀਅਤ : ਇਹ ਸਮਾਜਿਕ ਫਿਰਕੂ ਅੰਤਰ ਵਿਰੋਧ ਨੂੰ ਵਰਤਦਿਆਂ, ਵਿਰੋਧੀ ਧਿਰ ਨੂੰ ਹਰਾ ਕੇ ਸੱਤਾ 'ਤੇ ਆਈ ਹੈ।

ਆਪਣੇ (ਖੁਦ ਦੇ) ਅੰਤਰ-ਵਿਰੋਧ (ਅੰਦਰਲਾ ਵਿਰੋਧ), ਅੰਤਰ-ਵਿਰੋਧੀ ਬਲ ਤੇ ਰੁਝਾਨ ਨੂੰ ਕਾਬੂ ਵਿੱਚ ਰੱਖੇ ਤਾਂ ਸੱਤਾ ਪੱਕੀ (ਹੱਥ ਵਿਚ) ਰਹੇਗੀ।

ਸੱਤਾ-ਧਿਰ ਵਜੋਂ ਖਾਸੀਅਤ ; ਉਸ ਦੀ ਟੇਕ ਵੱਡਾ ਫਿਰਕੂ (ਹਿੰਦੂ) ਅਤੇ ਤਿੱਖੀ ਫਿਰਕੂ ਵੰਡ ਬਣਾਈ ਰੱਖਣ ਉੱਤੇ ਹੈ।

[[ਭਾਰਤ, 140 ਕਰੋੜ ਦੀ ਵੱਸੋਂ ਦਾ ਜਟਲ ਪ੍ਰਬੰਧਨ ਹੈ! ਸਮਾਜਕ ਬਣਤਰ (ਰੂਪ) ਫਿਰਕਿਆਂ 'ਚ ਵੰਡਿਆ ਹੈ।

ਵੱਡਾ ਫਿਰਕੂ-ਹਿੰਦੂ 80 ਫੀਸਦੀ ਹੈ, ਜਿਸ ਕੋਲ ਸਮਰਥਕਾਂ-ਆਰ ਐੱਸ ਐੱਸ ਦਾ ਜੱਥੇਬੰਦਕ ਰੂਪ ਹੈ, ਜੋ ਲਗਾਤਾਰ ਸਰਗਰਮ ਹੈ।

ਦੂਜਾ ਨੰਬਰ : ਮੁਸਲਮ ਫਿਰਕੂ, ਕਰੀਬ 17 ਫੀਸਦੀ ਹੈ।

ਬਾਕੀ ਦੇ ਸਿੱਖ, ਇਸਾਈ, ਪਾਰਸੀ ਆਦਿ 3 ਫੀਸਦੀ ਹਨ।]]

ਫਿਰਕਿਆਂ ਦਾ ਅਨੁਪਾਤੀ ਫਰਕ ਬਹੁਤ ਅਸਾਵਾਂ ਹੈ! ਉਸ (ਸੱਤਾ) ਲਈ ਵੱਡੇ ਫਿਰਕੇ ਦੇ ਜਨੂੰਨ ਨੂੰ ਪ੍ਰਚੰਡ ਕਰਕੇ, ਬਾਕੀਆਂ ਵਿਰੁੱਧ ਸ਼ਬਦੀ ਜੰਗ ਤੋਂ ਹਕੀਕੀ ਦਬਾਓ ਬਣਾ ਕੇ, ਸੱਤਾ ਪੱਕੀ ਕਰਨਾ ਆਸਾਨ ਹੈ।

ਬੀ ਜੇ ਪੀ ਇਸ ਏਜੰਡੇ ਤੋਂ ਇੱਧਰ-ਉਧਰ ਕੋਈ ਸੋਚੇ ਵੀ ਨਾ, ਇਸ ਨੀਤੀ 'ਤੇ ਅਡੋਲ ਅਤੇ ਇਕਸਾਰ ਅਮਲ ਕਰ ਰਹੀ ਹੈ। ਉਸ ਦੀ ਸਾਰੀ ਸ਼ਕਤੀ ਇਸ ਮੁੱਦੇ 'ਤੇ ਲੱਗੀ ਹੈ ਕਿ ਉਸ ਦਾ ਵਿਰੋਧ ਵੀ "ਘੱਟ ਗਿਣਤੀਆਂ" ਦੀ ਏਕਤਾ ਦੀਆਂ ਸਰਗਰਮੀ ਦੁਆਲੇ ਘੁੰਮਿਆ ਫਿਰੇ। ਜਿਸ ਨਾਲ ਉਹਨਾਂ ਦਾ ਏਜੰਡਾ (ਫਿਰਕੂ ਵੰਡ) ਹੀ ਕੇਂਦਰ ਵਿੱਚ ਰਹਿੰਦਾ ਹੈ। ਵੱਡੇ ਫਿਰਕੇ ਦੇ ਵੱਡੇ ਅਨੁਪਾਤੀ ਫਰਕ ਨੂੰ, ਘੱਟ ਗਿਣਤੀਆਂ ਹਰਾ ਨਹੀਂ ਸਕਦੀਆਂ। ਇਸ ਢੰਗ ਨੂੰ ਜਾਰੀ ਰੱਖਣ ਨਾਲ ਉਸ ਨੂੰ ਕੋਈ ਚੁਣੌਤੀ ਪੇਸ਼ ਨਹੀਂ ਹੋ ਸਕਦੀ। ਇਸ ਨੀਤੀ ਨਾਲ ਸੱਤਾ ਸੁਰੱਖਿਅਤ ਹੁੰਦੀ ਹੈ।

ਕੁਝ 'ਚੇਤਨ' ਲੋਕ ਸੱਤਾ ਦੇ ਅੰਤਰ ਵਿਰੋਧ ਦੀ ਥਾਂ ਮਾਨਵੀ ਆਧਾਰ ਦੇ ਮੁੱਦੇ ਦੁਆਲੇ ਸਰਗਰਮੀ ਕਰਦੇ ਹਨ। ਫਿਰਕੂ ਮਹੌਲ ਗੈਰ ਮਾਨਵੀ ਹੁੰਦਾ ਹੈ। ਇਸ ਹਾਲਤ ਵਿੱਚ ਉਹਨਾ ਦੀ ਸਰਗਰਮੀ ਸੱਤਾ ਦਾ ਨੁਕਸਾਨ ਘੱਟ ਕਰਦੀ ਹੈ ਅਤੇ ਵੱਡੇ ਫਿਰਕੂ ਨੂੰ ਜਥੇਬੰਦ ਹੋਣ, ਕਰਨ ਵਿਚ ਮਦਦ ਵਧੇਰੇ ਕਰਦੀ ਹੈ। ਸੱਤਾ ਧਿਰ ਕੋਈ ਨਾ ਕੋਈ ਅਜਿਹਾ ਬਿਆਨ ਦੇਈ-ਦਵਾਈ ਰੱਖਦੀ ਹੈ, ਜਿਸ ਨਾਲ ਮਹੌਲ ਫਿਰਕੂ ਗਰਮਾ-ਗਰਮੀ ਵਾਲਾ ਹੀ ਬਣਿਆ ਰਹੇ। ਬਾਕੀ ਦੀ ਕਮੀ ਘੱਟ-ਗਿਣਤੀਆਂ 'ਚੋਂ ਪਾਲ ਰੱਖੇ ਘੱਟ-ਗਿਣਤੀਆਂ ਦੇ "ਸੂਰਮੇ, ਆਗੂ" ਪੂਰੀ ਕਰ ਦਿੰਦੇ ਹਨ। ਇਹਨਾਂ ਲੁਕਵੇਂ "ਮਿੱਤਰਾਂ" ਦੇ ਗਰਮ ਬਿਆਨਾਂ ਨੂੰ ਆਧਾਰ ਬਣਾ ਕੇ ਸੱਤਾ ਆਪਣਾ ਫਿਰਕੂ ਏਜੰਡਾ ਅੱਗੇ ਤੋਰਦੀ ਹੈ। ਘੱਟ-ਗਿਣਤੀ-ਹਮਾਇਤੀ ਪੱਖ ਤੋਂ ਤਿੱਖੀ ਫਿਰਕੂ, ਭੜਕਾਊ ਬਿਆਨਬਾਜ਼ੀ ਮੋੜਵੇਂ ਰੂਪ ਵਿੱਚ ਵੱਧ ਗਿਣਤੀ ਦੀ ਫਿਰਕਾਪ੍ਰਸਤੀ ਲਈ ਵਰਦਾਨ ਸਾਬਤ ਹੁੰਦੀ ਹੈ, ਕਿਉਂਕਿ ਹਰ ਫਿਰਕੂ ਪਹੁੰਚ ਮੋੜਵੇਂ ਰੂਪ ਵਿੱਚ ਵੱਡੀ/ਛੋਟੀ ਫਿਰਕਾਪ੍ਰਸਤੀ ਨੂੰ ਜਥੇਬੰਦ ਅਤੇ ਮਜ਼ਬੂਤ ਕਰਦੀ ਹੈ।

ਲੋਕਾਂ ਦੀ ਲੁੱਟ ਅਤੇ ਹਾਕਮਾਂ ਦੀ ਮਿਹਰਬਾਨੀ ਨਾਲ ਉਸਰਿਆ ਮੀਨਾਰ

ਸੱਤਾ ਨੂੰ ਚੁਣੌਤੀਹੀਣ ਪ੍ਰਸਥਿਤੀ ਮਿਲਦੀ ਹੈ ਅਤੇ ਉਸ ਨੂੰ ਅਸਲੀ ਮਕਸਦ ਆਰਥਿਕ ਮੁਹਾਜ਼ ਉਤੇ ਕਿਰਤ ਵਿਰੋਧੀ ਅਮਲ ਕਰਨ ਨੂੰ ਸਮਾਂ ਤੇ ਮਹੌਲ ਮਿਲਦਾ ਹੈ। ਫਿਰਕੂ ਮਹੌਲ ਵਿਚ ਕਿਰਤੀ ਨੂੰ ਕਿਰਤੀ ਵਜੋਂ ਸੋਚਣ-ਵਿਚਾਰਨ, ਵਿਚਰਨ ਦਾ ਮੌਕਾ ਹੀ ਨਹੀਂ ਮਿਲਦਾ। ਜਦੋਂ ਹੀ ਕੋਈ ਵੱਡਾ ਆਰਥਿਕ ਹਮਲਾ ਕਿਰਤੀਆਂ, ਕਿਸਾਨਾਂ, ਮੁਲਾਜ਼ਮਾਂ, ਆਮ-ਲੋਕਾਂ ਵਿਰੁੱਧ ਕਰਨਾ ਹੁੰਦਾ ਹੈ, ਉਸ ਤੋਂ ਧਿਆਨ ਪਾਸੇ ਰੱਖਣ ਲਈ ਸੱਤਾ ਵੱਲੋਂ ਪਹਿਲਾਂ ਫਿਰਕੂ ਤਨਾਓ ਬਣਾ ਦਿੱਤਾ ਜਾਂਦਾ ਹੈ।

"ਖਰੇ" ਮਾਨਵਵਾਦ ਦੇ ਨਾਂਅ 'ਤੇ ਪੀੜਤਾਂ ਦੀ ਹਮਾਇਤ ਵਾਲੇ ਜੋਸ਼ੀਲੇ ਭਾਸ਼ਨ, ਧਰਨੇ, ਮੁਜ਼ਾਹਰੇ ਸਭ ਐਕਸ਼ਨ (ਸਾਰੀ ਸਰਗਰਮੀ) ਘੱਟ ਗਿਣਤੀਆਂ ਅਤੇ ਸ਼ਾਂਤੀ ਪਸੰਦ, ਮਾਨਵਵਾਦੀ ਲੋਕਾਂ ਨੂੰ ਚੰਗਾ ਲੱਗਦਾ ਹੈ, ਸਰਗਰਮੀ ਕਰਨ ਵਾਲਿਆਂ ਨੂੰ ਆਪਣੇ ਕੀਤੇ ਉੱਪਰ "ਮਾਣ ਮਹਿਸੂਸ" ਕਰਨ ਦਾ ਪੂਰਾ ਹੱਕ ਹੁੰਦਾ ਹੈ ਅਤੇ ਉਹ ਸਵੈ-ਸੰਤੁਸ਼ਟ ਹੁੰਦੇ ਹਨ, ਪਰ ਆਪਣੇ ਮਕਸਦ ਵਿੱਚ ਕਾਮਯਾਬ ਨਹੀਂ ਹੁੰਦੇ। ਰਾਖੀ ਨਹੀਂ ਕਰ ਪਾਉਂਦੇ।

ਘੱਟ-ਗਿਣਤੀਆਂ ਦੇ "ਜੋਸ਼ੀਲੇ" ਹਮਾਇਤੀਆਂ ਨੂੰ ਕੋਈ ਸੋਚਣ ਵਿਚਾਰਨ ਲਈ ਕਹੇ ਤਾਂ ਉਹ 'ਅਕਲ ਦੀ ਗੱਲ' ਅਰੰਭਣ ਵਾਲੇ ਦੀ ਰੇਲ ਬਣਾ ਦਿੰਦੇ ਹਨ। ਜਿਵੇਂ ਸਾਰਾ "ਇਨਕਲਾਬੀ ਗਿਆਨ" ਉਹਨਾਂ ਹਿੱਸੇ ਹੀ ਆਇਆ ਹੈ।

ਉਲਟਾ ਦੂਸ਼ਣ ਲਾਉਂਦੇ ਨੇ "ਸਾਰਾ ਵਿਗਾੜ ਆਪ ਕੁਝ ਨਾ ਕਰਨ ਅਤੇ ਕਰਨ ਵਾਲਿਆਂ ਨੂੰ ਰੋਕਣ ਵਾਲਿਆਂ ਦਾ ਹੈ"।

ਸਾਰੇ ਇਕ ਤੋਂ ਵਧ ਕੇ ਇਕ "ਇਨਕਲਾਬੀ" ਹਨ। ਇਹ ਸੱਤਾ ਦਾ ਅੰਤਰ ਵਿਰੋਧ ਵਧਾਉਣਾ ਨਾ ਹੋ ਕੇ ਫਿਰਕੂ ਅੰਤਰ ਵਿਰੋਧ ਵਧਾਉਣਾ ਬਣ ਜਾਂਦਾ ਹੈ। ਜੋ ਸੱਤਾ ਨੂੰ ਰਾਸ ਆਉਂਦਾ ਹੈ ਅਤੇ ਉਹ ਖੁਸ਼ ਹੋ ਕੇ ਇਸ "ਵਿਰੋਧੀ" ਸਰਗਰਮੀ ਨੂੰ ਵਰਤਦੀ ਹੈ।

"ਸਿਧਾਂਤ ਬਗੈਰ ਅਮਲ ਅੰਨ੍ਹਾ ਹੈ" ਕੋਈ ਸਿਧਾਂਤ ਵਿਚਾਰਨ ਲਈ ਤਿਆਰ ਨਹੀਂ। ਸਿਧਾਂਤ ਬਗੈਰ ਅਮਲ ਵਿੱਚ "ਇਨਕਲਾਬੀ" ਹਨ। ਮਾੜੀ ਹਾਲਤ ਦੀ ਜ਼ੁੰਮੇਵਾਰੀ ਲੈਣ ਲਈ ਕੋਈ ਆਪਾ ਪੜਚੋਲ ਨਹੀਂ ਹੈ। ਦੂਜੇ 'ਤੇ ਦੋਸ਼ ਲਾਉਣ ਨਾਲ ਕੰਮ ਸਹੀ ਪਾਸੇ ਨਹੀਂ ਆਉਂਦਾ। ਇਸ ਨਾਲ ਸਾਰਾ ਰਾਜਸੀ ਮਹੌਲ ਗੰਧਲਾ ਬਣਦਾ ਹੈ ਅਤੇ ਸਹੀ ਮੁੱਦੇ "ਸੱਤਾ ਦਾ ਅੰਤਰ ਵਿਰੋਧ ਵਧਾਉਣਾ", ਹਨੇਰੇ ਵਿੱਚ ਰਹਿੰਦੇ ਹਨ। ਇਸ ਫਿਰਕੂ ਗੰਧਲੇਪਣ 'ਚੋਂ ਸਿਵਾਏ ਸਮਾਜਿਕ ਪੱਛੜੇਪਣ ਅਤੇ ਪਾਟੋ-ਧਾੜ ਦੇ ਵਾਧੇ ਤੋਂ ਹੋਰ ਕੁਝ ਹਾਸਲ ਨਹੀਂ ਹੁੰਦਾ।

ਸੱਤਾ ਲਈ ਆਰਥਿਕ ਨਿਕਾਮੀਆਂ ਬਾਰੇ ਟਾਲ-ਮਟੋਲ ਦਾ ਮੌਕਾ ਬਣਿਆ ਰਹਿੰਦਾ ਹੈ ਅਤੇ ਉਲਟਾ ਉਹ ਵਿਰੋਧੀ ਧਿਰ ਅਤੇ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾਉਂਦੇ ਹਨ। ਉਹ ਆਪਣੇ ਫਿਰਕੂ ਏਜੰਡੇ ਨਾਲ ਆਰਥਿਕਤਾ ਜੋੜ ਕੇ ਫਿਰਕੂ ਕਾਨੂੰਨੀ ਰੂਪ ਬਣਾਉਣ, ਵਧਾਉਣ ਲੱਗੇ ਹਨ।

ਫਿਰਕੂ ਏਜੰਡੇ ਭਖਦੇ ਰੱਖਣ ਲਈ ਮੀਡੀਆ ਦੀ ਵਰਤੋਂ ਖੁੱਲ੍ਹੇਆਮ ਕੀਤੀ ਜਾਂਦੀ ਹੈ। ਸੱਤਾ ਹੱਥ ਆਰਥਿਕ ਵਸੀਲੇ ਉਸ ਦੀ ਤਾਕਤ ਨੂੰ ਕਈ ਗੁਣਾਂ ਵਧਾ ਦਿੰਦੇ ਹਨ, ਜਿਸ ਨਾਲ ਉਹ ਆਪਣੇ ਅੰਤਰ-ਵਿਰੋਧ ਹੱਲ ਕਰਨ ਦੇ ਸਮਰੱਥ ਬਣਦੇ ਹਨ।

ਕਿਸੇ ਵੀ ਸੱਤਾ ਲਈ ਲੰਬੇ ਸਮੇਂ ਤੱਕ ਬਣੇ ਰਹਿਣ ਵਾਸਤੇ ਜ਼ਰੂਰੀ ਹੈ ਕਿ ਲੋਕਾਂ ਦੀ ਆਰਥਿਕ ਸਥਿਤੀ ਬਿਹਤਰੀ ਵੱਲ ਜਾਏ, ਜਨਤਾ ਦਾ ਵਿਰੋਧ ਤਿੱਖਾ ਨਾ ਬਣੇ, ਜੋ ਕਾਬੂ ਤੋਂ ਬਾਹਰ ਜਾਣ ਦੀ ਨੌਬਤ ਖੜੀ ਕਰ ਦੇਵੇ। ਸੱਤਾ ਵਰਤਾਰੇ ਲਈ ਅੰਤਰ ਵਿਰੋਧੀ ਬਲ ਤੇ ਰੁਝਾਨ ਨੂੰ ਕਾਬੂ ਰੱਖਣਾ ਵੱਡੀ ਚੁਣੌਤੀ ਹੁੰਦਾ ਹੈ।

ਦੂਜੇ ਪਾਸੇ ਸੱਤਾ ਵਿਰੋਧੀਆਂ ਲਈ ਜ਼ਰੂਰੀ ਹੁੰਦਾ ਹੈ ਕਿ 'ਸੱਤਾ ਦੇ ਅੰਤਰ ਵਿਰੋਧੀ ਬਲ ਤੇ ਰੁਝਾਨ' ਮਜ਼ਬੂਤ ਹੋਣ। ਇਹਨਾਂ ਦੀ ਮਜ਼ਬੂਤੀ ਦੀ ਅਗਵਾਈ ਉਹਨਾਂ ਦੇ "ਨਾਹਰੇ" ਕਰਦੇ ਹਨ!

"ਨਾਹਰੇ" ਵੱਡੇ ਮਹੱਤਵ ਵਾਲੇ ਹੁੰਦੇ ਹਨ। ਇਹਨਾਂ ਵਿੱਚ ਹੀ ਜਿੱਤ/ਹਾਰ ਦੇ ਅੰਸ਼ ਮੌਜੂਦ ਹੁੰਦੇ ਹਨ। ਕੀ ਨਾਹਰੇ (ਸੱਤਾ ਦੇ ਅੰਤਰ ਵਿਰੋਧੀ ਬਲ ਤੇ ਰੁਝਾਨ ਨੂੰ ਮਜ਼ਬੂਤ ਕਰਨਾ) ਮਕਸਦ ਦੀ ਪੂਰਤੀ ਕਰਦੇ ਹਨ?

ਜੇ ਮਜ਼ਬੂਤ ਨਹੀਂ ਕਰਦੇ ਤਾਂ ਇਹ ਨਿਰਾਰਥਕ, ਗੈਰ-ਉਪਜਾਊ ਵਿਰੋਧ ਹੈ। ਇਹ ਸ਼ਕਤੀ ਅਤੇ ਸਮਾਂ ਬਰਬਾਦ ਕਰਨ ਦੇ ਨਾਲ-ਨਾਲ ਲੜਾਕੂ ਸ਼ਕਤੀਆਂ ਵਿੱਚ ਪਸਤ-ਹਿੰਮਤੀ ਪੈਦਾ ਕਰਨ ਦਾ ਸਬੱਬ ਬਣਦਾ ਹੈ, ਜੋ ਸੱਤਾ ਨੂੰ ਬਹੁਤ ਰਾਸ ਆਉਂਦਾ ਹੈ।

ਸੱਤਾ (ਬੀ ਜੇ ਪੀ) ਦੇ "ਅਸਲ ਮਕਸਦ" ਦੇ ਨਾਂਅ 'ਤੇ ਕੀਤੇ ਜਾਂਦੇ ਵਿਰੋਧੀ ਵਿਖਿਆਣ ਭਾਸ਼ਨ, "ਵਿਰੋਧ-ਪੱਖ" ਦਾ ਸਭ ਤੋਂ ਘਟੀਆ ਰੂਪ ਹਨ। ਉਦਾਹਰਣ ਵਜੋਂ ਤੁਸੀਂ ਸੱਤਾ-ਵਿਰਧੀ ਸਰਗਰਮੀਆਂ ਦੇ ਮੰਚ ਤੋਂ ਉਦਾਹਰਣਾਂ ਸਮੇਤ ਅਕਸਰ ਅਜਿਹੇ ਫਿਕਰਿਆਂ ਵਾਲੇ ਵਾਕਾਂ, ਭਾਸ਼ਨਾਂ ਨੂੰ ਸੁਣਿਆ ਹੋਵੇਗਾ [["ਦੋਸਤੋ ਬੀ ਜੇ ਪੀ-ਆਰ ਐੱਸ ਐੱਸ ਮਿਲ ਕੇ ਹਿੰਦੂ ਰਾਜ ਬਣਾਉਣਾ ਚਾਹੁੰਦੇ ਹਨ", ਇਹ ਹਿੰਦੂਤਵ ਦੀ ਨੀਤੀ 'ਤੇ ਚੱਲਦੇ ਹਨ।", "ਇਹ ਰਾਸ਼ਟਰਵਾਦ ਦੇ ਨਾਂਅ 'ਤੇ ਆਪਣੀਆਂ ਰਾਜਸੀ ਰੋਟੀਆਂ ਸੇਕਦੇ ਹਨ"। "ਇਹ ਭਗਵਾਂਕਰਨ ਕਰ ਰਹੇ ਹਨ", "ਇਹ ਘੱਟ ਗਿਣਤੀਆਂ 'ਤੇ ਹਮਲੇ ਕਰ ਰਹੇ ਹਨ", "ਇਹ ਫਾਸ਼ੀਵਾਦੀ ਹਿੰਦੂ ਰਾਜ ਕਾਇਮ ਕਰਨਾ ਚਾਹੁੰਦੇ ਹਨ" ਆਦਿ ਆਦਿ।]]

**"ਸਿਧਾਂਤ ਬਗੈਰ ਅਮਲ ਅੰਨ੍ਹਾ ਹੈ", ਇਹ ਅਮਲ ਖੁਦ (ਆਪ) ਦਾ ਹੀ ਨੁਕਸਾਨ ਕਰਦਾ ਹੈ। ਇਹ ਅਸੀਂ ਕਦੋਂ ਸਿੱਖਾਂਗੇ?**

ਜ਼ਰਾ ਸੋਚੋ! ਇਹ ਭਾਸ਼ਨ ਕੀ ਸੱਤਾ ਦੇ ਅੰਤਰ ਵਿਰੋਧੀ ਬਲ ਤੇ ਰੁਝਾਨ ਨੂੰ ਕੋਈ ਮਜ਼ਬੂਤੀ ਬਖਸ਼ਦੇ ਹਨ?

ਬਿਲਕੁਲ ਨਹੀਂ!

ਇਹ ਤੇ ਉਲਟਾ, ਵੱਡੇ ਫਿਰਕੇ ਦੇ ਲੋਕਾਂ ਨੂੰ ਸੱਤਾ ਦੀ ਹਮਾਇਤ ਵਿੱਚ ਡਟਣ ਦੀ ਤਾਕੀਦ ਕਰਦੇ ਹਨ।

ਕੀ ਇਹ ਸੱਚ ਹੈ ਕਿ ਬੀ ਜੇ ਪੀ ਹਿੰਦੂ ਰਾਜ ਬਣਾਉਣਾ ਚਾਹੁੰਦੀ ਹੈ? ਬਿਲਕੁਲ ਨਹੀਂ!

ਉਸ ਦੇ ਸੱਤ-ਅੱਠ ਸਾਲਾ ਰਾਜ ਦਾ ਤਜਰਬਾ ਦੱਸਦਾ ਹੈ ਕਿ ਉਹ ਕਾਰਪੋਰੇਟ ਘਰਾਣਿਆਂ ਦਾ, ਵਿੱਤੀ ਸਰਮਾਏ ਦਾ ਰਾਜ ਸਥਾਪਤ ਕਰਨ ਲਈ ਕੰਮ ਕਰ ਰਹੀ ਹੈ, ਜਿਸ ਵਿੱਚ ਹਿੰਦੂ ਫਿਰਕੇ ਦਾ ਬਹੁਤ ਵੱਡਾ ਹਿੱਸਾ ਦੂਜੇ ਫਿਰਕਿਆਂ ਵਾਂਗ ਹੀ ਬੇਸ਼ੁਮਾਰ ਦੁੱਖ ਭੋਗ ਰਿਹਾ ਹੈ।

ਕਿਸ ਦੀ ਦੌਲਤ ਵਧ ਰਹੀ ਹੈ?

ਗਰੀਬ, ਕਿਰਤੀ ਹਿੰਦੂਆਂ ਦੀ ਨਹੀਂ ਵਧ ਰਹੀ! ਇਹ ਦੌਲਤ ਚੰਦ ਅਮੀਰ ਹੱਥਾਂ ਵਿਚ ਇਕੱਠੀ ਹੋ ਰਹੀ ਹੈ।

ਕੀ ਹਿੰਦੂ ਫਿਰਕੇ ਦੇ ਬੇਰੁਜ਼ਗਾਰ ਬੇਰੁਜ਼ਗਾਰੀ ਦਾ ਸੰਤਾਪ ਨਹੀਂ ਭੋਗ ਰਹੇ? ਉਹ ਵੀ ਭੋਗਦੇ ਹਨ।

ਜੇ ਹਿੰਦੂ ਫਿਰਕਾ ਵੱਡਾ ਹੈ ਤਾਂ ਹਿੰਦੂ ਬੇਰੁਜ਼ਗਾਰ ਵੀ ਵੱਧ ਹਨ।

ਬੀ ਜੇ ਪੀ ਵੱਡੇ ਫਿਰਕੇ ਨੂੰ ਦੂਜਿਆਂ ਫਿਰਕਿਆਂ ਵਿਰੁੱਧ ਗੁੰਮਰਾਹਕੁਨ ਪ੍ਰਚਾਰ ਕਰਕੇ, ਝੂਠ ਬੋਲ ਕੇ ਨਾਲ ਜੋੜਨਾ/ਰੱਖਣਾ ਚਾਹੁੰਦੀ ਹੈ।

ਕੀ ਉਪਰੋਕਤ ਨੀਤੀ ਨਾਲ "ਵਿਰੋਧੀ ਧਿਰ" ਉਸ ਦੇ ਹੱਕ ਵਿੱਚ ਹੀ ਨਹੀਂ ਭੁਗਤ ਰਹੀ?

ਜੋ ਕੰਮ/ਪ੍ਰਚਾਰ ਉਸ ਨੇ ਗੁੰਮਰਾਹ ਕਰਨ ਲਈ ਕਰਨਾ ਸੀ, ਉਹ ਕੰਮ 'ਵਿਰੋਧ' ਨੇ ਕਰਕੇ ਉਸ ਦੇ ਮਿਸ਼ਨ ਨੂੰ ਪੂਰਾ ਕਰਨ ਦਾ ਕੰਮ ਆਸਾਨ ਕਰ ਦਿਖਾਇਆ ਹੈ।

"ਸਿਧਾਂਤ ਬਗੈਰ ਅਮਲ ਅੰਨ੍ਹਾ ਹੈ", ਇਹ ਅਮਲ ਖੁਦ (ਆਪ) ਦਾ ਹੀ ਨੁਕਸਾਨ ਕਰਦਾ ਹੈ। ਇਹ ਅਸੀਂ ਕਦੋਂ ਸਿੱਖਾਂਗੇ?

ਕੀ ਕਰਨਾ ਲੋੜੀਏ!

ਆਰਥਿਕ ਮੁਹਾਜ਼ ਤੇ ਸੱਤਾ ਦਾ ਅੰਤਰ-ਵਿਰੋਧ ਅਤੇ ਵਰਤਾਰੇ ਦੇ ਅੰਤਰ ਵਿਰੋਧੀ ਬਲ ਅਤੇ ਰੁਝਾਨ

ਸੱਤਾ ਲਈ ਸਭ ਤੋਂ ਬੁਰੀ ਸਥਿਤੀ ਵਿੱਚ ਹਨ।

1% ਅਮੀਰ ਹਨ, ਜੋ 85 ਲੱਖ ਰੁਪਏ ਸਾਲਾਨਾ ਤੋਂ ਵੱਧ ਬਟੋਰਦੇ ਹਨ, ਜਿਨ੍ਹਾਂ ਨੇ 2014 ਵਿੱਚ ਕੁੱਲ ਆਮਦਨ ਦਾ 53% ਹਥਿਆ ਲਿਆ ਸੀ, ਅਗਲੇ ਚਾਰ ਸਾਲਾਂ (ਮੋਦੀ ਸੱਤਾ ਦੌਰ) 2018 ਵਿੱਚ ਕੁੱਲ ਆਮਦਨ ਦੇ 73% ਉਤੇ ਉਹਨਾਂ ਦਾ ਕਬਜ਼ਾ ਬਣ ਗਿਆ ਸੀ। ਚਾਰ ਸਾਲਾਂ ਵਿੱਚ ਹੀ 20% ਦਾ ਵਾਧਾ।

9% ਮੱਧ ਵਰਗ, 8.5 ਲੱਖ ਤੋਂ 85 ਲੱਖ ਦੀ ਸਾਲਾਨਾ ਆਮਦਨ ਵਾਲਾ ਹੈ, ਜਿਨ੍ਹਾਂ ਕੋਲ 2014 ਵਿਚ 23% ਦੌਲਤ ਸੀ, ਜੋ 2018 ਤੱਕ (ਚਾਰ ਸਾਲਾਂ ਵਿੱਚ ਆਮਦਨ ਘਟ ਕੇ) 15% ਉੱਪਰ ਆ ਗਈ। ਮੱਧ ਵਰਗ ਦੀ ਆਰਥਿਕਤਾ ਨੂੰ ਮੋਦੀ ਸਰਕਾਰ ਦੇ ਚਾਰ ਸਾਲਾਂ ਵਿੱਚ 8% ਦਾ ਕਸਾਰਾ (ਘਾਟਾ) ਲੱਗਿਆ ਹੈ।

ਪਿੱਛੋਂ ਨਵੇਂ ਹੱਲਿਆਂ (ਨੋਟਬੰਦੀ, ਜੀ ਐੱਸ ਟੀ, ਕੋਰੋਨਾ ਆਦਿ) ਨੇ ਮੱਧ ਵਰਗ ਦਾ ਹਾਲ ਵੀ ਬੁਰਾ ਕੀਤਾ ਹੈ।

ਇਹਨਾਂ ਸਾਲਾਂ ਵਿੱਚ ਕਰੋਨੀਇਜ਼ਮ ਨੇ ਅਡਾਨੀ-ਅੰਬਾਨੀ, "ਸੱਤਾ-ਮਿੱਤਰਾਂ" ਦੀ ਦੌਲਤ ਵਿੱਚ ਉੜਕਾਂ ਦਾ ਵਾਧਾ ਕੀਤਾ ਹੈ। ਮੱਧ-ਵਰਗ ਤੋਂ ਖੁੱਸਿਆ ਉਹਨਾਂ ਕੋਲ ਬੋਲਦਾ ਹੈ।

ਇਹ ਪ੍ਰਚਾਰ ਦਰੁਸਤ ਨਹੀਂ ਹੈ ਕਿ ਭਾਰਤ ਵਿੱਚ "ਮੱਧ ਵਰਗ ਦੀ ਤਾਕਤ ਵਧ ਰਹੀ ਹੈ"। ਜਿਸ ਦੀ ਤਾਕਤ ਵਧੇ, ਉਸ ਦੀ ਆਰਥਿਕਤਾ ਸੁੰਗੜਦੀ ਨਹੀਂ ਹੁੰਦੀ। ਸਰਮਾਇਆ ਸ਼ਕਤੀ ਹੈ। ਮੱਧ ਵਰਗੀ ਤਾਕਤ ਘਟ ਰਹੀ ਹੈ। ਉਪਰਲੇ ਇਕ ਫੀਸਦੀ ਕੋਲ ਤਾਕਤ ਵਧ ਰਹੀ ਹੈ।

90% 'ਗਰੀਬਾਂ' (ਕਾਮਿਆਂ-ਕਿਸਾਨਾਂ, ਨੌਕਰੀਪੇਸ਼ਾ, ਠੇਕਾ ਕਾਮਿਆਂ, ਮਾਣ-ਭੱਤੇ ਵਾਲਿਆਂ, ਪਰਚੂਨ ਵਿਕਰੇਤਾ, ਛੋਟੇ ਕਾਰੋਬਾਰੀਆਂ ਆਦਿ ਨੂੰ ਖੱਜਲ-ਖੁਆਰੀ ਦੇ ਪਿੜ ਵਿੱਚ ਸੁੱਟ ਰੱਖਿਆ ਹੈ, ਜਿੱਥੇ ਮੁਸ਼ਕਲਾਂ ਮੁੱਕਣ ਦਾ ਨਾਂਅ ਨਹੀਂ ਲੈਂਦੀਆਂ।) ਦੇ ਹਿੱਸੇ ਆਮਦਨ ਦਾ 2014 ਵਿੱਚ ਕੁੱਲ 24% ਸੀ, ਜੋ ਘਟ ਕੇ 2018 ਵਿੱਚ 12% 'ਤੇ ਆ ਗਿਆ। ਮੋਦੀ ਸਰਕਾਰ ਦੇ ਚਾਰ ਸਾਲਾਂ ਵਿਚ 12% ਉੱਡ ਗਿਆ। ਇਹਨਾਂ ਵਿੱਚੋਂ ਵੱਡੇ ਹਿੱਸੇ ਨੂੰ ਸਰਕਾਰੀ ਗੁਦਾਮਾਂ ਵਿੱਚੋਂ ਖਾਣ ਲਈ ਦੇਣਾ ਪੈ ਰਿਹਾ ਹੈ।

ਬੇਰੁਜ਼ਗਾਰੀ ਨੇ ਵਾਧਾ ਦਰ ('ਗਰੋਥ ਰੇਟ') ਹੇਠਾਂ ਪਟਕਾਅ ਮਾਰਿਆ ਹੈ। ਕਿਰਤ ਨਵਾਂ ਮੁੱਲ ਸਿਰਜਦੀ ਹੈ, ਇਹ ਕਿਸੇ ਨੂੰ ਚਿੱਤ-ਚੇਤਾ ਵੀ ਨਹੀਂ ਹੈ। ਸੱਤਾਧਾਰੀਆਂ ਸਮੇਤ ਸੱਤਾ ਵਿਹੂਣੇ ਲੋਭੀਆਂ ਦੇ ਕਿਸੇ ਨੂੰ ਚਿੰਤਾ ਨਹੀਂ, ਇਸ ਬਾਰੇ ਕੋਈ ਭਵਿੱਖੀ ਯੋਜਨਾ ਨਹੀਂ। ਸੱਤਾਧਾਰੀ ਅਤੇ ਗੈਰ ਸੱਤਾਧਾਰੀ ਅਮੀਰ ਦੋਵੇਂ 'ਨਵ-ਉਦਾਰਵਾਦੀ' (ਉਦਾਰੀਕਰਨ, ਨਿੱਜੀਕਰਨ) ਨੀਤੀਆਂ ਦੇ ਹਮਾਇਤੀ ਹਨ। ਸਰਮਾਏ ਦੇ ਕੇਂਦਰੀਕਰਨ ਨੂੰ ਵਧਾ ਰਹੇ ਹਨ!

ਸਮੁੱਚੀ ਖੱਬੀ ਧਿਰ ਦੇ ਏਜੰਡੇ ਤੋਂ ਵੀ ਇਹ ਮੁੱਦਾ ਮਨਫੀ ਹੈ।

ਜਵਾਨੀ ਕੀ ਕਰੇ?

ਉਹ ਦੇਸ਼ ਤੋਂ ਬੇਉਮੀਦੀ ਹੈ, ਨਿਰਾਸ਼ਾ ਅਤੇ ਨਸ਼ੇ ਦਾ ਦੌਰ ਹੈ। ਵਿੱਤੀ ਸਰਮਾਏ ਨੇ ਉਸ ਨੂੰ ਪ੍ਰਵਾਸ ਦੇ ਰਾਹ ਤੋਰ ਲਿਆ ਹੈ। ਪ੍ਰਵਾਸ ਇਕ ਨੀਤੀ ਤਹਿਤ ਵਧਾਇਆ ਜਾ ਰਿਹਾ ਹੈ।

ਇਹ ਵਿੱਤੀ ਸਰਮਾਏ ਨੂੰ ਰਾਸ ਆਉਂਦਾ ਹੈ।

ਇਹ ਵਰਤਾਰਾ ਸੱਤਾ ਦੀ ਵਿਰੋਧੀ ਧਿਰ ਦਾ, ਸਮੇਤ ਖੱਬੀ ਧਿਰ ਦਾ, ਖੁਦ ਦਾ ਅੰਤਰ-ਵਿਰੋਧ ਬਣ ਗਿਆ ਹੈ। ਉਸ (ਖੱਬੀ ਧਿਰ) ਨੂੰ ਢਾਹ ਰਿਹਾ ਹੈ। ਉਸ ਦੇ ਸਿਧਾਂਤਕ ਆਧਾਰ ਦੇ ਨਾਲ ਹੀ ਬਚੇ-ਖੁਚੇ ਜੱਥੇਬੰਦਕ ਆਧਾਰ ਵੀ ਖੁਰ ਰਹੇ ਹਨ।

ਸੱਤਾ ਨੂੰ ਵੀ ਖੁਦ ਇਸ (ਬੇਰੁਜ਼ਗਾਰੀ ਦਾ) 'ਅੰਤਰ-ਵਿਰੋਧ ਅਤੇ ਵਰਤਾਰੇ ਦੇ ਅੰਤਰ-ਵਿਰੋਧੀ ਬਲ ਤੇ ਰੁਝਾਨ' ਤੋਂ ਖਤਰਾ ਹੈ।

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

ਏਕ ਭਾਰਤ, ਸ਼੍ਰੇਸ਼ਠ ਭਾਰਤ-2

ਕਮਲਜੀਤ ਥਾਬਲਕੇ

## ਕੌਫੀ ਦੀ ਖੁਸ਼ਬੂ ਤੇ ਸੁੰਦਰਤਾ ਨਾਲ ਲਬਰੇਜ਼ ਅਰਾਕੂ ਘਾਟੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਇਸ ਤੋਂ ਬਾਅਦ ਵਫ਼ਦ ਨੇ 3 ਤੋਂ 4 ਘੰਟੇ ਦਾ ਸਫ਼ਰ ਤੈਅ ਕਰਕੇ ਆਂਧਰਾ ਦੀ ਮਨਮੋਹਕ ਜਗ੍ਹਾ ਅਰਾਕੂ ਘਾਟੀ ਪਹੁੰਚਣਾ ਸੀ। ਇਸ ਘਾਟੀ ਨੂੰ ਵਿਸਾਖਾਪਟਨਮ ਦਾ ਹਿੱਲ ਸਟੇਸ਼ਨ ਵੀ ਕਿਹਾ ਜਾਂਦਾ ਹੈ। ਅਰਾਕੂ ਘਾਟੀ ਸ਼ਹਿਰਾਂ ਤੋਂ ਦੂਰ ਆਪਣੇ ਹਰੇ-ਭਰੇ ਜੰਗਲਾਂ ਲਈ ਮਸ਼ਹੂਰ ਹੈ। ਇਸ ਘਾਟੀ ਨੂੰ ਪ੍ਰਮਾਤਮਾ ਦਾ ਵਰਦਾਨ ਕਿਹਾ ਜਾਵੇ ਤਾਂ ਇਸ 'ਚ ਕੋਈ ਅਤਿ-ਕਥਨੀ ਨਹੀਂ ਹੋਵੇਗੀ। ਘਾਟੀ ਆਪਣੇ ਅੰਦਰ ਬਹੁਤ ਸਾਰੇ ਇੰਦਰਧਨੁਸ਼ੀ ਰੰਗਾਂ ਨੂੰ ਸਮੇਟੀ ਬੈਠੀ ਹੈ। ਘਾਟੀ ਕਰੀਬ 3000 ਹਜ਼ਾਰ ਫੁੱਟ ਦੀ ਉਚਾਈ 'ਤੇ ਸਥਿਤ ਹੈ। ਜਦ ਤੁਸੀਂ ਅਰਾਕੂ 'ਚ ਹੁੰਦੇ ਹੋ ਤਾਂ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਕਿ ਤੁਸੀਂ ਕੁਦਰਤ ਦੀ ਗੋਦ 'ਚ ਹੋਵੋ। ਕਰੀਬ 36 ਵਰਗ ਕਿਲੋਮੀਟਰ ਖੇਤਰ 'ਚ ਫੈਲੀ ਘਾਟੀ ਕਿਸੇ ਪਰੀਆਂ ਦੇ ਦੇਸ਼ ਵਰਗੀ ਲੱਗਦੀ ਹੈ।

ਉਡੀਸ਼ਾ ਦੀ ਸਰਹੱਦ ਦੇ ਐਨ ਨੇੜੇ ਵਿਸਾਖਾਪਟਨਮ ਤੋਂ 114 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ ਅਰਾਕੂ ਘਾਟੀ। ਇਸ ਹਿਲ ਸਟੇਸ਼ਨ ਨੂੰ ਆਂਧਰਾ ਪ੍ਰਦੇਸ਼ ਦਾ ਊਟੀ ਵੀ ਕਿਹਾ ਜਾਂਦਾ ਹੈ। ਘਾਟੀ ਦੇ ਚਾਰੇ ਪਾਸੇ ਛੋਟੀਆਂ-ਵੱਡੀਆਂ ਪਹਾੜੀਆਂ ਹਨ, ਜਿਨ੍ਹਾਂ 'ਚ ਗਲੀਕੌਂਡਾ ਪਹਾੜੀ ਸਮੁੰਦਰ ਤਲ ਤੋਂ 5000 ਫੁੱਟ ਦੀ ਉਚਾਈ 'ਤੇ ਹੈ। ਇਸ ਪਹਾੜੀ ਨੂੰ ਆਂਧਰਾ ਦੀ ਸਭ ਤੋਂ ਉੱਚੀ ਪਹਾੜੀ ਮੰਨਿਆ ਜਾਂਦਾ ਹੈ। ਇਨ੍ਹਾਂ ਪਹਾੜੀਆਂ 'ਤੇ ਟਰੈਕਰਾਂ ਦੀ ਵੱਡੀ ਭੀੜ ਇਕੱਠੀ ਹੁੰਦੀ ਹੈ। ਇੱਕ ਖੂਬਸੂਰਤ ਹਿਲ ਸਟੇਸ਼ਨ ਹੋਣ ਦੇ ਨਾਲ ਅਰਾਕੂ ਘਾਟੀ ਆਪਣੇ ਕੌਫੀ ਦੇ ਬਾਗਾਂ ਲਈ ਵੀ ਮਸ਼ਹੂਰ ਹੈ। ਤਾਜ਼ਾ ਕੌਫੀ ਦੇ ਬੀਨ ਦੀ ਖੁਸ਼ਬੂ ਅਰਾਕੂ ਦੀ ਪੂਰੀ ਹਵਾ 'ਚ ਮਹਿਸੂਸ ਕੀਤੀ ਜਾ ਸਕਦੀ ਹੈ।

ਅਰਾਕੂ ਪਹੁੰਚਦੇ-ਪਹੁੰਚਦੇ ਸੂਰਜ ਦੇਵਤਾ ਨੇ ਆਪਣੀ ਰੌਸ਼ਨੀ ਹੌਲੀ-ਹੌਲੀ ਘੱਟ ਕਰਨੀ ਸ਼ੁਰੂ ਕਰ ਦਿੱਤੀ। ਇੱਥੇ ਪਹੁੰਚਣ ਲਈ ਪਹਾੜੀ ਰਸਤਿਆਂ 'ਤੇ ਘੁੰਮਣਘੇਰੀ ਕਰਦੀ ਹੋਈ ਸਾਡੀ ਬੱਸ ਹਰਿਆਵਲੀ ਨਾਲ ਲੱਦੇ ਜੰਗਲ ਨੂੰ ਪਾਰ ਕਰਦੀ ਹੋਈ ਹਰੀਥਾ ਹੋਟਲ ਦੇ ਗੇਟ ਸਾਹਮਣੇ ਜਦ ਰੁਕੀ ਤਾਂ ਸੂਰਜ ਪੂਰੀ ਤਰ੍ਹਾਂ ਡੁੱਬ ਚੁੱਕਾ ਸੀ, ਚਾਰੇ ਪਾਸੇ ਹਨੇਰੇ ਨੇ ਬੁੱਕਲ ਮਾਰ ਲਈ। ਬੱਸ 'ਚੋਂ ਉਤਰਦੇ ਸਾਰ ਹੀ ਹਰ ਕੋਈ ਆਪਣੇ ਕਮਰੇ ਦੀ ਚਾਬੀ ਭਾਲ ਰਿਹਾ ਸੀ, ਤਾਂ ਜੋ ਹੋਟਲ ਦੇ ਕਮਰੇ 'ਚ ਜਾ ਕੇ ਆਪਣਾ ਸਾਮਾਨ ਰੱਖੇ 'ਤੇ ਅਰਾਮ ਕਰ ਸਕੇ। ਹੋਟਲ 'ਚ ਆਪਣੇ ਸਾਮਾਨ ਰੱਖਿਆ ਤੇ ਅਰਾਮ ਕਰਨ ਤੋਂ ਬਾਅਦ ਖਾਣਾ ਖਾਧਾ। ਖਾਣਾ ਖਾਂਦੇ ਹੀ ਦੱਸਿਆ ਗਿਆ ਕਿ ਇੱਥੇ ਅਰਾਕੂ ਘਾਟੀ 'ਚ ਆਦਿਵਾਸੀ ਡਿਮਸਾ ਡਾਂਸ ਦੇਖਣ ਦਾ ਪ੍ਰੋਗਰਾਮ ਵੀ ਹੈ। ਡਿਮਸਾ ਡਾਂਸ ਇੱਥੋਂ ਦਾ ਮੁੱਖ ਆਕਰਸ਼ਣ ਹੈ। ਆਦਿਵਾਸੀ ਔਰਤਾਂ ਪੀੜ੍ਹੀ-ਦਰ-ਪੀੜ੍ਹੀ ਇਹ ਡਾਂਸ ਕਰਦੀਆਂ ਹਨ। ਡਾਂਸ 'ਚ 10 ਤੋਂ 11 ਔਰਤਾਂ ਤੇ 2 ਡਰੰਮ ਵਜਾਉਣ ਵਾਲੇ ਮਰਦ ਸ਼ਾਮਲ ਹੁੰਦੇ ਹਨ। ਔਰਤਾਂ ਅੱਗ ਬਾਲ ਕੇ ਉਸ ਦੇ ਚਾਰੇ ਪਾਸੇ ਡਾਂਸ ਕਰਦੀਆਂ ਹਨ। ਘੰਟਾ-ਦੋ ਘੰਟੇ ਬਾਅਦ ਉਨ੍ਹਾਂ ਨੂੰ 5 ਤੋਂ 6 ਹਜ਼ਾਰ ਰੁਪਏ ਮਿਹਨਤਾਨਾ ਮਿਲਦਾ ਹੈ। ਸਾਰਿਆਂ ਨੇ ਜਲਦੀ-ਜਲਦੀ ਖਾਣਾ ਖਾਧਾ ਤੇ ਹੋਟਲ ਦੇ ਇੱਕ ਪਾਸੇ ਬਲਦੀ ਅੱਗ ਦੀ ਧੂਣੀ ਕੋਲ ਚਲੇ ਗਏ, ਉਥੇ ਪਹਿਲਾਂ ਹੀ ਆਦਿਵਾਸੀ ਤਿਆਰ ਬੈਠੇ ਸਨ ਡਿਮਸਾ ਡਾਂਸ ਕਰਨ ਲਈ। ਸ਼ੁਰੂ ਹੋਣ ਤੋਂ ਕੁਝ ਮਿੰਟ ਬਾਅਦ ਸਾਰਿਆਂ ਦੇ ਪੈਰ ਥਿਰਕਣ ਲੱਗ ਪਏ ਤੇ ਆਦਿਵਾਸੀਆਂ ਨਾਲ ਸਾਰੇ ਝੂਮਣ ਲੱਗੇ। ਇਸ ਤੋਂ ਬਾਅਦ ਸਭ ਥੱਕ ਕੇ ਚੂਰ ਹੋ ਗਏ ਤੇ ਆਪਣੇ-ਆਪਣੇ ਕਮਰਿਆਂ 'ਚ ਜਾ ਕੇ ਬੈੱਡ ਤੋੜਨ ਲੱਗੇ।

ਅਰਾਕੂ 'ਚ ਹਰੀਥਾ ਹੋਟਲ

ਕੌਫੀ ਮਿਊਜ਼ੀਅਮ

ਸਵੇਰ ਦੇ ਕੰਮਕਾਰ ਤੋਂ ਬਾਅਦ ਇਡਲੀ-ਬੜੇ ਦੇ ਨਾਲ ਨਾਰੀਅਲ ਦੀ ਚਟਨੀ ਖਾਂਦਿਆਂ ਨੂੰ ਹੁਣ ਤੀਜਾ ਦਿਨ ਸੀ, ਹੱਥਾਂ ਦੀਆਂ ਉਂਗਲੀਆਂ ਦੇ ਪੋਟਿਆਂ 'ਚੋਂ ਹਰ ਸਮੇਂ ਨਾਰੀਅਲ ਦੀ ਮਹਿਕ ਆਉਣਾ ਸੁਭਾਵਿਕ ਸੀ, ਪਰ ਕਹਿ ਸਕਦੇ ਹਾਂ ਕਿ ਖਾਣਾ ਚਾਹੇ ਸਵੇਰ ਦਾ ਸੀ ਜਾਂ ਰਾਤ ਦਾ, ਨਾਰੀਅਲ ਦੀ ਚਟਨੀ ਹਰ ਸਮੇਂ ਨਾਲ ਮਿਲਦੀ ਤੇ ਹੌਲੀ-ਹੌਲੀ ਸਵਾਦ ਲੱਗਣ ਲੱਗੀ ਸੀ। ਚੌਲਾਂ ਅਤੇ ਚੌਲਾਂ ਤੋਂ ਬਣੇ ਪਦਾਰਥ ਇੱਥੇ ਵੱਡੀ ਮਾਤਰਾ 'ਚ ਖਾਧੇ ਜਾਂਦੇ ਹਨ, ਜਿਸ 'ਚ ਪੁਲਹੋਰਾ, ਕੌਫੀ ਇਨ੍ਹਾਂ ਦੀ ਮਨਪਸੰਦ ਹੈ। ਇਸ ਦੇ ਨਾਲ ਡੋਸਾ, ਇਡਲੀ, ਬੜਾ ਸਾਂਬਰ ਅਤੇ ਚੌਲਾਂ ਤੋਂ ਬਣੀ ਸਮਗਰੀ ਇਨ੍ਹਾਂ ਦੇ ਭੋਜਨ 'ਚ ਰੋਜ਼ਾਨਾ ਸ਼ਾਮਲ ਹੁੰਦੀ ਹੈ।

ਟੂਰ ਦੇ ਇੰਚਾਰਜ ਬਾਲੀ ਨੇ ਕਿਹਾ ਕਿ ਅੱਜ ਅਰਾਕੂ ਦੇ ਦੋ ਅਜਾਇਬਘਰਾਂ 'ਚ ਜਾਣਾ, ਪਹਿਲਾ ਕੌਫੀ ਮਿਊਜ਼ੀਅਮ ਤੇ ਦੂਜਾ ਆਦਿਵਾਸੀਆਂ ਦੇ ਜੀਵਨ ਨੂੰ ਦਰਸਾਉਂਦਾ ਟ੍ਰਾਈਬਲ ਮਿਊਜ਼ੀਅਮ। ਹੁਣ ਸਭ ਤਿਆਰ ਸਨ ਤੇ ਸਾਰਿਆਂ ਦਾ ਰੁਖ ਆਪਣੀ ਸਵਾਰੀ ਬੱਸ ਵੱਲ ਸੀ। ਕੁਝ ਹੀ ਮਿੰਟਾਂ ਬਾਅਦ ਬੱਸ ਕੌਫੀ ਮਿਊਜ਼ੀਅਮ ਦੇ ਸਾਹਮਣੇ ਜਾ ਰੁਕੀ।

ਕਹਿੰਦੇ ਹਨ ਕਿ ਕੌਫੀ ਬੀਨਜ਼ ਦੀ ਖੋਜ ਅਸਲ 'ਚ ਬੱਕਰੀਆਂ ਨੇ ਕੀਤੀ। ਇਥੋਪੀਆਈ ਦੰਦਕਥਾ ਅਨੁਸਾਰ ਇੱਕ ਕਲਦੀ ਨਾਂਅ ਦੇ ਚਰਵਾਹੇ ਨੇ ਸਭ ਤੋਂ ਪਹਿਲਾਂ ਕੌਫੀ ਬੀਨਜ਼ ਅਤੇ ਉਸ ਦੀ ਖਾਸੀਅਤ ਨੂੰ ਪਛਾਣਿਆ। ਕਹਾਣੀ ਦੱਸਦੀ ਹੈ ਕਿ ਕਲਦੀ ਨੇ ਕੌਫੀ ਦੀ ਖੋਜ ਉਸ ਸਮੇਂ ਕੀਤੀ, ਜਦੋਂ ਉਸ ਨੇ ਦੇਖਿਆ ਕਿ ਇੱਕ ਖਾਸ ਤਰ੍ਹਾਂ ਦੇ ਰੁੱਖ ਦੇ ਫਲ਼ ਖਾਣ ਤੋਂ ਬਾਅਦ ਬੱਕਰੀਆਂ ਏਨੀਆਂ ਫੁਰਤੀਲੀਆਂ ਹੋ ਗਈਆਂ ਕਿ ਉਹ ਰਾਤ ਨੂੰ ਵੀ ਸੌਣਾ ਨਹੀਂ ਚਾਹੁੰਦੀਆਂ ਸਨ।

ਮਿਊਜ਼ੀਅਮ ਦੇ ਅੰਦਰ ਵੜਦੇ ਹੀ ਕੰਧਾਂ 'ਤੇ ਰੰਗੀਨ ਤਸਵੀਰਾਂ ਰਾਹੀਂ ਕੌਫੀ ਦੀਆਂ ਫਲੀਆਂ ਤੋਂ ਲੈ ਕੇ ਕੱਪ ਤੱਕ ਦੀ ਯਾਤਰਾ ਨੂੰ ਦਰਸਾਇਆ ਗਿਆ ਹੈ। ਹੌਲੀ-ਹੌਲੀ ਅੰਦਰ ਵਧਦੇ ਕਦਮਾਂ ਦੇ ਨਾਲ ਕੌਫੀ ਦੀ ਖ਼ੁਸ਼ਬੂ ਤੇਜ਼ ਹੁੰਦੀ ਜਾਂਦੀ। ਕੰਧਾਂ 'ਤੇ ਲੱਗੀਆਂ ਤਸਵੀਰਾਂ ਰਾਹੀਂ ਇਹ ਦਿਖਾਇਆ ਹੈ ਕਿ ਕਿਸ ਤਰ੍ਹਾਂ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

25-Sep-Sunday.qxd 9/24/2022 10:04 PM Page 5



# ਦੇਸ਼ ਲੀਡਰਾਂ ਦਾ ਨਹੀਂ, ਲੋਕਾਂ ਦਾ ਹੁੰਦੈ ਤੇ ਲੀਹੋਂ ਲੱਥਦਾ ਹੋਵੇ ਤਾਂ ਚਿੰਤਾ ਵੀ ਲੋਕਾਂ ਨੂੰ ਕਰਨੀ ਪਵੇਗੀ

**ਦ੍ਰਿਸ਼ਟੀਕੋਣ**

**ਜਤਿੰਦਰ ਪਨੂੰ**

ਵਿਹਲਾ ਵਕਤ ਮਿਲੇ ਤੋਂ ਅਸੀਂ ਲੋਕ ਜਦੋਂ ਇਸ ਸੋਚ ਵਿੱਚ ਉਲਝਦੇ ਹਾਂ ਕਿ ਹਾਲਾਤ ਕਿੱਧਰ ਨੂੰ ਜਾਂਦੇ ਹਨ, ਉਸ ਵੇਲੇ ਸਾਡੇ ਲਈ ਪਹਿਲਾ ਵਿਸ਼ਾ ਪੰਜਾਬ ਦੇ ਹਾਲਾਤ ਵੀ ਹੋ ਸਕਦੇ ਹਨ, ਭਾਰਤ ਦੇਸ਼ ਦੇ ਵੀ ਜਾਂ ਫਿਰ ਜਿਹੜੇ ਦੇਸ਼ ਵਿੱਚ ਸਾਡੇ ਵਿੱਚੋਂ ਕਿਸੇ ਦਾ ਵਸੇਬਾ ਹੋਵੇ, ਓਥੋਂ ਦੇ ਹਾਲਾਤ ਹੋ ਸਕਦੇ ਹਨ। ਭਾਰਤ ਦੇ ਗਵਾਂਢੀ ਦੇਸ਼ਾਂ ਜਾਂ ਫਿਰ ਪੰਜਾਬ ਦੇ ਨਾਲ ਲੱਗਦੇ ਰਾਜਾਂ ਦਾ ਕੀ ਹਾਲ ਹੈ, ਉਸ ਵੱਲ ਧਿਆਨ ਘੱਟ ਜਾਂਦਾ ਹੈ। ਜਦੋਂ ਝਾਤੀ ਮਾਰੀਏ ਤਾਂ ਹਕੀਕਤਾਂ ਦਾ ਉਹ ਅਹਿਸਾਸ ਹੁੰਦਾ ਹੈ, ਜਿਨ੍ਹਾਂ ਤੋਂ ਅਸੀਂ ਲੋਕ ਆਮ ਕਰ ਕੇ ਅਣਜਾਣ ਜਾਂ ਫਿਰ ਥੋੜ੍ਹਾ-ਬਹੁਤ ਜਾਣੂੰ ਹੁੰਦਿਆਂ ਵੀ ਅਵੇਸਲੇ ਜਿਹੇ ਹੋਏ ਰਹਿੰਦੇ ਹਾਂ। ਮਿਸਾਲ ਵਜੋਂ ਜਦੋਂ ਵੀਹ ਸਾਲ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਦੀ ਪਹਿਲੀ ਸਰਕਾਰ ਬਣਦੇ ਸਾਰ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੇ ਓਦੋਂ ਦੇ ਮੁਖੀ ਰਵਿੰਦਰਪਾਲ ਸਿੰਘ ਉਰਫ ਰਵੀ ਸਿੱਧੂ ਦਾ ਕਿੱਸਾ ਸਾਹਮਣੇ ਆਇਆ ਤੇ ਬਹੁਤ ਵੱਡਾ ਮੁੱਦਾ ਬਣ ਗਿਆ ਸੀ, ਐਨ ਓਸੇ ਸਮੇਂ ਨਾਲ ਲੱਗਦੇ ਰਾਜ ਹਰਿਆਣਾ ਵਿੱਚ ਵੀ ਇਹੋ ਕੁਝ ਹੋਇਆ ਸੀ ਅਤੇ ਤਿੰਨ ਸਾਲ ਉਸ ਦੀ ਜਾਂਚ ਵੀ ਮੁਕੰਮਲ ਹੋ ਗਈ, ਪਰ ਸਾਨੂੰ ਇਸ ਬਾਰੇ ਪਤਾ ਨਹੀਂ ਸੀ ਲੱਗਾ। ਜੋ ਕਾਲਾ ਕਾਂਡ ਪੰਜਾਬ ਦੀ ਨੌਕਰੀਆਂ ਵੇਚਣ ਵਾਲੀ ਬਲੈਕ ਮਾਰਕੀਟ ਦਾ ਵਾਪਰਿਆ ਸੀ, ਹਰਿਆਣੇ ਵਿੱਚ ਉਸੇ ਬਰਾਬਰ ਦਾ ਜਾਂ ਓਦੋਂ ਵੱਧ ਲੱਭਦਾ ਸੀ, ਪਰ ਅਠਾਰਾਂ ਸਾਲ ਪਿੱਛੋਂ ਬੀਤੀ ਤੇਈ ਸਤੰਬਰ ਨੂੰ ਕਹਾਣੀ ਓਦੋਂ ਬਾਹਰ ਆਈ, ਜਦੋਂ ਹਰਿਆਣਾ ਵਿਜੀਲੈਂਸ ਬਿਊਰੋ ਨੇ ਇਸ ਦਾ ਕੇਸ ਅਦਾਲਤ ਅੱਗੇ ਰੱਖਿਆ ਹੈ। ਇਹ ਅਜੇ ਵੀ ਦੱਬਿਆ ਰਹਿਣਾ ਸੀ, ਪਰ ਜਦੋਂ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਨੇ ਨਿਤੀਸ਼ ਕੁਮਾਰ ਨਾਲ ਮਿਲ ਕੇ ਅਗਲੀਆਂ ਲੋਕ ਸਭਾ ਚੋਣਾਂ ਲਈ ਨਵਾਂ ਮੋਰਚਾ ਬਣਾਉਣ ਲਈ ਰੈਲੀ ਰੱਖ ਲਈ ਤਾਂ ਹਰਿਆਣਾ ਦੀ ਭਾਜਪਾ ਸਰਕਾਰ ਨੇ ਉਸ ਨੂੰ ਝਟਕਾ ਦੇਣ ਲਈ ਦੱਬਿਆ ਮੁਰਦਾ ਪੁੱਟ ਲਿਆ ਹੈ। ਸਕੈਂਡਲ ਦਾ ਓਦੋਂ ਦਾ ਮੁੱਖ ਦੋਸ਼ੀ ਤਾਂ ਕਰਨਾਟਕ ਤੇ ਕੇਂਦਰ ਦੀਆਂ ਭਾਜਪਾਈ ਸਰਕਾਰਾਂ ਦੀ ਸੇਵਾ ਕਰਨ ਪਿੱਛੋਂ ਦੁਨੀਆ ਵੀ ਛੱਡ ਚੁੱਕਾ ਹੈ। ਭਾਰਤ ਦੇ ਕਈ ਰਾਜਾਂ ਵਿੱਚ ਏਹੋ ਜਿਹੇ ਕੇਸ ਹੁੰਦੇ ਹਨ, ਸਾਨੂੰ ਪੰਜਾਬ ਤੋਂ ਪਰੇ ਦਿਸਦਾ ਹੀ ਨਹੀਂ।

ਜਦੋਂ ਪੰਜਾਬ ਤੋਂ ਪਰੇ ਸਾਨੂੰ ਕੁਝ ਨਹੀਂ ਦਿਸਦਾ ਜਾਂ ਅਸੀਂ ਦੇਖਣ ਦੀ ਕੋਸ਼ਿਸ਼ ਨਹੀਂ ਕਰਦੇ ਤਾਂ ਭਾਰਤ ਦੇ ਗਵਾਂਢ ਵਾਲੇ ਦੇਸ਼ਾਂ ਅੰਦਰ ਕੀ ਕੁਝ ਹੁੰਦਾ ਰਹਿੰਦਾ ਹੈ, ਉਸ ਦਾ ਵੀ ਬਹੁਤਾ ਪਤਾ ਨਹੀਂ ਲੱਗਦਾ, ਸਿਰਫ ਪਾਕਿਸਤਾਨ ਬਾਰੇ ਕੁਝ ਸੋਝੀ ਰੱਖੀ ਜਾਂਦੀ ਹੈ, ਕਿਉਂਕਿ ਉਸ ਨਾਲ ਸ਼ਰੀਕਾ ਵੀ ਹੈ ਅਤੇ ਪੰਜਾਬੀਅਤ ਦਾ ਮੋਹ ਵੀ। ਉਂਝ ਵੀ ਗਵਾਂਢੀ ਦੀ ਕੰਧ ਤੋਂ ਪਾਰ ਝਾਤੀਆਂ ਮਾਰਨ ਦੀ ਸਾਡੀ ਆਦਤ ਨੇੜਲੇ ਘਰ ਤੱਕ ਸੀਮਤ ਹੁੰਦੀ ਹੈ, ਓਦੋਂ ਅੱਗੇ ਨਹੀਂ ਜਾਂਦੀ।

ਅਸੀਂ ਇਸ ਵਾਰੀ ਇਹ ਕਿੱਸਾ ਇਸ ਲਈ ਛੋਹਿਆ ਹੈ ਕਿ ਚੌਵੀ ਸਤੰਬਰ ਦੀ ਸਵੇਰ ਜਦੋਂ ਅਸੀਂ ਪਾਠਕਾਂ ਦੇ ਲਈ ਇਹ ਲਿਖਤ ਲਿਖਦੇ ਪਏ ਹਾਂ, ਅਮਰੀਕੀ ਡਾਲਰ ਅੱਗੇ ਭਾਰਤੀ ਰੁਪਈਏ ਦੇ ਲੇਟਣੀਆਂ ਲੈਣ ਦੀ ਖਬਰ ਭਾਰਤ ਤੇ ਪੰਜਾਬ ਦੇ ਸਾਰੇ ਅਖਬਾਰਾਂ ਨੂੰ ਉਚੇਚੀ ਛਾਪਣੀ ਪਈ ਹੈ। ਅਮਰੀਕੀ ਡਾਲਰ ਬਦਲੇ ਸਾਨੂੰ ਭਾਰਤੀਆਂ ਨੂੰ ਪਹਿਲੀ ਵਾਰ ਅੱਸੀ ਤੋਂ ਵੱਧ ਰੁਪਈਏ ਦੇਣ ਦੀ ਨੌਬਤ ਜਾਂ ਬਦਲੇ ਵਿੱਚ ਲੈਣ ਦੀ 'ਖੁਸ਼ੀ' ਪ੍ਰਾਪਤ ਹੋਣ ਲੱਗੀ ਹੈ। ਇਹ ਹਾਲਤ ਓਦੋਂ ਦੀ ਹੈ, ਜਦੋਂ ਭਾਰਤ ਦੀ ਨਰਿੰਦਰ ਮੋਦੀ ਸਰਕਾਰ ਇਸ ਦੇਸ਼ ਨੂੰ 'ਵਿਸ਼ਵ ਗੁਰੂ' ਬਣਾਉਣ ਦੀਆਂ ਟਾਹਰਾਂ ਮਾਰਨ ਦੇ ਜੋਸ਼ ਵਿੱਚ ਬਾਕੀ ਪੱਖ ਆਪਣੇ ਲੋਕਾਂ ਤੋਂ ਲੁਕਾਉਣ ਦੇ ਯਤਨ ਕਰਦੀ ਪਈ ਹੈ। ਸਰਕਾਰ ਦੇ ਨੇੜ ਵਾਲਾ ਮੀਡੀਆ ਸਾਨੂੰ ਇਹ ਦੱਸਣ ਲਈ ਉਚੇਚਾ ਸਮਾਂ ਕੱਢਦਾ ਹੈ ਕਿ ਗਵਾਂਢ ਪਾਕਿਸਤਾਨ ਦੀ ਆਰਥਿਕਤਾ ਨੰਗਾਂ ਦੀ ਭੜੋਲੀ ਵਰਗੀ ਹੋਣ ਕਾਰਨ ਉਸ ਦੇਸ਼ ਦੇ ਲੋਕਾਂ ਲਈ ਅਮਰੀਕੀ ਡਾਲਰ ਦਾ ਭਾਅ ਢਾਈ ਸੌ ਪਾਕਿਸਤਾਨੀ ਰੁਪਏ ਨੇੜੇ ਪਹੁੰਚ ਗਿਆ ਹੈ। ਇਹ ਸੁਣ ਕੇ ਅਸੀਂ ਖੁਸ਼ ਹੋ ਜਾਂਦੇ ਹਾਂ ਕਿ ਚਲੋ ਅਮਰੀਕਾ ਮੂਹਰੇ ਨੀਵੀਂ ਪਾਉਣੀ ਵੀ ਪਵੇ, ਭਾਵੇਂ ਸੰਸਾਰ ਭਰ ਦੇ ਲੋਕਾਂ ਮੂਹਰੇ ਨੀਵੀਂ ਪਾਉਣੀ ਪੈ ਜਾਵੇ, ਪਾਕਿਸਤਾਨ ਨਾਲੋਂ ਤਾਂ ਸਾਡੀ ਆਰਥਿਕਤਾ ਤਕੜੀ ਹੈ ਅਤੇ ਅੱਗੇ ਵਧ ਰਹੀ ਹੈ। ਸਾਨੂੰ ਇਹ ਵੇਖਣ ਦੀ ਲੋੜ ਨਹੀਂ ਜਾਪਦੀ ਕਿ ਭਾਰਤ ਦੇ ਉੱਤਰ ਵਿੱਚ ਪਹਾੜੀਆਂ ਉੱਤੇ ਟੰਗੇ ਬਚੂੰਗੜੇ ਜਿਹੇ ਦੇਸ਼ ਭੂਟਾਨ ਦੀ ਕਰੰਸੀ ਵੀ ਸਾਡੇ ਰੁਪਈਏ ਤੋਂ ਵੱਧ ਮਜ਼ਬੂਤ ਹੈ, ਸਗੋਂ ਅਸੀਂ ਨੇਪਾਲ ਦਾ ਜ਼ਿਕਰ ਕਰਦੇ ਹਾਂ, ਜਿੱਥੇ ਡਾਲਰ ਸਾਡੇ ਰੁਪਈਏ ਤੋਂ ਕਮਜ਼ੋਰ ਹੈ।

ਹਾਲਾਤ ਦੇ ਇਸ ਮੋੜ ਉੱਤੇ ਅੱਜ ਜਦੋਂ ਸਾਡੇ ਲਵ-ਹੇਟ ਰਿਲੇਸ਼ਨ ਵਾਲੇ ਪਾਕਿਸਤਾਨ ਵਿੱਚ ਰਾਜਨੀਤਕ ਚਰਚਾ ਹੁੰਦੀ ਹੈ ਤਾਂ ਹਾਲਾਤ ਦੀ ਤੁਲਨਾ ਸਾਡੇ ਭਾਰਤ ਨਾਲ ਕਰਨ ਦੀ ਥਾਂ ਬੰਗਲਾਦੇਸ਼ ਦੀ ਗੱਲ ਹੁੰਦੀ ਹੈ, ਜਿਸ ਨੂੰ ਪਾਕਿਸਤਾਨ ਦੇ ਨਾਲਾਇਕ ਲੀਡਰਾਂ ਨੇ ਆਪਣੀਆਂ ਗਲਤੀਆਂ ਕਾਰਨ ਗੁਆ ਲਿਆ ਸੀ। ਅੰਗਰੇਜ਼ਾਂ ਨੇ ਭਾਰਤ ਛੱਡਣ ਵੇਲੇ ਵੱਖਰਾ ਦੇਸ਼ ਪਾਕਿਸਤਾਨ ਇਕੱਠਾ ਬਣਾਉਣ ਦੀ ਥਾਂ ਭਾਰਤ ਦੇ ਇੱਕ ਪਾਸੇ ਪੂਰਬੀ ਪਾਕਿਸਤਾਨ ਤੇ ਦੂਸਰੇ ਪਾਸੇ ਪੱਛਮੀ ਪਾਕਿਸਤਾਨ ਬਣਾਇਆ ਸੀ। ਸਮਾਂ ਪਾ ਕੇ ਪੂਰਬੀ ਪਾਕਿਸਤਾਨ ਟੁੱਟ ਕੇ ਵੱਖਰਾ ਬੰਗਲਾਦੇਸ਼ ਬਣ ਗਿਆ ਤੇ ਪੱਛਮੀ ਪਾਕਿਸਤਾਨ ਜਦੋਂ ਸਿਰਫ ਪਾਕਿਸਤਾਨ ਰਹਿ ਗਿਆ, ਉਹ ਉਸ ਦੇ ਬਾਅਦ ਆਪਣੇ ਤੋਂ ਤੋੜ ਕੇ ਬਣਾਏ ਗਏ ਬੰਗਲਾਦੇਸ਼ ਦੇ ਮੁਕਾਬਲੇ ਵੀ ਪਛੜਦਾ ਗਿਆ ਸੀ। ਅੱਜ ਪਾਕਿਸਤਾਨ ਦਾ ਹਰ ਆਗੂ ਇਹ ਰੋਣਾ ਰੋਂਦਾ ਸੁਣਦਾ ਹੈ ਕਿ ਸਾਡੇ ਤੋਂ ਟੁੱਟ ਕੇ ਬੰਗਲਾਦੇਸ਼ ਤਰੱਕੀ ਕਰ ਗਿਆ ਹੈ ਤਾਂ ਨਾਲ ਇਹ ਜ਼ਿਕਰ ਵੀ ਹੁੰਦਾ ਹੈ ਕਿ ਓਦੋਂ ਪਾਕਿਸਤਾਨ ਦੇ ਸਰਪ੍ਰਸਤ ਗਿਣੇ ਜਾਂਦੇ ਅਮਰੀਕਾ ਦੇ ਵਿਦੇਸ਼ ਮੰਤਰੀ ਕਸਿੰਗਰ ਕਹਿੰਦਾ ਸੀ ਕਿ ਨਵਾਂ ਬਣਿਆ ਬੰਗਲਾਦੇਸ਼ ਆਪਣੀ ਹੋਂਦ ਹੀ ਕਾਇਮ ਨਹੀਂ ਰੱਖ ਸਕੇਗਾ, ਪਰ ਉਹ ਨਵਾਂ ਦੇਸ਼ ਪੁਰਾਣੇ ਪਾਕਿਸਤਾਨ ਨੂੰ ਵੀ ਪਛਾੜ ਕੇ ਅੱਗੇ ਨਿਕਲ ਗਿਆ ਹੈ। ਬੰਗਲਾਦੇਸ਼ ਅਗਾਂਹ ਕਿਵੇਂ ਲੰਘ ਗਿਆ ਅਤੇ ਪਾਕਿਸਤਾਨ ਪਛੜਦਾ ਕਿਵੇਂ ਗਿਆ, ਇਸ ਬਾਰੇ ਉਸ ਦੇਸ਼ ਦੇ ਨੀਤੀਵਾਨਾਂ ਨੂੰ ਵੀ ਸੋਚਣਾ ਚਾਹੀਦਾ ਹੈ, ਸਾਡੇ ਭਾਰਤ ਦੇ ਉਨ੍ਹਾਂ ਨੀਤੀਵਾਨਾਂ ਨੂੰ ਵੀ, ਜਿਹੜੇ ਬੰਗਲਾਦੇਸ਼ ਆਜ਼ਾਦ ਕਰਾਉਣ ਦਾ ਸਿਹਰਾ ਲੈਂਦੇ ਹਨ।

ਅੱਧੀ ਸਦੀ ਪਹਿਲਾਂ ਆਜ਼ਾਦ ਹੋਇਆ ਬੰਗਲਾਦੇਸ਼ ਆਪਣੀ ਹੋਂਦ ਦੇ ਪਹਿਲੇ ਦਹਾਕੇ ਵਿੱਚ ਆਜ਼ਾਦੀ ਦੇ ਨਾਇਕ ਸ਼ੇਖ ਮੁਜੀਬੁਰ ਰਹਿਮਾਨ ਤੇ ਉਸ ਦੇ ਪਰਵਾਰ ਦੇ ਜੀਆਂ ਦੇ ਕਤਲਾਂ ਸਮੇਤ ਕਈ ਖੂਨੀ ਹੱਲਿਆਂ ਵਿੱਚੋਂ ਲੰਘਿਆ ਸੀ, ਪਰ ਇਨ੍ਹਾਂ ਝਟਕਿਆਂ ਤੋਂ ਸੰਭਲ ਕੇ ਫਿਰ ਅੱਗੇ ਤੁਰ ਪੈਂਦਾ ਰਿਹਾ ਸੀ। ਇੱਕ ਵਾਰੀ ਪਾਕਿਸਤਾਨੀ ਏਜੰਸੀਆਂ ਦੇ ਇਸ਼ਾਰੇ ਉੱਤੇ ਕੁਝ ਕੱਟੜਪੰਥੀਆਂ ਨੇ ਉਸ ਦੇਸ਼ ਦੀ ਵਾਗਡੋਰ ਸਾਂਭ ਲਈ ਤਾਂ ਸਿਰਫ ਸੋਲਵੇਂ ਸਾਲ ਦੀ ਹੱਦ ਉੱਤੇ ਉਸ ਦੇਸ਼ ਦਾ ਨਾਂਅ ਬਦਲ ਕੇ 'ਸੈਕੂਲਰ' ਵਾਲੇ ਲਫਜ਼ ਕੱਟੇ ਅਤੇ 'ਇਸਲਾਮਿਕ ਰਿਪਬਲਿਕ' ਲਿਖ ਦਿੱਤਾ ਸੀ, ਪਰ ਬਾਈ ਸਾਲਾਂ ਪਿੱਛੋਂ ਫਿਰ ਇਸ ਦੇ ਨਾਂਅ ਤੋਂ 'ਇਸਲਾਮਿਕ' ਲਫਜ਼ ਕੱਢ ਕੇ ਇਸ ਨੂੰ ਸਿਰਫ 'ਰਿਪਬਲਿਕ' ਦਾ ਦਰਜਾ ਦੇ ਦਿੱਤਾ ਗਿਆ ਸੀ। ਉਸ ਦੇ ਬਾਅਦ ਵੀ ਕੱਟੜਪੰਥੀਏ ਆਪਣੀਆਂ ਆਦਤਾਂ ਤੋਂ ਹਟਦੇ ਨਹੀਂ, ਫਿਰਕੂ ਫਸਾਦਾਂ ਦੀਆਂ ਖਬਰਾਂ ਕਈ ਵਾਰੀ ਆਈਆਂ ਹਨ, ਪਰ ਮੋਟੇ ਤੌਰ ਉੱਤੇ ਬੰਗਲਾਦੇਸ਼ ਕਿਸੇ ਸੰਸਾਰ ਪੱਧਰ ਦੇ ਵਿਵਾਦ ਦਾ ਮੁੱਦਾ ਬਣਨ ਦੀ ਥਾਂ ਆਪਣੀ ਆਰਥਿਕਤਾ ਦੇ ਪੱਖੋਂ ਲਗਾਤਾਰ ਮਜ਼ਬੂਤੀ ਫੜਦਾ ਰਿਹਾ ਹੈ। ਪਾਕਿਸਤਾਨ ਤੋਂ ਵੱਖ ਹੁੰਦੇ ਵਕਤ ਬੰਗਲਾਦੇਸ਼ ਨੇ ਰੁਪਈਏ ਦੀ ਕਰੰਸੀ ਛੱਡ ਕੇ ਨਵੀਂ ਕਰੰਸੀ 'ਟਕਾ' ਚਲਾਉਣ ਦਾ ਫੈਸਲਾ ਲਿਆ ਸੀ, ਜਿਸ ਦੇ ਓਦੋਂ ਦੀ ਕੀਮਤ ਦੇ ਹਿਸਾਬ ਨਾਲ ਇੱਕ ਡਾਲਰ ਦੇ ਬਦਲੇ ਸਾਢੇ ਕੁ ਤਿੰਨ ਟਕੇ ਮਿਲਦੇ ਸਨ, ਅੱਜ ਇੱਕ ਸੌ ਤਿੰਨ ਮਿਲਦੇ ਹਨ। ਇਸ ਦੇ ਉਲਟ ਪਾਕਿਸਤਾਨ ਦੇ ਢਾਈ ਸੌ ਰੁਪਈਏ ਦਾ ਅਮਰੀਕੀ ਡਾਲਰ ਮਿਲਦਾ ਹੈ। ਅੱਜ ਬੰਗਲਾਦੇਸ਼ ਦੇ ਸੌ ਟਕੇ ਬਦਲੇ ਸਤਾਨਵੇਂ ਪੈਨੀਆਂ ਮਿਲਦੀਆਂ ਹਨ, ਪਾਕਿਸਤਾਨ ਦੇ ਸੌ ਰੁਪਈਏ ਬਦਲੇ ਮਸਾਂ ਬਤਾਲੀ ਪੈਨੀਆਂ ਪੱਲੇ ਪੈਣਗੀਆਂ। ਪਾਕਿਸਤਾਨ ਵਿੱਚ ਕੀ ਹੁੰਦਾ ਹੈ, ਉਸ ਨੂੰ ਭੁਲਾ ਕੇ ਸਾਨੂੰ ਇਹ ਵੇਖਣ ਦੀ ਲੋੜ ਹੈ ਕਿ ਬੰਗਲਾਦੇਸ਼ ਦੀ ਉਠਾਣ ਦਾ ਰਾਜ਼ ਕੀ ਹੈ! ਅਮਰੀਕਾ ਵਾਲੇ ਜਿਸ ਬੰਗਲਾਦੇਸ਼ ਨੂੰ ਆਜ਼ਾਦ ਹੋਣ ਵੇਲੇ ਕਹਿੰਦੇ ਸਨ ਕਿ ਇਹ ਆਪਣੀ ਹੋਂਦ ਕਾਇਮ ਨਹੀਂ ਰੱਖ ਸਕੇਗਾ, ਉਹੀ ਅੱਜ ਇਹ ਕਹਿ ਰਹੇ ਹਨ ਕਿ ਅਗਲੇ ਕੁਝ ਕੁ ਸਾਲਾਂ ਵਿੱਚ ਬੰਗਲਾਦੇਸ਼ ਆਰਥਿਕ ਪੱਖੋਂ ਦੂਸਰਾ ਚੀਨ ਬਣ ਸਕਦਾ ਹੈ।

ਸਾਡੇ ਭਾਰਤੀਆਂ ਲਈ ਸੋਚਣ ਦੀ ਘੜੀ ਹੈ ਕਿ ਇੱਕ ਪਾਸੇ ਬੰਗਲਾਦੇਸ਼ ਕੱਟੜਪੰਥੀਆਂ ਦੇ ਜ਼ੋਰਦਾਰ ਦਬਾਅ ਹੇਠ ਇਸਲਾਮੀ ਦੇਸ਼ ਬਣਨ ਪਿੱਛੋਂ ਫਿਰ ਸਾਂਝੀ ਰਿਪਬਲਿਕ ਬਣ ਗਿਆ ਹੈ, ਦੂਜੇ ਪਾਸੇ ਰਾਜਸੀ ਲੋੜ ਕਾਰਨ ਹਰ ਹੱਲੇ ਮਗਰੋਂ ਕੱਟੜਪੰਥੀਆਂ ਦੇ ਦਬਾਅ ਹੇਠ ਹੋਰ ਤੋਂ ਹੋਰ ਕੱਟੜਪੰਥੀ ਬਣਦਾ ਗਿਆ ਹੈ। ਬਿਨਾਂ ਸ਼ੱਕ ਪਾਕਿਸਤਾਨੀ ਇਸਲਾਮੀ ਦੇਸ਼ ਦੇ ਤੌਰ ਉੱਤੇ ਬਣਿਆ ਸੀ, ਪਰ ਇਸ ਨੇ ਵੱਡਾ ਕੱਟੜਪੰਥੀ ਕਦਮ ਬੰਗਲਾਦੇਸ਼ ਬਣਨ ਮਗਰੋਂ ਜ਼ੁਲਫਕਾਰ ਅਲੀ ਭੁੱਟੋ ਦੀ ਸਰਕਾਰ ਵੇਲੇ ਪੁੱਟਿਆ ਸੀ, ਜਦੋਂ ਅਹਿਮਦੀਆ ਭਾਈਚਾਰੇ ਦੇ ਮੁਸਲਮਾਨਾਂ ਨੂੰ 'ਗੈਰ-ਮੁਸਲਿਮ' ਕਰਾਰ ਦਿੱਤਾ ਸੀ ਅਤੇ ਓਦੋਂ ਤੋਂ ਅਹਿਮਦੀ ਮੁਸਲਮਾਨਾਂ ਉੱਤੇ ਹਮਲੇ ਹੋਣ ਲੱਗ ਪਏ ਸਨ। ਇਸ ਪਿੱਛੋਂ ਜਨਰਲ ਜ਼ਿਆ ਉਲ ਹੱਕ ਵਾਲੇ ਰਾਜ ਦੌਰਾਨ ਲੋਕਾਂ ਨੂੰ ਕੱਟੜਪੰਥੀ ਸੋਚ ਦੀ ਹੋਰ ਕਰੜੀ ਰੰਗਤ ਦਿੱਤੀ ਗਈ ਅਤੇ ਫਿਰ ਬੇਨਜ਼ੀਰ ਭੁੱਟੋ ਤੇ ਨਵਾਜ਼ ਸ਼ਰੀਫ ਜਾਂ ਜਨਰਲ ਮੁਸ਼ੱਰਫ ਦੀਆਂ ਸਰਕਾਰਾਂ ਨੇ ਆਪੋ-ਆਪਣੇ ਰਾਜ ਦੀ ਉਮਰ ਲੰਮੀ ਕਰਨ ਲਈ ਇਹੋ ਫਾਰਮੂਲਾ ਵਰਤ ਕੇ ਦੇਸ਼ ਨੂੰ ਹੋਰ ਤੋਂ ਹੋਰ ਨਿਘਾਰ ਵੱਲ ਧੱਕਿਆ ਸੀ, ਜਿਸ ਵਿੱਚੋਂ ਇਹ ਕਦੇ ਨਿਕਲ ਨਹੀਂ ਸਕਿਆ। ਉਸ ਦੇਸ਼ ਵਿਚਲਾ ਹਰ ਵੱਡਾ ਆਗੂ ਇਹ ਕਹਿੰਦਾ ਹੈ ਕਿ ਪਾਕਿਸਤਾਨ ਸਾਰੀ ਦੁਨੀਆ ਵਿੱਚ 'ਮੰਗ-ਖਾਣਾ' ਬਣ ਗਿਆ ਹੈ, ਪਰ ਉਸ ਦੀ ਇਹ ਹਾਲਤ ਬਣਾਉਣ ਵਿੱਚ ਕਸਰ ਕਿਸੇ ਨੇ ਵੀ ਨਹੀਂ ਛੱਡੀ। ਜਿਹੜਾ ਕੋਈ ਦੇਸ਼ ਦੀ ਵਾਗ ਸੰਭਾਲਣ ਜੋਗਾ ਹੋਇਆ ਹੈ, ਉਸ ਨੇ ਲੋਕਾਂ ਨੂੰ ਭੜਕਾਇਆ ਅਤੇ ਆਪਣੀਆਂ ਸੱਤਾਂ ਪੀੜ੍ਹੀਆਂ ਜੋਗੀ ਕਮਾਈ ਕੀਤੀ ਅਤੇ ਹੋਰ ਭੱਠਾ ਬਿਠਾਇਆ ਹੈ।

ਜਿਨ੍ਹਾਂ ਗੱਲਾਂ ਤੋਂ ਬੰਗਲਾਦੇਸ਼ ਨੇ ਬਚਣ ਦਾ ਯਤਨ ਕੀਤਾ ਅਤੇ ਪਾਕਿਸਤਾਨ ਨੂੰ ਪਛਾੜ ਕੇ ਆਪਣੀ ਆਜ਼ਾਦ ਹੋਂਦ ਨੂੰ ਸਹੀ ਸਾਬਤ ਕੀਤਾ ਹੈ, ਉਨ੍ਹਾਂ ਬਾਰੇ ਭਾਰਤੀ ਰਾਜਨੀਤੀ ਦੇ ਮਹਾਂਰਥੀਆਂ ਨੂੰ ਵੀ ਸੋਚਣਾ ਪਵੇਗਾ। ਜਿਹੜੇ ਹਾਲਾਤ ਅੱਜ ਭਾਰਤ ਵਿੱਚ ਬਣਦੇ ਜਾਂਦੇ ਹਨ ਜਾਂ ਬਣਾਏ ਜਾ ਰਹੇ ਹਨ, ਇਹ ਦੇਸ਼ ਨੂੰ ਉਸ ਰਾਹੇ ਪਾ ਦੇਣਗੇ, ਜਿਸ ਰਾਹ ਤੋਂ ਬੰਗਲਾਦੇਸ਼ ਵੱਡਾ ਮੋੜਾ ਕੱਟ ਕੇ ਲੀਹੇ ਪਿਆ ਹੈ। ਵਧਦੇ ਕੱਟੜਪੰਥੀ ਮਾਹੌਲ ਅਤੇ ਉਸ ਮਾਹੌਲ ਨੂੰ ਦੇਸ਼ ਦੀ ਸਰਕਾਰ ਦੀ ਸ਼ਹਿ ਨਾਲ ਕਈ ਦੇਸ਼ ਆਪਣਾ ਭਵਿੱਖ ਕਾਲਾ ਕਰ ਚੁੱਕੇ ਹਨ। ਭਾਰਤ ਨੂੰ ਇਸ ਤੋਂ ਬਚਣ ਦੀ ਲੋੜ ਹੈ। ਮੁਸ਼ਕਲ ਇਹ ਹੈ ਕਿ ਜਿਨ੍ਹਾਂ ਨੂੰ ਕੁਰਸੀ ਦਿੱਸ ਪਵੇ, ਉਹ ਏਦਾਂ ਦੀਆਂ ਗੱਲਾਂ ਸੋਚਣ ਦੀ ਲੋੜ ਨਹੀਂ ਸਮਝਦੇ। ਦੇਸ਼ ਲੀਡਰਾਂ ਦਾ ਨਹੀਂ ਹੁੰਦਾ, ਉਸ ਦੇਸ਼ ਦੇ ਲੋਕਾਂ ਦਾ ਹੁੰਦਾ ਹੈ, ਲੋਕ ਹੀ ਉਸ ਨੂੰ ਸਿਰਜਦੇ ਹਨ, ਲੋਕ ਹੀ ਰਾਖੀ ਲਈ ਕੁਰਬਾਨੀਆਂ ਦੇਣ ਅਤੇ ਪਸੀਨਾ ਵਗਾਉਣ ਦਾ ਕੰਮ ਕਰਦੇ ਹਨ ਤਾਂ ਦੇਸ਼ ਕੁਰਾਹੇ ਪੈਂਦਾ ਜਾਪਦਾ ਹੋਵੇ ਤਾਂ ਚਿੰਤਾ ਵੀ ਲੋਕਾਂ ਨੂੰ ਹੀ ਕਰਨੀ ਪੈਣੀ ਹੈ।

# ਕਾਗੋਂ ਹੰਸ ਹੂਏ

**ਸੁਲਘਦੇ ਸਵਾਲ**

**ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ**

ਜੋ ਉਮਰ ਦੇ ਆਖਰੀ ਸਾਲਾਂ ਵਿੱਚ ਕੈਪਟਨ ਰਾਜਾ ਅਮਰਿੰਦਰ ਸਿੰਘ ਸਿੱਧੂ ਨਾਲ ਹਲਕਾ ਵਿਵਹਾਰ ਹੁੰਦਾ ਨਜ਼ਰ ਆਇਆ, ਉਸ ਤਰ੍ਹਾਂ ਪਹਿਲਾਂ ਐਡੇ ਕੱਦ ਵਾਲੇ ਨਾਲ ਹੁੰਦਾ ਨਜ਼ਰ ਨਹੀਂ ਆਇਆ। ਜਿਹੜਾ ਆਦਮੀ ਜਿੰਨਾ ਚਿਰ ਵੀ ਪੰਜਾਬ ਦੀ ਸਿਆਸਤ ਵਿੱਚ ਰਿਹਾ ਹੋਵੇ, ਉਸ ਵਿੱਚੋਂ ਬਹੁਤਾ ਚਿਰ ਮੁੱਖ ਮੰਤਰੀ ਦੇ ਤੌਰ 'ਤੇ ਰਿਹਾ ਹੋਵੇ। ਅਜਿਹਾ ਆਦਮੀ ਆਖਰੀ ਉਮਰ ਵਿੱਚ ਕਿਸੇ ਗੁੱਝੇ ਡਰੋਂ ਐਨੀ ਬੇਗਰਤੀ ਨਾਲ ਉਸ ਪਾਰਟੀ ਵਿੱਚ ਗਿਆ, ਜਿਸ ਨੂੰ ਕੁਝ ਚਿਰ ਪਹਿਲਾਂ ਹੀ ਪੰਜਾਬ ਦੇ ਗਰੀਬ, ਸਧਾਰਨ ਅਤੇ ਬਹੁਤੇ ਅਨਪੜ੍ਹ ਕਿਸਾਨਾਂ ਨੇ ਚਿੱਤ ਕੀਤਾ ਹੋਵੇ। ਸ਼ਮੂਲੀਅਤ ਵੀ ਉਨ੍ਹਾਂ ਭਾਜਪਾ ਲੀਡਰਾਂ ਦੀ ਹਾਜ਼ਰੀ ਵਿੱਚ ਕੀਤੀ, ਜਿਨ੍ਹਾਂ ਨੂੰ ਕਿਸਾਨ ਹਰ ਮੀਟਿੰਗ ਵਿੱਚ ਟੀਟਣਾ ਦਿਖਾਉਂਦੇ ਅਤੇ ਵਾਕ-ਆਊਟ ਕਰਦੇ ਰਹੇ। ਅਸੀਂ ਉਸ ਬੀ ਜੇ ਪੀ ਦੀ ਗੱਲ ਕਰ ਰਹੇ ਹਾਂ, ਜਿਸ ਨੇ ਅਕਾਲੀ ਪਾਰਟੀ ਦੀ ਘਨੇੜੀ ਚੜ੍ਹ ਕੇ ਕੁਝ ਸੀਟਾਂ ਜਿੱਤੀਆਂ। ਜਦ ਉਸ ਨੇ ਅਕੇਲੇ ਚਲੋ ਅਤੇ ਅਖੀਰ ਕੈਪਟਨ ਦੀ ਲੋਕ ਕਾਂਗਰਸ ਪਾਰਟੀ ਅਤੇ ਅਕਾਲੀਆਂ 'ਚੋਂ ਨਿਕਲ ਕੇ ਬਣਾਈ ਗਈ ਪਾਰਟੀ ਨੂੰ ਕੁਝ ਸੀਟਾਂ ਲੈ ਦੇ ਕੇ ਚੋਣ ਲੜੀ ਤਾਂ ਪੰਜਾਬ ਵਿੱਚ ਰਾਜ ਕਰਨ ਦਾ ਸੁਪਨਾ ਦੇਖਣ ਵਾਲੀ ਤਾਂ ਤਿੰਨ ਸੀਟਾਂ ਲੈ ਗਈ, ਪਰ ਅਮਰਿੰਦਰ ਸਿੰਘ ਵਰਗੇ ਸਮੇਤ ਆਪਣੀ ਲੋਕ ਕਾਂਗਰਸ ਪਾਰਟੀ ਅਜਿਹੇ ਮੂਧੇ ਮੂੰਹ ਡਿੱਗੇ, ਜਿਹੜੇ ਮੁੜ ਕਦੇ ਸਰਗਰਮ ਨਹੀਂ ਹੋਏ।

ਜਦੋਂ ਕੈਪਟਨ ਨੇ ਕਾਂਗਰਸ ਛੱਡੀ ਜਾਂ ਛੱਡਣ ਲਈ ਮਜਬੂਰ ਕਰ ਦਿੱਤਾ ਤਾਂ ਬਹੁਤਿਆਂ ਨੂੰ ਕੈਪਟਨ ਨਾਲ ਹਮਦਰਦੀ ਸੀ ਕਿ ਕੈਪਟਨ ਨਾਲ ਕਾਂਗਰਸ ਨੂੰ ਐਸ ਉਮਰੇ ਇੰਜ ਨਹੀਂ ਸੀ ਕਰਨਾ ਚਾਹੀਦਾ। ਉਦੋਂ ਜੋ ਕਾਂਗਰਸੀ ਇੱਕ ਹਿੱਸਾ ਇਸ ਨੂੰ ਬੀ ਜੇ ਪੀ ਨਾਲ ਰਲਿਆ ਹੋਇਆ ਆਖਦੇ ਸਨ। ਬਹੁਤੇ ਪੰਜਾਬੀ ਇਸ ਕਥਨ ਨੂੰ ਸੱਚ ਮੰਨਣ ਲਈ ਤਿਆਰ ਨਹੀਂ ਸਨ, ਪਰ ਬਾਅਦ ਵਿੱਚ ਕੈਪਟਨ ਦੀ ਬੋਲਬਾਣੀ ਅਤੇ ਇਸ ਦੀਆਂ ਹਰਕਤਾਂ ਨੇ ਇਸ ਨੂੰ ਸੌ ਫੀਸਦੀ ਸੱਚ ਕਰ ਦਿੱਤਾ।

ਪਹਿਲਿਆਂ ਵਿੱਚ ਜਿੰਨਾ ਇਹ ਭਾਜਪਾ ਨੂੰ ਕੋਸਦਾ ਰਹਿੰਦਾ ਸੀ, ਉਸ ਨੂੰ ਫਿਰਕੂ ਪਾਰਟੀ ਗਰਦਾਨਦਾ ਸੀ, ਪੰਜਾਬ, ਪੰਜਾਬੀ ਵਿਰੋਧੀ ਕਹਿੰਦਾ ਸੀ, ਇਥੋਂ ਤੱਕ ਕਿ ਆਮ ਆਦਮੀ ਪਾਰਟੀ ਨੂੰ ਬੀ ਜੇ ਪੀ ਦੀ ਬੀ ਟੀਮ ਕਹਿੰਦਾ ਸੀ। ਜਿਸ ਬੀ ਟੀਮ ਨੇ ਇਸ ਨੂੰ ਅਤੇ ਇਸ ਦੀ ਨਵੀਂ ਬਣਾਈ ਪੰਜਾਬ ਲੋਕ ਕਾਂਗਰਸ ਪਾਰਟੀ ਨੂੰ ਅਜਿਹਾ ਮੂੰਹ ਭਰਨੇ ਸੁੱਟਿਆ ਕਿ ਜਨਾਬ ਉਸ ਪਾਰਟੀ ਨੂੰ ਵੀ ਆਪਣੇ ਪਰਨੇ ਵਿੱਚ ਵਲ੍ਹੇਟ ਕੇ ਭਾਜਪਾ ਵਿੱਚ ਰਲਣ ਲੱਗਾ ਨਾਲ ਹੀ ਲੈ ਗਿਆ ਜੋ ਉਨ੍ਹਾ ਦੇ ਸਪੁਰਦ ਕਰ ਆਇਆ।

ਜਿਹੜਾ ਕੈਪਟਨ ਪਹਾੜਾਂ ਦੀ ਗੋਦ ਵਿੱਚ ਬੈਠ ਕੇ ਆਪਣੇ ਸਰਕਾਰੀ ਅਤੇ ਗੈਰ ਸਰਕਾਰੀ ਕਰਿੰਦਿਆਂ ਰਾਹੀਂ ਸਰਕਾਰ ਚਲਾਉਂਦਾ ਰਿਹਾ, ਜਿਹੜਾ ਨਵਜੋਤ ਸਿੰਘ ਸਿੱਧੂ ਤੋਂ ਐਲਰਜੀ ਹੋਣ ਕਰਕੇ ਉਸ ਨੂੰ ਡਰਾਉਂਦਾ ਅਤੇ ਆਪ ਵੀ ਅੰਦਰੋਂ ਡਰਦਾ ਰਿਹਾ, ਜਿਹੜਾ ਸਿੱਧੂ ਵੱਲੋਂ ਪਾਕਿਸਤਾਨੀ ਪ੍ਰਧਾਨ ਮੰਤਰੀ ਨੂੰ ਜੱਫੀ ਪਾਉਣ 'ਤੇ ਨੁਕਤਾਚੀਨੀ ਕਰਦਾ ਰਿਹਾ ਹੋਵੇ, ਆਪ ਅਰੂਸਾ ਪਾਕਿਸਤਾਨੀ ਪੱਤਰਕਾਰ ਨੂੰ ਆਪਣਾ ਮਹਿਮਾਨ ਬਣਾਉਂਦਾ ਰਿਹਾ ਹੋਵੇ, ਆਖਰ ਉਥੇ ਡਿਗਿਆ ਜਿਥੇ ਉਸ ਨੂੰ ਆਪਣਾ ਕੋਈ ਨਾ ਮਿਲਿਆ। ਖੇਤੀ ਮੰਤਰੀ ਤੋਮਰ ਨਾਲ ਹੱਥ ਮਿਲਾਉਣਾ ਅਤੇ ਭਾਜਪਾ 'ਚ ਛਾਲ ਮਾਰ ਜਾਣੀ ਇਹ ਦਰਸਾਉਂਦਾ ਹੈ ਕਿ ਕੈਪਟਨ ਅਸਲ ਵਿੱਚ ਮੁੱਢ ਤੋਂ ਹੀ ਅੰਦਰੋ-ਅੰਦਰੀ ਭਾਜਪਾ ਪੱਖੀ ਸੀ, ਉਹ ਜਦ ਤੱਕ ਗੱਦੀ 'ਤੇ ਰਿਹਾ ਅਸਲ 'ਚ ਉਹ ਪੰਜਾਬ ਵਿਰੋਧੀ ਰਿਹਾ, ਕਾਰਨ ਲੱਭਣਾ ਵੀ ਕੋਈ ਔਖਾ ਨਹੀਂ। ਸਮਝਣ ਵਾਲੀ ਗੱਲ ਹੈ ਕਿ ਅਗਰ ਪਿਛੋਕੜ ਰਾਜੇ ਦਾ ਪੁੱਤ ਹੋਣ ਕਰਕੇ, ਜਾਇਦਾਦ ਦਾ ਮਾਲਕ ਹੋਣ ਕਰਕੇ, ਫੌਜੀ ਹੋਣ ਕਰਕੇ ਦੂਨ ਦਾ ਪੜ੍ਹਿਆ ਤੇ ਬਹੁਤਾ ਸਮਾਂ ਮੁੱਖ ਮੰਤਰੀ ਹੋਣ ਕਰਕੇ ਵੀ ਜੇ ਤੁਸੀਂ ਜਾਂ ਤੁਹਾਡਾ ਉਹ ਪਰਵਾਰ ਜਿਨ੍ਹਾਂ ਨੂੰ ਤੁਸੀਂ ਆਖਰੀ ਸਮੇਂ ਭਾਜਪਾ ਦਾ ਪੱਲਾ ਫੜਨ ਵੇਲੇ ਕੁਕੜੀ ਵਾਂਗ ਆਪਣੇ ਬੱਚਿਆਂ ਨੂੰ ਵਗੈਰ ਆਪਣੀ ਘਰਵਾਲੀ ਦੇ ਆਪਣੇ 'ਚ ਲੁਕੋ ਕੇ ਲਗਏ ਹੋ, ਜੇ ਤੁਹਾਡੇ 'ਚ ਏਨਾ ਕੁਝ ਹੋਣ ਦੇ ਬਾਵਜੂਦ ਤੁਹਾਡੇ ਅੰਦਰੋਂ ਈ ਡੀ ਦਾ ਡਰ ਨਹੀਂ ਗਿਆ ਤਾਂ ਸਧਾਰਨ ਲੋਕ ਜੋ ਤੁਹਾਡੇ ਤੋਂ ਹਰ ਤਰ੍ਹਾਂ ਛੋਟੇ ਕੱਦ ਦੇ ਹਨ, ਉਹ ਸਿਆਸਤ ਵਿੱਚ ਰਹਿੰਦਿਆਂ ਈ ਡੀ ਜਾਂ ਸੈਂਟਰ ਦੀਆਂ ਹੋਰ ਏਜੰਸੀਆਂ ਤੋਂ ਕਿਵੇਂ ਨਿੱਡਰ ਹੋਣ। ਉਂਜ ਵੀ ਜੇ ਨੀਝ ਲਾ ਕੇ ਦੇਖਿਆ ਜਾਵੇ ਜਿਨ੍ਹਾਂ ਨੂੰ, ਜੋ ਤੁਹਾਡੀ ਕੈਬਨਿਟ ਵਿੱਚ ਰਹੇ, ਮੌਜੂਦਾ ਸਰਕਾਰ ਹੱਥ ਪਾ ਰਹੀ ਹੈ, ਉਹ ਵੀ ਤੁਹਾਡੇ ਹੀ ਨਜ਼ਦੀਕੀ ਰਹੇ ਹਨ। ਇਸ ਕਰਕੇ ਸਵਾਲ ਉਠਦਾ ਹੈ ਕਿ ਅੱਜ ਤੱਕ ਜਦ-ਜਦ ਵੀ ਕਾਂਗਰਸ ਨੇ ਪੰਜਾਬ 'ਤੇ ਰਾਜ ਕੀਤਾ ਹੈ, ਜੋ ਅੱਜ ਦੇ ਦਿਨ ਲੋਕਾਂ ਵਿੱਚ ਓਨੀ ਸਤਿਕਾਰਤ ਨਹੀਂ ਰਹੀ। ਪਰ ਫਿਰ ਵੀ ਤੁਸੀਂ! ਦੱਸੋ ਕਿ ਤੁਹਾਡੇ ਵਰਗਾ ਸਤਿਕਾਰਤ ਮੁੱਖ ਮੰਤਰੀ ਇਵੇਂ ਗਿਆ ਹੋਵੇ ਜਿਵੇਂ ਤੁਸੀਂ ਯਾਦ ਰੱਖੋ ਕੈਪਟਨ ਸਾਹਿਬ ਹੁਣ ਤੁਸੀਂ ਉਸ ਪਾਰਟੀ ਦਾ ਪੱਲਾ ਫੜਿਆ ਹੈ, ਜਿਸ ਦਾ ਮੁਖੀ ਤੁਹਾਡੇ ਮੁੱਖ ਮੰਤਰੀ ਹੁੰਦਿਆਂ ਹੀ 'ਕਾਂਗਰਸ ਮੁਕਤ ਭਾਰਤ' ਦਾ ਨਾਅਰਾ ਦੇ ਰਿਹਾ ਸੀ ਜੋ ਅੱਜ ਦੇ ਦਿਨ ਗੁਜਰਾਤ ਦੇ ਤਿੰਨ ਬੈਂਕ ਭਗੌੜਿਆਂ ਨੂੰ ਫੜਨ ਦੀ ਬਜਾਏ ਜਿਨ੍ਹਾਂ ਤੋਂ ਹਜ਼ਾਰਾਂ ਕਰੋੜ ਵਸੂਲਣੇ ਸਨ, ਉਨ੍ਹਾਂ ਨੂੰ ਹੱਥ ਪਾਉਣ ਦੀ ਬਜਾਏ ਨਾ ਉਹ ਬਾਹਰੋਂ ਕਾਲਾ ਧਨ ਲਿਆ ਕੇ ਪੰਦਰਾਂ-ਪੰਦਰਾਂ ਹਜ਼ਾਰ ਖਾਤਿਆਂ ਵਿੱਚ ਪਾਉਣ ਲਈ ਸੋਚ ਰਿਹਾ। ਸਗੋਂ ਇਸ ਦੇ ਉਲਟ 2014 ਤੋਂ ਪਹਿਲਾਂ ਸ਼ੁਰੂ ਹੋਈ ਗੱਲਬਾਤ ਦੇ ਅਧਾਰ 'ਤੇ ਕਰੋੜਾ ਖਰਚ ਕੇ ਬਾਹਰੋਂ ਸ਼ੇਰ ਲਿਆ ਕੇ ਤੜਫਦੀਆਂ ਗਊ-ਮਾਤਾਵਾਂ ਦੀਆਂ ਲਾਸ਼ਾਂ ਦੇ ਢੇਰ 'ਤੇ ਖੜ੍ਹੇ ਕਰ ਦਿੱਤੇ ਹਨ। ਆਉਣ ਵਾਲੇ ਸਮੇਂ ਵਿੱਚ ਜਿਨ੍ਹਾਂ ਦੀ ਖੁਰਾਕ ਵਿੱਚ ਅਣਭੋਲ ਜੰਗਲੀ ਜਾਨਵਰ ਹੋਣਗੇ। ਇੱਕ ਖ਼ਬਰ ਮੁਤਾਬਕ ਸੋਲਾਂ ਸੌ ਹਿਰਨ ਇਨ੍ਹਾਂ ਜੰਗਲਾਂ ਵਿੱਚ ਇਨ੍ਹਾਂ ਲਈ ਛੱਡੇ ਗਏ ਹਨ। ਹੁਣ ਤੁਹਾਨੂੰ ਆਪਣੇ ਪਾਰਟੀ ਦੇ ਮੁਖੀ ਦੀ ਖੁਸ਼ੀ ਲਈ ਖਾਲੀ ਥਾਲੀ ਅਤੇ ਤਾੜੀ ਵਜਾਉਣੀ ਪਿਆ ਕਰੇਗੀ। ਹੁਣ ਤੁਸੀਂ ਹੁਕਮ ਘੱਟ ਕਰਿਆ ਕਰੋਗੇ, ਸੁਣਿਆ ਜ਼ਿਆਦਾ ਕਰਿਆ ਕਰੋਗੇ। ਹੁਣ ਤਸੀਂ ਉਸ ਪਾਰਟੀ ਵਿੱਚ ਉੱਚ-ਕੁਰਸੀ ਦੇ ਨਹੀਂ ਬਲਕਿ ਨੀਚੀ ਕੁਰਸੀ ਦੇ ਹੱਕਦਾਰ ਹੋਵੋਗੇ। ਕਾਰਨ! ਯਾਦ ਰੱਖੋ ਉਨ੍ਹਾਂ ਨੇ ਆਪਣੀ ਵਾਸ਼ਿੰਗ ਮਸ਼ੀਨ ਵਿੱਚ ਪਾ ਕੇ ਤੁਹਾਨੂੰ ਪਾਕਿ ਕੀਤਾ ਹੈ। ਇਸ ਲਈ ਹੁਣ ਤੁਹਾਨੂੰ ਪਰਵਾਰ ਸਮੇਤ ਕਿਸੇ ਵੀ ਸੈਂਟਰ ਏਜੰਸੀ ਤੋਂ ਡਰਨ, ਘਬਰਾਉਣ ਦੀ ਲੋੜ ਨਹੀਂ, ਕਿਉਂਕਿ ਹੁਣ ਤੁਸੀਂ ਭਾਜਪਾ ਦੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕਰਕੇ ਕਾਗੋ ਹੰਸ ਬਣ ਚੁੱਕੇ ਹੋ।

*# ਸੰਪਰਕ : 98721-65741*

## ਗ਼ਜ਼ਲ

ਕਦਮ ਕਦਮ 'ਤੇ ਕਾਬਲੀਅਤ ਅਜ਼ਮਾਉਂਦੀ ਹੈ ਜ਼ਿੰਦਗੀ।
ਇਉਂ ਆਪਣੇ ਤਰੀਕੇ ਬੰਦੇ ਨੂੰ ਬੰਦਾ ਬਣਾਉਂਦੀ ਹੈ ਜ਼ਿੰਦਗੀ।

ਸਿਦਕ, ਸਮਰਪਣ, ਸਦਾਚਾਰ ਜੇ ਬਣ ਜਾਵਣ ਹਿੱਸੇ,
ਲਿਸ਼ਕਾਉਂਦੀ, ਪੁਸ਼ਕਾਉਂਦੀ, ਮਹਿਕਾਉਂਦੀ ਹੈ ਜ਼ਿੰਦਗੀ।

ਸਲੀਕੇ ਸੰਗ ਗੁਜ਼ਾਰੀਏ, ਵਡਿਆਉਂਦੀ ਹੈ ਜ਼ਿੰਦਗੀ,
ਅੜਬਪੁਣੇ ਵਾਲੀ ਤਾਂ ਰਹਿੰਦੀ ਪਛਾਉਂਦੀ ਹੈ ਜ਼ਿੰਦਗੀ।

ਪਰਖਦੀ ਹੈ ਹੌਸਲਾ-ਔਕੜਾਂ ਦਾ ਜਾਲ ਵਿਛਾ,
ਤਾਅ ਉਮਰ ਬੰਦੇ ਨੂੰ ਰਹਿੰਦੀ ਪਤਿਆਉਂਦੀ ਹੈ ਜ਼ਿੰਦਗੀ।

ਦਇਆ, ਖਿਮਾ, ਵਫ਼ਾ ਦੀ ਸੋਹਬਤ ਵਿੱਚ 'ਸੋਨੀ'
ਸਹਿਲਾਉਂਦੀ, ਬਹਿਲਾਉਂਦੀ, ਮੁਸਕਰਾਉਂਦੀ ਹੈ ਜ਼ਿੰਦਗੀ।

ਸੱਚਿਆਂ ਉਦਮਾਂ ਤੇ ਰਮਜ਼ਾਂ ਸੁੱਚੀਆਂ ਦੇ ਆਸਰੇ,
ਬੰਦੇ ਦੀ ਵੀ ਬੰਦਗੀ ਕਰਵਾਉਂਦੀ ਹੈ ਜ਼ਿੰਦਗੀ।

**— ਡਾ: ਸਤੀਸ਼ ਠੁਕਰਾਲ ਸੋਨੀ**

## ਬੁਲਡੋਜ਼ਰਾਂ ਨਾਲ ਨਹੀਂ ਢਾਹੀਦੇ

ਜਜ਼ਬਿਆਂ ਦੇ ਜਹਾਂਗੀਰਪੁਰ ਬੁਲਡੋਜ਼ਰਾਂ ਨਾਲ ਨਹੀਂ ਢਾਹੀਦੇ
ਹਿੰਦੂ, ਸਿੱਖ, ਮੁਸਲਮਾਨ ਆਪਸ ਵਿੱਚ ਨਹੀਂ ਲੜਾਈਦੇ
ਸਭ ਕਾਸੇ ਨੂੰ ਆਪਣੇ ਹਿਸਾਬ ਨਾਲ ਨਹੀਂ ਕਰੀਦਾ ਡਿਜ਼ਾਇਨ
ਮਨ ਦੀਆਂ ਬਾਤਾਂ ਦੇ ਅਰਥ ਡਿਕਟੇਟਰਾਂ ਵਾਂਗੂ ਨਹੀਂ ਸਮਝਾਈਦੇ
ਪੂਰੀ ਉਮਰ ਲੱਗ ਜਾਂਦੀ ਨਿੱਕਾ ਜਿਹਾ ਘਰ ਬਣਾਉਣ ਨੂੰ
ਘਰਾਂ ਦੇ ਚਿਰਾਗ ਬੰਬਾਂ ਬੰਦੂਕਾਂ ਨਾਲ ਨਹੀਂ ਬੁਝਾਈਦੇ
ਜਾਇਜ਼ ਨਹੀਂ ਮੁਖਾਲਫ ਆਵਾਜ਼ਾਂ ਨੂੰ ਜੇਲ੍ਹਾਂ ਅੰਦਰ ਡੱਕਣਾ
ਜਬਰ ਦੇ ਹਿੰਸਕ ਖੌਫ ਨਾਲ ਕਲਮਕਾਰ ਨਹੀਂ ਡਰਾਈਦੇ
ਸਿਆਸੀ ਮੁਫਾਦਾਂ ਲਈ ਧਰਮ ਨੂੰ ਵਰਤਣਾ ਠੀਕ ਨਹੀਂ
ਸਰਲ ਤੇ ਸਿੱਧੇ ਸਾਦੇ ਮਸਲੇ ਫਸਾਦਾਂ ਨਾਲ ਨਹੀਂ ਉਲਝਾਈਦੇ
ਦੰਗਿਆਂ ਦਹਿਸ਼ਤਾਂ ਦੇ ਬਿਰਤਾਂਤਾਂ ਨੂੰ ਛਿਲਣ ਤੇ ਛੇੜਨ ਦੀ ਬਜਾਇ
ਇਨਸਾਨੀਅਤ ਦੀ ਔਸ਼ਧੀ ਨਾਲ ਸੁਲਘਦੇ ਜ਼ਖਮ ਸੁਕਾਈਦੇ
ਦਿਲਾਂ ਉੱਤੇ ਰਾਜ ਕਰਨ ਦੀਆਂ ਨੀਤੀਆਂ ਬੀਜਿਆ ਕਰ ਮੂਰਖਾ
ਬਿਜ਼ਨੈੱਸ ਘਰਾਣਿਆਂ ਦੇ ਵਾਂਗੂੰ ਰਾਜ ਭਾਗ ਨਹੀਂ ਚਲਾਈਦੇ
ਮੇਰੀ ਗੱਲ ਧਿਆਨ ਨਾਲ ਸੁਣ ਜ਼ਰਾ ਵੱਡਿਆ ਹੰਕਾਰੀਆ
ਟੈਂਕਾਂ, ਤੋਪਾਂ ਦੀ ਧੌਂਸ ਨਾਲ ਵਿਦਰੋਹ ਨਹੀਂ ਦਬਾਈਦੇ
ਸਦੀਆਂ ਤੱਕ ਧੜਕਦੀ ਰਹੇ ਜਿਨ੍ਹਾਂ ਦੀ ਹਰਿਆਵਲ
ਅਜਿਹੇ ਖ਼ਾਬ ਤ੍ਰਿਵੈਣੀ ਨਾੜ ਨਾੜ ਵਿੱਚ ਉਗਾਈਦੇ
ਵੱਡੇ-ਵੱਡੇ ਧਨਾਢਾਂ ਦੇ ਆਖੇ ਲੱਗ ਕੇ ਐ ਹੁਕਮਰਾਨਾ
ਦੇਸ਼ ਦੇ ਅੰਨਦਾਤਿਆਂ ਲਈ ਕਾਲੇ ਕਾਨੂੰਨ ਨਹੀਂ ਬਣਾਈਏ
ਮੋਬਾਇਲ ਉੱਤੇ ਲਾਈਵ ਹੋਣ ਦੀ ਥਾਂ ਅੰਦਰ ਲਹਿ 'ਕੁਲਵੰਤ'
ਹਉਕਿਆਂ ਤੇ ਹਟਕੋਰਿਆਂ ਨਾਲ ਤਨ ਮਨ ਨਹੀਂ ਭਟਕਾਈਦੇ

**- ਪ੍ਰੋ. ਕੁਲਵੰਤ ਔਜਲਾ**

# ਦਾਦੀ ਦਾ ਗਲਾਸ ਤੇ ਪਲੰਘ

**ਡਾਇਰੀ ਦਾ ਪੰਨਾ**

**ਨਿੰਦਰ ਘੁਗਿਆਣਵੀ**

ਦਾਦੀ, ਮੈਂ ਤੇਰਾ ਪਿੱਤਲ ਦਾ ਕੜੇ ਵਾਲਾ ਵੱਡਾ ਗਲਾਸ ਸਾਂਭ-ਸਾਂਭ ਰੱਖਦਾਂ। ਘਰ ਦੇ ਜੀਅ ਇਸ ਨੂੰ ਫਾਲਤੂ ਜਿਹਾ ਤੇ ਪਿੱਤਲ ਦਾ ਸਮਝ ਕੇ ਖੂੰਜੇ-ਖੱਲੇ ਲਾ ਦੇਂਦੇ ਨੇ ਜਾਂ ਫਿਰ ਨਕਾਰਾ ਭਾਂਡਿਆਂ ਵਿੱਚ ਧਰ ਦੇਂਦੇ ਨੇ, ਪਰ ਮੈਨੂੰ ਪਤੈ ਕਿ ਭਾਂਡੇ ਕਦੇ ਨਕਾਰਾ ਨਹੀ ਹੁੰਦੇ। ਭਾਂਡੇ ਤਾਂ ਖਾਲੀ-ਖਾਲੀ ਹੁੰਦੇ ਹੋਏ ਵੀ ਖੁਸ਼-ਖੁਸ਼ ਰਹਿੰਦੇ ਨੇ, ਬੰਦਾ ਭਰਿਆ-ਭਰਿਆ ਵੀ ਖਾਲੀ-ਖਾਲੀ ਹੈ। ਨਾਖੁਸ਼ ਹੈ ਬੰਦਾ। ਭਾਂਡਿਆਂ ਨੂੰ 'ਭੰਡਣ' ਵਾਲੇ ਬੇਅਕਲੇ ਹੁੰਦੇ ਨੇ। ਇਹ ਠੀਕ ਐ ਕਿ ਸਮੇਂ-ਸਮੇਂ 'ਤੇ ਭਾਂਡੇ ਵੀ ਰੰਗ ਵਟਾਉਂਦੇ ਰਹਿੰਦੇ ਨੇ ਬੰਦਿਆਂ ਵਾਂਗਰ!

ਮੈਂ ਤੇਰੇ ਇਸ ਯਾਦਗਾਰੀ ਗਲਾਸ ਨੂੰ ਏਧਰੋਂ-ਉਧਰੋਂ ਫੇਰ ਲੱਭ ਲੈਂਦਾ ਹਾਂ। ਸਵੇਰੇ-ਸਵੇਰੇ ਤੇਰੇ ਹੱਥੋਂ ਮੇਰਾ ਬਾਪ ਤੇ ਤਾਇਆ ਏਸੇ ਕੜੇ ਵਾਲੇ ਗਲਾਸ ਵਿਚ ਖੇਤ ਜਾਣ ਵੇਲੇ, ਤੇਰੀ ਰਿੜਕੀ ਲੱਸੀ ਪੀਆ ਕਰਦੇ ਸਨ ਤੇ ਬੂਰੀ ਮਹਿੰ ਦਾ ਦੁੱਧ ਡਕਾਰਦੇ ਰਹੇ, ਇਹ ਗਲਾਸ ਵੇਖ ਪਿਤਾ, ਤਾਇਆ ਤੇ ਤੇਰੀ ਬਹੁਤ ਯਾਦ ਆਉਂਦੀ ਹੈ ਤੇ ਨਾਲ-ਨਾਲ ਉਸ ਸੱਜਰੀ ਸਵੇਰ ਦੀ ਮਿੱਠੀ-ਮਿੱਠੀ ਯਾਦ ਵੀ। ਉਹੋ ਜਿਹੀ ਸੱਜਰੀ ਸਵੇਰ ਹੁਣ ਕਿਉਂ ਨਹੀਂ ਲੱਭਦੀ ਪਿਆਰੀਏ ਦਾਦੀਏ ਸਾਡੇ ਪਿੰਡਾਂ ਵਿਚ? ਮਨੁੱਖਾਂ ਵਾਂਗ ਸਵੇਰਾਂ ਵੀ ਹੁਣ ਖੁਸ਼ਕ ਹੋ ਗਈਆਂ ਨੇ।

ਦਾਦੀ! ਮੈਂ ਇਸ ਗਲਾਸ ਨੂੰ ਕਦੀ ਵੀ ਗੁਆਉਣਾ ਨਹੀਂ ਚਾਹੁੰਦਾ। ਨਾ ਤੇਰੀ ਪੀਹੜੀ ਗੁਆਈ ਹੈ ਤੇ ਨਾ ਤੇਰਾ ਤੈਨੂੰ ਦਾਜ ਵਿਚ ਮਿਲਿਆ ਸਵਾ ਸੌ ਸਾਲ ਪੁਰਾਣਾ ਪਲੰਘ ਹੀ ਕਿਧਰੇ ਜਾਣ ਦਿੱਤਾ ਹੈ। ਜੇ ਗੁਆਇਆ ਹੈ ਤਾਂ ਤੈਨੂੰ ਤੇ ਦਾਦੇ ਨੂੰ ਗਵਾਇਆ ਹੈ, ਪਿਓ ਤੇ, ਦੋ ਭੂਆ ਵੀ ਗੁਆਚ ਗਈਆਂ ਨੇ ਤੇ ਤਾਇਆ ਰਾਮ ਤੇ ਚਾਚਾ ਸ਼ਾਮ ਵੀ ਚਲੇ ਗਏ ਨੇ। ਕਿੱਡਾ ਵੱਡਾ ਟੱਬਰ ਸੀ ਆਪਣਾ ਭਰਿਆ-ਭਰਿਆ।

ਹੌਕਾ ਨਿਕਲਦਾ ਹੈ! ਹਰੇ-ਭਰੇ ਟੱਬਰ ਵੀ ਸਮੇਂ-ਸਮੇਂ ਸੁੱਕ ਜਾਂਦੇ ਨੇ। ਘਰ ਖਾਲੀ ਹੋ ਜਾਂਦੇ ਨੇ। ਪਸ਼ੂ ਡੰਗਰ ਵੀ ਮੂੰਹ ਫੇਰਨ ਲੱਗਦੇ ਨੇ। ਬੰਦਿਆਂ ਨੇ ਤਾਂ ਮੂੰਹ ਭੁਆਉਣੇ ਹੀ ਹੋਏ!

***

(ਗਲਾਸ ਦੀ ਕੰਨੀ ਉਤੇ ਉਰਦੂ ਵਿਚ ਕੁਛ ਲਿਖਿਆ ਹੋਇਆ ਹੈ, ਉਰਦੂ ਉਠਾਉਣ ਵਾਲਾ ਦੱਸਦਾ ਹੈ ਕਿ ਅਮਰਤ ਲਾਲ ਲਿਖਿਆ ਹੈ, ਮੇਰੇ ਦਾਦੇ ਦਾ ਨਾਂਅ)।

***

ਦਾਦੀ ਦੇਰ ਦੀ ਨਹੀਂ ਹੈ ਪਰ ਉਸ ਦਾ ਪਲੰਘ ਕਿਤੇ ਨਹੀਂ ਜਾਣ ਦਿੱਤਾ ਮੈਂ। ਜੇ ਵਾਹ ਲਗਦੀ ਤਾਂ ਦਾਦੀ ਨੂੰ ਵੀ ਕਿਧਰੇ ਨਹੀਂ ਸੀ ਜਾਣ ਦੇਣਾ, ਪਰ ਏਥੇ ਬੰਦਾ ਬੇਵੱਸ ਹੈ। ਉਹ ਬੰਦੇ ਨੂੰ ਜਾਣੋਂ ਰੋਕ ਨਹੀਂ ਸਕਦਾ। ਇਹ ਅਟੱਲ ਸਚਿਆਈ ਹੈ। ਖੈਰ!

ਨਿੱਕੇ ਹੁੰਦਿਆਂ ਦਾਦੀ ਨਾਲ ਏਸੇ ਪਲੰਘ ਉਤੇ ਸੌਂਇਆ ਕਰਦਾ ਸਾਂ। ਕਦੇ-ਕਦੇ ਤਾਏ ਤੇ ਦਾਦੇ ਨਾਲ ਵੀ। ਦਾਦੀ ਦੱਸਦੀ ਹੁੰਦੀ ਸੀ ਕਿ ਮੇਰੇ ਦਾਜ ਵਿਚ ਆਇਆ ਇਹ ਪਲੰਘ ਮੇਰੇ ਪਿਓ ਨੇ ਮੁਸਲਮਾਨ ਮਿਸਤਰੀਆਂ ਤੋਂ ਬੜੇ ਚਾਅ ਨਾਲ ਬਣਵਾਇਆ ਸੀ ਕੋਲ ਬਹਿ ਬਹਿ ਕੇ।

ਏਸ ਵੇਲੇ ਪਲੰਘ ਦੀ ਉਮਰ ਹੁਣ ਸਵਾ ਸੌ ਸਾਲ ਹੋਵੇਗੀ। ਸਿਰਹਾਣੇ ਵਾਲੇ ਪਾਸੇ ਦੇ ਢੋਅ ਵਿਚ ਪੱਥਰ ਦੀ ਪਤਲੀ ਟਾਈਲ ਦੀਆਂ ਤਿੰਨ ਫੋਟੋਆਂ ਸਨ, ਮੋਰ ਖੰਭ ਖਿਲਾਰੀ ਖੜੇ ਹਨ। ਇਕ ਫੋਟੋ ਹੈਗੀ ਐ, ਦੋ ਪਤਾ ਨ੍ਹੀ ਕਿੱਧਰ ਗਈਆਂ! ਸੋਚਦਾਂ ਕਿ ਉਦੋਂ ਵੀ ਇਹੋ ਜਿਹੀਆਂ ਟਾਈਲਾਂ ਹੁੰਦੀਆਂ ਸਨ? ਮਿਸਤਰੀਆਂ ਦੀ ਦਸਤਕਾਰੀ ਦੀ ਕੋਈ ਰੀਸ ਨਹੀਂ। ਨਮੂਨੇ ਕਮਾਲ ਦੇ ਨੇ। ਬੜੀ ਭਾਰੀ ਲੱਕੜ ਹੈ ਚੀਲ੍ਹ ਦੀ, ਸੇਰੂਏ ਤੇ ਬਾਹੀਆਂ ਜ਼ਬਰਦਸਤ ਤੇ ਪਾਵੇ ਟਾਹਲੀ ਦੇ।

ਇਸ ਪਲੰਘ ਨੇ ਸਾਡੇ ਘਰ 'ਚ ਏਨੇ ਸਾਲਾਂ ਵਿਚ ਬਥੇਰੇ ਚੰਗੇ ਮੰਦੇ ਦਿਨ ਦੇਖੇ ਹੋਣੇ। ਨਵੇਂ ਮੰਜਿਆਂ ਤੇ ਬੈੱਡਾਂ ਦੀ ਆਮਦ ਹੋ ਗਈ, ਤਾਂ ਮੇਰੇ ਵੇਂਹਦਿਆਂ ਵੇਂਹਦਿਆਂ ਬਥੇਰੀ ਵਾਰ, ਇਹਨੂੰ ਪੁਰਾਣਾ ਤੇ ਨਕਾਰਾ ਸਮਝ ਤੂੜੀ ਵਾਲੇ ਕੋਠੇ ਵਿਚ ਸੁੱਟਿਆ ਗਿਆ ਸੀ, ਪਰ ਸਾਰੇ ਜੀਆਂ ਨੂੰ ਝਕਾਨੀ ਜਿਹੀ ਦੇ ਕੇ ਇਹ ਫਿਰ ਬਾਹਰ ਆ ਜਾਂਦਾ ਰਿਹਾ ਸੀ।

*****

1998 ਵਿਚ ਦਾਦੀ ਦੇ ਗੁਜ਼ਰਨ ਮਗਰੋਂ ਇਹ ਪਲੰਘ ਮੈਂ ਸਾਂਭ ਲਿਆ। ਇਸ ਦੀ ਨਵਾਰ ਬੋਦੀ ਹੋ ਚੁੱਕੀ ਸੀ। ਕਈ ਸਾਲ ਪਹਿਲਾਂ ਇਸ ਉਤੇ ਫੱਟੇ ਫਿੱਟ ਕਰਵਾ ਦਿੱਤੇ, ਢੋਅ ਤੇ ਪਾਵਿਆਂ ਨੂੰ ਕੰਨੀਆਂ ਤੋਂ ਪੱਤਰੇ ਲਵਾ ਕੇ ਕਸਵਾ ਲਿਆ ਸੀ। ਵਾਹਵਾ ਵਰ੍ਹੇ ਇਹ ਕੋਠੇ ਦੀ ਛੱਤ ਉਤੇ ਧੁੱਪਾਂ ਤੇ ਧੁੰਦਾਂ ਸਹਿੰਦਾ ਰਿਹਾ। ਨਾ ਲੱਕੜ ਬੋਦੀ ਹੋਈ, ਨਾ ਜਰਕੀ ਕਿਤੋਂ। ਗਰਮੀਆਂ ਦੇ ਦਿਨੀਂ ਮੈਂ ਅਕਾਸ਼ ਹੇਠਾਂ ਏਸੇ ਉਤੇ ਬਿਸਤਰਾ ਵਿਛਾਉਂਦਾ ਰਿਹਾ। ਸਿਆਲ੍ਹ ਧੁੱਪ ਸੇਕਣ ਤੇ ਲਿਖਣ-ਪੜ੍ਹਨ ਦੇ ਇਹਨੇ ਮੈਨੂੰ ਯਾਦਗਾਰੀ ਪਲ ਦਿੱਤੇ।

ਹੁਣ ਲੌਕਡਾਊਨ ਦੇ ਦਿਨੀਂ ਇਹ ਫਿਰ ਆਵਾਜ਼ਾਂ ਦੇ ਰਿਹਾ ਸੀ। "ਓ ਦਾਦੀ ਦੇ ਪਿਆਰੇ ਪੋਤਿਆ, ਮੇਰਾ ਧਿਆਨ ਕਰ ਜ਼ਰਾ।"

ਸਾਦਿਕ ਗਿਆ। ਰੰਗ-ਰੋਗਨ ਲਿਆਇਆ। ਗੁਆਂਢੀ ਸ਼ੰਕਰ ਭਾਈ ਨੂੰ ਬੇਨਤੀ ਕੀਤੀ। ਰੇਗਮਾਰ ਮਾਰੀ ਤੇ ਪਰੀਮੀਅਰ ਵੀ ਫੇਰਤਾ ਹੈ। ਧੁੱਪ ਲਵਾ ਕੇ ਭੂਰਾ ਰੰਗ ਫੇਰਨਾ ਹੈ।

ਸਵਰਗੀਂ ਬੈਠੀ ਦਾਦੀ ਨੂੰ ਵੀ ਦੱਸਣਾ ਹੈ ਆਥਣੇ ਕਿ ਦਾਦੀ ਮਾਂ, ਆਹ ਦੇਖ ਆ ਕੇ, ਤੇਰਾ ਪਲੰਘ ਕਿੰਨਾ ਸੋਹਣਾ ਬਣਾ ਦਿੱਤਾ ਹੈ ਸਜਾ-ਫਬਾ ਕੇ। ਇਹ ਜਾਣ ਕੇ ਦਾਦੀ ਜ਼ਰੂਰ ਪਰਸੰਨ ਹੋਵੇਗੀ ਤੇ ਹਮੇਸ਼ਾ ਵਾਂਗ ਅਸੀਸਾਂ ਦੀ ਝੜੀ ਵੀ ਲਾਵੇਗੀ। (ਧੰਨਵਾਦ ਲੌਕਡਾਊਨ, ਮੈਂ ਘਰ ਰਹਿੰਦਿਆਂ ਡਾਇਰੀ ਦੇ ਪੰਨੇ ਲਿਖੇ)

# ਇਨਕਲਾਬੀਆਂ ਤੋਂ ਕਿਉਂ ਖੌਫ਼ ਖਾਂਦੀ ਹੈ ਸਰਮਾਏਦਾਰੀ

**ਵਾਹ-ਵਾਸਤਾ**

**ਡਾ: ਸ਼ਿਆਮ ਸੁੰਦਰ ਦੀਪਤੀ**

ਭਗਤ ਸਿੰਘ ਅਤੇ ਹੋਰ ਇਨਕਲਾਬੀਆਂ ਦੇ ਮਨ ਵਿੱਚ ਭਾਰਤ ਦੀ ਆਜ਼ਾਦੀ ਮਗਰੋਂ ਆਜ਼ਾਦ ਭਾਰਤ ਨੂੰ ਲੈ ਕੇ ਜੋ ਸੁਪਨਾ ਸੀ, ਉਸ ਦੀ ਇੱਕ ਝਲਕ ਇਸ ਕਥਨ ਤੋਂ ਮਿਲ ਸਕਦੀ ਹੈ, 'ਜੇਕਰ ਲਾਰਡ ਰੀਡਿੰਗ ਦੀ ਥਾਂ ਭਾਰਤੀ ਸਰਕਾਰ ਦਾ ਮੋਹਰੀ ਸਰ ਪੁਰਸ਼ੋਤਮ ਦਾਸ ਠਾਕਰ ਹੋਵੇ ਤਾਂ ਜਨਤਾ ਨੂੰ ਕੀ ਫਰਕ ਪੈਂਦਾ? ਇੱਕ ਕਿਸਾਨ ਵਾਸਤੇ ਇਸ ਨਾਲ ਕੀ ਫਰਕ ਪਵੇਗਾ, ਜੇ ਲਾਰਡ ਇਰਵਿਨ ਦੀ ਥਾਂ ਸਰ ਤੇਜ਼ ਬਹਾਦਰ ਸਪਰੂ ਆ ਜਾਂਦਾ ਹੈ।' ਮਤਲਬ ਕੁਰਸੀਆਂ ਉਹੀ ਤੇ ਬੈਠਣ ਵਾਲੇ ਗੋਰਿਆਂ ਦੀ ਥਾਂ ਕਾਲੇ ਭਾਰਤੀ।

ਅਜੋਕੀ ਸਥਿਤੀ ਨੂੰ ਦੇਖ ਕੇ ਤਾਂ ਇਹੀ ਲੱਗਦਾ ਹੈ ਕਿ ਇਨਕਲਾਬੀਆਂ ਦਾ ਸੁਪਨਾ ਪੂਰਾ ਨਹੀਂ ਹੋਇਆ।

ਸੁਪਨਾ ਪੂਰਾ ਨਾ ਹੋਣ ਦੀ ਵਿਚਾਰਧਾਰਕ ਵਿਆਖਿਆ, ਭਗਤ ਸਿੰਘ ਦੀ ਜੇਲ੍ਹ ਡਾਇਰੀ ਵਿੱਚ ਲਿਖੀ 'ਜਾਨ ਲਾਕ' ਦੇ ਸ਼ਬਦਾਂ ਵਿੱਚ ਦਰਜ ਹੈ। ਲੋਕਤੰਤਰ ਸਿਧਾਂਤਕ ਤੌਰ 'ਤੇ ਰਾਜਨੀਤਕ ਅਤੇ ਕਾਨੂੰਨੀ ਤੌਰ 'ਤੇ ਬਰਾਬਰੀ ਦੀ ਇੱਕ ਵਿਵਸਥਾ ਹੈ, ਪਰ ਵਿਵਹਾਰਕ ਪੱਧਰ 'ਤੇ ਇਹ ਇੱਕ ਮਿੱਥ ਹੈ, ਇੱਕ ਝੂਠ ਹੈ, ਕਿਉਂਕਿ ਕੋਈ ਵੀ ਬਰਾਬਰੀ ਤਦ ਤੱਕ ਨਹੀਂ ਹੋ ਸਕਦੀ, ਜਦੋਂ ਤੱਕ ਕਿ ਰਾਜਨੀਤੀ ਵਿੱਚ ਅਤੇ ਕਾਨੂੰਨ ਦੇ ਸਾਹਮਣੇ ਵੀ, ਆਰਥਿਕ ਤਾਕਤ ਵਿੱਚ ਨਾ-ਬਰਾਬਰੀ ਮੂੰਹ ਅੱਡੀ ਖੜੀ ਹੈ। ਜਦੋਂ ਫੈਸਲਾ ਕਰਨ ਵਾਲੇ ਅਦਾਰੇ, ਸਕੂਲ ਤੋਂ ਲੈ ਕੇ ਪ੍ਰੈੱਸ, ਰੁਜ਼ਗਾਰ ਆਦਿ ਵਿੱਚ ਸੱਤਾਧਾਰੀ ਵਰਗ ਦੇ ਲੋਕ ਬਣੇ ਰਹਿਣਗੇ ਤੇ ਕਾਨੂੰਨ ਉਹ ਬਣਾਉਣਗੇ, ਅਦਾਲਤਾਂ ਵਿੱਚ ਇਹ ਵਰਗ ਪ੍ਰਧਾਨਗੀ ਕਰੇਗਾ, ਚੋਣਾਂ ਨੂੰ ਪ੍ਰਭਾਵਿਤ ਕਰਨ ਲਈ ਬੇਇੰਤਹਾ ਪੈਸਾ ਖਰਚ ਹੋਵੇਗਾ। ਤਦ ਤੱਕ ਕਾਨੂੰਨ ਦੇ ਸਾਹਮਣੇ ਨਾ-ਮਾਤਰ ਦੀ ਬਰਾਬਰੀ ਵੀ ਇੱਕ ਖੋਖਲਾ ਮਜ਼ਾਕ ਬਣੀ ਰਹੇਗੀ।

ਅਸੀਂ ਇਸ ਵਿਆਖਿਆ ਵਿੱਚ ਵਰਤਿਆ ਗਿਆ ਇੱਕ-ਇੱਕ ਭਾਵ ਅੱਜ ਜ਼ਮੀਨੀ ਹਕੀਕਤ ਦੇ ਤੌਰ 'ਤੇ ਵਰਤਿਆ ਗਿਆ ਦੇਖ ਰਹੇ ਹਾਂ। ਅਸੀਂ ਉਸ ਸਮੇਂ ਦੇ ਗਵਾਹ ਹਾਂ, ਜਦੋਂ ਨਾ-ਬਰਾਬਰੀ ਸਿਖਰਾਂ 'ਤੇ ਹੈ। ਅੰਬਾਨੀ-ਅਡਾਨੀ ਦੀ ਇੱਕ ਘੰਟੇ ਦੀ ਕਮਾਈ ਮਜ਼ਦੂਰਾਂ-ਕਿਸਾਨਾਂ ਦੀ ਸਾਲਾਂਬੱਧੀ ਮਿਹਨਤ ਦੇ ਬਰਾਬਰ ਹੈ। ਦੇਸ਼ ਦੀ ਉਪਰਲੀ ਇੱਕ ਫੀਸਦੀ ਆਬਾਦੀ ਕੋਲ ਦੋ-ਤਿਹਾਈ ਦੌਲਤ ਹੈ। ਇਸ ਦ੍ਰਿਸ਼ ਦੇ ਮੱਦੇਨਜ਼ਰ ਅਸੀਂ ਕਾਨੂੰਨ ਅਤੇ ਰਾਜਨੀਤਕ ਪ੍ਰਕਿਰਿਆ ਨੂੰ ਰੱਖ ਕੇ ਦੇਖ ਸਕਦੇ ਹਾਂ। ਪੈਸੇ ਦਾ ਅੰਨ੍ਹੇਵਾਹ ਇਸਤੇਮਾਲ ਰਾਸ਼ਟਰ ਪੱਧਰ 'ਤੇ ਹੀ ਨਹੀਂ, ਪੰਚਾਇਤੀ ਚੋਣਾਂ ਤੱਕ ਆ ਗਿਆ ਹੈ।

ਇਸ ਮੌਜੂਦਾ ਵਰ੍ਹੇ ਵਿੱਚ ਦੇਸ਼ ਦੀ ਆਜ਼ਾਦੀ ਦਾ 75ਵਾਂ ਵਰ੍ਹਾ ਚੱਲ ਰਿਹਾ ਹੈ ਤੇ ਸੱਤਾਧਾਰੀ ਪਾਰਟੀ 'ਅੰਮ੍ਰਿਤ ਮਹਾਂਉਤਸਵ' ਦੇ ਨਾਂਅ ਹੇਠ ਪੂਰੇ ਦੇਸ਼ ਵਿੱਚ ਮਨਾ ਰਹੀ ਹੈ ਜਾਂ ਕਹੀਏ ਸਰਕਾਰੀ ਆਦੇਸ਼ਾਂ ਨਾਲ ਮੰਨਵਾ ਰਹੀ ਹੈ, ਪਰ ਇੱਕ ਗੱਲ ਜੋ ਵਿਚਾਰਨ-ਸੋਚਣ ਵਾਲੀ ਹੈ ਕਿ ਪੂਰੀ ਪ੍ਰਕਿਰਿਆ ਵਿੱਚੋਂ ਇਹਨਾਂ ਜਸ਼ਨਾਂ ਵਿੱਚੋਂ ਭਗਤ ਸਿੰਘ ਅਤੇ ਉਸ ਦੇ ਸਾਥੀ ਗਾਇਬ ਹਨ। ਕੀ ਇਹ ਜਾਣ-ਬੁੱਝ ਕੇ, ਸੋਚ-ਸਮਝ ਕੇ ਕੀਤਾ ਜਾ ਰਿਹਾ ਹੈ? ਕੀ ਇਹ ਅਚੇਤ ਮਨ ਵਿੱਚ ਪਿਆ ਕੋਈ ਡਰ ਹੈ? ਕੀ ਭਗਤ ਸਿੰਘ ਦਾ ਆਜ਼ਾਦੀ ਦਾ ਸੁਪਨਾ, ਉਸ ਦੇ ਉਹ ਵਿਚਾਰ ਜੋ ਧਰਮ ਨੂੰ ਕਟਹਿਰੇ ਵਿੱਚ ਖੜ੍ਹਾ ਕਰਦੇ ਹਨ, ਉਹ ਡਰਾਉਂਦੇ ਹਨ?

ਜੇਕਰ ਗੌਰ ਨਾਲ ਵਿਸ਼ਲੇਸ਼ਣ ਕਰੀਏ ਤਾਂ ਇਹ ਸਭ ਕੁਝ ਮਿਲ ਕੇ, ਇਸ ਦਾ ਕੁਲ ਜੋੜ ਸੱਤਾ ਨੂੰ ਪ੍ਰਭਾਵਤ ਕਰਦਾ ਹੈ। ਤੁਸੀਂ ਅੰਦਾਜ਼ਾ ਲਗਾਓ ਕਿ ਅੰਗਰੇਜ਼ੀ ਹਕੂਮਤ ਜੋ ਬਹੁਤ ਜ਼ਿਆਦਾ ਤਾਕਤਵਰ ਕਹਿੰਦੀ-ਮੰਨਦੀ ਸੀ ਆਪਣੇ-ਆਪ ਨੂੰ, ਉਹਨਾ ਦੀ ਹੀ ਜੇਲ੍ਹ ਵਿੱਚ ਬੰਦ ਭਗਤ ਸਿੰਘ ਸਜ਼ਾ ਨੂੰ ਲੈ ਕੇ ਪੂਰੇ ਅਨੁਸ਼ਾਸਨ ਵਿੱਚ ਰਹਿ ਰਿਹਾ ਭਾਵੇਂ ਕਿ ਜੇਲ੍ਹ ਨਾਲ ਜੁੜੀਆਂ ਜਾਇਜ਼ ਮੰਗਾਂ ਲਈ ਜੇਲ੍ਹ ਵਿੱਚ ਹੜਤਾਲ ਵੀ ਕੀਤੀ, ਪਰ ਇਸ ਅਨੁਸ਼ਾਸਨ ਦੇ ਬਾਵਜੂਦ ਫਾਂਸੀ ਨੂੰ ਲੈ ਕੇ, ਅੰਗਰੇਜ਼ਾਂ ਵਿੱਚ ਕੀ ਹਫੜਾ-ਦਫੜੀ ਮਚ ਗਈ ਕਿ ਸਮੇਂ ਤੋਂ ਪਹਿਲਾਂ ਹੀ ਫਾਂਸੀ ਦੇ ਦਿੱਤੀ ਅਤੇ ਮ੍ਰਿਤਕ ਸਰੀਰ ਨੂੰ ਘਰਦਿਆਂ ਦੇ ਹਵਾਲੇ ਕਰਨ ਦੀ ਬਜਾਏ ਆਪ ਹੀ ਮਿੱਟੋ-ਮਿੱਟੀ ਸਤਲੁਜ ਦਰਿਆ ਦੇ ਕੰਢੇ ਅੱਗ ਲਾ ਦਿੱਤੀ ਤੇ ਅੱਧ-ਸੜੀਆਂ ਦੇਹਾਂ ਨੂੰ ਦਰਿਆ ਵਿੱਚ ਵਹਾਅ ਦਿੱਤਾ।

ਇਹ ਸਾਰਾ ਦ੍ਰਿਸ਼ ਕੀ ਉਜਾਗਰ ਕਰਦਾ ਹੈ?

ਬਿਲਕੁੱਲ ਸਪੱਸ਼ਟ ਹੈ ਕਿ ਅਜਿਹਾ ਸਰਮਾਏਦਾਰ ਪੱਖੀ ਨਿਜ਼ਾਮ ਇਨਕਲਾਬੀਆਂ ਤੋਂ ਡਰਦਾ ਹੈ। ਉਹਨਾ ਦੀ ਮ੍ਰਿਤਕ ਦੇਹ ਤੋਂ ਵੀ ਕਾਂਬਾ ਛਿੜਦਾ ਹੈ ਉਹਨਾ ਨੂੰ। ਬਿਲਕੁੱਲ ਅਜਿਹਾ ਹੀ ਹਾਲ ਚੀ ਗਵੇਰਾ ਨਾਲ ਹੋਇਆ। ਉਹ ਫੜ ਲਿਆ ਗਿਆ ਤੇ ਅਮਰੀਕੀ ਰਾਸ਼ਟਰਪਤੀ ਨੇ ਗੋਲੀ ਮਾਰਨ ਦਾ ਹੁਕਮ ਕਰ ਦਿੱਤਾ। ਗੋਲੀ ਮਾਰਨ ਤੋਂ ਬਾਅਦ ਉਸ ਦੇ ਹੱਥ ਕੱਟ ਕੇ ਰੱਖ ਲਏ, ਨਿਸ਼ਾਨੀ ਵਜੋਂ ਕਿ ਲੋਕੀਂ ਯਕੀਨ ਕਰ ਲੈਣ ਤੇ ਮ੍ਰਿਤਕ ਦੇਹ ਨੂੰ ਕਿਸੇ ਅਨਜਾਣ ਥਾਂ 'ਤੇ ਦਫਨ ਕਰ ਦਿੱਤਾ। ਇਹ ਸੋਚ ਕੇ ਕੀ ਇਹ ਕਿਸੇ ਦੇ ਹੱਥ ਨਹੀਂ ਆਵੇਗੀ, ਪਰ ਇੱਕ ਹਫਤਾ ਵੀ ਨਹੀਂ ਲੱਗਿਆ, ਜਦੋਂ ਉਸ ਦੇ ਪਿਆਰਿਆਂ ਨੇ ਚੀ ਗਵੇਰਾ ਨੂੰ ਲੱਭ ਲਿਆ ਤੇ ਪੂਰੇ ਮਾਣ-ਸਨਮਾਨ ਨਾਲ ਵਿਦਾ ਕੀਤਾ।

ਇਹ ਇਨਕਲਾਬ ਦੀ ਤਾਕਤ ਹੈ, ਜਿਸ ਤੋਂ ਸਰਮਾਏਦਾਰੀ ਖੌਫ ਖਾਂਦੀ ਹੈ।

'ਇਨਕਲਾਬ ਜ਼ਿੰਦਾਬਾਦ' ਦਾ ਨਾਅਰਾ ਭਗਤ ਸਿੰਘ ਨੇ ਦਿੱਤਾ। ਇਨਕਲਾਬ ਤੋਂ ਉਸ ਦਾ ਭਾਵ ਸੀ 'ਤਬਦੀਲੀ' ਵਿਵਸਥਾ ਤਬਦੀਲੀ। ਜੋ ਚੱਲਦਾ ਆ ਰਿਹਾ ਹੈ, ਉਹ ਬਦਲਿਆ ਜਾਵੇ। ਭਗਤ ਸਿੰਘ ਦਾ ਕਹਿਣਾ ਸੀ ਕਿ ਇਨਕਲਾਬ ਮਿਹਨਤੀ ਵਿਚਾਰਵਾਨਾਂ ਅਤੇ ਮਿਹਨਤੀ ਕਾਰਕੁੰਨਾਂ ਦੀ ਪੈਦਾਇਸ਼ ਹੁੰਦਾ ਹੈ।

ਇਨਕਲਾਬ ਮਤਲਬ ਬਦਲਾਅ, ਬਦਲਾਅ ਵੀ ਵਿਕਾਸ ਲਈ। ਵਿਕਾਸ ਲਈ ਜ਼ਰੂਰੀ ਹੈ ਦਕਿਆਨੂਸੀ ਦ੍ਰਿਸ਼ਟੀਕੋਣ ਬਦਲਣਾ। ਉਹ ਨਜ਼ਰੀਆ ਜੋ ਸਰਮਾਏਦਾਰ ਆਪਣੇ ਹਿੱਤ ਲਈ ਬਣਾਈ ਰੱਖਣਾ ਚਾਹੁੰਦਾ ਹੈ। ਉਹ ਨਿਜ਼ਾਮ ਨੂੰ ਹੂਬਹੂ ਰੱਖਣ ਦਾ ਚਾਹਵਾਨ ਹੁੰਦਾ ਹੈ। ਭਗਤ ਸਿੰਘ ਨੂੰ ਯਾਦ ਕਰਨ ਵਾਲੇ 'ਇਨਕਲਾਬ ਜ਼ਿੰਦਾਬਾਦ' ਦਾ ਨਾਅਰਾ ਤਾਂ ਸਾਰੇ ਹੀ ਯਾਦ ਰੱਖਦੇ ਹਨ, ਪਰ ਇਸ ਦਾ ਦੂਸਰਾ ਅਹਿਮ ਪੱਖ ਵਿਸਰ ਜਾਂਦਾ ਹੈ ਜਾਂ ਵਿਸਾਰ ਦਿੰਦੇ ਹਨ, ਉਹ ਹੈ 'ਸਾਮਰਾਜਵਾਦ ਮੁਰਦਾਬਾਦ'।

ਸਾਮਰਾਜ-ਸਰਮਾਏਦਾਰੀ ਦੀ ਸਿਖਰ ਹੈ। ਅਜੋਕੇ ਸਮੇਂ ਵਿੱਚ ਜੋ ਅਸੀਂ ਦੇਖ ਰਹੇ ਹਾਂ ਕਿ ਕੁਝ ਹੀ ਸਾਲਾਂ ਵਿੱਚ ਦੇਸ਼ ਦਾ ਸਭ ਤੋਂ ਅਮੀਰ ਹੋਇਆ ਅਡਾਨੀ ਹੁਣ ਦੁਨੀਆ ਵਿੱਚ ਦੂਸਰੇ ਨੰਬਰ 'ਤੇ ਪਹੁੰਚ ਗਿਆ ਹੈ। ਇਸ ਅਮੀਰੀ ਨਾਲ ਜੁੜੇ ਖੇਤਰਾਂ 'ਤੇ ਝਾਤੀ ਮਾਰ ਕੇ ਦੇਖੋ ਅਤੇ ਉਸ ਰਾਹ ਨੂੰ ਸਮਝੋ ਜਿਸ ਰਾਹ ਤੋਂ ਹੋ ਕੇ ਇਹ ਅਮੀਰੀ ਆਈ ਹੈ। ਇਹ ਰਾਜਨੀਤੀ ਅਤੇ ਸਰਮਾਏਦਾਰੀ ਦਾ ਗੱਠਜੋੜ ਹੈ ਅਤੇ ਰਾਜਨੀਤੀ ਨੂੰ 'ਜੈ ਸ੍ਰੀ ਰਾਮ' ਦਾ ਥਾਪੜਾ ਹੈ।

ਇਸ ਗੱਠਜੋੜ ਨੂੰ ਸਮਝ ਕੇ ਹੀ ਭਗਤ ਸਿੰਘ ਨੇ ਐਲਾਨ ਕੀਤਾ ਕਿ 'ਮੈਂ ਨਾਸਤਿਕ ਹਾਂ' ਅਤੇ ਪੂਰੀ ਵਿਸਥਾਰ ਨਾਲ ਵਿਆਖਿਆ ਕੀਤੀ ਕਿ ਉਹ ਕਿਸੇ ਦੈਵੀ ਤਾਕਤ ਵਿੱਚ ਵਿਸ਼ਵਾਸ ਕਿਉਂ ਨਹੀਂ ਕਰਦਾ।

ਭਗਤ ਸਿੰਘ ਦੀ 23 ਸਾਲ ਦੀ ਉਮਰ ਤੇ ਸ਼ਹੀਦੀ ਅਤੇ ਉਸ ਦੇ ਵਿਚਾਰਾਂ ਦੀ ਪੁਖਤਗੀ ਨੂੰ ਲੈ ਕੇ ਕਈ ਵਾਰ ਸਵਾਲ ਖੜੇ ਕੀਤੇ ਜਾਂਦੇ ਹਨ। ਕਈ ਵਾਰ ਉਹਨਾਂ ਲਿਖਤਾਂ 'ਤੇ ਵੀ ਪ੍ਰਸ਼ਨ ਚਿੰਨ੍ਹ ਲੱਗਦਾ ਹੈ ਕਿ ਜਿਵੇਂ ਉਹ ਭਗਤ ਸਿੰਘ ਨੇ ਆਪ ਨਾ ਲਿਖੀਆਂ ਹੋਣ। ਇੱਕ ਮਿੰਟ ਲਈ ਇਹ ਮੰਨ ਵੀ ਲਈਏ ਤਾਂ ਫਿਰ ਅੰਗਰੇਜ਼ੀ ਹਕੂਮਤ ਦਾ ਭਗਤ ਸਿੰਘ ਪ੍ਰਤੀ ਰਵੱਈਆ ਇਸ ਤਰ੍ਹਾਂ ਦਾ ਕਿਉਂ ਸੀ, ਜਿਵੇਂ ਉਸ ਦੇ ਵਿਚਾਰ ਦੇਸ਼ ਅੰਦਰ ਭਾਂਬੜ ਫੈਲਾ ਰਹੇ ਹੋਣ।

ਦੂਸਰੀ ਅਹਿਮ ਗੱਲ, ਇਹ ਤਾਂ ਦਸਤਾਵੇਜ਼ੀ ਸਬੂਤਾਂ 'ਤੇ ਅਧਾਰਤ ਹੈ ਕਿ ਅਸੈਂਬਲੀ ਵਿੱਚ ਬੰਬ ਸੁੱਟਣ ਲਈ ਭਗਤ ਸਿੰਘ ਨੇ ਖੁਦ ਆਪਣੇ-ਆਪ ਨੂੰ ਪੇਸ਼ ਕੀਤਾ। ਅਸੈਂਬਲੀ ਵਿੱਚ ਬੰਬ ਸੁੱਟ ਕੇ ਭੱਜਣਾ ਨਹੀਂ ਹੈ, ਸਗੋਂ ਫੜੇ ਜਾਣਾ ਹੈ ਤਾਂ ਜੋ ਮੁਕੱਦਮੇ ਵਿੱਚ ਆਪਣੀ ਗੱਲ ਰੱਖ ਸਕੀਏ, ਆਪਣੀ ਮੰਸ਼ਾਂ ਦਰਸਾ ਸਕੀਏ ਤੇ ਹੋਇਆ ਵੀ ਇਹੀ।

ਭਗਤ ਸਿੰਘ ਨੂੰ ਬੰਦੂਕਧਾਰੀ ਭਗਤ ਸਿੰਘ ਨੂੰ ਅੱਤਵਾਦੀ ਕਹਿ ਕੇ ਪ੍ਰਚਾਰਨ ਦੀ ਸਾਜ਼ਿਸ਼ ਇਸ ਬਿਆਨ ਤੋਂ ਸਪੱਸ਼ਟ ਹੁੰਦੀ ਹੈ ਜਦੋਂ ਉਸ ਨੇ ਕਿਹਾ, 'ਅਸੀਂ ਮਨੁੱਖੀ ਜ਼ਿੰਦਗੀ ਨੂੰ ਏਨਾ ਪਵਿੱਤਰ ਸਮਝਦੇ ਹਾਂ ਕਿ ਇਸ ਨੂੰ ਸ਼ਬਦਾਂ ਵਿੱਚ ਬਿਆਨ ਨਹੀਂ ਕਰ ਸਕਦੇ ਅਤੇ ਕਿਸੇ ਨੂੰ ਜ਼ਖਮੀ ਕਰਨ ਦੀ ਥਾਂ ਅਸੀਂ ਮਨੁੱਖਤਾ ਦੀ ਸੇਵਾ ਵਿੱਚ ਆਪਣਾ ਜੀਵਨ ਵਾਰ ਸਕਦੇ ਹਾਂ।'

ਹਰ ਇੱਕ ਸੱਤਾ ਨੂੰ ਨਾਇਕਾਂ ਦੀ ਲੋੜ ਹੁੰਦੀ ਹੈ, ਜਦੋਂ ਸੱਤਾਧਾਰੀ ਪਾਰਟੀ ਕੋਲ ਆਪਣੇ ਕੱਦਾਵਰ ਨਾਇਕ ਨਾ ਹੋਣ, ਫਿਰ ਉਹ ਏਧਰ-ਉਧਰ ਝਾਕਦੇ ਹਨ ਤੇ ਤਲਾਸ਼ਦੇ ਹਨ। ਲੋਕਤੰਤਰ ਅਤੇ ਆਜ਼ਾਦੀ, ਤਬਦੀਲੀ ਦੇ ਚਾਹਵਾਨ, ਪੰਜਾਬ ਵਿੱਚ ਰਾਜ ਕਰ ਰਹੀ ਮੌਜੂਦਾ ਸੱਤਾ ਪਾਰਟੀ, ਜੋ ਕਿ ਤਕਰੀਬਨ ਇੱਕ ਦਹਾਕੇ ਪਹਿਲਾਂ ਹੀ ਬਣੀ ਤੇ ਦਿੱਲੀ ਤੋਂ ਬਾਅਦ ਪੰਜਾਬ ਵਿੱਚ ਰਾਜ ਕਰ ਰਹੀ ਹੈ। ਉਸ ਨੇ ਦੇਸ਼ ਦੇ ਆਜ਼ਾਦੀ ਸੰਗਰਾਮ ਵਿੱਚ, ਪੰਜਾਬ ਦੀ ਧਰਤੀ ਨਾਲ ਜੁੜੇ ਦੋ ਵਿਸ਼ੇਸ਼ ਵਿਅਕਤੀਤਵ, ਸ਼ਹੀਦ ਭਗਤ ਸਿੰਘ ਅਤੇ ਡਾ. ਬੀ ਆਰ ਅੰਬੇਡਕਰ ਨੂੰ ਚੁਣਿਆ। ਸੱਤਾ ਹਾਸਲ ਕਰਨ ਮਗਰੋਂ ਦੋਵਾਂ ਦੀਆਂ ਤਸਵੀਰਾਂ ਹਰ ਸਰਕਾਰੀ ਦਫਤਰ, ਸਕੂਲ ਵਿੱਚ ਲਾਜ਼ਮੀ ਕੀਤੀਆਂ।

ਬਿਨਾਂ ਸ਼ੱਕ ਸ਼ਹੀਦ ਭਗਤ ਸਿੰਘ ਪੰਜਾਬੀ ਲੋਕਾਂ ਦੇ ਦਿਲ ਦੀ ਧੜਕਣ ਹੈ। ਉਂਜ ਤਾਂ ਉਹ ਅਜਿਹਾ ਕ੍ਰਾਂਤੀਕਾਰੀ ਜਿਸ ਨੂੰ ਕਿਸੇ ਹੱਦ -ਸਰਹੱਦ ਨਾਲ ਨਹੀਂ ਬੰਨ੍ਹਿਆ ਜਾ ਸਕਦਾ। ਲਾਹੌਰ ਦੇ ਇੱਕ ਚੌਂਕ ਦਾ ਨਾਂਅ ਭਗਤ ਸਿੰਘ ਦੇ ਨਾਂਅ 'ਤੇ ਰੱਖਿਆ ਜਾ ਰਿਹਾ ਹੈ। ਪੂਰੇ ਭਾਰਤ ਵਿੱਚ ਉੱਤਰ ਤੋਂ ਦੱਖਣ, ਪੂਰਬ ਤੋਂ ਪੱਛਮ ਜੇਕਰ ਦੋ ਇਨਕਲਾਬੀਆਂ ਨੂੰ ਭਰਪੂਰ ਪਿਆਰ ਮਿਲਿਆ ਹੈ ਤਾਂ ਉਹ ਸ਼ਹੀਦ ਭਗਤ ਸਿੰਘ ਹੈ ਤੇ ਦੂਸਰਾ ਸੁਭਾਸ਼ ਚੰਦਰ ਬੋਸ।

ਭਗਤ ਸਿੰਘ ਦੇ ਵਿਚਾਰਧਾਰਕ ਪੱਖ ਤੋਂ ਉਸ ਦੀ ਸੋਚ ਨੂੰ ਉਜਾਗਰ ਕਰਦੀ ਇੱਕ ਸਤਰ ਹੈ, 'ਆਲੋਚਨਾ ਅਤੇ ਆਜ਼ਾਦਾਨਾ ਸੋਚ ਇਨਕਲਾਬ ਦੇ ਦੋ ਲਾਜ਼ਮੀ ਗੁਣ ਹਨ।' ਅਤੇ ਇਹੀ ਦੋਹਾਂ ਗੁਣਾਂ ਵਾਲੇ ਇਨਕਲਾਬੀਆਂ ਤੋਂ ਸਰਮਾਏਦਾਰੀ ਸੱਤਾ ਕੰਬਦੀ ਹੈ। ਸਾਡੇ ਕੋਲ ਇੱਕ ਲੰਮੀ ਸੂਚੀ ਹੈ, ਜਿਸ ਵਿੱਚ ਅਜਿਹੀ ਵਿਚਾਰਧਾਰਾ ਵਾਲੇ ਲੋਕਾਂ, ਬੁੱਧੀਜੀਵੀਆਂ ਨੂੰ ਅੱਤਵਾਦੀ, ਦੇਸ਼ ਧਰੋਹੀ, ਅਰਬਨ ਨਕਸਲ ਆਦਿ ਨਾਂਅ ਦੇ ਕੇ ਜੇਲ੍ਹਾਂ ਵਿੱਚ ਬੰਦ ਕੀਤਾ ਹੋਇਆ ਹੈ।

ਸਰਮਾਏਦਾਰੀ, ਜੋ ਪਹਿਲਾਂ ਧਰਮ ਦੀ ਆੜ ਵਿੱਚ ਆਪਣੇ ਟੀਚੇ ਵੱਲ ਵਧਦੀ ਸੀ। ਲੋਕਾਂ ਦੀ ਸੋਚ ਵਿਗਿਆਨਕ ਹੋਣ ਨਾਲ ਰੱਬ ਦੀ ਸੱਤਾ 'ਤੇ ਸਵਾਲ ਖੜੇ ਹੋਣ ਨਾਲ ਤੇ ਲੋਕਾਂ ਦੇ ਨਾਸਤਿਕ ਹੋਣ ਦੀ ਵਜ੍ਹਾ ਨਾਲ, ਸਰਮਾਏਦਾਰੀ ਨੇ ਨਵਾਂ ਪੈਂਤੜਾ, ਰਾਸ਼ਟਰਵਾਦ ਉਸਾਰਿਆ ਹੈ ਤੇ ਆਪਾਂ ਦੇਖ ਰਹੇ ਹਾਂ ਕਿ ਕਿਸੇ ਵੀ ਤਰ੍ਹਾਂ ਸਵਾਲ ਖੜਾ ਕਰਨ ਵਾਲੇ ਦੇਸ਼-ਧਰੋਹੀ ਕਹਿ ਕੇ ਨਿੰਦਿਆ ਵੀ ਜਾਂਦਾ ਹੈ ਤੇ ਮੌਕਾ ਦੇਖ ਕੇ ਕੈਦ ਵੀ ਕਰ ਲਿਆ ਜਾਂਦਾ ਹੈ।

ਇਹ ਸਾਰੇ ਪੈਂਤੜੇ ਸਰਮਾਏਦਾਰੀ ਦੀ ਕੰਬਣੀ ਦੇ ਸੂਚਕ ਹਨ, ਉਹਨਾਂ ਨੂੰ ਇਹਨਾਂ ਇਨਕਲਾਬੀਆਂ, ਸੋਚਵਾਨ ਵਿਅਕਤੀਆਂ ਵਿੱਚ ਆਪਣੀ ਮੌਤ ਦਿਖਾਈ ਦਿੰਦੀ ਹੈ। ਇਸ ਲਈ ਭਗਤ ਸਿੰਘ ਨੂੰ ਦੀਵਾਰਾਂ 'ਤੇ ਟੰਗ ਕੇ ਜਾਂ ਨੋਟਾਂ 'ਤੇ ਤਸਵੀਰ ਦੀ ਚਾਹਤ ਦਰਸਾਅ ਕੇ ਉਭਾਰਿਆ ਜਾਂਦਾ ਹੈ ਤੇ ਉਸ ਦੀ ਵਿਚਾਰਧਾਰਾ ਨੂੰ ਇਸ਼ਤਿਹਾਰਾਂ ਤੱਕ ਮਹਿਦੂਦ ਕਰਨ ਦੀ ਕੋਸ਼ਿਸ਼ ਰਹਿੰਦੀ ਹੈ।

**ਸੰਪਰਕ : 98158-08506**

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**
ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

CMYK

25-Sep-Sunday.qxd 9/24/2022 10:04 PM Page 4



# ਲੋਕ ਮੁਖੀ ਸਰੋਕਾਰਾਂ ਦਾ ਕਾਵਿ ਪ੍ਰਵਚਨ

ਕਿਤਾਬ ਦੀ ਪਰਖ ਪੜਚੋਲ

ਸੁਵਰਨ ਸਿੰਘ ਵਿਰਕ

## ਚਰਖੜੀ

**ਗੁਰਭਜਨ ਗਿੱਲ**
**(ਕਾਵਿ ਸੰਗ੍ਰਹਿ)**
**ਪੰਨੇ : 132, ਮੁੱਲ : 300 ਰੁਪਏ**
**ਸਾਤਵਿਕ ਬੁੱਕਸ, ਅੰਮ੍ਰਿਤਸਰ**

ਗੁਰਭਜਨ ਗਿੱਲ ਕਵਿਤਾ ਦੀ ਰੂਹ ਤੋਂ ਡਾਢਾ ਵਾਕਿਫ ਹੈ। ਕਵਿਤਾ ਉਸ ਲਈ ਭਗਤੀ ਵੀ ਹੈ ਅਤੇ ਸ਼ਕਤੀ ਵੀ। ਉਹ ਐਸਾ ਦਰਵੇਸ਼ ਹੈ, ਜਿਹੜਾ ਸ਼ਬਦਾਂ ਦੀਆਂ ਸੇਲੀਆਂ ਟੋਪੀਆਂ ਸਜਾ ਕੇ ਹੀ ਜਦੋਂ ਜਾਵੇ ਤਾਂ ਮੇਲਾ ਭਰ ਜਾਂਦਾ ਹੈ। ਹਰਫਾਂ ਦੀਆਂ ਬਾਰੀਕੀਆਂ ਨੂੰ ਪਛਾਨਣ ਲਈ ਉਹ ਪਾਰਦਰਸ਼ੀ ਨਜ਼ਰਾਂ ਵਾਲਾ ਅਲਬੇਲਾ ਸ਼ਾਇਰ ਹੈ। ਸੁਰ-ਤਾਲ ਦੀ ਸਮਝ ਰੱਖਦਾ ਹੋਇਆ ਉਹ ਛੰਦ-ਮੁਕਤ ਕਵਿਤਾ ਵਿੱਚ ਵੀ ਲੈਅ-ਤਾਲ ਦਾ ਪੂਰਾ ਧਿਆਨ ਰੱਖ ਕੇ ਇਸ ਵਿੱਚੋਂ ਰੱਬਾਬ ਦੀ ਟੁਣਕਾਰ ਜਿਹੇ ਬੋਲ ਕੱਢ ਸਕਦਾ ਹੈ। ਉਹ ਰਾਵੀ ਦੇ ਗੁਲਨਾਰੀ ਪਾਣੀਆਂ ਦੇ ਤਰੌਂਕੇ ਮਾਰ ਕੇ ਧੁਖਦੇ ਮਨ ਤੰਦੂਰ ਨੀ ਮੋਰ ਪੰਖ ਦੀ ਝੱਲ ਮਾਰ ਕੇ ਪੰਜਾਂ ਪਾਣੀਆਂ ਦੀ ਖੈਰ ਮੰਗਦਾ ਹੈ।

ਸਮੇਂ ਦੀ ਚਰਖੜੀ ਨੂੰ ਗੇੜਦਿਆਂ ਕਵੀ ਨੇ 2013 ਤੋਂ 20 ਤੱਕ ਆਪਣੇ ਕਾਵਿ ਅਨੁਭਵ ਨੂੰ ਹੱਥਲੇ ਸੰਗ੍ਰਹਿ ਵਿੱਚ ਬੜੇ ਕਰੀਨੇ ਅਤੇ ਸਲੀਕੇ ਨਾਲ ਸਹੇੜਿਆ ਹੈ। ਉਹ ਇੱਕ ਸੰਵੇਦਨਸ਼ੀਲ ਅਤੇ ਹਸਾਸ ਹਿਰਦੇ ਦਾ ਸੁਆਮੀ ਹੈ। ਇਹਨਾਂ ਵਰ੍ਹਿਆਂ ਵਿੱਚ ਮਨੁੱਖ ਜਾਤੀ ਦੇ ਭਵਿੱਖ 'ਤੇ ਮਾਰੂ ਅਸਰ ਪਾਉਣ ਵਾਲੀਆਂ ਅਨੇਕ ਘਟਨਾਵਾਂ ਦੇਸ਼ ਅਤੇ ਦੁਨੀਆ ਵਿੱਚ ਵਾਪਰੀਆਂ ਹਨ। ਭਾਰਤ ਵਿੱਚ 2014 ਤੋਂ ਧਰਮ ਅਧਾਰਤ ਰਾਜਨੀਤੀ ਸੌੜੇ ਅਤੇ ਸੰਕੀਰਨ ਵਿਚਾਰਾਂ ਦਾ ਰਾਜ, ਸਮਾਜ ਵਿੱਚ ਬੋਲਬਾਲਾ ਹੈ। ਮਨੁੱਖ ਦੀ ਪਹਿਚਾਣ ਉਸ ਦੇ ਮਜ਼੍ਹਬ, ਫਿਰਕੇ ਜਾਂ ਜਾਤਪਾਤ ਨਾਲ ਕੀਤੀ ਜਾਣ ਲੱਗ ਪਈ ਹੈ। ਪੁਰਾਣੀਆਂ ਸੱਭਿਆਚਾਰਕ ਇਕਾਈਆਂ, ਖੇਤਰੀ ਪਹਿਚਾਣਾਂ ਕਾਟੇ ਹੇਠ ਹਨ। ਆਮ ਆਦਮੀ ਦੀ ਕੀਮਤ ਤੇ ਕੁਝ ਚੁਨਿੰਦਾ, ਕਾਰਪੋਰੇਟ ਆਪਣੇ ਆਰਥਿਕ ਸਾਮਰਾਜ ਵਿੱਚ ਬੇਤਹਾਸ਼ਾ ਵਾਧਾ ਕਰ ਰਹੇ ਹਨ। ਅਮੀਰੀ ਤੇ ਗਰੀਬੀ ਵਿਚਲਾ ਪਾੜਾ ਦਿਨ-ਰਾਤ ਵਧ ਰਿਹਾ ਹੈ। ਦੇਸ਼ ਵਿੱਚ ਬੇਰੁਜ਼ਗਾਰ ਜੁਆਨੀ ਅਪਰਾਧ, ਨਸ਼ੇ ਜਾਂ ਅੰਧ-ਵਿਸ਼ਵਾਸ ਦੀ ਦਲ-ਦਲ ਵਿੱਚ ਧੱਸਦੀ ਜਾ ਰਹੀ ਹੈ। ਸੰਨ 2020 ਅਤੇ 21 ਦੇ ਸਾਲਾਂ ਵਿੱਚ ਕੋਰੋਨਾ ਮਹਾਂਮਾਰੀ ਦਾ ਜਿਹੜਾ ਕਹਿਰ ਵਾਪਰਿਆ, ਇਸ ਦੀ ਸਭ ਤੋਂ ਭਿਆਨਕ ਮਾਰ ਹੇਠਲੇ ਤਬਕੇ ਨੂੰ ਹੀ ਪਈ ਸੀ। ਸੜਕਾਂ 'ਤੇ ਪੈਰਾਂ ਵਿੱਚ ਛਾਲਿਆਂ ਵਾਲੇ ਲੱਖਾਂ ਦੇ ਕਾਫਲੇ, ਪ੍ਰਬੰਧ ਦੀ ਨਾਕਾਮੀ ਦੇ ਸੂਚਕ ਸਨ। ਸੰਨ 2020-21 ਵਿੱਚ ਜਦੋਂ ਤਿੰਨ ਕਾਲੇ ਕਾਨੂੰਨ ਲਿਆ ਕੇ, ਕੇਂਦਰ ਸਰਕਾਰ ਦੇਸ਼ ਦੇ ਕਿਸਾਨਾਂ ਦੀ ਭੋਇੰ ਕਾਰਪੋਰੇਟਾਂ ਦੇ ਹਵਾਲੇ ਕਰਨਾ ਚਾਹੁੰਦੀ ਸੀ ਤਾਂ ਦਿੱਲੀ ਦੀਆਂ ਬਰੂਹਾਂ 'ਤੇ ਤੇਰਾਂ ਮਹੀਨਿਆਂ ਦੇ ਲੱਗਭੱਗ 735 ਸ਼ਹਾਦਤਾਂ ਵਾਲਾ ਇੱਕ ਕਿਸਾਨ ਅੰਦੋਲਨ ਚੱਲਿਆ ਸੀ, ਜਿਸ ਨੇ ਕੇਂਦਰੀ ਸੱਤਾ ਦੇ ਥੰਮ੍ਹ ਹਿਲਾ ਦਿੱਤੇ ਸਨ। ਇਸ ਇਤਿਹਾਸਕ ਅੰਦੋਲਨ ਨੂੰ ਵੀ ਸਾਡਾ ਕਵੀ ਆਪਣੀ ਕਵਿਤਾ ਦਾ ਵਿਸ਼ਾ ਬਣਾਉਂਦਾ ਹੈ। ਇਹ ਲੋਕ ਮੁਖੀ ਸਰੋਕਾਰਾਂ ਵਾਲੀ ਕਵਿਤਾ ਹੈ।

ਸਾਡਾ ਕਵੀ, ਆਦਿ ਕਵੀ ਵਾਲਮੀਕ ਰਮਾਇਣ ਦੇ ਕਰਤੇ ਨੂੰ ਸੂਰਜ ਨਾਲ ਤੁਲਨਾਉਂਦਾ ਹੈ। ਉਸ ਦੇ ਅਨੁਸਾਰ ਸੂਰਜ ਇੱਕ ਥਾਂ 'ਤੇ ਸਥਿਰ ਹੈ, ਜੋ ਆਪਣੀ ਧੁਰੀ ਦੁਆਲੇ ਹੀ ਘੁੰਮਦਾ ਹੈ। ਸੂਰਜ ਨੂੰ ਕਿਸੇ ਜ਼ਾਵੀਏ ਤੋਂ ਨਿਹਾਰੋ/ਸੂਰਜ ਹੀ ਰਹਿੰਦਾ ਹੈ, ਨਾ ਡੁੱਬਦਾ, ਨਾ ਚੜ੍ਹਦਾ, ਤੁਸੀਂ ਹੀ ਹੇਠਾਂ ਉੱਤੇ ਹੁੰਦੇ ਹੋ।

'ਰੰਗ, ਜਾਤ, ਗੋਤ, ਧਰਮ, ਨਸਲ/ ਤੋਂ ਬਹੁਤ ਉਚੇਰਾ ਹੈ/ਰਵੀ ਆਦਿ ਕਵੀ ਵਾਲਮੀਕਿ ਸੂਰਜ ਦੀ ਜਾਤ ਪਾਤ ਨਹੀਂ/ਸਰਬ ਕਲਿਆਣੀ ਔਕਾਤ ਹੁੰਦੀ ਹੈ/ਤਾਂ ਹੀ ਉਹਦੇ ਆਉਂਦਿਆਂ ਪ੍ਰਭਾਤ ਹੁੰਦੀ ਹੈ।' (ਸੂਰਜ ਦੀ ਜਾਤ ਨਹੀਂ ਹੁੰਦੀ)

ਕਵੀ ਖੁਰਦੀ ਕਿਸਾਨੀ ਦੇ ਉੱਖੜੇ ਸਿਰਨਾਵਿਆਂ ਵਾਲੀ ਤਖਤੀ ਨੂੰ ਸੋਗੀ ਨਜ਼ਰਾਂ ਨਾਲ ਨਿਹਾਰਦਾ ਹੈ। ਕੈਲਾ ਆੜ੍ਹਤੀ ਜੋ ਪਿੰਡਾਂ ਵਿੱਚੋਂ ਜੱਟਾਂ ਦੀ ਜਿਣਸ ਆਪਣੀਆਂ ਖੱਚਰਾਂ 'ਤੇ ਲੱਦ ਕੇ ਮੰਡੀ ਵਿੱਚ ਵੇਚਦਾ ਸੀ, ਖੁਦ ਬੋਰੀਆਂ ਲੱਕ 'ਤੇ ਚੁੱਕਦਾ, ਅੱਜ ਸ੍ਰ: ਕਰਨੈਲ ਸਿੰਘ ਬਣ ਗਿਆ ਹੈ, ਜਿਸ ਦੀ ਰੱਤ ਪੀਣੀ ਵਹੀ, ਜਰਨੈਲ ਸਿੰਘ ਜਿਹੇ ਕਿਸਾਨਾਂ ਦੀਆਂ ਜ਼ਮੀਨਾਂ ਡਕਾਰ ਗਈ ਹੈ ਤੇ ਉਹ ਵਿਚਾਰਾ ਹੁਣ ਦਿਨ-ਰਾਤ ਝੋਰਿਆਂ ਦੀ ਚੱਕੀ ਝੋਈ ਰੱਖਦਾ ਹੈ।

'ਮੀਂਹ ਕਣੀ 'ਚ ਕੋਠਾ ਚੋਂਦਾ ਹੈ/ਕੋਠੇ ਜਿੱਡੀ ਧੀ ਦਾ ਕੱਦ ਡਰਾਉਂਦਾ ਹੈ।

ਸਕੂਲੋਂ ਹਟੇ ਪੁੱਤਰ ਨੂੰ ਫੌਜ ਵੀ ਨਹੀਂ ਲੈਂਦੀ/ਅਖੇ ਛਾਤੀ ਘੱਟ ਚੌੜੀ ਹੈ।

ਕੌਣ ਦੱਸੇ ਇਹ ਹੋਰ ਸੁੰਗੜ ਜਾਣੀ ਹੈ/ਇੰਜ ਹੀ ਪੁੜਾਂ ਹੇਠ।'

'ਚਿੱਟੇ ਚਾਦਰੇ ਵਾਲਾ ਸਰਦਾਰ ਜਰਨੈਲ ਸਿੰਘ/ਮੈਲੇ ਪਰਨੇ ਵਾਲਾ ਜੈਲੂ ਕਦੋਂ ਬਣਿਆ?

ਦੋਪੱਟਾ ਚਾਦਰਾ ਸੁੰਗੜ ਕੇ, ਪਰੋਲੇ ਜਿਹਾ ਪਰਨਾ ਕਦੋਂ ਬਣਿਆ?

(ਬਦਲ ਗਏ ਮੰਡੀਆਂ ਦੇ ਭਾਅ)

ਅੱਜ ਜਦੋਂ ਦੁਨੀਆ ਦੀ ਜ਼ਿਆਦਾਤਰ ਵੱਸੋਂ ਰੋਟੀ-ਰੋਜ਼ੀ ਦੇ ਓਹੜ-ਪੋਹੜ ਵਿੱਚ ਹੀ ਰੁੱਝੀ ਰਹਿੰਦੀ ਹੈ। ਸਾਮਰਾਜੀ ਸ਼ਕਤੀਆਂ ਆਪਣੇ ਨਵੇਂ ਬਣੇ ਹਥਿਆਰ ਵੇਚਣ ਲਈ ਨਿੱਤ ਨਵੇਂ ਸੂਰਜ, ਦੁਨੀਆ ਦੀ ਕਿਸੇ ਨਾ ਕਿਸੇ ਗੁੱਠ ਵਿੱਚ ਸੇਹ ਦਾ ਤਕਲਾ ਗੱਡੀ ਰੱਖਦੀਆਂ ਹਨ। ਨਾਗਾਸਾਕੀ ਤੇ ਹੀਰੋਸ਼ੀਮਾ, ਜਪਾਨ ਦੇ ਦੋ ਸ਼ਹਿਰ ਪ੍ਰਮਾਣੂ ਤਬਾਹੀ ਦੇ ਸੱਲ, ਅੱਜ ਵੀ ਆਪਣੀ ਧਰਤੀ ਵਿੱਚ ਰਿਸਦੇ ਜ਼ਖਮਾਂ ਵਾਂਗ ਲਈ ਫਿਰਦੇ ਹਨ।

ਵੀਅਤਨਾਮ, ਉੱਤਰੀ ਦੱਖਣੀ ਕੋਰੀਆ, ਅਫਗਾਨਿਸਤਾਨ, ਫਲਸਤੀਨ, ਇਰਾਨ ਆਦਿ ਅਤੇ ਹੁਣ ਯੂਕਰੇਨ, ਅਮਰੀਕਾ ਪੱਖੀ ਨਾਟੋ ਮੁਲਕਾਂ ਦੀਆਂ ਸਾਜ਼ਿਸ਼ਾਂ ਦਾ ਸ਼ਿਕਾਰ ਹੋ ਕੇ ਰੂਸੀ ਫੌਜੀ ਹਮਲੇ ਦਾ ਨਿਸ਼ਾਨਾ ਬਣਿਆ ਹੈ। ਕਵੀ ਸਾਰੇ ਸੰਸਾਰ ਲਈ ਅਮਨ ਦੀ ਖੈਰ ਮੰਗਦਾ ਹੈ ਕਿਉਂਕਿ ਜੰਗ ਤਬਾਹੀ ਤੇ ਭੁੱਖਮਰੀ ਲਿਆਉਂਦੀ ਹੈ।

'ਉੱਡ ਜਾਂਦੀਆਂ ਨੇ ਸਿਰਾਂ ਤੋਂ ਛਾਵਾਂ/ਧੀਆਂ ਬਿਨ ਨਿਪੁੱਤੀਆਂ ਮਾਵਾਂ। ਗਾਉਂਦੀਆਂ ਨੇ ਦਰਦ ਰਾਗ/ਖੰਭ ਖਿਲਰੇ ਨੇ ਕਾਵਾਂ ਦੇ/ਜੰਗ ਬਾਜਾ ਬੰਸ ਕਰ ਤੂੰ, ਪੁੱਤ ਮੁੱਕ ਚੱਲੇ ਮਾਵਾਂ ਦੇ।' (ਪ੍ਰਮਾਣੂ ਦੇ ਖਿਲਾਫ)

ਲੋਕਤੰਤਰ ਇੱਕ ਮਜ਼ਾਕ ਬਣ ਕੇ ਰਹਿ ਗਿਆ ਹੈ। ਕੁਝ ਕੁ ਟੱਬਰਾਂ/ਵਿਅਕਤੀਆਂ ਦੇ ਹਿਰਦੇ ਸੱਤਾ ਤੰਤਰ ਘੁੰਮੀ ਜਾਂਦਾ ਹੈ। ਹਸਪਤਾਲਾਂ ਵਿੱਚ ਦੁਆਈ ਨਹੀਂ, ਸਕੂਲਾਂ ਵਿੱਚ ਪੜ੍ਹਾਈ ਨਹੀਂ, ਲੋਕਾਂ ਨੂੰ ਧੜਿਆਂ ਵਿੱਚ ਵੰਡ ਕੇ ਇਹ ਦੁਫੇੜਬਾਜ਼ ਆਪੋ ਵਿੱਚ ਕਰਿੰਗੜੀ ਪਾ ਕੇ ਤੁਰਦੇ ਹਨ ਅਤੇ 'ਉੱਤਰ ਕਾਟੋ ਮੈਂ ਚੜ੍ਹਾਂ' ਦੀ ਕੁਰਸੀ ਖੇਡ ਖੇਡਦੇ ਹਨ। ਕਵੀ ਪੰਜੀਂ ਸਾਲੀਂ ਲੱਗਣ ਵਾਲੇ ਚੋਣ ਮੇਲੇ ਅਤੇ ਇਸ ਪ੍ਰਬੰਧ ਵਿਵਸਥਾ ਨੂੰ ਸਰਕਸ ਦੀ ਖੇਡ ਹੀ ਦੱਸਦਾ ਹੈ।

ਸਾਡੇ ਲੋਕਾਂ ਦੀ ਦੱਬੂ ਮਾਨਸਿਕਤਾ ਤੋਂ ਵੀ ਕਵੀ ਪਰੇਸ਼ਾਨ ਹੈ। ਲੋਕਤੰਤਰ ਭੀੜ-ਤੰਤਰ ਵਿੱਚ ਬਦਲ ਚੁੱਕਾ ਹੈ ਤੇ ਭੀੜ, ਭੇਡ ਚਾਲ ਦੀ ਸ਼ਿਕਾਰ ਹੈ। ਵਿਅੰਗ ਦੀ ਵਿਧਾ ਵਰਤ ਕੇ ਸ਼ਾਇਰ ਡਾਰਵਿਨ ਦੇ ਵਿਕਾਸਵਾਦੀ ਸਿਧਾਂਤ 'ਤੇ ਹੀ ਪ੍ਰਸ਼ਨ ਚਿੰਨ੍ਹ ਲਾਉਂਦਾ ਹੈ, ਜਿਸ ਵਿੱਚ ਮੁੱਢਲੇ ਮਨੁੱਖ ਦੇ ਵਿਕਾਸ ਦੇ ਪੜਾਅ ਮਿੱਥੇ ਗਏ ਸਨ।

ਦੇਸ਼ ਵਿੱਚ ਦੱਖਣ ਪੰਥੀ ਰਾਜਨੀਤੀ ਦਾ ਬੋਲਬਾਲਾ ਹੈ। ਇਤਿਹਾਸ ਦੀਆਂ ਗਲਤੀਆਂ ਨੂੰ ਸੁਧਾਰਨ ਦੇ ਨਾਂਅ 'ਤੇ ਬੇਦੋਸ਼ਾਂ ਦੇ ਹਜੂਮੀ ਕਤਲ ਆਨੇ-ਬਹਾਨੇ ਘੜ ਕੇ ਕੀਤੇ ਜਾ ਰਹੇ ਹਨ। ਸ਼ਮਸ਼ਾਨ, ਕਬਰਿਸਤਾਨ, ਮੰਦਰ, ਮਸਜਿਦ, ਧਰਮ ਬਦਲੀ, ਹਿਜਾਬ, ਨਾਗਰਿਕਤਾ ਪ੍ਰਮਾਣ ਪੱਤਰ, ਜੰਮੂ-ਕਸ਼ਮੀਰ ਤੋਂ ਰਾਜ ਦਾ ਦਰਜਾ ਖੋਹ ਕੇ ਤਿੰਨ ਟੁਕੜੇ ਕਰਨੇ, ਸਮਾਨ ਨਾਗਰਿਕ ਸਿਵਲ ਕੋਡ, ਲਵ-ਜਹਾਦ ਆਦਿ ਇਸ ਸਿਆਸਤ ਦੀਆਂ ਕੜੀਆਂ ਹਨ ਜਿਨ੍ਹਾਂ ਤੋਂ ਆਸ ਸੀ ਕਿ ਉਹ ਖੱਬਾ ਪੱਖ ਦੇਸ਼ ਦੇ ਸੱਤਾ ਸੰਤੁਲਨ ਨੂੰ ਮਜ਼ਦੂਰਾਂ, ਕਿਸਾਨਾਂ ਦੇ ਪੱਖ ਵਿੱਚ ਬਦਲੇਗਾ, ਉਸ ਦੀ ਫੁੱਟ ਦਰ ਫੁੱਟ 'ਤੇ ਸਾਡਾ ਕਵੀ ਖ਼ੂਨ ਦੇ ਅੱਥਰੂ ਕੇਰਦਾ ਹੋਇਆ ਇਹਨਾਂ ਸਾਰੇ ਧੜਿਆਂ ਦੀ ਹਕੀਕੀ ਏਕਤਾ ਲਈ ਉਹਨਾ ਨੂੰ ਵੰਗਾਰਦਾ ਹੈ :

'ਭਰਮ ਸੀ ਕਿ ਤੁਸੀਂ ਮੁਕਤੀ ਦਾਤਾ ਹੋ/ਟੋਏ 'ਚੋਂ ਕੱਢੋਗੇ ਖੁੱਭਿਆ ਪਹੀਆ/ਪਰ ਤੁਸੀਂ ਵੀ ਜ਼ਿੰਦਾਬਾਦ ਮੁਰਦਾਬਾਦ/ਦੀ ਜਿਲ੍ਹਣ ਵਿੱਚ ਫਸੇ ਹੋਏ ਓ/ਬਾਈ ਮੰਜੀਆਂ ਵਾਲੇ ਵੰਨ-ਸੁਵੰਨੇ ਧੜੇ ਬਾਜੋ/ਇੱਕ ਬੱਸ 'ਚ ਕਦੇ ਨਹੀਂ ਬੈਠਦੇ/ਸਾਰੇ ਦਿੱਲੀ ਦੇ ਸਵਾਰੋ/ਆਪੋ ਆਪਣਾ ਘੋੜਾ ਭਜਾਉਂਦੇ ਮਰ ਚੱਲੇ।' (ਭੱਠੇ 'ਚ ਤਪਦੀ ਮਾਂ)

ਮਾਂ ਜਿਹਾ ਸਕੂਨ ਭਰਿਆ ਹੋਰ ਕੋਈ ਸ਼ਬਦ ਨਹੀਂ। ਬਿਪਤਾ ਵੇਲੇ ਹਰ ਮਨੁੱਖ ਦੇ ਮੂੰਹੋਂ 'ਹਾਇ ਮਾਂ' ਹੀ ਨਿਕਲਦਾ ਹੈ। ਬੜਾ ਨਿੱਘਾ, ਨਿਵੇਕਲਾ ਤੇ ਅਪਣੱਤ ਭਰਿਆ ਰਿਸ਼ਤਾ। ਮਾਂ ਨਾ ਸਿਰਫ ਆਪਣੇ ਬੱਚਿਆਂ ਦੀ, ਸਗੋਂ ਧਰਤੀ ਦੇ ਸਾਰੇ ਧੀਆਂ-ਪੁੱਤਰਾਂ ਦੀ ਸੁੱਖ ਮੰਗਦੀ ਹੈ। ਉਸ ਦੀ ਅਉਧ, ਆਪਣੇ ਬੱਚਿਆਂ ਦੇ ਫਿਕਰ ਹੰਢਾਉਂਦਿਆਂ ਬਤੀਤ ਹੁੰਦੀ ਹੈ। ਕਵੀ ਮਾਂ ਦੀ ਜਾਗ੍ਰਿਤ ਮਨੋਦਸ਼ਾ ਦਾ ਉੱਚ ਮੁਲੰਕਣ ਕਰਦਾ ਹੈ। ਉਹ ਮਾਂ ਤੋਂ ਹੀ ਆਪਣੇ ਵਿਰਸੇ, ਭਾਸ਼ਾ, ਵਿਸ਼ਵਾਸ ਅਤੇ ਸੱਭਿਆਚਾਰ ਨਾਲ ਜੁੜਨ ਦੀ ਜਾਚ ਸਿੱਖਦਾ ਹੈ :

'ਮਾਂ ਉਜੜੇ ਨੂੰ ਜੁੜੇ ਤੋਂ ਪਛਾਣ ਕੇ ਅਕਸਰ ਆਖਦੀ/ਪੁੱਤ ਇਹਦਾ ਪੱਲਾ ਨਾ ਛੱਡੀਂ/ਇਹੀ ਤਾਰਨ ਹਾਰ ਹੈ।' (ਮੇਰੀ ਮਾਂ)

ਜੰਮੂ-ਕਸ਼ਮੀਰ ਦੇ ਇੱਕ ਧਰਮ ਸਥਾਨ ਵਿੱਚ ਜਦੋਂ 'ਆਸਿਫਾ' ਨਾਂਅ ਦੀ ਇੱਕ ਬੱਚੀ ਦੀ ਬੇਪਤੀ ਕਰਕੇ ਹੱਤਿਆ ਕਰ ਦਿੱਤੀ ਗਈ ਤਾਂ ਕਵੀ ਹਿਰਦਾ ਵਲੂੰਧਰਿਆ ਗਿਆ। ਉਸ ਦੀ ਦਰਦਨਾਕ ਮੌਤ ਦੇ ਕੀਰਨੇ ਪਾਉਂਦਾ ਕਵੀ ਹੁਣ ਸਾਡੇ ਰਾਜ, ਸਮਾਜ ਦੀਆਂ ਉਹਨਾਂ ਤਰਜੀਹਾਂ ਦਾ ਜ਼ਿਕਰ ਕਰਦਾ ਹੈ, ਜਿਨ੍ਹਾਂ ਦੇ ਸਾਹਮਣੇ ਮਾਸੂਮ 'ਆਸਿਫਾ' ਕਿਤੇ ਵੀ ਨਹੀਂ ਟਿਕਦੀ।

'ਜਾਹ ਨੀ ਧੀਏ ਮਰਨ ਪਿੱਛੋਂ/ਸਾਡੀਆਂ ਲੋੜਾਂ 'ਚ ਤੂੰ/ਸ਼ਾਮਲ ਨਹੀਂ ਹੋਈ ਅਜੇ ਨਾ ਤੂੰ ਭਾਰਤ ਮਾਤ ਹੈਂ/ਨਾ ਗਊ ਦੀ ਜਾਤ ਹੈਂ/ਕਿਉਂ ਬਚਾਈਏ ਤੇਰੀ ਚੁੰਨੀ? ਤੂੰ ਅਜੇ ਨਾ ਵੋਟ ਹੈਂ/ਸਾਡੀ ਸੂਚੀ ਵਿੱਚ ਹਾਲੇ ਤੂੰ, ਚਿੜੀ ਦਾ ਬੋਟ ਹੈਂ/ਆਸਿਫਾ ਤੂੰ ਜਿਸਮ ਹੈਂ ਮਾਸੂਮ ਭਾਵੇਂ/ਦਾਨਵਾਂ ਖਾਤਰ ਤੂੰ ਹੈ 'ਭੋਗਣ ਲਈ'।' (ਆਸਿਫਾ ਤੂੰ ਨਾ ਜਗਾ)

ਕਵੀ ਨੇ 90 ਕਵਿਤਾਵਾਂ ਵਾਲਾ ਆਪਣਾ ਇਹ ਸੰਗ੍ਰਹਿ ਗੁਰੂ ਤੇਗ ਬਹਾਦਰ ਜੀ ਦੀ ਚੌਥੀ ਪ੍ਰਕਾਸ਼ ਸ਼ਤਾਬਦੀ ਤੇ ਉਸ ਸੰਸਾਰ ਨੂੰ ਭੇਟ ਕੀਤਾ, ਜਿੱਥੇ ਆਪ ਦਾ ਇਹ ਸੰਦੇਸ਼ ਗੂੰਜ ਰਿਹਾ ਹੈ-'ਜੋ ਨਾ ਕਿਸੇ ਨੂੰ ਅਕਾਰਨ ਡਰਾਉਂਦਾ ਹੈ ਅਤੇ ਨਾ ਹੀ ਕਿਸੇ ਤੋਂ ਡਰਦਾ ਹੈ। ਗੁਰੂ ਜੀ ਕਹਿੰਦੇ ਹਨ ਕਿ ਉਹੋ ਮਨੁੱਖ ਗਿਆਨਵਾਨ ਹੈ।' ਗੁਰੂ ਜੀ ਨੇ ਆਪਣੀ ਮਹਾਨ ਸ਼ਹਾਦਤ ਮਨੁੱਖੀ ਅਧਿਕਾਰਾਂ ਦੀ ਰਾਖੀ ਵਜੋਂ ਦਿੱਤੀ। ਕਵੀ ਕਹਿੰਦਾ ਹੈ ਕਿ ਗੁਰੂ ਜੀ ਨੇ ਔਰੰਗਜ਼ੇਬ ਨੂੰ ਇਹੋ ਸਮਝਾਇਆ ਸੀ ਕਿ ਜੇ ਕੋਈ ਤਿਲਕਧਾਰੀ ਜ਼ੁਲਮ ਕਰੇਗਾ ਤਾਂ ਮੈਂ ਸੁੰਨਤਧਾਰੀ ਦੇ ਨਾਲ ਹੋਵਾਂਗਾ।

ਕਵੀ ਆਪਣੇ ਅਤੀਤ ਦੇ ਸਬਕ ਸਦਾ ਯਾਦ ਰੱਖਦਾ ਹੈ। ਦਸਮੇਸ਼ ਜੀ ਦੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਜ਼ਾਲਮ ਦਿੱਲੀ ਸ਼ਾਹੀ ਦੀਆਂ ਨੀਹਾਂ ਹਿਲਾਉਣ ਵਾਲੀ ਸਿੱਧ ਹੋਈ। ਇਸੇ ਲਈ ਸਾਡਾ ਸ਼ਾਇਰ ਉਹਨਾ ਦੇ ਵੱਡੇ ਕਾਰਨਾਮੇ ਤੋਂ ਹਮੇਸ਼ਾ ਪ੍ਰੇਰਣਾ ਲੈ ਕੇ ਹੱਕ, ਸੱਚ ਅਤੇ ਨਿਆਂ ਦੀ ਲੜਾਈ ਲਈ, ਜੂਝਣ ਵਾਲਿਆਂ ਦਾ ਰਾਹ ਰੋਸ਼ਨ ਕਰਦਾ ਹੈ :

'ਤੇਰ ਮੋਹ ਦਾ ਧਿਆਨ ਧਾਰਿਓ/ਮੇਰੇ ਵੱਲ ਵੀ ਝਾਤ ਮਾਰਿਓ/ਜੋ ਫਰਜੰਦਾਂ ਚਰਖਾ ਗੇੜਿਆ/ਸਾਂਝੋ ਉਹ ਸਭ ਪੂਣੀਆਂ ਕੱਤੀਆਂ।' (ਸਰਹਿੰਦ ਦਾ ਸੁਨੇਹਾ)

ਸਿੱਖ ਗੁਰੂਆਂ ਅਤੇ ਉਹਨਾਂ ਦੇ ਪਰਵਾਰ ਦੀਆਂ ਸ਼ਹਾਦਤਾਂ ਦੇ ਨਾਲ-ਨਾਲ ਗੁਰਭਜਨ ਗਿੱਲ, ਪੰਜਾਬ ਵਿੱਚ ਬਸਤੀਵਾਦ ਵਿਰੋਧੀ ਕੂਕਾ ਲਹਿਰ ਦੀਆਂ ਸਤਿਗੁਰੂ ਰਾਮ ਸਿੰਘ ਜੀ ਦੀ ਅਗਵਾਈ ਵਿੱਚ ਦਿੱਤੀਆਂ, ਦਿਲ ਕੰਬਾਊ ਸ਼ਹਾਦਤਾਂ ਦਾ ਜ਼ਿਕਰ ਕਰਦਾ ਹੈ।

ਗੁਰੂ ਸਾਹਿਬ ਦੀਆਂ ਪ੍ਰਕਾਸ਼ ਸ਼ਤਾਬਦੀਆਂ ਤਾਂ ਅਸੀਂ ਬੜੀ ਧੂੰਮਧਾਮ ਨਾਲ ਮਨਾਉਂਦੇ ਹਾਂ। ਆਦਿ ਗੁਰੂ ਬਾਬਾ ਨਾਨਕ ਦੀ 550ਵੀਂ ਪ੍ਰਕਾਸ਼ ਸ਼ਤਾਬਦੀ ਥਾਂ-ਥਾਂ 'ਤੇ ਇੱਕ-ਦੂਜੇ ਤੋਂ ਵਧ-ਚੜ੍ਹ ਕੇ ਮਨਾਈ ਗਈ, ਪਰ ਗੁਰੂ ਨਾਨਕ ਪਾਤਸ਼ਾਹ ਦੀ ਸਿੱਖਿਆ ਤੋਂ ਤਾਂ ਅਸੀਂ ਆਪ ਹੁਦਰੇ, ਅੱਖੜ, ਸੁਆਰਥੀ, ਕੁਨਬਾ ਪਾਲ ਲੋਕ ਦਿਨੋ-ਦਿਨ ਦੂਰ ਹੁੰਦੇ ਜਾ ਰਹੇ ਹਾਂ। ਬਾਬਾ ਜੀ ਦੇ ਨਾਲ ਪਰਛਾਵੇਂ ਵਾਂਗੂੰ ਜੁੜੇ ਰਹੇ, ਭਾਈ ਮਰਦਾਨੇ ਦੇ ਵੰਸ਼ਿਜ਼ਾਂ ਨੂੰ ਮਰਿਆਦਾ ਦੇ ਨਾਂਅ 'ਤੇ ਅਸੀਂ ਹਰਿਮੰਦਰ ਸਾਹਿਬ ਵਿੱਚ ਕੀਰਤਨ ਕਰਨ ਤੋਂ ਬਿਨਾਂ ਖਾਲੀ ਮੋੜ ਦਿੰਦੇ ਹਾਂ। ਇਸ ਲਈ ਕਵੀ ਨੂੰ ਇਹਨਾਂ ਸਾਰੇ ਸਮਾਗਮਾਂ ਵਿੱਚੋਂ ਗੁਰੂ ਬਾਬਾ ਗੈਰ ਹਾਜ਼ਰ ਨਜ਼ਰ ਆਉਂਦਾ ਹੈ।

'ਥਾਂ-ਥਾਂ ਤੰਬੂ ਅਤੇ ਕਨਾਤਾਂ/ਪਹਿਲਾਂ ਨਾਲੋਂ ਕਾਲੀਆਂ ਰਾਤਾਂ/ ਦਿਨ ਵੀ ਜਿਉਂ ਘਸਮੈਲਾ ਵਰਕਾ/ਮਨ ਪਰਦੇਸ਼ ਸਿਧਾਇਆ/ਨਾਨਕ ਨਹੀਂ ਆਇਆ।'

(ਭੈਣ ਨਾਨਕੀ ਵੀਰ ਨੂੰ ਲੱਭਦਿਆਂ)

ਦਿੱਲੀ ਦੀਆਂ ਸਰਦਲਾਂ 'ਤੇ ਨਸਲਾਂ ਅਤੇ ਫਸਲਾਂ ਬਚਾਉਣ ਲਈ ਪੈਲੀ ਅਤੇ ਪੱਤ ਬਚਾਉਣ ਲਈ ਚੱਲੇ ਇਤਿਹਾਸਕ ਕਿਸਾਨ ਅੰਦੋਲਨ ਦੀ ਧਮਕ, ਚਹੁੰਆਂ ਕੂੰਟਾਂ ਵਿੱਚ ਸੁਣੀ ਗਈ। ਕਵੀ ਇਸ ਅੰਦੋਲਨ ਦੀ ਊਰਜਾ ਸਾਡੇ ਗਦਰੀ ਬਾਬਿਆਂ ਦੁਆਰਾ ਲੜੇ ਕਿਰਤੀ ਕਿਸਾਨ ਅੰਦੋਲਨਾਂ ਅਤੇ ਸ੍ਰ: ਅਜੀਤ ਸਿੰਘ, ਲਾਲ ਚੰਦ ਫਲਕ ਆਦਿ ਦੁਆਰਾ ਲੜੇ 'ਪਗੜੀ ਸੰਭਾਲ ਜੱਟਾ' ਮੋਰਚੇ ਵਿੱਚੋਂ ਤਲਾਸ਼ਦਾ ਹੈ। ਸਾਡੇ ਕਿਸਾਨ ਅੰਦੋਲਨ ਦੀ ਵਿਸ਼ੇਸ਼ਤਾ ਹੈ ਦੁਸਹਿਰੇ ਦੇ ਦਿਨ ਰਾਵਣ ਦੀ ਥਾਂ ਖ਼ੂਨ ਪੀਣੇ ਕਾਰਪੋਰੇਟਾਂ ਦੇ ਪੁਤਲੇ ਸਾੜੇ ਜਾਣ। ਕਿਸਾਨ ਅੰਦੋਲਨ ਅੱਗੇ ਸੱਤਾ ਅਤੇ ਉਸ ਦੀ ਸਿਧਾਂਤਕ ਜੁੰਡਲੀ ਬੇਵੱਸ ਨਜ਼ਰ ਆਈ। ਇਸੇ ਨੂੰ ਕਹਿੰਦੇ ਹਨ, ਹੇਠਲੀ ਉੱਤੇ ਆਉਣੀ।

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

## ਸੱਜਰਾ ਸਾਹਿਤ

### ਬੱਬਰ ਅਕਾਲੀ ਲਹਿਰ ਨੂੰ ਮੁੜ ਫਰੋਲਦਿਆਂ

**ਵਿਜੈ ਬੰਬੇਲੀ**
**ਪੰਨੇ : 224, ਮੁੱਲ : 400 ਰੁਪਏ**
**ਨਵਯੁੱਗ ਪਬਲਿਸ਼ਰਜ਼, ਨਵੀਂ ਦਿੱਲੀ**

'ਬੱਬਰ ਅਕਾਲੀ ਲਹਿਰ' ਅਸਲ ਵਿੱਚ ਪੰਜਾਬ ਵਿੱਚੋਂ ਉੱਠੀਆਂ ਲਹਿਰਾਂ ਵਾਂਗ ਪੰਜਾਬੀਆਂ ਦੀ ਮਾਨਸਿਕਤਾ ਨੂੰ ਤੀਬਰ ਰੂਪ ਵਿੱਚ ਸਮੋਈ ਬੈਠੀ ਹੈ ਅਤੇ ਇਸ ਦੀ ਕਾਰਜਸ਼ੀਲਤਾ ਇਸ ਮਾਨਸਿਕਤਾ ਨੂੰ ਉਭਾਰਦੀ ਹੈ। ਇਸ ਨੂੰ ਸਮਝਣ ਲਈ ਇਸ ਨੂੰ ਮੌਕਾ ਮੇਲਾ ਕਹਿ ਲਵੋ ਕਿ ਪੰਜਾਬੀਆਂ ਦੇ ਸੁਭਾਅ ਵਿਚਲੀ ਨਰਮ ਮਿੱਟੀ ਕਹਿ ਲਵੋ ਕਿ ਜਦੋਂ ਅਸੀਂ ਬੱਬਰ ਅਕਾਲੀ ਲਹਿਰ ਦੀ ਸ਼ਤਾਬਦੀ ਮਨਾ ਰਹੇ ਸੀ, ਉਦੋਂ ਹੀ ਪੰਜਾਬੀਆਂ ਦੀ ਮਰਨ ਮਿੱਟੀ ਉਹਨਾ ਨੇ ਆਪਣੇ ਘਰਾਂ ਤੋਂ ਉਖਾੜ ਕੇ ਰਾਜਧਾਨੀ ਦੇ ਦੁਆਲੇ ਉਹਨਾਂ ਹਾਕਮਾਂ ਦੀ ਘੇਰਾਬੰਦੀ ਕਰਨ ਲਈ ਪ੍ਰੇਰਦੀ ਹੈ, ਜੋ ਕਿਸਾਨਾਂ (ਪੰਜਾਬੀ ਸੁਭਾਅ) ਦੇ ਹੱਕਾਂ 'ਤੇ ਡਾਕਾ ਮਾਰਨ ਦੀ ਤਾਕ 'ਚ ਬੈਠੇ ਸਨ। ਪੰਜਾਬੀਆਂ ਦਾ ਇਹ ਸੁਭਾਅ ਕੋਈ ਨਵਾਂ ਨਹੀਂ ਅਤੇ ਨਾ ਹੀ ਅਜੋਕੇ ਯੁੱਗ ਦਾ ਵਰਤਾਰਾ ਹੈ, ਸਗੋਂ ਇਸ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹਨ, ਜਿਸ ਨੂੰ ਸਮੇਂ-ਸਮੇਂ ਗੁਰੂ ਨਾਨਕ, ਦੁੱਲਾ ਭੱਟੀ, ਭਗਤ ਸਿੰਘ ਅਤੇ ਉਸ ਦੇ ਸਾਥੀਆਂ ਅਤੇ ਹੋਰ ਸੂਰਬੀਰਾਂ ਵੱਲੋਂ ਪ੍ਰਗਟਾਇਆ ਜਾਂਦਾ ਰਿਹਾ ਹੈ।

ਬੱਬਰ ਅਕਾਲੀ ਲਹਿਰ ਨੂੰ ਉਸ ਦੇ ਸਹੀ ਸੰਦਰਭ ਵਿੱਚ ਸਮਝਣ/ਦੇਖਣ ਲਈ ਅਸੀਂ ਨਵਾਂ ਜ਼ਮਾਨਾ ਦੇ ਐਤਵਾਰਤਾ ਵਿੱਚ ਇੱਕ ਵਿਉਂਤ ਬਣਾਈ ਸੀ। ਇਸ ਵਿੱਚ ਮੇਰੇ ਨਾਲ ਗੁਰਮੀਤ (ਜਨਰਲ ਸਕੱਤਰ ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ) ਅਤੇ ਵਿਜੈ ਬੰਬੇਲੀ ਸਨ। ਅਸੀਂ ਸੋਚ-ਵਿਚਾਰ ਕੇ ਇਸ ਕਾਰਜ ਦੀ ਜ਼ਿੰਮੇਵਾਰੀ ਵਿਜੈ ਬੰਬੇਲੀ ਹੁਰਾਂ ਨੂੰ ਵੀ ਦਿੱਤੀ, ਕਿਉਂ ਜੋ ਉਹ ਪਿਛਲੇ ਲੰਮੇ ਸਮੇਂ ਤੋਂ ਐਤਵਾਰਤਾ ਵਿੱਚ ਇੱਕ ਕਾਲਮ 'ਇਤਿਹਾਸ ਦੀਆਂ ਪੈੜਾਂ' ਲਿਖਦੇ ਆ ਰਹੇ ਸਨ। ਉਹਨਾਂ ਦੀ ਸਹਿਮਤੀ ਸਾਡੇ ਲਈ ਤਸੱਲੀ ਵਾਲੀ ਸੀ, ਕਿਉਂ ਜੋ ਉਸ ਪਾਸੇ ਉਹ ਪਹਿਲਾਂ ਹੀ ਖੋਜ ਕਾਰਜ ਆਰੰਭ ਕਰ ਚੁੱਕੇ ਸਨ। ਇਤਿਹਾਸ ਖੋਜ ਕਾਰਜ ਦੀ ਬਹੁਤੀ ਵਾਰੀ ਸਮੱਸਿਆ ਇਹ ਬਣ ਜਾਂਦੀ ਹੈ ਕਿ ਖੋਜਾਰਥੀ ਕਈ ਵਾਰੀ ਆਪਣੇ ਪੂਰਵਲੇ ਖੋਜ ਕਾਰਜ ਨੂੰ ਤਰਕ ਦੇ ਆਧਾਰ 'ਤੇ ਰੱਦ ਕਰਨ ਦੀ ਬਜਾਏ, ਉਂਜ ਹੀ ਰੱਦ ਕਰਨ ਵੱਲ ਰੁਚਿਤ ਹੋ ਜਾਂਦਾ ਹੈ, ਜੋ ਕਿ ਇੱਕ ਬਹੁਤ ਵੱਡਾ ਦੋਸ਼ ਸਾਬਤ ਹੁੰਦਾ ਹੈ, ਪਰ ਵਿਜੈ ਬੰਬੇਲੀ ਆਪਣੇ ਪੂਰਵਲੇ ਹੋਏ ਖੋਜ ਕਾਰਜ ਨੂੰ ਰੱਦ ਕਰਨ ਦੀ ਬਿਰਤੀ ਨੂੰ ਤਿਆਗਦੇ ਹੋਏ, ਉਹਨਾਂ ਵੱਲੋਂ ਪੇਸ਼ ਕੀਤੇ ਗਏ ਤੱਥਾਂ ਬਾਰੇ ਵਿਸਥਾਰ ਨਾਲ ਜ਼ਿਕਰ ਤਾਂ ਕਰਦੇ ਹਨ, ਪਰ ਜਿੱਥੇ ਉਸ ਖੋਜ ਕਾਰਜ ਵਿੱਚ ਤਰਕ ਜਾਂ ਇਤਿਹਾਸਕ ਗਵਾਹੀ ਨਹੀਂ ਹੁੰਦੀ, ਕੇਵਲ ਉਸੇ ਨੂੰ ਹੀ ਰੱਦ ਕਰਦੇ ਹਨ, ਪਰ ਉਹਨਾਂ ਦੀ ਰੁਚੀ ਪਹਿਲੇ ਖੋਜ ਕਾਰਜ ਨੂੰ ਰੱਦ ਕਰਨ ਦੀ ਬਜਾਏ ਨਵੇਂ ਤੱਥਾਂ ਨੂੰ ਉਭਾਰਨ ਦੀ ਹੁੰਦੀ ਹੈ, ਉਹ ਵੀ ਤਰਕਮਈ ਢੰਗ ਨਾਲ।

**- ਭੂਮਿਕਾ 'ਚੋਂ**

### ਯਾਰਾਂਦਰੀ

**ਗੁਰਮੀਤ ਹਯਾਤਪੁਰੀ**
**(ਕਾਵਿ ਗਾਥਾ)**
**Loyals of Love-Land : (An Epic)**
**Gurmeet Hayatpuri, Translation Vipan Kumar**
**ਪੰਨੇ : 130, ਮੁੱਲ : 300 ਰੁਪਏ**
**ਸ਼ਬਦ ਲੋਕ ਲੁਧਿਆਣਾ**

ਗੁਰਮੀਤ ਹਯਾਤਪੁਰੀ ਪਿਛਲੇ ਤਿੰਨ ਦਹਾਕਿਆਂ ਤੋਂ ਕਾਵਿ ਸਿਰਜਣਾ ਨਾਲ ਜੁੜਿਆ ਆ ਰਿਹਾ ਹੈ। ਉਸ ਦੀ ਪਹਿਲੀ ਕਾਵਿ ਪੁਸਤਕ 'ਮਮੀਰੇ ਦੀ ਗੰਢੀ' ਵਿਚਲੀ ਕਾਵਿ-ਪ੍ਰੱਕਤਾ ਉਸ ਨੂੰ ਚੰਗੇ ਸ਼ਾਇਰ ਦਾ ਨਾਂਅ ਦਿਵਾ ਦਿੰਦੀ ਹੈ। ਚੜ੍ਹਦੀ ਉਮਰੇ ਅਜਿਹੀ ਪਰਪੱਕ ਰਚਨਾ ਬਹੁਤ ਘੱਟ ਕਵੀਆਂ ਦੇ ਹਿੱਸੇ ਆਉਂਦੀ ਹੈ। ਕੁਝ ਸਾਲਾਂ ਬਾਅਦ ਉਸ ਦਾ ਕਾਵਿ ਸੰਗ੍ਰਹਿ 'ਚਕਲਾ ਤੇ ਚੀਜ਼ ਵਹੁਟੀ' ਆਉਂਦਾ ਹੈ। ਜਿਸ ਦੀ ਚਰਚਾ ਪਹਿਲੇ ਸੰਗ੍ਰਹਿ ਨਾਲੋਂ ਵੀ ਵਧੇਰੇ ਹੁੰਦੀ ਹੈ। ਆਪਣੀਆਂ ਸ਼ਰਤਾਂ 'ਤੇ ਜ਼ਿੰਦਗੀ ਜਿਉਣ ਦਾ ਆਸ਼ਕ ਜੀਵਨ ਵਿੱਚ ਵਿਰੋਧੀ ਸੁਰਾਂ ਅਤੇ ਤਲਖੀਆਂ ਨਾਲ ਦੋ-ਚਾਰ ਹੁੰਦਾ ਹੋਇਆ ਉਹ ਆਪਣਾ ਤੀਜਾ ਕਾਵਿ ਸੰਗ੍ਰਹਿ 'ਧੁੱਪ ਦਾ ਟੋਟਾ ਤੇ ਕਚਨਾਰ' ਲੈ ਕੇ ਹਾਜ਼ਰ ਹੁੰਦਾ ਹੈ, ਪਾਠਕਾਂ ਦਾ ਪਿਆਰ ਅਤੇ ਮੁਹੱਬਤ ਪਹਿਲਾਂ ਵਾਂਗ ਹੀ ਉਸ ਦੇ ਨਾਲ ਤੁਰਦੀ ਹੈ। ਇਹਨਾਂ ਹੀ ਸਮਿਆਂ ਵਿੱਚ ਉਹ ਆਪਣੀ ਆਰਥਿਕਤਾ ਨੂੰ ਪੱਕੇ ਪੈਰੀਂ ਕਰਨ ਲਈ ਆਪਣੇ ਪੈਰਾਂ ਨੂੰ ਇੱਕ ਥਾਂ ਟਿਕਣ ਨਹੀਂ ਦਿੰਦਾ। ਦੇਸ਼-ਵਿਦੇਸ਼ ਘੁੰਮਦਾ ਉਹ ਪੰਜਾਬੀ ਪਾਠਕਾਂ ਦੇ ਚੇਤਿਆਂ ਵਿੱਚ ਬਣਿਆ ਰਹਿਣ ਲਈ ਆਪਣੇ ਇਹਨਾਂ ਉਪਰੋਕਤ ਤਿੰਨੋਂ ਕਾਵਿ ਸੰਗ੍ਰਹਿਆਂ ਵਿੱਚੋਂ ਕੁਝ ਕਵਿਤਾਵਾਂ ਦੀ ਚੋਣ ਕਰਕੇ 'ਤ੍ਰਿਵੈਣੀ ਦਾ ਰਿੜਕ' ਲੈ ਕੇ ਆਉਂਦਾ ਹੈ, ਜੋ ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾ ਵਿੱਚ ਨਾਲੋ-ਨਾਲ ਛਪਦੀ ਹੈ। ਅੰਗਰੇਜ਼ੀ ਭਾਸ਼ਾ ਰਾਹੀਂ ਉਹ ਪੰਜਾਬੀ ਮੂਲ ਵਾਲੇ ਉਹਨਾਂ ਪਾਠਕਾਂ ਤੱਕ ਵੀ ਪਹੁੰਚਦਾ ਹੈ, ਜੋ ਪੰਜਾਬੀ ਭਾਸ਼ਾ, ਗੁਰਮੁਖੀ ਲਿੱਪੀ ਨਹੀਂ ਸਮਝ ਸਕਦੇ। ਖਾਸ ਕਰਕੇ ਪਰਵਾਸੀਆਂ ਦੀ ਅਗਲੀ ਪੀੜ੍ਹੀ ਲਈ ਇਹ ਸਮੱਸਿਆ ਆਉਂਦੀ ਹੈ, ਪਰ ਅੰਗਰੇਜ਼ੀ ਭਾਸ਼ਾ ਰਾਹੀਂ ਗੁਰਮੀਤ ਉਹਨਾਂ ਪਾਠਕਾਂ ਤੱਕ ਵੀ ਪਹੁੰਚਦਾ ਹੈ। ਉਹਨਾਂ ਹੀ ਦਿਨਾਂ ਵਿੱਚ ਉਹ 'ਅੰਮ੍ਰਿਤ ਕੁੰਡ' ਕਥਾ ਸੰਗ੍ਰਹਿ ਲੈ ਕੇ ਪੰਜਾਬੀ ਪਾਠਕਾਂ ਦੇ ਸਨਮੁੱਖ ਹੁੰਦਾ ਹੈ, ਭਾਵੇਂ ਗੁਰਮੀਤ ਮੂਲ ਰੂਪ ਵਿੱਚ ਕਵੀ ਹੀ ਹੈ, ਪਰ ਇਹ ਕਥਾ ਸੰਗ੍ਰਹਿ ਵੀ ਉਸ ਦੇ ਗੰਭੀਰ ਲੇਖਕ ਹੋਣ ਦੀ ਗਵਾਹੀ ਭਰਦਾ ਹੈ।

'ਯਾਰਾਂਦਰੀ' (ਕਾਵਿ-ਕਥਾ) ਉਸ ਦੀ ਇੱਕ ਲੰਮੀ ਕਵਿਤਾ ਹੈ। ਅਜਿਹੀ ਕਾਵਿ ਕਥਾ ਲਿਖਣ ਦੀ ਪਿਰਤ ਪੰਜਾਬੀ ਵਿੱਚ ਪਹਿਲਾਂ ਤੋਂ ਹੀ ਹੈ, ਜਿਸ ਵਿੱਚ ਮਰਹੂਮ ਸ਼ਾਇਰ ਨਿਰੰਜਨ ਨੂਰ ਦੀ 'ਹੜੱਪਾ ਤੋਂ ਹੀਰੋਸ਼ੀਮਾ' ਜ਼ਿਕਰਯੋਗ ਹੈ। ਇਸੇ ਹੀ ਸਿਲਸਿਲੇ ਵਿੱਚ ਅਵਤਾਰ ਜੰਡਿਆਲਵੀ, ਜਗਤਾਰ ਢਾਅ ਆਦਿ ਦੇ ਨਾਂਅ ਵੀ ਲਏ ਜਾ ਸਕਦੇ ਹਨ ਪਰ ਗੁਰਮੀਤ ਨੇ ਇਸ 'ਯਾਰਾਂਦਰੀ' ਵਿੱਚ ਲੱਗਦਾ ਹੈ ਪ੍ਰੇਰਨਾ ਮੌਜੂਦਾ ਕਿਸਾਨੀ ਘੋਲ ਤੋਂ ਲਈ ਹੈ ਅਤੇ ਪਿਛਲਝਾਤ ਰਾਹੀਂ ਗਲੋਬਲੀ ਚੇਤਨਾ, ਭਾਰਤੀ ਸੰਸਕ੍ਰਿਤੀ, ਇਤਿਹਾਸ/ਮਿਥਿਹਾਸ ਰਾਹੀਂ ਆਪਣੀ ਕਾਵਿ ਕਥਾ ਉਸਾਰੀ ਹੈ। ਉਹ ਅੰਬਰਾਂ ਦੇ ਗੀਤ ਨੂੰ ਜੀਵਨ ਦਾ ਆਧਾਰ ਮੰਨ ਕੇ ਆਪਣੀ ਗੱਲ ਆਰੰਭ ਕਰਦਾ ਹੈ ਅਤੇ ਭਾਰਤੀ ਇਤਿਹਾਸ/ਮਿਥਿਹਾਸ ਨੂੰ ਆਪਣੀ ਗੱਲ ਕਹਿਣ ਦਾ ਮਾਧਿਅਮ ਬਣਾਉਂਦਾ ਹੈ। ਉਹ ਆਕਾਸ਼ ਗੰਗਾ, ਬ੍ਰਹਿਮੰਡ, ਦੁਧੀਆ ਰਾਹ, ਧਰਤੀ ਦਾ ਹੋਂਦ ਵਿੱਚ ਆਉਣਾ, ਜਲ ਜੀਵਾਂ ਦੀ ਹੋਂਦ, ਡਾਰਵਿਨ ਦਾ ਵਿਕਾਸਵਾਦੀ ਸਿਧਾਂਤ ਦਾ ਸੰਕੇਤਕ ਜ਼ਿਕਰ ਕਰਦਾ-ਕਰਦਾ ਕਿਤੇ ਵੀ ਕਾਵਿਕਤਾ ਦਾ ਪੱਲਾ ਨਹੀਂ ਛੱਡਦਾ। ਪੱਥਰ ਯੁੱਗ ਤੋਂ ਤਾਂਬਾ ਯੁੱਗ, ਹੜੱਪਾ ਦੀ ਸੱਭਿਅਤਾ, ਕਬੀਲਾ ਸੱਭਿਆਚਾਰ ਆਦਿ ਦਾ ਜ਼ਿਕਰ ਕਰਦਾ-ਕਰਦਾ ਬਾਂਦਰ ਤੇ ਬੁੱਢੇ ਦੇ ਨਾਰੀਅਲ ਦੀ ਕਥਾ ਰਾਹੀਂ ਮਨੁੱਖ ਦੇ ਆਪਣੇ-ਆਪ ਨੂੰ ਸ਼ਕਤੀਸ਼ਾਲੀ ਅਤੇ ਦੂਜਿਆਂ ਤੋਂ ਚਲਾਕ ਅਤੇ ਬੁੱਧੀਮਾਨ ਸਮਝਣ ਦੀ ਦੌੜ ਵਿੱਚ ਸ਼ਾਮਲ ਹੋਣ ਤੱਕ ਦਾ ਜ਼ਿਕਰ ਕਰਦਾ ਹੈ।

**- ਮੁੱਖ ਬੰਦ 'ਚੋਂ**

# ਸੁਰਜੀਤ ਦੀ ਕਾਵਿ-ਸਿਰਜਣਾ ਦੇ ਸੱਜਰੇ ਨਕਸ਼

**ਤੇਰੀ ਰੰਗਸ਼ਾਲਾ**
**ਸੁਰਜੀਤ**
**ਪੰਨੇ-164, ਕੀਮਤ-300 ਰੁਪਏ**
**ਸ਼ਬਦ ਲੋਕ, ਲੁਧਿਆਣਾ**

ਸੁਰਜੀਤ ਬਰੈਂਪਟਨ (ਕੈਨੇਡਾ) ਵਿੱਚ ਵਸਦੀ ਪ੍ਰੌਢ ਕਵਿੱਤਰੀ ਹੈ। 'ਤੇਰੀ ਰੰਗਸ਼ਾਲਾ' ਉਸ ਦੀ ਨਵੀਂ ਕਾਵਿ-ਪੁਸਤਕ ਹੈ। ਇਸ ਤੋਂ ਪਹਿਲਾਂ ਉਸ ਦੇ ਤਿੰਨ ਕਾਵਿ-ਸੰਗ੍ਰਹਿ ਸ਼ਿਸਕਤ ਰੰਗ, ਹੇ ਸਖੀ ਤੇ ਵਿਸਮਾਦ ਛਪ ਚੁੱਕੇ ਹਨ। ਇੱਕ ਕਹਾਣੀਆਂ ਦੀ ਕਿਤਾਬ 'ਪਾਰਲੇ ਪੁਲ' ਵੀ ਛਪੀ ਹੈ। ਕਹਾਣੀਆਂ ਦੀ ਕਿਤਾਬ ਦਾ ਜ਼ਿਕਰ ਵੀ ਹੋਇਆ ਹੈ। ਕੁਝ ਕਿਤਾਬਾਂ ਦੀ ਸੰਪਾਦਨਾ ਵੀ ਕੀਤੀ ਹੈ। ਇੱਕ ਅਲੋਚਨਾ ਦੀ ਕਿਤਾਬ 'ਪਰਵਾਸੀ ਪੰਜਾਬੀ ਸਾਹਿਤ-ਸ਼ਬਦ ਅਤੇ ਸੰਵਾਦ' ਵੀ ਪ੍ਰਕਾਸ਼ਤ ਹੋਈ ਹੈ, ਪਰ ਕਵਿਤਾ ਹਰ ਪਲ ਉਸ ਦੇ ਅੰਗ-ਸੰਗ ਰਹਿਣ ਵਾਲੀ ਵਿਧਾ ਹੈ:

ਮੇਰੇ ਅੰਦਰ ਰੋਜ਼ ਨਜ਼ਮਾਂ ਜਨਮ ਲੈਂਦੀਆਂ ਹਨ
ਮੈਂ ਉਹਨਾਂ ਸੰਗ ਸੰਵਾਦ ਰਚਾਉਣਾ ਹੈ
ਰੋਜ਼ ਮੇਰੇ ਵਿਹੜੇ
ਸ਼ਬਦਾਂ ਦੀ ਕਿਣਮਿਣ ਹੁੰਦੀ ਹੈ

ਸੁਰਜੀਤ ਵਰ੍ਹਿਆਂ ਤੋਂ ਪਰਵਾਸ ਹੰਢਾ ਰਹੀ ਹੈ ਜਾਂ ਇੰਝ ਕਹਿਣਾ ਚਾਹੀਦਾ ਕਿ ਮਾਣ ਰਹੀ ਹੈ। ਅਰਸੇ ਤੋਂ ਇਥੇ ਵਸਦੇ ਪੰਜਾਬੀ ਭਾਈਚਾਰੇ ਨੇ ਆਪਣੇ ਅੰਦਰ ਵਸਦੇ ਪੰਜਾਬ ਨੂੰ ਵੀ ਸਾਂਭ ਰੱਖਿਆ ਹੈ ਤੇ ਇਥੋਂ ਦੀਆਂ ਕਦਰਾਂ-ਕੀਮਤਾਂ ਨੂੰ ਨੂੰ ਵੀ ਸਮਝ ਲਿਆ ਹੈ। ਇਥੋਂ ਦੀ ਤਰਜ਼ੇ-ਜ਼ਿੰਦਗੀ ਨੂੰ ਜਾਣਦਿਆਂ ਹੁਣ ਉਹ ਪਰਵਾਸ ਨੂੰ ਮਾਣ ਰਹੇ ਹਨ। ਉਨ੍ਹਾਂ ਕੋਲ ਹਰ ਤਰ੍ਹਾਂ ਦੀਆਂ ਸੁੱਖ-ਸਹੂਲਤਾਂ ਵੀ ਹਨ। ਅਜਿਹੇ 'ਚ ਸਾਹਿਤ ਨਾਲ ਜੁੜੇ ਲੋਕਾਂ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਉਨ੍ਹਾਂ ਦੀਆਂ ਲਿਖਤਾਂ 'ਚ ਇਥੋਂ ਦੀ ਜ਼ਿੰਦਗੀ ਦੀਆਂ ਗੁੱਝੀਆਂ ਪਰਤਾਂ ਸੂਖ਼ਮਤਾ ਨਾਲ ਪੇਸ਼ ਹੋਣ। ਸੁਰਜੀਤ ਆਪਣੀਆਂ ਕਵਿਤਾਵਾਂ ਵਿਚ ਇੱਥੋਂ ਦੀ ਸੰਸਕ੍ਰਿਤੀ ਨੂੰ ਫੜਨ ਵਿਚ ਕਾਫੀ ਹੱਦ ਤੱਕ ਕਾਮਯਾਬ ਹੋਈ ਹੈ। ਕਵਿਤਾ ਦੀ ਸਿਰਜਣਾ ਉਸ ਲਈ ਕੋਈ ਅਲੋਕਾਰੀ ਗੱਲ ਹੈ। ਕਿਹੜੇ ਜਜ਼ਬਾਤ ਨੇ ਜੋ ਕਵਿਤਾ ਬਣਦੇ ਨੇ? ਇਸ ਸਵਾਲ ਦਾ ਜਵਾਬ ਉਸ ਕੋਲ ਹੈ। ਉਹ ਕਵਿਤਾ ਨਾਲ ਆਪਣੇ ਰਿਸ਼ਤੇ ਬਾਰੇ ਵੀ ਕਿਸੇ ਦਵੰਦ ਦਾ ਸ਼ਿਕਾਰ ਨਹੀਂ:

ਬਥੇਰੇ ਬਲੈਕ ਹੋਲ ਨੇ ਬ੍ਰਹਿਮੰਡ 'ਚ
ਪਰ ਮੇਰੇ ਅੰਬਰੀਂ ਤਾਂ ਕੇਵਲ
ਅਕਾਸ਼ ਗੰਗਾਵਾਂ ਜਿਹੇ ਰਾਹ ਰੌਸ਼ਨ ਨੇ

ਸੁਰਜੀਤ ਆਪਣੀ ਕਵਿਤਾ ਵਿੱਚ ਕਾਦਰ ਨੂੰ ਮੁਖ਼ਾਤਬ ਹੁੰਦੀ ਹੈ। ਉਸ ਦੀ ਕਵਿਤਾ ਕਾਇਆ ਦੇ ਅਜਿਹੇ ਸਫ਼ਰ 'ਤੇ ਹੈ, ਜਿੱਥੇ ਚੇਤਨਾ ਦੂਰ ਨਿਕਲ ਗਈ ਹੈ। ਦਾਰਸ਼ਨਿਕਤਾ ਉਸ ਦੀ ਕਵਿਤਾ ਦਾ ਹਾਸਲ ਹੈ। ਗਹਿਰੇ ਵਿਚਾਰ ਉਸ ਦੀ ਕਵਿਤਾ ਨੂੰ ਭਾਵਪੂਰਤ ਬਣਾਉਂਦੇ ਹਨ। ਉਸ ਦੀ ਖੁੱਲ੍ਹੀ ਕਵਿਤਾ ਅੰਦਰ ਕੁਦਰਤ ਦੀ ਲੈਆਤਮਿਕਤਾ ਵਿਦਮਾਨ ਹੈ। ਉਹ ਦ੍ਰਿਸ਼ ਚਿਤਰਣ ਦੀ ਮਾਹਰ ਹੈ। ਕੁਦਰਤ ਨਾਲ ਉਸ ਦਾ ਸੰਵਾਦ ਉਸ ਦੀ ਸਿਰਜਣਾ ਦੇ ਨਕਸ਼ ਸਾਕਾਰ ਕਰਦਾ ਹੈ :

ਮੈਨੂੰ ਕਵਿਤਾ ਦੀ ਆਵਾਰਗੀ ਚੰਗੀ ਲੱਗਦੀ ਹੈ
ਕਿਵੇਂ ਨਾਪਾਂ, ਤੋਲਾਂ ਕਵਿਤਾ ਨੂੰ
ਕਵਿਤਾ ਵੀ ਤਾਂ ਹੁੰਦੀ ਏ
ਕੁਦਰਤ ਵਰਗੀ ਖੁੱਲ੍ਹੀ ਤੇ ਖ਼ੂਬਸੂਰਤ
ਤੇ ਹੋਰ ਕਿ
ਕਵਿਤਾ ਵੀ ਨਖ਼ਰੇਲੋ ਨਾਰ ਜਿਹੀ ਹੁੰਦੀ

ਵਰਚੁਅਲ ਵਰਲਡ, ਜਿਸ ਵਿੱਚ ਅਸੀਂ ਰਹਿ ਰਹੇ ਹਾਂ, ਸਾਡੇ ਅਤੀਤ ਦੇ ਹਾਣ ਦਾ ਨਹੀਂ। ਸਾਡੀਆਂ ਸੋਚਾਂ ਦੇ ਹਾਣ ਦਾ ਵੀ ਨਹੀਂ। ਸਾਡੀਆਂ ਕਵਿਤਾਵਾਂ ਵਿਚਲਾ ਲੋਕਧਾਰਾਈ ਰੰਗ ਵੀ ਫਿਕਾ ਪੈ ਰਿਹਾ ਹੈ। ਭੁੰਜੇ ਬਹਿ ਕੇ ਗੱਪ-ਸ਼ੱਪ ਮਾਰਨ ਦੇ ਅਨੰਦ ਦਾ ਅਹਿਸਾਸ ਹੁਣ ਸਾਨੂੰ ਕਵਿਤਾਵਾਂ ਦੀ ਸਿਰਜਣਾ ਵਿਚੋਂ ਲੱਭਣਾ ਪੈਂਦਾ ਹੈ। ਸੁਰਜੀਤ ਇਸ ਅਹਿਸਾਸ ਨੂੰ ਬੜੀ ਸ਼ਿੱਦਤ ਨਾਲ ਮਹਿਸੂਸ ਕਰਦੀ ਹੈ। ਸੁਰਜੀਤ ਦੀ ਦ੍ਰਿਸ਼ਟੀ ਦਾ ਦਾਇਰਾ ਅੰਤਰਰਾਸ਼ਟਰੀ ਹੈ। ਦੁਨੀਆ ਵਿੱਚ ਜਿੱਥੇ ਵੀ ਕੁਝ ਬੇਤਰਤੀਬਾ ਹੋ-ਵਾਪਰ ਰਿਹਾ ਹੈ, ਉਸ ਨੂੰ ਪ੍ਰੇਸ਼ਾਨ ਕਰਦਾ ਹੈ, ਉਸ ਦੀ ਰੂਹ ਨੂੰ ਝੰਜੋੜਦਾ ਹੈ। ਇਹ ਦ੍ਰਿਸ਼ਟੀ ਉਸ ਦੀਆਂ ਕਹਾਣੀਆਂ ਵਿੱਚ ਵੀ ਪੜ੍ਹਨ ਨੂੰ ਮਿਲੀ ਸੀ।

ਭਾਸ਼ਾ ਦੇ ਨਾਲ ਸੁਰਜੀਤ ਕੋਲ ਵਿਚਾਰ ਵੀ ਹਨ, ਬਹੁਤ ਗਹਿਰੇ ਵਿਚਾਰ, ਜ਼ਿੰਦਗੀ ਦੇ ਹੰਢਾਏ ਪਲਾਂ ਵਰਗੇ ਵਿਚਾਰ, ਜਿਨ੍ਹਾਂ ਨੂੰ ਪੇਸ਼ ਕਰਦਿਆਂ ਉਹ ਸ਼ਬਦਾਂ ਦਾ ਤਲਿਸਮ ਪੈਦਾ ਕਰਦੀ ਹੈ। ਪਾਠਕ ਉਸ ਤਲਿਸਮ ਕੋਲ ਰੁਕ ਜਾਂਦਾ ਹੈ, ਸਤਰਾਂ ਨੂੰ ਦੁਬਾਰਾ ਪੜ੍ਹਦਾ ਹੈ, ਵਿਚਾਰ ਨੂੰ ਆਪਣੇ ਅੰਦਰ ਜਜ਼ਬ ਕਰਦਾ ਹੈ ਤੇ ਫਿਰ ਅਗਾਂਹ ਤੁਰਦਾ ਹੈ। ਇਸ ਤਲਿਸਮ 'ਚ ਕੁਦਰਤ 'ਚੋਂ ਲਏ ਬਿੰਬਾਂ, ਪ੍ਰਤੀਕਾਂ ਦੀ ਬਹੁਤ ਵੱਡੀ ਭੂਮਿਕਾ ਹੈ। ਇਹ ਬਿੰਬ ਉਸ ਦੀ ਕਵਿਤਾ ਨੂੰ ਸਹਿਜ ਦਿੰਦੇ ਹਨ, ਠਰ੍ਹੰਮਾ ਦਿੰਦੇ ਹਨ ਅਤੇ ਗਹਿਰਾਈ ਵੀ ਦਿੰਦੇ ਹਨ। ਉਹ ਆਪਣੇ ਵਿਚਾਰਾਂ ਨੂੰ ਪਾਠਕ ਉਪਰ ਠੋਸਦੀ ਨਹੀਂ, ਬਲਕਿ ਉਹ ਆਪਣੇ ਵਿਚਾਰਾਂ ਨੂੰ ਰੱਦ ਕਰਨ ਦੀ ਸਮਰੱਥਾ ਵੀ ਰੱਖਦੀ ਹੈ।

ਸੁਰਜੀਤ ਦੀ ਕਵਿਤਾ ਜੀਵਨ ਅਨੁਭਵ ਦੀ ਕਵਿਤਾ ਹੈ। ਭਾਰਤ ਦੀ ਜਨਮੀ ਸੁਰਜੀਤ ਨੇ ਮਲੇਸ਼ੀਆ, ਅਮਰੀਕਾ ਤੇ ਫਿਰ ਕੈਨੇਡਾ ਦਾ ਭ੍ਰਮਣ ਕਰਦਿਆਂ ਗਲੋਬਲੀ ਅਨੁਭਵ ਗ੍ਰਹਿਣ ਕੀਤਾ ਹੈ। ਵੱਖ-ਵੱਖ ਕੌਮਾਂ ਦੇ ਕਲਚਰ ਨੂੰ ਨੇੜਿਓਂ ਵੇਖਿਆ ਤੇ

**ਮਲਵਿੰਦਰ**

ਮਹਿਸੂਸ ਕੀਤਾ ਹੈ। ਇਹ ਤਜਰਬੇ ਉਸ ਦੀ ਸਿਰਜਣਾ ਦੇ ਹਾਸਲ ਬਣਦੇ ਹਨ। ਕਈ ਤਲਖ਼-ਹਕੀਕਤਾਂ ਨਾਲ ਵਾਹ ਪੈਂਦਾ ਹੈ। ਸੁਪਨੇ ਟੁੱਟਦੇ ਹਨ, ਭਰਮ ਮਿਟਦੇ ਹਨ। ਵਿਕਸਤ ਸਭਿਅਤਾ ਦੀਆਂ ਕਬਰਾਂ ਵਿੱਚ ਪਏ ਹਵਸ ਅਤੇ ਦਰਿੰਦਗੀ ਦੇ ਪਿੰਜਰ ਨੰਗੇ ਹੁੰਦੇ ਹਨ। ਕਾਵਿਕ ਮਨ ਪੀੜ ਨਾਲ ਭਰ ਜਾਂਦਾ ਹੈ। ਲਹੂ-ਭਿੱਜਾ ਦਸਤਾਵੇਜ਼, ਤਵਾਰੀਖ਼ ਤੋਂ ਭੱਜਿਆ ਆਦਮੀ, ਸਟੂਡੈਂਟ ਵਿਚਾਰੀ ਕੀ ਕਰੇ, ਪਰ ਇੰਝ ਹੋਇਆ..., ਸਟੌਪ ਹੇਟ ਕਰਾਈਮ, ਆਦਮ ਤੇ ਹਵਾ ਦਾ ਸੰਵਾਦ, ਮੇਰੇ ਸ਼ਹਿਰ ਦੇ ਲੋਕ ਅਤੇ ਮਸਨੂਈ ਦੁਨੀਆ ਵਰਗੀਆਂ ਕਵਿਤਾਵਾਂ ਹੋਂਦ ਵਿੱਚ ਆਉਂਦੀਆਂ ਹਨ:

ਇਨ੍ਹਾਂ ਦੋਸਤਾਂ ਦੇ ਮੁੱਖ ਸੁੰਦਰ, ਕਿਰਦਾਰ ਧੁੰਦਲੇ
ਪਰ ਫਿਰ ਵੀ ਇਹ ਮਸਨੂਈ ਸੰਸਾਰ ਸੱਚਾ ਲੱਗਦੈ
ਅੱਜ ਕੱਲ੍ਹ ਬਹੁਤਾ ਸਮਾਂ
ਇਸ ਪਰਵਾਰ ਦੇ ਹੁੰਗਾਰੇ ਭਰਦਿਆਂ ਲੰਘਦੈ

ਸੁਰਜੀਤ ਦੀ ਕਵਿਤਾ ਸਹਿਜ-ਸੁਭਾ ਹੀ ਦ੍ਰਿਸ਼ ਚਿਤਰਣ ਕਰਦੀ ਹੈ। ਕਵਿਤਾ ਪੜ੍ਹਦਿਆਂ ਇੰਝ ਲੱਗਦਾ, ਜਿਵੇਂ ਕਵਿਤਰੀ ਉਸ ਜਗ੍ਹਾ 'ਤੇ ਹਾਜ਼ਰ ਆਪਣੇ ਅੰਤਰੀਵ ਨਾਲ ਸੰਵਾਦ ਰਚਾਉਂਦੀ ਸਿਰਜਣਾ 'ਚ ਲੀਨ ਹੋਵੇ। ਮੇਰੀ ਕਾਇਨਾਤ, ਸੰਮੋਹਿਤ, ਤਸਵੀਰ, ਵਿਛੜੇ ਘਰ, ਨੰਨ੍ਹਾ ਜਾਦੂਗਰ, ਹਰਲੀਨ ਸੋਨਾ ਆਦਿ ਕਈ ਕਵਿਤਾਵਾਂ ਵਿੱਚ ਇਹ ਦ੍ਰਿਸ਼ ਸਾਕਾਰ ਹੋਏ ਵੇਖ ਸਕਦੇ ਹਾਂ:

ਕੱਲ੍ਹ ਰਾਤ ਤੱਕਦੀ ਰਹੀ ਨੀਲੇ ਅੰਬਰ ਵੱਲ
ਤਾਰਿਆਂ ਦੇ ਛਾਬੇ ਭਰ-ਭਰ
ਛਿੜਕੀ ਜਾਵੇ ਜਿਵੇਂ ਕੋਈ ਮੁਟਿਆਰ
ਮੁਕੈਸ਼ ਵਾਲੀ ਚੁੰਨੀ ਲਈ
ਕਾਇਨਾਤ ਜਿਉਂ ਨੱਚਦੀ ਹੋਈ
ਵਿਸਮਾਦਿਤ ਹੋਈ ਜਾਵਾਂ ਤੱਕ-ਤੱਕ

ਕੋਰੋਨਾ ਕਾਲ ਅਤੇ ਕਿਸਾਨੀ ਸੰਘਰਸ਼ ਨੇ ਸੰਵੇਦਨਸ਼ੀਲ ਮਨਾਂ ਨੂੰ ਟੁੰਬਿਆ ਹੈ। ਦੋਵਾਂ ਵਰਤਾਰਿਆਂ ਉਪਰ ਬਹੁਤ ਸਾਰੀ ਕਵਿਤਾ ਰਚੀ ਗਈ ਹੈ। ਵੈਂਟੀਲੇਟਰਾਂ 'ਤੇ ਜਿਉਂਦੀ ਸਦੀ ਕੋਰੋਨਾ ਕਾਲ ਨੂੰ ਮੁਖ਼ਾਤਬ ਕਵਿਤਾਵਾਂ ਹਨ। ਇਸ ਕਾਲ ਨੇ ਸਮੁੱਚੀ ਦੁਨੀਆ ਨੂੰ ਹਿਲਾ ਕੇ ਰੱਖ ਦਿੱਤਾ ਹੈ। ਗਤੀਹੀਣ ਹੋ ਗਈ ਸੀ ਜ਼ਿੰਦਗੀ। ਇਸ ਭੈਅ-ਯੁੱਗ ਲਈ ਕੁਦਰਤ ਨਾਲ ਖਿਲਵਾੜ ਕਰਦਾ ਮਨੁੱਖ ਹੀ ਜ਼ਿੰਮੇਵਾਰ ਹੈ:

ਵੈਂਟੀਲੇਟਰਾਂ 'ਤੇ ਜੀਅ ਰਹੀ ਇਹ ਸਦੀ
ਜੀਅ ਰਹੀ ਮੋਹ ਵਿਹੂਣੀ ਕਿ ਮਰ ਰਹੀ
ਕੁਦਰਤ ਦਾ ਆਪਣਾ ਨਿਜ਼ਾਮ ਹੁੰਦਾ
ਜੋ ਬੀਜਣਾ ਉਹ ਵੱਢਣਾ ਹੁੰਦਾ

ਕਿਸਾਨੀ ਕਾਵਿ ਵਿਚਲੀਆਂ ਕਵਿਤਾਵਾਂ ਸਮਿਆਂ ਤੋਂ ਪਾਰ ਦਾ ਕਾਵਿ ਹੈ। ਇਨ੍ਹਾਂ ਕਵਿਤਾਵਾਂ ਨੇ ਕਿਸਾਨੀ ਸੰਘਰਸ਼ ਤੋਂ ਬਾਅਦ ਵੀ ਜਿਉਂਦੀਆਂ ਰਹਿਣਾ ਹੈ ਅਤੇ ਭਵਿੱਖ ਵਿੱਚ ਹੋਣੇ ਸੰਘਰਸ਼ਾਂ ਦੀ ਗੱਲ ਵੀ ਕਰਨੀ ਹੈ। ਲਹਿਰਾਂ ਬਹੁਤ ਸਾਰੀ ਕਵਿਤਾ ਨੂੰ ਜਨਮ ਦਿੰਦੀਆਂ ਹਨ। ਜਿਉਂਦੀਆਂ ਉਹ ਹੀ ਰਹਿੰਦੀਆਂ ਹਨ, ਜਿਨਾਂ ਵਿੱਚ ਕਵਿਤਾ ਹੋਵੇ :

ਬੰਦੂਕਧਾਰੀਆਂ ਨੇ ਬੰਦੂਕਾਂ ਕੱਸੀਆਂ ਹੋਈਆਂ
ਨਾਲੇ ਛਾਤੀਆਂ 'ਤੇ ਢਾਲਾਂ ਰੱਖੀਆਂ ਹੋਈਆਂ
ਵੇਖ ਬੱਚਾ ਸਹਿਮਿਆ, 'ਮਾਂ ਇਹ ਸਾਨੂੰ ਮਾਰ ਦੇਣਗੇ?'
ਮਾਂ ਨੇ ਮੁੜ ਕੇ ਵੇਖਿਆ ਪਿੱਛੇ ਆਉਂਦੇ ਸੈਲਾਬ ਵੱਲ
ਤੇ ਸਰਸਰੀ ਜਿਹੀ ਨਜ਼ਰ ਮਾਰੀ ਖ਼ੂੰਖਾਰ ਧਾੜ ਵੱਲ
ਜ਼ੋਰ ਦੇ ਕੇ ਬੋਲੀ ਪੂਰੇ ਤਾਣ ਨਾਲ, 'ਨਹੀਂ ਪੁੱਤਰ
ਇਹ ਸਾਡਾ ਕੁਝ ਨਹੀਂ ਵਿਗਾੜ ਸਕਣਗੇ।'

ਸੁਰਜੀਤ ਦੀ ਕਵਿਤਾ ਵਿੱਚ ਰੁਮਾਂਸ ਨਹੀਂ ਹੈ। ਸੰਕਟਾਂ ਦੇ ਇਨ੍ਹਾਂ ਸਮਿਆਂ ਅੰਦਰ ਰੁਮਾਂਸ ਅਨੰਦਦਾਇਕ ਨਹੀਂ ਰਿਹਾ। ਪਰ ਸੁਰਜੀਤ ਦੀਆਂ ਇਨ੍ਹਾਂ ਕਵਿਤਾਵਾਂ ਅੰਦਰ ਹੋਰ ਬਹੁਤ ਕੁਝ ਹੈ, ਜਿਸ ਦੀ ਨਿਸ਼ਾਨਦੇਹੀ ਪਾਠਕ ਨੇ ਕਰਨੀ ਹੈ। ਸਮਾਜ ਜਿਨ੍ਹਾਂ ਚੁਣੌਤੀਆਂ ਅਤੇ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਹੈ, ਸੁਰਜੀਤ ਦੀ ਕਵਿਤਾ ਉਨ੍ਹਾਂ ਵੇਲਿਆਂ ਨੂੰ ਮੁਖ਼ਾਤਬ ਹੈ। ਸਮਿਆਂ ਦੇ ਹਾਣ ਦੀ ਇਸ ਸ਼ਾਇਰੀ ਦਾ ਸਵਾਗਤ ਕਰਨਾ ਬਣਦਾ ਹੈ।

*—ਸੰਪਰਕ 97795-91344*



# ਪੁਸਤਕ ਰੀਵਿਊ



## ਪਾਪ ਦੀ ਪੰਡ

(ਨਾਵਲ)
**ਭੁਪਿੰਦਰ ਸਿੰਘ ਰੈਲਾ**
**ਮੁੱਲ : 200 ਰੁਪਏ, ਪੰਨੇ : ਪੇਪਰ ਬੈਕ : 112**
**ਆਜ਼ਾਦ ਬੁੱਕ ਡੀਪੂ, ਅੰਮ੍ਰਿਤਸਰ**

ਜੰਮੂ-ਕਸ਼ਮੀਰ ਦਾ ਪੰਜਾਬੀ ਨਾਵਲਕਾਰ ਤੇ ਨਾਟਕਕਾਰ 1970-1971 ਤੋਂ ਵਧੇਰੇ ਨਾਵਲ ਤੇ ਨਾਟਕ ਲਿਖਣ ਦਾ ਆਪਣਾ ਸ਼ੌਕ ਪੂਰਾ ਕਰ ਰਿਹਾ ਹੈ। ਉਸ ਨੇ ਹੁਣ ਤੱਕ ਸੱਤ ਨਾਵਲ ਅਤੇ ਦੋ ਨਾਟਕ ਲਿਖੇ ਹਨ। 'ਪਾਪ ਦੀ ਪੰਡ' ਉਸ ਦਾ ਅੱਠਵਾਂ ਨਾਵਲ ਹੈ। ਇੰਜ ਆਪ ਦੀ ਸਾਹਿਤਕ ਪ੍ਰਕਿਰਿਆ ਪਿਛਲੇ 48 ਸਾਲ ਤੋਂ ਆਰੰਭ ਹੋ ਕੇ ਹੁਣ ਤੱਕ ਜਾਰੀ ਹੈ। ਆਪ ਦੀਆਂ ਵਧੇਰੇ ਰਚਨਾਵਾਂ ਵਿੱਚ ਪਿੰਡਾਂ ਦੇ ਲੋਕਾਂ ਦੀਆਂ ਆਰਥਿਕ, ਸੱਭਿਆਚਾਰਕ ਸਮੱਸਿਆਵਾਂ ਦਾ ਜ਼ਿਕਰ ਹੁੰਦਾ ਹੈ।

ਭੂਮਿਕਾ ਲੇਖਕ ਡਾ. ਸੰਦੀਪ ਸਿੰਘ ਮੁੰਡੇ ਨੇ ਆਪਣੇ ਨਾਵਲਾਂ ਵਿੱਚ ਵਿਸ਼ੇ-ਵਸਤੂ ਦਾ ਜ਼ਿਕਰ ਕਰਦਿਆਂ ਲਿਖਿਆ ਹੈ ਕਿ ਆਪ ਦੇ ਨਾਵਲ ਦੇ ਵਧੇਰੇ ਵਿਸ਼ੇ ਮਾਨਵ-ਹਿਤੈਸ਼ੀ, ਕਦਰਾਂ-ਕੀਮਤਾਂ ਦਾ ਸਮੱਰਥਨ ਕਰਦਾ ਹੋਇਆ ਨੈਤਿਕ ਗਿਰਾਵਟ ਅਤੇ ਸਮਾਜ 'ਚ ਫੈਲੀਆਂ ਹੋਈਆਂ ਕੁਰੀਤੀਆਂ ਦੀ ਨਿਸ਼ਾਨਦੇਹੀ ਕੀਤੀ ਹੁੰਦੀ ਹੈ। ਪੇਂਡੂ ਸਮੱਸਿਆ ਪੇਸ਼ ਕਰ, ਉਹਨਾਂ ਨੂੰ ਹੱਲ ਕਰਨ-ਕਰਾਉਣ ਦੇ ਇਲਾਜ ਵੀ ਪੇਸ਼ ਕਰਦਾ ਹੈ।

ਹਥਲੇ ਨਾਵਲ ਦਾ ਵਿਸ਼ਾ-ਵਸਤੂ ਸਮਾਜਕ ਆਦਰਸ਼ਵਾਦੀ ਹੈ। ਅਜੇ ਵੀ ਸਾਡੇ ਸਮਾਜ ਵਿੱਚ ਔਰਤ ਨੂੰ ਮਰਦ ਦੇ ਮੁਕਾਬਲੇ ਅਜੋਕੇ ਸਮਾਜ ਵਿੱਚ ਉਹ ਸਥਾਨ ਪ੍ਰਾਪਤ ਨਹੀਂ ਹੋਇਆ, ਜੋ ਮਰਦ ਨੂੰ ਪ੍ਰਾਪਤ ਹੈ। ਅਜੇ ਵੀ ਔਰਤ ਸਥਿਤੀਆਂ-ਪ੍ਰਸਥਿਤੀਆਂ ਅਤੇ ਜਗੀਰੂ ਸੋਚ ਅਤੇ ਵਿਹਾਰ ਕਾਰਨ ਸੰਤਾਪ ਭੋਗਣ 'ਤੇ ਮਜਬੂਰ ਹੈ। ਇਸ ਨਾਵਲ ਵਿੱਚ ਵੀ ਅਜਿਹੀ ਔਰਤ ਦਾ ਚਰਿੱਤਰ ਪੇਸ਼ ਹੈ, ਜਿਸ ਨਾਲ ਉਸ ਦੇ ਘਰ ਪਰਵਾਰ ਵਿੱਚ ਹੁੰਦਾ ਹੈ। ਜਿਸ ਕਾਰਨ ਉਸ ਦੀ ਖੁਸ਼ਹਾਲ ਜ਼ਿੰਦਗੀ ਤਬਾਹੀ ਵੱਲ ਚਲੀ ਜਾਂਦੀ ਹੈ। ਨਾਵਲ ਦੀ ਪਾਤਰ ਪ੍ਰਕਾਸ਼ੋ ਹੈ, ਉਹ ਦੁਰਚਾਰ ਮਾਂ ਵਰਗੇ ਪਵਿੱਤਰ ਰਿਸ਼ਤੇ ਨੂੰ ਘ੍ਰਿਣਤ ਅਤੇ ਧ੍ਰਿਕਾਰ ਬਣਾ ਦਿੰਦੀ ਹੈ।

ਅਜੋਕਾ ਸਮਾਜ ਪਦਾਰਥਵਾਦੀ ਸਮੇਂ ਦਾ ਸ਼ਿਕਾਰ ਹੈ, ਜਿੱਥੇ ਛਿਣ- ਭੰਗਤਾ ਨੂੰ ਹਕੀਕੀ ਸੱਚ ਮੰਨ ਕੇ, ਨਿੱਜੀ ਲਾਲਸਾ ਕਾਰਨ ਅਮਾਨਵੀ ਰੁਚੀਆਂ ਦਾ ਸ਼ਿਕਾਰ ਬਣ ਗਈ ਹੈ। ਇਸ ਤਰ੍ਹਾਂ ਇਹ ਨਾਵਲ ਦਾ ਕਥਾਨਕ ਪਰਵਾਰਕ ਉਲਝਣਾਂ 'ਚ ਪੈਦਾ ਹੋਏ ਖਲਾਅ ਅਤੇ ਪੀੜ੍ਹੀਆਂ ਤੱਕ ਪੈਂਦੇ ਪ੍ਰਭਾਵ ਦੀ ਕਹਾਣੀ ਹੈ। ਨਾਵਲ ਦੀ ਕਹਾਣੀ ਵਿੱਚ ਕਹਾਣੀ ਰਸ ਹੈ। ਪਾਤਰ ਜਿਉਂਦੇ-ਜਾਗਦੇ ਹਨ। ਵਾਤਾਵਰਣ ਸਜੀਵ ਹੈ। ਪਾਠਕਾਂ ਦੀ ਰੁਚੀ, ਅੱਗੋਂ ਕੀ ਹੋਇਆ? ਜਾਨਣ-ਸਮਝਣ ਦੀ ਬਣੀ ਰਹਿੰਦੀ ਹੈ।

ਮਨੁੱਖੀ ਮਾਨਸਿਕਤਾ ਵਿੱਚ ਸ਼ੱਕ ਦਾ ਹੋਣਾ ਇੱਕ ਅਜਿਹਾ ਰੋਗ ਹੈ, ਲੱਗ ਜਾਵੇ ਤਾਂ ਜ਼ਿੰਦਗੀ ਨੂੰ ਅਰਥਹੀਣ ਬਣਾ ਕੇ ਆਪਣੇ ਰਿਸ਼ਤਿਆਂ ਨੂੰ ਘਾਤਕ ਸਾਬਤ ਹੁੰਦਾ ਹੈ। ਨਜਾਇਜ਼ ਸਰੀਰਕ ਸੰਬੰਧ ਅੰਤ ਤੱਕ ਰਹਿੰਦੇ ਹਨ। ਜ਼ਿੰਦਗੀ ਨੂੰ ਸ਼ੱਕ ਦੀ ਬੇਚੈਨੀ ਦੇ ਰੋਗ ਲਗਾ ਜਾਂਦੇ ਹਨ।

ਨਾਵਲ ਦਾ ਕਥਾਨਕ ਅਤੇ ਲਿਖਣ ਦਾ ਉਦੇਸ਼ ਨਸੀਅਤਾਂ ਦੇਣ ਦਾ ਉਦੇਸ਼, ਲੇਖਕ ਦੀ ਵਿਗਿਆਨਕ ਦ੍ਰਿਸ਼ਟੀ ਹੈ ਕਿ ਪਾਪ ਸਰੀਰ ਨਹੀਂ ਕਰਤਾ ਪਾਪ ਤੋ ਵਿਚਾਰ ਕਰਤੇ ਹੈਂ। ਨਾਵਲ ਪਠਨ-ਪਾਠਨ ਉੱਪਰ ਇੱਕ ਅਜਿਹੀ ਨਸੀਹਤ ਪ੍ਰਦਾਨ ਕਰਦਾ ਹੈ, ਜੋ ਹਰ ਇੱਕ ਲਈ ਲਾਭਦਾਇਕ ਹੈ।

**- ਡਾ. ਅਮਰ ਕੋਮਲ**

## ਲੋਕ ਨਾਇਕ ਕਵੀ

**ਪੀ ਆਰ ਹੀਰਾ ਸੰਧਵਾਂ**
**ਸੰਪੂਰਨ ਕਾਵਿ-ਰਚਨਾਵਲੀ**
**ਸੰਪਾਦਕ-ਗੁਰਮੀਤ ਕੱਲਰ ਮਾਜਰੀ**
**ਕੀਮਤ-200 ਰੁਪਏ, ਪੰਨੇ 176**

ਗੁਰਮੀਤ ਕੱਲਰ ਮਾਜਰੀ ਹੁਰਾਂ ਲੋਕ ਨਾਇਕ ਪੀ ਆਰ ਹੀਰਾ ਸੰਧਵਾਂ 'ਤੇ ਸੰਪੂਰਨ ਰਚਨਾਵਲੀ ਪੁਸਤਕ ਤਿਆਰ/ਸੰਪਾਦਿਤ ਕੀਤੀ ਹੈ। ਇਸ ਪੁਸਤਕ ਵਿੱਚ 60 ਕਵਿਤਾਵਾਂ ਹਨ। ਇਨ੍ਹਾਂ ਕਵਿਤਾਵਾਂ ਤੋਂ ਪਹਿਲਾਂ ਲੋਕ-ਕਵੀ ਦੇ ਜੀਵਨ 'ਤੇ ਝਾਤ ਮਾਰਨ ਦੇ ਨਾਲ-ਨਾਲ ਉਸ ਦੀਆਂ ਕਬਿਤ ਤੇ ਬੈਂਤ ਦੀਆਂ ਰਚਨਾਵਾਂ ਵੀ ਦਿੱਤੀਆਂ ਹਨ।

ਇਸ ਹੱਥਲੀ ਪੁਸਤਕ ਵਿੱਚ ਲੋਕ ਕਵੀ ਦੀਆਂ ਕੁਝ ਧਾਰਮਕ ਕਵਿਤਾਵਾਂ ਹਨ, ਕੁਝ ਸਮਾਜਕ ਤੇ ਰਾਜਨੀਤਕ ਕੁਰੀਤੀਆਂ ਦੀਆਂ ਕਵਿਤਾਵਾਂ ਹਨ। ਲੋਕ-ਕਵੀ ਨੇ ਗੁਰੂ ਨਾਨਕ, ਕਬੀਰ, ਮਹਾਂਰਿਸ਼ੀ ਬਾਲਮੀਕ, ਸੰਤ ਸਰਵਣ ਦਾਸ ਆਦਿ ਬਾਰੇ ਬਾਖ਼ੂਬੀ ਲਿਖਿਆ ਹੈ। ਉਹਨਾਂ ਦੀ ਬਾਣੀ ਦੀ ਰੱਜ ਕੇ ਉਪਮਾ ਕੀਤੀ ਹੈ। ਲੋਕ-ਕਵੀ ਪੀ ਆਰ ਹੀਰਾ ਨੂੰ ਬੈਂਤ, ਕਬਿੱਤ ਅਤੇ ਕਾਵਿ-ਕਲਾ ਦਾ ਬਹੁਤ ਗਿਆਨ ਹੈ। ਉਸ ਦੀ ਸਾਰੀ ਕਵਿਤਾ ਛੰਦ-ਬੰਦ ਵਿੱਚ ਹੈ। ਇਕ ਸੰਗੀਤਕ ਲੈਅ ਹੈ -

ਕੌਮਾਂ ਉਹ ਤਰੱਕੀ ਵੱਲ ਜਾਂਦੀਆਂ ਨੇ,
ਜਿਨ੍ਹਾਂ ਕੋਲ ਤਾਲੀਮ ਦੀ ਰਾਸ ਹੋਵੇ।
ਫਖਰ ਨਾਲ ਉਹੀ ਜਿਉਂਦੀਆਂ ਵਿੱਚ ਦੁਨੀਆ,
ਜਿਨ੍ਹਾਂ ਕੌਮਾਂ ਦਾ ਠੀਕ ਇਤਿਹਾਸ ਹੋਵੇ।

ਲੋਕ-ਕਵੀ ਨੇ ਸ਼ਹੀਦੇ-ਆਜ਼ਮ ਭਗਤ ਸਿੰਘ, ਮਾਂ, ਹਉਮੈਂ, ਅੰਮ੍ਰਿਤ, ਜਵਾਨੀ ਆਦਿ ਸਭ ਵਿਸ਼ਿਆਂ 'ਤੇ ਵਧੀਆ ਲਿਖਿਆ ਹੈ। ਸੰਪਾਦਕ ਇਸ ਕਿਤਾਬ ਨੂੰ ਛਪਵਾਉਣ ਲਈ ਵਧਾਈ ਦਾ ਪਾਤਰ ਹੈ।

**— ਗੁਰਮੀਤ ਸਿੰਘ ਸਰਾਂ**

## 'ਨਵਾਂ ਜ਼ਮਾਨਾ ਟੀ ਵੀ'
## 'ਸਿਰਜਣਾ ਦੇ ਅੰਗ-ਸੰਗ' 'ਚ ਤ੍ਰਿਪਤਾ ਕੇ. ਸਿੰਘ

**ਜਲੰਧਰ** : ਨਵਾਂ ਜ਼ਮਾਨਾ ਵੈੱਬ ਟੀ ਵੀ 'ਤੇ ਨਵਾਂ ਸਾਹਿਤਕ ਪ੍ਰੋਗਰਾਮ 'ਸਿਰਜਣਾ ਦੇ ਅੰਗ-ਸੰਗ' ਵਿੱਚ ਕਹਾਣੀਕਾਰ ਤ੍ਰਿਪਤਾ ਕੇ ਸਿੰਘ ਨਾਲ ਉਨ੍ਹਾ ਦੀ ਸਿਰਜਣਾ ਦੇ ਵੱਖ-ਵੱਖ ਪਾਸਾਰਾਂ ਬਾਰੇ ਗੱਲਬਾਤ ਕੀਤੀ ਗਈ ਹੈ। ਇਸ ਨਾਲ ਜੁੜਨ ਲਈ https://www.youtube.com/c/nawanzamanatv 'ਤੇ ਜਾਓ।

## 'ਕਿਸਾਨ ਕੂਚ' ਦਾ ਲੋਕ ਅਰਪਣ

**ਜਲੰਧਰ** : ਪ੍ਰਗਤੀਸ਼ੀਲ ਲੇਖਕ ਸੰਘ, ਪੰਜਾਬ ਵੱਲੋਂ ਅੱਜ ਪੰਜਾਬੀ ਦੇ ਗਜ਼ਲਗੋ ਅਤੇ ਸ਼੍ਰੋਮਣੀ ਪੰਜਾਬੀ ਕਵੀ ਪੋ. ਸੁਰਜੀਤ ਜੱਜ ਦੀ ਨਵੀਂ ਕਾਵਿ ਪੁਸਤਕ 'ਕਿਸਾਨ ਕੂਚ' ਫਗਵਾੜਾ ਵਿਖੇ ਰਿਲੀਜ਼ ਕੀਤੀ ਗਈ। ਇਹ ਕਾਵਿ ਕਿਤਾਬ ਕਿਸਾਨੀ ਅੰਦੋਲਨ ਦੀ ਸੰਘਰਸ਼ੀ ਗਾਥਾ ਹੈ, ਜੋ ਧਰਤੀ ਅਤੇ ਲੋਕਾਂ ਨਾਲ ਸਾਹਿਤ ਨਾਲ ਜੁੜੀ ਹੋਈ ਹੈ। ਪ੍ਰਗੀਤਕ ਸ਼ਾਇਰੀ ਦੀ ਇਹ ਪੁਸਤਕ ਸਮਕਾਲੀ ਪੰਜਾਬੀ ਕਵਿਤਾ ਵਿੱਚ ਮੁੜ ਤੋਂ ਲੋਕ ਸਰੋਕਾਰਾਂ ਨਾਲ ਜੁੜਦੀ ਹੋਈ ਪੰਜਾਬੀ ਕਵਿਤਾ ਨੂੰ ਨਵੀਂ ਦਿਸ਼ਾ ਪ੍ਰਦਾਨ ਕਰਦੀ ਹੈ। ਇਸ ਰਿਲੀਜ਼ ਸਮਾਰੋਹ ਦੀ ਪ੍ਰਧਾਨਗੀ ਸੀਨੀਅਰ ਪੱਤਰਕਾਰ, ਕਹਾਣੀਕਾਰ ਤੇ ਨਾਵਲਕਾਰ ਸ੍ਰੀ ਕੁਲਦੀਪ ਸਿੰਘ ਬੇਦੀ ਤੇ ਸੁਪ੍ਰਸਿੱਧ ਆਲੋਚਕ ਲਾਭ ਸਿੰਘ ਖੀਵਾ ਨੇ ਕੀਤੀ। ਅੱਜ ਦੇ ਇਸ ਰਿਲੀਜ਼ ਸਮਾਰੋਹ ਵਿੱਚ ਸ੍ਰੀ ਸੁਖਦੇਵ ਸਿਰਸਾ, ਡਾ. ਸਰਬਜੀਤ ਸਿੰਘ, ਜਸਪਾਲ ਮਾਨਖੇੜਾ, ਗੁਲਜ਼ਾਰ ਸਿੰਘ ਪੰਧੇਰ, ਭੁਪਿੰਦਰ ਕੌਰ, ਗੁਰਮੇਲ ਸਿੰਘ, ਭਗਵੰਤ ਰਸੂਲਪੁਰੀ, ਤਰਲੋਚਨ ਝਾਂਡੇ ਤੇ ਮੱਖਣ ਮਾਨ ਹਾਜ਼ਰ ਹੋਏ। ਸੁਖਦੇਵ ਸਿਰਸਾ ਨੇ ਇਸ ਕਿਤਾਬ 'ਤੇ ਬੋਲਦਿਆਂ ਕਿਹਾ ਕਿ 'ਕਿਸਾਨ ਗੂੰਜ' ਕਿਰਸਾਨੀ ਜਗਤ ਦਾ ਕਾਵਿਕ ਦਸਤਾਵੇਜ਼ ਹੈ।

ਡਾ. ਸਰਬਜੀਤ ਨੇ ਕਿਹਾ ਕਿ ਸੁਰਜੀਤ ਲੋਕ ਸੰਘਰਸ਼ਾਂ ਨੂੰ ਪ੍ਰਣਾਇਆ ਹੋਇਆ ਕਵੀ ਹੈ, ਏਸੇ ਲਈ ਉਹ ਪੰਜਾਬ ਦੇ ਸੱਭਿਆਚਾਰਕ ਮੁਹਾਵਰੇ ਵਿੱਚ ਗੱਲ ਕਰਦਾ ਹੈ। ਗੁਲਜ਼ਾਰ ਪੰਧੇਰ ਨੇ ਕਿਹਾ ਕਿ ਪ੍ਰਗੀਤਕ ਅੰਦਾਜ਼ ਵਾਲੀਆਂ ਇਹ ਕਵਿਤਾਵਾਂ ਸਾਨੂੰ ਸਮਾਜਿਕ ਸੱਭਿਆਚਾਰ ਨੂੰ ਮੁੜ ਸੋਚਣ ਲਈ ਮਜਬੂਰ ਕਰਦੀਆਂ ਹਨ। ਲਾਭ ਸਿੰਘ ਖੀਵਾ ਦਾ ਵਿਚਾਰ ਸੀ ਕਿ ਇਹ ਕਵਿਤਾਵਾਂ ਪੰਜਾਬ ਦੇ ਸੱਭਿਆਚਾਰ ਅਵਚੇਤਨ ਨੂੰ ਸੁਚੇਤ ਕਰਨ ਵਾਲੀਆਂ ਹਨ। ਕੁਲਦੀਪ ਬੇਦੀ ਦਾ ਇਹ ਮੱਤ ਸੀ ਇਹ ਕਵਿਤਾਵਾਂ ਸਹਿਜੇ ਹੀ ਪਾਠਕ ਨੂੰ ਆਪਣੇ ਨਾਲ ਤੋਰ ਲੈਂਦੀਆਂ ਹਨ।

**—ਭਗਵੰਤ ਰਸੂਲਪੁਰੀ**

# 'ਨਵੇਂ ਏਸ਼ੀਆ ਦਾ ਉਦੈ' ਰਾਹੀਂ ਕੈਨੇਡੀਅਨ ਨੂੰ ਯਾਦ ਕਰਦਿਆਂ

ਕੁਮਾਰੀ ਐਲਸਪਥ ਗਾਰਡਨਰ ਕੈਨੇਡਾ ਦੀ ਕਮਿਊਨਿਸਟ ਪਾਰਟੀ ਦੀ ਮੈਂਬਰ ਦਰਸ਼ਨ ਸਿੰਘ ਕਨੈਡੀਅਨ ਦੀ, ਪਿਛਲੀ ਸਦੀ ਦੇ ਅੱਧ ਵਿੱਚ, ਨੇੜਲੀ ਯੁੱਧ ਸਾਥੀ ਸੀ। ਉਸ ਮੁਤਾਬਿਕ ਕਾ. ਕੈਨੇਡੀਅਨ ਦੀ ਵੀਹਵੀਂ ਸਦੀ ਦੇ 40ਵਿਆਂ 'ਚ ਲਿਖੀ ਪੁਸਤਕ 'ਰਾਈਜ਼ ਆਫ ਦਾ ਨਿਊ ਏਸ਼ੀਆ' ਅਰਥਾਤ 'ਨਵੇਂ ਏਸ਼ੀਆ ਦਾ ਉਦੈ' ਅੱਜ ਵੀ ਮਹੱਤਵਪੂਰਨ ਹੈ ਹੱਥਲਾ ਲੇਖ ਕਰੀਬ-ਕਰੀਬ ਉਸੇ ਪੁਸਤਕ ਦੁਆਲਾ ਘੁੰਮਦਾ ਹੈ ਜਿਹੜੀ ਉਸ "ਆਜ਼ਾਦੀ" ਤੋਂ ਕੁੱਝ ਵਰ੍ਹੇ ਪਹਿਲਾਂ ਗਭਰੂਟ ਉਮਰੇ ਲਿਖੀ ਸੀ।

ਗਾਰਡਨਰ ਨੇ ਉਦੋਂ ਹੀ ਭਵਿੱਖਵਾਣੀ ਕਰ ਦਿੱਤੀ ਸੀ, "ਸਮਾਂ ਆਏਗਾ ਜਦ ਬਹੁਤ ਸਾਰੇ ਸਾਲਾਂ ਬਾਅਦ ਮਾਰਕਸਵਾਦ ਦੇ ਵਿਦਿਆਰਥੀ ਦਰਸ਼ਨ ਦੀ ਲਿਖਤ ਵਿੱਚੋਂ ਮਹੱਤਵਪੂਰਨ ਤੇ ਉੱਚਿਤ ਜਾਣਕਾਰੀ ਪ੍ਰਾਪਤ ਕਰਨਗੇ।" ਅੱਜ ਜਦੋਂ ਸੰਸਾਰ ਮੰਦਵਾੜੇ ਅਤੇ ਸਾਮਰਾਜੀ ਪ੍ਰਵਿਰਤੀਆਂ ਦੇ ਸੰਦਰਭ 'ਚ ਮਾਰਕਸਵਾਦ ਮੁੜ ਫਰੋਲਿਆ ਜਾ ਰਿਹਾ ਹੈ ਤਾਂ ਦਰਸ਼ਨ ਵਰਗੇ ਚਿੰਤਕਾ ਦੀਆਂ ਲਿਖਤਾਂ ਪੜ੍ਹਨਾ ਹੋਰ ਵੀ ਜਰੂਰੀ ਹੈ, ਖਾਸ ਕਰਕੇ ਉਦੋਂ ਜਦੋਂ ਸਮੁੱਚਾ ਸੰਸਾਰ ਪਿੰਡ ਬਣ ਰਿਹਾ ਹੈ।

ਬਕੌਲ ਐਲਸਪਥ ਗਾਰਡਨਰ; "ਦਰਸ਼ਨ ਬ੍ਰਿਟਿਸ਼ ਕੋਲੰਬੀਆ ਦੇ ਪੱਛਮੀ ਤੱਟ 'ਤੇ 1937 ਦੇ ਅਖੀਰ ਵਿੱਚ ਉਤਰਿਆ। ਉਦੋਂ ਉਹ ਵੀਹਾਂ ਕੁ ਦਾ ਸੀ।ਇਸ ਉਮਰੇ ਵੀ ਉਹ ਰਾਜਨੀਤਿਕ ਤੇ ਸਮਾਜਿਕ ਸੂਝ ਰੱਖਦਾ ਸੀ।" ਕਾਰਨ ਇਹ ਵੀ ਸੀ ਕਿ ਉਸਦਾ ਪਿੰਡ ਮੁਲਕ ਦੀ ਆਜ਼ਾਦੀ ਲਈ ਜੂਝ ਰਿਹਾ ਸੀ ਅਤੇ ਉੱਥੋਂ ਤੇ ਉਸ ਪਿੰਡ ਦੁਆਲੜੇ ਬਹੁਤ ਸਾਰੇ, ਮਜਬੂਰੀ ਵੱਸ, ਪਰਾਈਆ ਧਰਤੀਆਂ ਨੂੰ ਰੋਜ਼ੀ-ਰੋਟੀ ਲਈ ਗਏ ਹੋਏ ਸਨ।

ਉਸ ਮੁਤਬਿਕ,"ਮੈਂ ਦਰਸ਼ਨ ਨੂੰ 1938 ਦੇ ਅਖੀਰ ਵਿੱਚ ਮਿਲੀ ਜਦੋਂ ਅਸੀਂ ਦੋਵ੍ਹੇਂ ਬੀ.ਸੀ. ਯੂਨੀਵਰਸਿਟੀ ਵਿੱਚ ਪੜ੍ਹਦੇ ਅਤੇ ਯੰਗ ਕਮਿ: ਲੀਗ ਵਿੱਚ ਸ਼ਾਮਿਲ ਸਾਂ। ਉਸ ਸਮੇਂ ਇਨਕਲਾਬੀ ਵਿਸ਼ਿਆ 'ਤੇ ਬਹੁਤ ਸਾਰੇ ਸਟੱਡੀ ਗਰੁੱਪ,ਯੂਨੀਵਰਸਿਟੀ ਅਤੇ ਚੁਫੇਰੇ ਵਿਚਰ ਰਹੇ ਸਨ। ਉਹ ਮਾਰਕਸਵਾਦ ਦਾ ਜਗਿਆਸੂ ਵਿਦਿਆਰਥੀ ਸੀ।ਭਾਰਤ ਦੀ ਨਿਸਬਤਨ ਕੈਨੇਡਾ ਵਿੱਚ ਉਸ ਲਈ ਵਧੇਰੇ ਪੁਸਤਕਾਂ ਉਪਲੱਬਧ ਸਨ।ਇਸੇ ਲਈ ਉਸਨੇ,ਹਾਲਾਤ ਸੁਖਾਵੇਂ ਨਾ ਹੋਣ ਦੇ ਬਾਵਜੂਦ, ਆਪਣੀ ਪੜ੍ਹਾਈ ਜਾਰੀ ਰੱਖਣ ਦੀ ਸੋਚੀ।ਪਰ ਪੈਸੇ ਦੀ ਘਾਟ ਕਾਰਨ ਦਰਸ਼ਨ ਨੂੰ, ਮਜਬੂਰਨ, ਸਾਲ ਕੁ ਬਾਅਦ ਯੂਨੀਵਰਸਿਟੀ ਛੱਡਣੀ ਪਈ।ਕਾਰਨ; ਉਦੋਂ ਅਧਿਕਾਰੀਆਂ ਨੇ ਕਿਹਾ ਕਿ ਉਸ ਨੂੰ ਆਪਣੀ ਫੀਸ ਲਈ ਕਮਾਈ ਕਰਨ ਦਾ ਹੱਕ ਪ੍ਰਾਪਤ ਨਹੀਂ ਅਤੇ ਭਾਰਤ ਵਿੱਚੋਂ ਵਿੱਤੀ ਮਦਦ ਲਈ ਉਸ ਕੋਈ ਸਾਧਨ ਨਹੀਂ ਸਨ, ਉਹ ਤਾਂ ਗਰੀਬ ਕਿਸਾਨੀ ਦਾ ਪੁੱਤ ਸੀ।

ਐਨੇ ਥੋੜ੍ਹੇ ਸਮੇਂ ਵਿੱਚ ਜਿੰਨਾ ਮੈਂ ਉਸ ਨੂੰ ਜਾਣਿਆ, ਸਪੱਸ਼ਟ ਸੀ ਕਿ ਦਰਸ਼ਨ ਮਸਲਿਆਂ ਨੂੰ ਹਮੇਸ਼ਾ ਅੰਤਰ-ਰਾਸ਼ਟਰੀ ਦ੍ਰਿਸ਼ਟੀ ਤੋਂ ਵੇਖਦਾ ਸੀ। ਕਦੇ-ਕਦੇ ਉਹ ਭਾਰਤ ਮੁੜਨ ਦੀ ਇੱਛਾ ਜ਼ਾਹਿਰ ਕਰਦਾ,ਪਰ ਸਾਡਾ ਸੋਚਣਾ ਸੀ ਕਿ ਜਿੰਨਾ ਵਧੇਰੇ ਉਹ ਕੈਨੇਡਾ ਵਿੱਚ ਰਹੇਗਾ, ਇੱਥੇ ਕਰਨ ਨੂੰ ਬਹੁਤ ਕੁੱਝ ਸੀ, ਜਿਸ ਵਿੱਚ ਹਿੱਸਾ ਪਾਉਣ ਦੀ ਉਸ ਵਿੱਚ ਸਮੱਰਥਾ ਹੈ।ਉਸ ਦੀਆਂ ਬਾਅਦ ਵਾਲੀਆਂ ਗਤੀਵਿਧੀਆਂ ਸਾਡੀਆਂ ਧਾਰਨਾਵਾਂ ਦੀ ਪੁਸ਼ਟੀ ਕਰਦੀਆਂ ਹਨ।

ਦਰਸ਼ਨ ਇੱਕ ਉਰਜਾਵਾਨ ਪਾਠਕ ਸੀ। ਉਸਦਾ ਜ਼ਿਆਦਾ ਅਧਿਐਨ ਏਸ਼ੀਆਂ ਦੇ ਅਣਵਿਕਸਿਤ ਦੇਸ਼ਾਂ 'ਤੇ ਕੇਂਦਰਤ ਸੀ।ਸਿੱਟਾ;ਉਸ ਇੱਕ ਮਾਰਮਿਕ ਕਿਤਾਬ ਲਿਖੀ,'ਨਵੇਂ ਏਸ਼ੀਆਂ ਦੀ ਚੜ੍ਹਤ' ।ਆਪਣੀਆਂ ਲਿਖਤ ਦੀ ਤਿਆਰੀ ਲਈ ਉਸ ਨੇ ਲੰਮਾ-ਚੌੜਾ ਅਧਿਐਨ ਕੀਤਾ ਜਿਵੇਂ ਕਿ ਇਸ ਵਿੱਚ ਸ਼ਾਮਿਲ ਵੱਡੀ ਪੁਸਤਕ ਸੂਚੀ ਕਨਸੋਅ ਦਿੰਦੀ ਹੈ।ਇਹ ਉਸਦੀ ਕੈਨੇਡਾ ਵਿੱਚ ਠਹਿਰ ਦੇ ਆਖਰੀ ਦੋ ਸਾਲਾਂ ਦਰਮਿਆਨ ਲਿਖੀ ਗਈ ਸੀ, ਪਰ 1948 ਤੱਕ ਪ੍ਰਕਾਸ਼ਿਤ ਨਹੀਂ ਹੋਈ, ਪਿੱਛੋਂ ਉਹ ਆਪਣ ਲੋਕਾਂ ਖਾਤਿਰ ਭਾਰਤ ਵਾਪਿਸ ਚਲਾ ਗਿਆ। ਮਗਰੋਂ ਇਹ ਟੋਰਾਂਟੋ ਦੀ ਪ੍ਰੋਗ੍ਰੈਸ ਪਬਲਿਸ਼ਿੰਗ ਦੁਆਰਾ ਪ੍ਰਕਾਸ਼ਿਤ ਹੋਈ ਜਿਹੜੀ ਕਿ ਕੈਨੇਡਾ ਦੇ ਡਾ.ਨਾਰਮਿਨ ਬੈਥੀਉਨ ਅਤੇ ਭਾਰਤ ਦੇ ਡਾ. ਦਵਾਰਕਾ ਨਾਥ ਕੋਟਨਿਸ ਨੂੰ ਸਮਰਪਿਤ ਸੀ ਜਿਹਨਾਂ ਚੀਨ ਦੇ ਲੋਕਾਂ ਦੀ ਸੇਵਾ ਕਰਦਿਆ ਜਾਨਾਂ ਵਾਰ ਦਿੱਤੀਆਂ ਸਨ ਉਦੋਂ ਜਦ ਚੀਨੀ ਲੋਕ ਜਪਾਨੀ ਸਾਮਰਾਜਵਾਦ ਵਿਰੁੱਧ ਜੂਝ ਰਹੇ ਸਨ।"

ਇਸ ਪੁਸਤਕ ਵਿੱਚ ਏਸ਼ੀਅਨ ਲੋਕਾਂ ਦੀਆਂ ਸਮੱਸਿਆਵਾਂ ਸਾਹਮਣੇ ਲਿਆਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਨ੍ਹਾਂ ਮੁਲਕਾਂ ਦੀ ਵੱਡੀ ਸਮੱਸਿਆ ਸਾਮਰਾਜੀ ਨੀਤੀਆਂ ਹਨ ਉਸ ਅਨੁਸਾਰ,"ਸਾਮਰਾਜਵਾਦ ਕਿਸੇ ਦੇਸ਼ ਵਲੋਂ ਅਪਣਾਈ ਨੀਤੀ ਨਹੀਂ,ਸਗੋਂ ਇੱਕ ਕਰੂਰ ਸਿਸਟਮ ਹੈ। ਸਾਮਰਾਜ ਆਪਣੇ ਸੁਭਾਅ ਅਨੁਸਾਰ ਬਹੁ-ਪਰਤੀ ਬਰਬਾਦੀ, ਫੁੱਟ ਅਤੇ ਹਿੰਸਾ ਫੈਲਾਉਂਦਾ ਹੈ।ਦਰ-ਹਕੀਕਤ;ਸਾਮਰਾਜਵਾਦ ਅਖੌਤੀ 'ਫਰੀ ਹੈਂਡ ਇੰਟਰਪ੍ਰਾਇਜ਼ ਸਿਸਟਮ' ਜਾਂ ਨਿੱਜੀ ਮਾਲਕੀ ਤਰੱਕੀ ਦਾ ਅੰਤਿਮ ਰੂਪ ਹੈ।" ਜਿਹੜੀ ਹਾਕਮ-ਜਮਾਤ ਆਪਣੇ ਦਲਾਲਾਂ ਰਾਹੀਂ ਸੱਭ ਕੁੱਝ, ਸਣੇ ਕੁਦਰਤ, ਸਮੇਟ ਲੈਣਾ ਚਾਹੁੰਦੀ ਹੈ। ਇਹ ਪੁਸਤਕ ਦੁਵਾਰਾ ਅਤੇ ਖਿੱਤਾ-ਭਾਸ਼ਾਵਾਂ 'ਚ ਛਪਣੀ ਚਾਹੀਦੀ ਹੈ। ਕੈਨੇਡੀਅਨ ਨੂੰ ਚਿਰ ਸਥਾਈ ਯਾਦ ਰੱਖਣ ਦਾ ਇੱਕ ਉੱਦਮ ਇਹ ਵੀ ਹੈ।

ਇਸ ਪੁਸਤਕ 'ਚ ਭਾਰਤ ਬਾਰੇ ਕਾਮਰੇਡ ਦਰਸ਼ਨ ਦੀ ਹਕੀਕਤ ਬਿਆਨੀ ਬਹੁਤ ਸਾਰੇ ਸਾਲਾਂ ਬਾਅਦ ਅਜੇ ਵੀ ਢੁੱਕਵੀਂ ਹੈ। ਉਸ ਲਿਖਿਆ ਸੀ,*"ਸਿਰਫ ਮਹਾਤਮਾਂ ਗਾਂਧੀ, ਜਾਂ ਕੋਈ ਹੋਰ ਵੱਧਵਾਂ, ਇੱਕੋ-ਇੱਕ ਭਾਰਤੀ ਨਹੀਂ ਹੈ। ਇੱਕ ਹੋਰ,ਦਰ-ਹਕੀਕਤ; ਬਹੁਤ ਸਾਰੇ, ਭਾਰਤੀ ਹੈ ਜਿਹੜਾ ਇਹਨਾਂ ਦੇ ਜਲੌਅ ਨੂੰ ਢੱਕ ਲੈਂਦਾ ਹੈ।ਇਹ ਆਦਮੀ ਭਾਰਤ ਦੇ ਖੇਤਾਂ ਅਤੇ ਕਾਰਖਾਨਿਆ ਵਿੱਚ ਦਿਨ-ਰਾਤ ਸਖ਼ਤ ਮੁਸ਼ੱਕਤ ਕਰਦਾ ਹੈ ਫਿਰ ਵੀ ਦੁਸ਼ਵਾਰੀਆਂ ਹੰਢਾ ਰਿਹਾ ਹੈ।ਉਹ ਲੱਖਾਂ ਵਿਅਕਤੀਆਂ ਨੂੰ ਰਜਾ ਰਿਹਾ ਹੈ ਪਰ ਆਪ ਅ-ਤ੍ਰਿਪਤ ਹੈ।ਉਹ ਲੱਖਾਂ ਥਾਨਾਂ ਦਾ ਉਤਪਾਦਨ ਕਰਦਾ ਹੈ,ਖੁਦ ਨੰਗਾ ਹੈ।ਉਹ ਖੂਬਸੂਰਤ ਮਹਿਲ-ਮੁਨਾਰੇ ਉਸਾਰਦਾ ਹੈ ਪਰ ਖੁਦ ਜਰਜਰ ਕੋਠੇ 'ਚ ਰਹਿੰਦਾ ਹੈ।ਉਹ "ਚਮਤਕਾਰੀ" ਦੇਵ-ਪੁਰਸ਼ਾ ਦਾ ਵਾਰਸ ਹੈ ਪਰ ਖੁਦ ਦੀ ਸ਼ਾਤੀ ਭੰਗ ਹੈ।ਉਹ ਧੰਨ ਕੁਬੇਰਾਂ ਦੇ ਮੁਲਕ ਦਾ ਵਾਸੀ ਹੈ ਫਿਰ ਵੀ ਪੈਸੇ-ਪੈਸੇ ਤੋਂ ਮੁਥਾਜ ਹੈ।ਉਸਦੇ ਪੁਰਖਿਆਂ ਸੱਭਿਅਕ ਸਮਾਜ ਸਿਰਜਣ ਦੀ ਕੋਸ਼ਿਸ ਕੀਤੀ ਪਰ ਉਹ ਅਗਿਆਨਤਾ ਅਤੇ ਵਹਿਮਾਂ-ਭਰਮਾਂ ਦਾ ਬੋਝਾ ਢੋਅ ਰਿਹਾ ਹੈ।ਉਹ ਸ਼ਕਤੀ ਦਾ ਸੋਮਾ ਹੈ, ਭਾਰਤ ਦੀ ਰੀੜ੍ਹ ਦੀ ਹੱਡੀ ਹੈ ਤਾਂ ਵੀ ਉਸਦਾ ਸੰਤਾਪ ਅਤਿ ਦੁਖਦਾਈ ਹੈ।"* ਇਹ ਆਮ ਆਦਮੀ *ਭਾਰਤ ਦਾ ਮੁਸ਼ਕਤੀ ਹੈ।*

ਦਰਸ਼ਨ ਤਦ ਪਿੰਡਾਂ ਵਿੱਚ ਰਹਿੰਦੇ ਕਿਸਾਨਾਂ ਅਤੇ ਕਾਮਿਆਂ ਤੋਂ ਵੀ ਅਭਿੱਜ ਨਹੀਂ ਸੀ। ਉਹ ਬਿਆਨਦਾ ਹੈ,"ਭਾਰਤ ਵਿੱਚ, ਤਿੰਨ-ਚੌਥਾਈ ਵਾਹੀਯੋਗ ਭੂਮੀ ਦੇ ਮਾਲਕ ਮਹਿਜ਼ ਦੋ-ਚਾਰ ਫੀਸਦੀ ਲੋਕ ਮਾਲਕ ਹਨ ਜਦਕਿ ਬਾਕੀ ਸਰਿਆਂ ਕੋਲ ਮਸਾਂ ਚੌਥਾ ਹਿੱਸਾ ਹੈ।ਗਰੀਬ ਕਿਸਾਨਾਂ ਦੇ ਹਮਜੋਲੂ ਕਿਰਤੀਆਂ-ਸ਼ਿਲਪੀਆਂ ਦੀ ਹਾਲਤ ਵੀ ਬਦਤਰ ਹੈ।ਔਸਤਨ ਇੱਕ-ਅੱਧ ਕਮਰਾ, ਬਿਮਾਰੀਆਂ।ਸੰਨ 43 'ਚ ਤਿੰਨ ਸੌ ਦਹਿ ਲੱਖ ਲੋਕ ਅਕਾਲ ਅਤੇ ਬਿਮਾਰੀਆਂ ਨਾਲ ਮਰ ਗਏ ਜਿਸ ਨੂੰ ਹਾਕਮਾਂ, ਅਤੇ ਅਧਿਆਤਮਵਾਦੀਆਂ, ਨੇ "ਰੱਬ ਦਾ ਭਾਣਾ" ਕਿਹਾ ਜਦ ਕਿ ਇਹ"ਮਨੁੱਖ ਦੁਆਰਾ ਸਿਰਜੇ ਪ੍ਰਬੰਧ" ਦਾ ਸਿੱਟਾ ਹੈ।"ਲਖੂਖਾਂ ਲੋਕ ਠੀਕ ਹੋ ਸਕਣ ਵਾਲੀਆਂ ਬਿਮਾਰੀਆਂ ਨਾਲ ਮਰ-ਮੁੱਕ ਜਾਂਦੇ ਹਨ ਕਿਉਂਕਿ ਉਹ ਇਲਾਜ਼ ਨਹੀਂ ਕਰਵਾ ਸਕਦੇ, ਬਿਮਾਰੀਆਂ ਲਾਇਕ ਅਤੇ ਕਾਰ-ਆਮਦ ਬੰਦੇ ਵੀ ਖੋਅ ਲੈਂਦੀਆਂ ਹਨ।

"ਬਦਕਿਸਮਤੀ" ਨਾਲ ਦਰਸ਼ਨ ਨੇ 1946 ਵਿੱਚ ਭਾਰਤ ਦੇ ਜਿਸ ਆਮ ਆਦਮੀ ਦਾ ਵਰਨਣ ਕੀਤਾ ਸੀ, ਅੱਜ ਵੀ ਭਾਰਤ ਦੇ ਬਹੁਤ ਵੱਡੇ ਹਿੱਸੇ ਦੀ ਉਹੀ ਤ੍ਰਾਸਦੀ ਹੈ। ਇਸ ਕਿਤਾਬ ਵਿੱਚ ਦਰਸ਼ਨ ਨੋਟ ਕਰਦਾ ਹੈ,*"ਬਰਤਾਨਵੀਂ ਸਾਮਰਾਜ ਨੇ ਭਾਰਤੀ ਏਕਤਾ ਨੂੰ ਲੀਹੋਂ ਲਾਹੁਣ ਲਈ ਹਰ ਹੱਥਕੰਡਾ ਵਰਤਿਆ। ਦੇਸ਼ ਬਨਾਵਟੀ ਧਾਰਮਿਕ ਲਾਇਨਾਂ 'ਤੇ ਵੰਡਿਆ ਗਿਆ।"* ਹੁਣ ਵੀ ਅਜਿਹਾਂ ਹੋ ਰਿਹਾ ਹੈ ਬਲਕਿ ਉਸਤੋਂ ਵੀ ਕਿਤੇ ਵੱਧ ਅਤੇ ਭੈੜਾ। ਇਸ ਪੁਸਤਕ ਵਿੱਚ ਬੜਾ ਕੁੱਝ ਅਜਿਹਾ ਹੈ ਜਿਹੜਾ ਅੱਜ ਵੀ ਗੌਲਣਯੋਗ ਅਤੇ ਕਰਨਯੋਗ ਹੈ। ਅਜਿਹਾ ਕਰਨਾ ਹੀ ਕਾ. ਦਰਸ਼ਨ ਸਿੰਘ ਕੈਨਡੀਅਨ ਵਰਗਿਆ ਦੀ ਹਕੀਕੀ ਯਾਦ ਹੈ।

**-ਵਿਜੈ ਬੰਬੇਲੀ**

**ਸੰਪਰਕ : 94634 39075**

# ਸਮਕਾਲ

## ਕਲਾਕਾਰ ਸਾਹਿਤਕ : ਅਕਤੂਬਰ-ਦਸੰਬਰ 2022




ਇਸ ਸਾਲ ਦਾ ਇਹ ਆਖਰੀ ਅੰਕ ਹੈ, ਸੰਪਾਦਕੀ ਮਿੱਤਰ ਨੂੰ ਸ਼ਰਧਾਂਜਲੀ, ਪੁਰਸਕਾਰ ਅਤੇ ਸਮਾਗਮ ਬਾਰੇ ਹੈ, ਸੂਚਨਾ ਹਿੱਤ। ਇਸ ਅੰਕ ਦਾ ਕਵੀ ਨਿਰਮਲ ਸਿੰਘ ਕਾਹਲੋਂ ਆਪਣੀਆਂ ਨਜ਼ਮਾਂ ਤੇ ਆਲੋਚਕ ਦੀ ਟਿੱਪਣੀ ਸਮੇਤ ਹਾਜ਼ਰ ਹੈ। ਕਾਵਿ ਮਹਿਫਲ ਵਿੱਚ ਜੋਗਾ ਸਿੰਘ, ਮਹਿੰਦਰ ਸਾਥੀ, ਸੰਧੂ ਵਰਿਆਣਵੀ, ਸ਼ਾਮ ਸਿੰਘ, ਰਣਬੀਰ ਰਾਣਾ, ਕਰਮ ਸਿੰਘ ਜ਼ਖਮੀ, ਜਗਤਾਰ ਸਾਲਮ, ਸਰਬਜੀਤ ਕੌਰ ਜੱਸ, ਦਰਸ਼ਨ ਬੁੱਟਰ ਅਤੇ ਹੋਰ ਸ਼ਾਇਰਾਂ ਦੀ ਹਾਜ਼ਰੀ ਜ਼ਿਕਰਯੋਗ ਹੈ। ਕਹਾਣੀਆਂ ਵਿੱਚ ਡਾ. ਨਰੇਸ਼ (ਮੁਤਬੰਨਾ), ਕੁਲਵਿੰਦਰ ਕੌਸ਼ਲ (ਜਦੋਂ ਬੰਦਾ ਪਾਗਲ ਨਹੀਂ ਹੁੰਦਾ), ਮਨਜੀਤ ਦਰਦੀ (ਪੈਨਸ਼ਨ), ਭੋਲਾ ਸਿੰਘ ਸ਼ਮੀਰੀਆ (ਖਿਦਕੂ ਵਾਲਾ ਟੱਕ), ਇੱਛੂ ਪਾਲ (ਗੰਢਾਂ ਕੌਣ ਖੋਲ੍ਹੇ) ਦੀ ਜ਼ਿਕਰਯੋਗ ਹਾਜ਼ਰੀ ਹੈ। ਅਤਰ ਦਾ ਕਾਵਿ ਚਿੱਤਰ ਹੈ, ਹਰਜੀਤ ਕੌਰ ਵਿਰਕ ਦੇ ਨਾਵਲ (ਬਚੇ ਸ਼ਰਨ ਜੁ ਹੋਇ) ਦਾ ਇੱਕ ਅੰਸ਼ 'ਉਹ ਹੁੰਮਸ ਭਰੀ ਰਾਤ' ਅਤੇ ਹੋਰ ਵੀ ਕਾਫੀ ਕੁਝ ਹੈ ਇਸ ਅੰਕ ਵਿੱਚ।

ਪੰਨੇ : 100, ਮੁੱਲ : 60 ਰੁਪਏ, ਸੰਪਾਦਕ : ਕੰਵਰਜੀਤ ਭੱਠਲ, ਸੰਪਰਕ : ਕਲਾਕਾਰ ਨਿਵਾਸ, ਪੱਤੀ ਰੋਡ ਬਰਨਾਲਾ-148101 (ਮੋ:) 94179-93599

## ਪੰਖੜੀਆਂ : ਸਤੰਬਰ 2022

ਇਹ ਵਿਸ਼ੇਸ਼ ਅੰਕ ਸ਼ਹੀਦ-ਇ-ਆਜ਼ਮ ਸਰਦਾਰ ਭਗਤ ਸਿੰਘ ਨੂੰ ਉਹਨਾਂ ਦੀ ਜਨਮ ਸ਼ਤਾਬਦੀ ਅਤੇ ਅਧਿਆਪਕ ਦਿਵਸ ਨੂੰ ਸਮਰਪਿਤ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦਾ ਸੰਦੇਸ਼ ਹੈ, ਜਿਸ ਵਿੱਚ ਉਹ ਭਗਤ ਸਿੰਘ ਦੇ ਬਹਾਨੇ ਆਪਣੀ ਸਰਕਾਰ ਦੇ ਵਾਅਦੇ-ਦਾਅਵੇ ਪੇਸ਼ ਕਰਦੇ ਹਨ। ਹੋਰ ਸੰਦੇਸ਼ ਵੀ ਹਨ। ਭਗਤ ਸਿੰਘ ਦੀਆਂ ਹੱਥ ਲਿਖਤਾਂ ਦੇ ਨਾਲ-ਨਾਲ ਦਿਲਬਾਗ ਸਿੰਘ ਗਿੱਲ, ਕਰਨੈਲ ਸਿੰਘ ਸੋਮਲ, ਬਲਜਿੰਦਰ ਮਾਨ, ਅਵਤਾਰ ਸਿੰਘ ਸੰਧੂ, ਪ੍ਰਿੰ: ਵਿਜੈ ਕੁਮਾਰ, ਡਾ. ਗੁਰਮੀਤ ਸਿੰਘ ਬੈਦਵਾਣ, ਚਰਨਜੀਤ ਕੌਰ, ਕੇਵਲ ਰਾਮ, ਤਰਸੇਮ ਸਿੰਘ ਭੰਗੂ, ਜੈਪਾਲ, ਨੂਰ ਸੰਤੋਖਪੁਰੀ ਦੇ ਭਗਤ ਸਿੰਘ ਬਾਰੇ ਮਹੱਤਵਪੂਰਨ ਜਾਣਕਾਰੀ ਦਿੰਦੇ ਲੇਖ ਹਨ। ਅਧਿਆਪਨ ਕਿੱਤੇ ਦੇ ਮਹੱਤਵ ਬਾਰੇ ਲੇਖਾਂ ਦੇ ਨਾਲ-ਨਾਲ ਗੁਰਮੀਤ ਕੜਿਆਲਵੀ ਦੀ ਕਹਾਣੀ 'ਸੱਚੀ ਦੇ ਰੂਪ ਭੈਣ ਜੀ' ਵੀ ਅਧਿਆਪਕ ਦਿਵਸ ਦੇ ਮਹੱਤਵ ਨੂੰ ਉਜਾਗਰ ਕਰਦੀ ਹੈ। ਭਗਤ ਸਿੰਘ ਦੇ ਜੀਵਨ ਨੂੰ ਪੇਸ਼ ਕਰਦਾ ਗਿਆਨ ਮੁਕਾਬਲਾ ਬੱਚਿਆਂ ਲਈ ਲਾਹੇਵੰਦ ਹੋਵੇਗਾ। ਇਹ ਅੰਕ ਯਾਦਗਾਰੀ ਹੋ ਨਿੱਬੜਿਆ ਹੈ। ਪ੍ਰਬੰਧਕ ਵਧਾਈ ਦੇ ਹੱਕਦਾਰ ਹਨ।

ਪੰਨੇ : 52, ਮੁੱਲ : 20 ਰੁਪਏ , ਸੰਪਾਦਕ : ਦਰਸ਼ਨ ਸਿੰਘ ਬਨੂੜ, ਸੰਪਰਕ : ਪੰਜਾਬ ਸਕੂਲ ਸਿੱਖਿਆ ਬੋਰਡ, ਵਿਦਿਆ ਭਵਨ, ਫੇਜ਼-6, ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062, ਫੋਨ : 0172-5227395

## ਲੋਕ ਲਹਿਰ : ਸਤੰਬਰ 2022

ਮਾਰਕਸਵਾਦੀ ਕਮਿਊਨਿਸਟ ਪਾਰਟੀ ਦੇ ਬੁਲਾਰੇ ਦੇ ਇਸ ਤਾਜ਼ੇ ਅੰਕ ਵਿੱਚ ਸੰਪਾਦਕੀ ਸ਼ਹੀਦ-ਏ-ਆਜ਼ਮ ਬਾਰੇ ਸਿਮਰਨਜੀਤ ਸਿੰਘ ਮਾਨ ਦੇ ਬੋਲੇ ਕੁਬੋਲਾਂ ਨੂੰ ਰੱਦ ਕਰਦਿਆਂ ਉਸ ਦੇ ਪਰਵਾਰਕ ਪਿਛੋਕੜ ਪਿੱਛੇ ਬੈਠੀ ਹਕੂਮਤੀ ਸਰਪ੍ਰਸਤੀ ਦਾ ਵਿਸਥਾਰ ਪੇਸ਼ ਹੈ। ਵਧ ਰਹੀ ਮਹਿੰਗਾਈ, ਧਰਮ-ਨਿਰਪੱਖ ਗਣਰਾਜ ਬਾਰੇ ਲੇਖ ਅਤੇ ਜਨਰਲ ਵੋ ਨਗੁਇਨ ਗਿਆਪ ਬਾਰੇ ਲਹਿੰਬਰ ਸਿੰਘ ਤੱਗੜ ਦਾ ਲੇਖ ਵੀ ਹੈ।

ਪੰਨੇ : 36, ਮੁੱਲ : 20 ਰੁਪਏ, ਸੰਪਾਦਕ : ਲਹਿੰਬਰ ਸਿੰਘ ਤੱਗੜ, ਸੰਪਰਕ : ਬਾਬਾ ਕਰਮ ਸਿੰਘ ਚੀਮਾ ਭਵਨ, 30-ਬੀ, ਚੰਡੀਗੜ੍ਹ (ਮੋ:) 94651-05372

*- ਹਰਜਿੰਦਰ ਅਟਵਾਲ (ਡਾ.)*

## ਕਹਾਣੀ 'ਬਹੁਰੂਪੀਆ' 'ਤੇ ਵਿਚਾਰ-ਚਰਚਾ

**ਬਰਨਾਲਾ** : ਪੰਜਾਬੀ ਸਾਹਿਤ ਸਭਾ (ਰਜਿ.) ਬਰਨਾਲਾ ਵੱਲੋਂ ਸਥਾਨਕ ਪੰਜਾਬ ਆਈ. ਟੀ. ਆਈ. ਹੰਡਿਆਇਆ ਰੋਡ, ਬਰਨਾਲਾ ਵਿਖੇ ਕਹਾਣੀ ਗੋਸ਼ਟੀ ਦਾ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਡਾ. ਹਰੀਸ਼ ਦੀ ਕਹਾਣੀ 'ਬਹੁਰੂਪੀਆ' ਉਪਰ ਨਿੱਠ ਕੇ ਵਿਚਾਰ-ਚਰਚਾ ਹੋਈ। ਸਮਾਗਮ ਦੀ ਪ੍ਰਧਾਨਗੀ ਪਰਮਜੀਤ ਮਾਨ ਨੇ ਕੀਤੀ। ਇਸ ਚਰਚਾ ਵਿੱਚ ਪਰਮਜੀਤ ਮਾਨ, ਭੋਲਾ ਸਿੰਘ ਸੰਘੇੜਾ, ਦਰਸ਼ਨ ਸਿੰਘ ਗੁਰੂ, ਪਵਨ ਪਰਿੰਦਾ ਅਤੇ ਤੇਜਿੰਦਰ ਚੰਡਿਹੋਕ ਨੇ ਹਿੱਸਾ ਲਿਆ। ਸਮਾਗਮ ਦੇ ਸ਼ੁਰੂ ਵਿੱਚ ਡਾ. ਹਰੀਸ਼ ਨੇ ਆਪਣੀ ਕਹਾਣੀ ਦਾ ਪਾਠ ਕੀਤਾ, ਉਪਰੰਤ ਚਰਚਾ ਦਾ ਆਗਾਜ਼ ਸਭਾ ਦੇ ਪ੍ਰਧਾਨ ਪਰਮਜੀਤ ਮਾਨ ਵੱਲੋਂ ਕਰਦਿਆਂ ਕਿਹਾ ਗਿਆ ਕਿ ਇਸ ਪ੍ਰੋਗਰਾਮ ਦਾ ਮਕਸਦ ਕਹਾਣੀ ਵਿਚਲੀਆਂ ਖੂਬੀਆਂ ਅਤੇ ਊਣਤਾਈਆਂ ਨੂੰ ਸਾਹਮਣੇ ਲਿਆ ਕੇ ਕਹਾਣੀ ਰਚਨਾ ਨੂੰ ਹੋਰ ਵੀ ਵਧੀਆ ਬਣਾਉਣਾ ਹੈ। ਹਰੀਸ਼ ਦੀ ਕਹਾਣੀ ਸ਼ਹਿਰੀ ਮੱਧਵਰਗ ਲੋਕਾਂ ਦੀ ਕਹਾਣੀ ਹੈ, ਜਿਸ ਵਿਚ ਲੋਕਲ ਸਮੱਸਿਆਵਾਂ ਨੂੰ ਉਠਾ ਕੇ ਗਲੋਬਲ ਸਮੱਸਿਆਵਾਂ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਗਈ ਹੈ। ਕਹਾਣੀਕਾਰ ਹਾਲਾਤ ਸੰਬੰਧੀ ਸੁਚੇਤ ਹੈ ਅਤੇ ਕਹਾਣੀ ਦੇ ਅਰਥ ਬਹੁਤ ਗੰਭੀਰ ਹਨ। ਪ੍ਰਸਿੱਧ ਕਹਾਣੀਕਾਰ ਭੋਲਾ ਸਿੰਘ ਸੰਘੇੜਾ ਨੇ ਆਪਣੇ ਵਿਚਾਰਾਂ ਵਿੱਚ ਕਿਹਾ ਕਿ ਕਹਾਣੀ ਵਿੱਚ ਪਾਤਰਾਂ ਦੀ ਭਾਸ਼ਾ ਵਿੱਚ ਵਿਭਿੰਨਤਾ ਲਿਆ ਕੇ ਉਹਨਾਂ ਦੇ ਚਰਿੱਤਰ ਨੂੰ ਹੋਰ ਵੀ ਵਧੀਆ ਢੰਗ ਨਾਲ ਉਭਾਰਿਆ ਜਾ ਸਕਦਾ ਹੈ। ਪਵਨ ਪਰਿੰਦਾ ਦਾ ਕਹਿਣਾ ਸੀ ਕਿ ਕਹਾਣੀ ਬਹੁਤ ਮਿਹਨਤ ਭਾਲਦੀ ਹੈ, ਇਸ ਵਿੱਚ ਜਿਸ ਗੰਭੀਰ ਵਿਸ਼ੇ ਨੂੰ ਉਠਾਇਆ ਗਿਆ ਹੈ, ਉਸ ਨੂੰ ਲਿਖਣ ਲਈ ਕਹਾਣੀ ਦੀ ਸੰਰਚਨਾ ਉਪਰ ਲੇਖਕ ਨੂੰ ਹੋਰ ਅਧਿਐਨ ਕਰਨਾ ਚਾਹੀਦਾ ਹੈ। ਅਖੀਰ ਵਿੱਚ ਡਾ. ਹਰੀਸ਼ ਨੇ ਸੁਝਾਵਾਂ ਲਈ ਸਾਰੇ ਸਾਹਿਤਕਾਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਕਹਾਣੀ ਦੀ ਇਸ ਆਲੋਚਨਾ ਉਸ ਨੂੰ ਹੋਰ ਪੜ੍ਹਨ-ਲਿਖਣ ਅਤੇ ਰਚਨਾ ਨੂੰ ਬਿਹਤਰ ਬਣਾਉਣ ਦੀ ਪ੍ਰੇਰਨਾ ਦਿੱਤੀ ਹੈ।

**—ਤੇਜਿੰਦਰ ਚੰਡਿਹੋਕ**

## ਕੈਲਗਰੀ ਵਿਚ ਬਲਵਿੰਦਰ ਗਰੇਵਾਲ ਦਾ ਰੂਬਰੂ

**ਕੈਲਗਰੀ**-ਪੰਜਾਬੀ ਲਿਖਾਰੀ ਸਭਾ ਕੈਲਗਰੀ ਹਰ ਮਹੀਨੇ ਕੁਝ ਨਵਾਂ ਤੇ ਵਿਲੱਖਣ ਕਰਨ ਲਈ ਕਾਰਜਸ਼ੀਲ ਹੈ। ਇਸ ਵਾਰ ਬਲਵਿੰਦਰ ਗਰੇਵਾਲ ਹਾਜ਼ਰੀਨ ਦੇ ਰੂਬਰੂ ਹੋਏ। ਪ੍ਰਧਾਨਗੀ ਮੰਡਲ ਵਿੱਚ ਬਲਵਿੰਦਰ ਗਰੇਵਾਲ ਦਵਿੰਦਰ ਮਲਹਾਂਸ, ਕਹਾਣੀਕਾਰ ਬਲਵਿੰਦਰ ਗਰੇਵਾਲ ਤੇ ਪਰਮਜੀਤ ਕੌਰ ਨੂੰ ਸੱਦਾ ਦਿੱਤਾ। ਬਲਵਿੰਦਰ ਗਰੇਵਾਲ ਉਹ ਕਹਾਣੀਕਾਰ ਹੈ, ਜੋ ਧਾਰਮਿਕ, ਰਾਜਨੀਤਕ ਅਤੇ ਸੱਭਿਆਚਾਰ ਦੇ ਤਾਣੇ-ਬਾਣੇ ਵਿੱਚੋਂ ਪਾਤਰ ਸਿਰਜਦਾ ਹੈ, ਉਸ ਦੇ ਲਈ ਦਰੱਖਤ ਤੋਂ ਟੁੱਟੇ ਪੱਤੇ ਦਾ ਧਰਤੀ ਤੱਕ ਡਗਮਗਾ ਕੇ ਡਿੱਗਣਾ ਵੀ ਕਹਾਣੀ ਲਿਖਣ ਦਾ ਜ਼ਰੀਆ ਬਣ ਜਾਂਦਾ ਹੈ। ਉਨ੍ਹਾਂ ਦੀ ਸ਼ਾਹਕਾਰ ਕਹਾਣੀ 'ਸੂਰਜ ਦੀ ਕੋਈ ਪਿੱਠ ਨਹੀਂ ਹੁੰਦੀ' ਦਾ ਵਾਰਤਾਲਾਪ ਵੀ ਸਾਂਝਾ ਕੀਤਾ। ਬਲਵਿੰਦਰ ਗਰੇਵਾਲ ਨੇ ਕਿਹਾ-'ਵਰਤਮਾਨ ਪੀੜ੍ਹੀ ਨੂੰ ਜੋ ਅਸੀਂ ਦਿੱਤਾ ਹੈ ਜਾਂ ਦੇ ਰਹੇ ਹਾਂ, ਉਸੇ ਦੇ ਆਧਾਰ 'ਤੇ ਉਨ੍ਹਾਂ ਦੀ ਮਾਨਸਿਕ ਸਥਿਤੀ ਬਣ ਰਹੀ ਹੈ। ਰਿਸ਼ਤਿਆਂ ਵਿੱਚ ਠੱਗੀ-ਠੋਰੀ, ਵਿਦੇਸ਼ ਜਾਣ ਲਈ ਝੂਠੇ ਵਿਆਹ, ਆਈਲੈਂਟਸ ਦੇ ਨਾਂਅ ਉੱਤੇ ਸੌਦੇ, ਵਿਦੇਸ਼ ਆ ਕੇ ਰਿਸ਼ਤੇਦਾਰ ਤੇ ਸਕੇ-ਸੰਬੰਧੀਆਂ ਨਾਲ ਮਤਲਬ ਤੱਕ ਵਰਤ ਕੇ ਪਰ੍ਹੇ ਹੋ ਜਾਣ ਦੀ ਸਿੱਖਿਆ ਆਦਿ ਸਭ ਵਰਤਾਰੇ ਲਈ ਅਸੀਂ ਆਪ ਜ਼ਿੰਮੇਵਾਰ ਹਾਂ ਕਿਉਂਕਿ ਅਸੀਂ ਆਚਾਰ ਨਹੀਂ, ਸਿਰਫ਼ ਪ੍ਰਚਾਰ ਤੱਕ ਸੀਮਤ ਰਹਿ ਗਏ ਹਾਂ। ਸਿਰਫ ਨਿੱਜ ਪ੍ਰਤੀ ਖੁਦਗਰਜ਼ ਹੋ ਗਏ ਹਾਂ। ਉਨ੍ਹਾਂ ਕਿਹਾ ਕਿ ਪੰਜਾਬੀਆਂ ਲਈ ਕਿੰਨੀ ਸ਼ਰਮ ਦੀ ਗੱਲ ਹੈ ਕਿ ਕੈਨੇਡਾ ਦੇ ਵੱਡੇ ਸ਼ਹਿਰਾਂ ਵਿੱਚ ਕੁਝ ਪਲਾਜ਼ੇ ਨੌਜਵਾਨਾਂ ਦੀ ਲੜਾਈ ਦੇ ਜੰਕਸ਼ਨ ਵਜੋਂ ਜਾਣੇ ਜਾਂਦੇ ਹਨ। ਉਨ੍ਹਾਂ ਜੀਵਨ-ਜਾਚ ਤੇ ਬਹੁਤ ਪ੍ਰਭਾਵਸ਼ਾਲੀ ਨੁਕਤੇ ਸਾਂਝੇ ਕੀਤੇ ਤੇ ਹਾਜ਼ਰੀਨ ਦੇ ਸਵਾਲਾਂ ਦੇ ਜਵਾਬ ਵੀ ਦਿੱਤੇ। ਮੀਟਿੰਗ ਵਿੱਚ ਸ਼ਿਰਕਤ ਕਰਨ ਵਾਲੇ ਸਾਹਿਤ ਪ੍ਰੇਮੀਆਂ ਵਿੱਚ ਰਮਨ ਬਸਰਾ, ਰਮਨਜੀਤ ਕੌਰ, ਸ਼ਿਵ ਕੁਮਾਰ ਸ਼ਰਮਾ, ਰਾਜਿੰਦਰਪਾਲ ਸੈਣੀ, ਲੇਖਿਕਾ ਗੁਰਦੀਸ਼ ਕੌਰ ਗਰੇਵਾਲ ਆਦਿ ਦੇ ਨਾਂਅ ਸ਼ਾਮਲ ਸਨ। ਅਖੀਰ ਵਿੱਚ ਦਵਿੰਦਰ ਮਲਹਾਂਸ ਨੇ ਆਏ ਹੋਏ ਹਾਜ਼ਰੀਨ ਤੇ ਬੁੱਧੀਜੀਵੀਆਂ ਦਾ ਧੰਨਵਾਦ ਕੀਤਾ।

**—ਜ਼ੋਰਾਵਰ ਬਾਂਸਲ**

## ਸਾਹਿਤ ਸਭਾ ਵੱਲੋਂ ਸਨਮਾਨ ਸਮਾਗਮ

**ਕੋਟ ਈਸੇ ਖਾਂ**- ਨਵ-ਪੰਜਾਬੀ ਸਾਹਿਤ ਸਭਾ ਦੇ ਸਰਗਰਮ ਮੈਂਬਰ ਲੇਖਕ ਵਿਵੇਕ ਕੋਟ ਈਸੇ ਖਾਂ ਦਾ ਸਨਮਾਨ ਪੰਜਾਬੀ ਸਾਹਿਤ ਸਭਾ ਝਤਰਾ ਵਲੋਂ ਇਕ ਸਨਮਾਨ ਸਮਾਰੋਹ ਪ੍ਰਧਾਨ ਜਗਜੀਤ ਸਿੰਘ ਝਤਰਾ ਦੀ ਅਗਵਾਈ ਹੇਠ ਸਰਕਾਰੀ ਸਕੂਲ ਵਿਖੇ ਆਯੋਜਿਤ ਕਰਕੇ ਕੀਤਾ ਗਿਆ। ਇਸ ਸਬੰਧੀ ਸਭਾ ਦੇ ਸੀਨੀਅਰ ਮੈਂਬਰ ਸ਼ਮਸ਼ੇਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਾਹਿਤ ਸਭਾ ਵੱਲੋਂ ਹਰ ਮਹੀਨੇ ਅਜਿਹਾ ਸਮਾਗਮ ਕਰਵਾਇਆ ਜਾਂਦਾ ਹੈ। ਇਸ ਵਾਰ ਮੁੱਖ ਮਹਿਮਾਨ ਵਿਵੇਕ ਸਨ। ਪਹਿਲੇ ਪੜਾਅ ਵਿਚ ਕਵੀ ਦਰਬਾਰ ਹੋਇਆ ਜਿਸ ਵਿੱਚ ਗੁਰਦੀਪ ਖਿੰਡਾ, ਪਵਨ ਕੁਮਾਰ, ਜਗਜੀਤ ਸਿੰਘ, ਗੁਰਮੀਤ ਸਿੰਘ ਭੁੱਲਰ, ਜਸਵੰਤ ਸਿੰਘ ਗੋਗੀਆ, ਸੁਖਬੀਰ ਮੁਹੱਬਤ, ਰਾਜ ਹਰੀਕੇ, ਮੁਖਤਿਆਰ ਸਿੰਘ, ਹਰੀ ਸਿੰਘ ਸੁਖੇ ਵਾਲਾ, ਲਾਡੀ ਜਗਰਾਜ ਸਿੰਘ ਬਾਠ, ਅਮਰਜੀਤ ਸਿੰਘ, ਨਵਰਾਜ ਸਿੰਘ, ਗੁਰਚੈਨ ਸਿੰਘ, ਚਮਕੌਰ ਸਿੰਘ, ਹੁਕਮ ਚੰਦ, ਗੁਰਸੇਵਕ ਸਿੰਘ, ਸੁਖਵਿੰਦਰ ਸਿੰਘ, ਦੂਲਾ ਸਿੰਘ, ਸੁਖਚੈਨ ਸਿੰਘ ਆਦਿ ਨੇ ਭਾਗ ਲਿਆ। ਦੂਜੇ ਪੜਾਅ ਵਿਚ ਮੁੱਖ ਮਹਿਮਾਨ ਬਾਰੇ ਸ਼ਮਸ਼ੇਰ ਸਿੰਘ ਨੇ ਆਏ ਮੈਂਬਰਾਂ ਬਾਰੇ ਜਾਣਕਾਰੀ ਦਿੱਤੀ ਅਤੇ ਸਮੁੱਚੀ ਸਭਾ ਵੱਲੋਂ ਪ੍ਰਧਾਨ ਜਗਜੀਤ ਸਿੰਘ ਦੀ ਅਗਵਾਈ ਹੇਠ ਤਾੜੀਆਂ ਦੀ ਗੂੰਜ ਨਾਲ ਸਨਮਾਨ ਕੀਤਾ ਗਿਆ। ਅੰਤ ਵਿੱਚ ਪ੍ਰੋ. ਗੁਰਦੀਪ ਸਿੰਘ ਖਿੰਡਾ ਅਤੇ ਪਵਨ ਕੁਮਾਰ ਨੇ ਸਾਰਿਆਂ ਦਾ ਧੰਨਵਾਦ ਕੀਤਾ। ਪਿੰਡ ਪੱਧਰ 'ਤੇ ਸਾਹਿਤਕ ਪ੍ਰੋਗਰਾਮ ਦੀ ਸ਼ਲਾਘਾ ਕੀਤੀ।

## ਕੌਮਾਂਤਰੀ ਕਲਾਕਾਰ ਵੱਲੋਂ ਸਾਹਿਤਕ ਸਮਾਗਮ

**ਬਰਨਾਲਾ** : ਕੌਮਾਂਤਰੀ ਕਲਾਕਾਰ ਸੰਗਮ ਪੰਜਾਬ ਵੱਲੋਂ ਕਲਾਕਾਰ ਭਵਨ ਵਿਖੇ ਇੱਕ ਸਾਹਿਤਕ ਸਮਾਗਮ ਕਰਵਾਇਆ ਗਿਆ, ਜਿਸ ਦੀ ਪ੍ਰਧਾਨਗੀ ਡਾ. ਜੋਗਿੰਦਰ ਸਿੰਘ ਨਿਰਾਲਾ ਨੇ ਕੀਤੀ। ਉਹਨਾਂ ਨਾਲ ਪ੍ਰਧਾਨਗੀ ਮੰਡਲ ਵਿੱਚ ਕੰਵਰਜੀਤ ਭੱਠਲ ਅਤੇ ਪਰਮਜੀਤ ਮਾਨ ਸੁਸ਼ੋਭਿਤ ਸਨ। ਸਮਾਗਮ ਦੀ ਕਾਰਵਾਈ ਆਰੰਭ ਕਰਦਿਆਂ ਸਕੱਤਰ ਜਨਰਲ ਕੰਵਰਜੀਤ ਭੱਠਲ ਨੇ ਆਏ ਲੇਖਕਾਂ ਨੂੰ ਜੀ ਆਇਆਂ ਕਿਹਾ ਅਤੇ ਸੰਗਮ ਦੀਆਂ ਗਤੀਵਿਧੀਆਂ ਬਾਰੇ ਰਿਪੋਰਟ ਪੇਸ਼ ਕੀਤੀ। ਸਮਾਗਮ ਵਿੱਚ ਤਿੰਨ ਪੁਸਤਕਾਂ-ਡਾ. ਜੋਗਿੰਦਰ ਸਿੰਘ ਨਿਰਾਲਾ ਦੀ 'ਮੇਰੀਆਂ ਪਿਆਰੀਆਂ ਕਹਾਣੀਆਂ', ਨਿਰੰਜਣ ਸ਼ਰਮਾ ਸ਼ੇਖਾ ਦੀ 'ਕੱਚੀਆਂ-ਪੱਕੀਆਂ' ਵਿਅੰਗ ਸੰਗ੍ਰਹਿ ਅਤੇ ਡਾ. ਉਜਾਗਰ ਸਿੰਘ ਮਾਨ ਦੀ 'ਮੇਰੀ ਅੱਲੜ੍ਹ ਵਰੇਸ' ਕਾਵਿ-ਸੰਗ੍ਰਹਿ ਦੇ ਨਾਲ 'ਕਲਾਕਾਰ ਸਾਹਿਤਕ' ਦਾ 138ਵਾਂ ਅੰਕ ਲੋਕ-ਅਰਪਣ ਕੀਤਾ ਗਿਆ। ਇਸ ਮੌਕੇ ਤੇਜਾ ਸਿੰਘ ਤਿਲਕ ਨੇ ਪੁਸਤਕਾਂ ਦੀ ਜਾਣ-ਪਹਿਚਾਣ ਕਰਵਾਈ ਅਤੇ ਕਿਹਾ ਕਿ ਨਿਰਾਲਾ ਦੀਆਂ ਕਹਾਣੀਆਂ ਸੱਚਮੁੱਚ ਹੀ ਪਿਆਰੀਆਂ ਹਨ। ਡਾ. ਜੋਗਿੰਦਰ ਸਿੰਘ ਨਿਰਾਲਾ ਨੇ ਕਿਹਾ ਕਿ ਨਿਰੰਜਣ ਸ਼ਰਮਾ ਸਾਡੇ ਇਲਾਕੇ ਦਾ ਇਕਲੌਤਾ ਵਿਅੰਗ ਲੇਖਕ ਹੈ, ਜਿਸ ਦੇ ਲੇਖਾਂ ਵਿੱਚ ਹਾਸ-ਰਸ ਨਾਲੋਂ ਵਿਅੰਗ ਵਧੇਰੇ ਹੁੰਦਾ ਹੈ। ਸਮਾਗਮ ਦੇ ਦੂਜੇ ਦੌਰ ਵਿੱਚ ਹਾਜ਼ਰ ਕਵੀਆਂ-ਰਾਮ ਸਰੂਪ ਸ਼ਰਮਾ, ਤੇਜਿੰਦਰ ਚੰਡਿਹੋਕ, ਡਾ. ਸੁਰਿੰਦਰ ਭੱਠਲ, ਡਾ. ਉਜਾਗਰ ਸਿੰਘ ਮਾਨ, ਡਾ. ਅਮਨਦੀਪ ਸਿੰਘ ਟੱਲੇਵਾਲੀਆ, ਕੰਵਰਜੀਤ ਭੱਠਲ, ਪਰਮਜੀਤ ਮਾਨ ਨੇ ਆਪਣੀਆਂ-ਆਪਣੀਆਂ ਕਵਿਤਾਵਾਂ, ਗ਼ਜ਼ਲਾਂ ਤੇ ਗੀਤ ਸੁਣਾਏ।

**—ਕੰਵਰਜੀਤ ਭੱਠਲ**

## ਗੁਰਸ਼ਰਨ ਭਾਅ ਜੀ ਦੀ ਯਾਦ 'ਚ ਸਮਾਗਮ

**ਹੁਸ਼ਿਆਰਪੁਰ**-ਇੱਥੇ ਬਹੁ-ਰੰਗ ਕਲਾਮੰਚ ਹੁਸ਼ਿਆਰਪੁਰ ਵੱਲੋਂ ਪੰਜਾਬੀ ਪ੍ਰਗਤੀਵਾਦੀ ਨਾਟਕ ਦੇ ਮਹਾਨ ਨਾਇਕ ਸ. ਗੁਰਸ਼ਰਨ ਸਿੰਘ (ਭਾਈ ਮੰਨਾ ਸਿੰਘ) ਜੀ ਦੇ 94ਵੇਂ ਜਨਮ ਦਿਨ ਦੇ ਮੌਕੇ ਅਸ਼ੋਕ ਪੁਰੀ ਦਾ ਲਿਖਿਆ ਅਤੇ ਨਿਰਦੇਸ਼ਤ ਨੁੱਕੜ ਨਾਟਕ "ਮੈਂ ਮੰਨਾ ਸਿੰਘ ਬੋਲਦਾਂ" ਸਥਾਨਕ ਲਕਸ਼ਮਨ ਦਾਸ ਮਿਊਂਸੀਪਲ ਲਾਇਬ੍ਰੇਰੀ ਵਿਖੇ ਖੇਡਿਆ ਗਿਆ, ਜਿਸ ਵਿੱਚ ਗੁਰਮੇਲ ਧਾਲੀਵਾਲ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।

ਭਾਈ ਮੰਨਾ ਸਿੰਘ ਦਾ ਜਨਮ 16 ਸਤੰਬਰ 1929 ਨੂੰ ਮੁਲਤਾਨ (ਪਾਕਿਸਤਾਨ) ਵਿੱਚ ਹੋਇਆ। ਉਨ੍ਹਾਂ ਨੇ ਅਗਾਂਹਵਧੂ ਸੋਚ ਨਾਲ ਜੁੜੇ ਇਕ ਵਰਗ ਲਈ ਆਪਣੇ ਆਖਰੀ ਸਮੇਂ 2011 ਤੱਕ ਲੋਕਾਂ ਵਿੱਚ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਪਾੜੇ ਉਪਰ ਪੇਸ਼ਕਾਰੀਆਂ ਕੀਤੀਆਂ। ਅੱਜ ਦੇ ਨਾਟਕ "ਮੈਂ ਮੰਨਾ ਸਿੰਘ ਬੋਲਦਾਂ" ਬਹੁਰੰਗ ਕਲਾਮੰਚ ਦਾ ਤੀਸਰਾ ਜੀਵਨ ਚਰਿੱਤਰ (ਬਾਇਓਪਿਕ) ਨਾਟਕ ਹੈ। ਉਨ੍ਹਾਂ ਪਹਿਲਾਂ ਜੋਗਿੰਦਰ ਬਾਹਰਲਾ ਉਪਰ "ਮੈਂ ਤਮਾਸ਼ਾ ਕਰਨ ਵਾਲਾ" ਅਤੇ ਸ਼ਫਦਰ ਹਾਸ਼ਮੀ ਲਈ "ਸ਼ਫਦਰ ਜ਼ਿੰਦਾ ਹੈ" ਨਾਟਕ ਪੇਸ਼ ਕੀਤੇ ਹਨ। ਇਸ ਨਾਟਕ ਵਿੱਚ ਕੁਲਦੀਪ ਮਾਹੀ (ਪਹਿਲਾ ਆਦਮੀ), ਤਰਨਦੀਪ ਸੈਣੀ (ਦੂਸਰਾ ਆਦਮੀ), ਸੁਖਵਿੰਦਰ ਪਾਲ (ਤੀਸਰਾ ਆਦਮੀ) ਅਤੇ ਗੁਰਮੇਲ ਧਾਲੀਵਾਲ ਨੇ ਚੌਥੇ ਆਦਮੀ ਦਾ ਕਿਰਦਾਰ ਨਿਭਾਇਆ। ਨਾਟਕਕਾਰ, ਨਿਰਦੇਸ਼ਕ ਅਸ਼ੋਕਪੁਰੀ ਨੇ ਸੂਤਰਧਾਰ ਦੇ ਕਿਰਦਾਰ ਨਾਲ ਇਨਸਾਫ ਕੀਤਾ ਹੈ।

ਬਹੁਰੰਗ ਕਲਾ ਮੰਚ 1989 ਤੋਂ ਲੇਬਰ ਚੌਂਕ ਵਿੱਚ ਅਨੇਕਾਂ ਨਾਟਕ ਕਰਦਾ ਆਇਆ ਹੈ। ਨਾਟਕ ਤੋਂ ਉਪਰੰਤ ਜਾਗਰੂਕ ਦਰਸ਼ਕਾਂ ਵੱਲੋਂ ਜਨਮ ਦਿਨ ਉਪਰ ਮੂੰਹ ਮਿੱਠਾ ਕਰਾਉਣ ਦੀ ਰਵਾਇਤ ਨੂੰ ਯਾਦ ਕਰਵਾਉਣ 'ਤੇ ਮੰਚ ਵੱਲੋਂ ਲੱਡੂ ਵੰਡੇ ਗਏ।

**—ਅਸ਼ੋਕ ਪੁਰੀ**

# ਪਾਠਕਾਂ ਦੇ ਝਰੋਖੇ 'ਚੋਂ

## ਪਰਖ-ਪੜਚੋਲ

18 ਸਤੰਬਰ ਦੇ ਨਵਾਂ ਜ਼ਮਾਨਾ ਵਿਚ ਫਿਰੋਜ਼ਪੁਰ ਦੇ ਪ੍ਰਸਿੱਧ ਸ਼ਾਇਰ ਹਰਮੀਤ ਵਿਦਿਆਰਥੀ ਦੀ ਨਵ-ਪ੍ਰਕਾਸ਼ਿਤ ਕਾਵਿ ਕਿਤਾਬ 'ਜ਼ਰਦ ਰੁੱਤ ਦਾ ਹਲਫੀਆ ਬਿਆਨ' ਬਾਰੇ ਸਮੀਖਿਆ ਲੇਖ (ਡਾ. ਉਮਿੰਦਰ ਜੌਹਲ) ਪੜ੍ਹ ਕੇ ਸ਼ਾਇਰ ਦੀ ਕਵਿਤਾ ਦੇ ਕਈ ਸੂਖਮ ਤੱਤ ਸਾਹਮਣੇ ਆਏ। ਹਰਮੀਤ ਵਿਦਿਆਰਥੀ ਦੀ ਕਵਿਤ ਬੌਧਿਕ ਪੱਧਰ ਦੀ ਹੈ। ਅਜੋਕੇ ਮਨੁੱਖੀ ਮਨੋਵਿਗਿਆਨ ਦਾ ਚਿਤਰਣ ਕਰਦੀ ਹੈ। ਉਸ ਦੀ ਕਵਿਤਾ ਦੇ ਅੱਖਰ ਬੋਲ-ਬੋਲ ਕੇ ਆਪਣੇ ਅਰਥਾਂ ਸਹਿਤ ਪਾਠਕ ਦੇ ਮਨ ਅੰਤਰ ਵਿੱਚ ਲਹਿੰਦੇ ਹਨ। ਉਹ ਨਦੀ ਦੇ ਪਾਣੀ ਵਾਂਗ ਵਹਿੰਦੇ ਜਾਂਦੇ ਹਨ। ਕਵੀ ਗੁਰਬੱਤ ਨੂੰ ਸ਼ਿੱਦਤ ਨਾਲ ਮਹਿਸੂਸ ਕਰਦਾ ਹੈ, ਇਸੇ ਕਰਕੇ ਉਸ ਦੀ ਕਵਿਤਾ ਦੇ ਪਾਤਰਾਂ ਨੂੰ ਸੂਰਜ ਵੇਖਣਾ ਨਸੀਬ ਨਹੀਂ ਹੁੰਦਾ। ਲੇਖ ਵਿਚ ਕੁਝ ਕਵਿਤਾਵਾਂ ਦੇ ਬੋਲ ਪੜ੍ਹ ਕੇ ਖੁਸ਼ੀ ਹੋਈ। ਪਿੱਛੇ ਜਿਹੇ ਹਰਮੀਤ ਵਿਦਿਆਰਥੀ ਭਾਸ਼ਾ ਵਿਭਾਗ ਫਾਜ਼ਿਲਕਾ ਦੇ ਕਵੀ ਦਰਬਾਰ ਵਿਚ ਹਾਜ਼ਰ ਹੋਇਆ ਤਾਂ ਸਰੋਤੇ ਸਾਹ ਰੋਕ ਕੇ ਉਸ ਦੇ ਕਲਾਮ ਨੂੰ ਸੁਣਦੇ ਰਹੇ। ਨਵਾਂ ਜ਼ਮਾਨਾ ਦਾ ਉਹ ਸਿਰਕੱਢ ਸ਼ਾਇਰ ਹੈ। ਡਾ. ਅਮਰ ਕੋਮਲ ਨੇ ਡਾ. ਗੁਰਬਖਸ਼ ਸਿੰਘ ਭੰਡਾਲ ਦੀ ਨਿਬੰਧ ਪੁਸਤਕ 'ਦੀਵਿਆਂ ਦੀ ਡਾਰ' ਦਾ ਵਿਸ਼ਲੇਸ਼ਣ ਕੀਤਾ, ਚੰਗਾ ਲੱਗਾ। ਡਾ. ਭੰਡਾਲ ਸ਼ਬਦਾਂ ਦਾ ਜਾਦੂਗਰ ਹੈ। ਉਸ ਦੀ ਵਾਰਤਕ ਵਿਚ ਗੰਭੀਰਤਾ ਦੇ ਗੁਣ ਹਨ। ਉਹ ਅਕਸਰ ਅਖਬਾਰਾਂ ਵਿਚ ਨਿਬੰਧਾਂ ਰਾਹੀਂ ਪਾਠਕਾਂ ਤੱਕ ਹੁੰਦਾ ਹੈ। ਡਾ. ਭੰਡਾਲ ਕੋਲ ਵਿਗਿਆਨ ਦਾ ਖਜ਼ਾਨਾ ਹੈ, ਇਸ ਲਈ ਉਸ ਦੀ ਵਾਰਤਕ ਵਿਚ ਵਿਗਿਆਨਕ ਤੱਤ ਹਨ। ਗੁਰਮੀਤ ਸਿੰਘ ਸਰਾਂ ਨੇ ਕਿਤਾਬ 'ਹਰਾ ਚੂੜਾ' ਦੀ ਸੰਖੇਪ, ਪਰ ਭਾਵਪੂਰਤ ਜਾਣਕਾਰੀ ਦਿੱਤੀ ਹੈ। ਰਾਮ ਸਰੂਪ ਅਣਖੀ ਬਾਰੇ ਡਲਹੌਜ਼ੀ ਗੋਸ਼ਟੀ ਦੀ ਰਿਪੋਰਟ ਪੜ੍ਹ ਕੇ ਬਹੁਤ ਚੰਗਾ ਲੱਗਾ। ਅਣਖੀ ਜੀ ਦਾ ਇਹ ਸੁਪਨਾ ਸੀ ਕਿ ਉਹ ਭਾਰਤੀ ਭਾਸ਼ਾਵਾਂ ਦੀ ਚਰਚਾ ਇਕ ਮੰਚ ਉਪਰ ਵੇਖਣਾ/ਕਰਾਉਣਾ ਚਾਹੁੰਦੇ ਸੀ। ਮਰਹੂਮ ਨਾਵਲਕਾਰ ਮੋਹਨ ਕਾਹਲੋਂ ਨੂੰ ਕੈਲਗਰੀ ਸਾਹਿਤ ਸਭਾ ਨੇ ਯਾਦ ਕੀਤਾ। ਇਹ ਪੰਜਾਬੀ ਭਾਸ਼ਾ ਦਾ ਬਹੁਤ ਵੱਡਾ ਮਾਣ ਹੈ। ਮੋਹਨ ਕਾਹਲੋਂ ਵਿਸ਼ਵ ਭਰ ਵਿਚ ਪੜ੍ਹਿਆ ਜਾਣ ਵਾਲਾ ਨਾਵਲਕਾਰ ਸੀ। ਰਾਜਨੀਤੀ ਪੰਨੇ 'ਤੇ ਜਤਿੰਦਰ ਪੰਨੂੰ ਨੇ ਸਿਆਸਤਦਾਨਾਂ ਦੇ ਦਲ-ਬਦਲੀ ਦੇ ਰੁਝਾਨ ਨੂੰ ਮੁੱਖ ਮੁੱਦਾ ਬਣਾਇਆ ਹੈ ਪਰ ਜਿਹੜੇ ਲੋਕ ਧੜਾਧੜ ਦਲ ਬਦਲ ਰਹੇ ਹਨ, ਉਹ ਪਤਾ ਨਹੀਂ ਕਿਹੜੀ ਮਿੱਟੀ ਦੇ ਬਣੇ ਹੋਏ ਹਨ। ਦਲਬਦਲੀ ਸਿਧਾਂਤਹੀਣਤਾ ਹੈ। ਜਿਸ ਪਾਰਟੀ ਨੂੰ ਇਹ ਲੋਕ ਸਟੇਜਾਂ 'ਤੇ ਸਾਰੀ ਉਮਰ ਨਿੰਦਦੇ ਰਹੇ ਹਨ, ਫਿਰ ਉਸੇ ਪਾਰਟੀ ਦਾ ਪੱਲਾ ਕਿਹੜੈ ਮੂੰਹ ਨਾਲ ਫੜਦੇ ਹਨ। ਇਹ ਲੋਕਤੰਤਰ ਦਾ ਮਜ਼ਾਕ ਹੈ। ਦਲਬਦਲਣ ਵਾਲਿਆਂ ਨੂੰ ਲੋਕਤੰਤਰ ਵਿਚ ਕੋਈ ਥਾਂ ਨਹੀਂ ਹੈ। ਅਖ਼ਬਾਰਾਂ ਵਿਚ ਪੜ੍ਹਿਆ ਹੈ ਕਿ ਅਮਰਿੰਦਰ ਸਿੰਘ ਨੇ ਹੁਣ ਸੱਤਵੀਂ ਵਾਰ ਪਾਰਟੀ ਬਦਲੀ ਹੈ। ਪਹਿਲਾਂ ਹੋਰ ਪਾਰਟੀਆਂ ਵਿਚ ਰਹਿ ਕੇ ਲੋਕਾਂ ਦੀ ਸੇਵਾ ਕੀਤੀ ਹੈ। ਇਹ ਤਾਨਾਸ਼ਾਹੀ ਦੇ ਪ੍ਰਪੱਕ ਕਰਨ ਵਾਲੀ ਗੱਲ ਹੈ। ਪੰਜਾਬ ਵਿਚ ਇਹ ਚੱਕਰ ਹੁਣ ਕੁਝ ਵਧੇਰੇ ਹੋ ਗਿਆ ਹੈ। ਪਹਿਲਾਂ ਦੂਸਰੇ ਸੂਬਿਆਂ ਵਿਚ ਹੁੰਦਾ ਸੀ। ਹਰਿਆਣਾ ਪਹਿਲਾਂ ਇਸ ਕੰਮ ਲਈ ਮਸ਼ਹੂਰ ਸੂਬਾ ਸੀ। ਸ਼ੁਗਲੀ ਦੇ ਕਾਲਮ ਵਿਚ ਭਾਰਤ ਜੋੜੋ ਦੀ ਅੰਦਰਲੀ ਭਾਵਨਾ ਨੂੰ ਬਾਰੀਕੀ ਨਾਲ ਲਿਆ ਹੈ। ਨਿੰਦਰ ਨੇ ਆਪਣੀ ਐਲਬਮ ਦੀਆਂ ਪੁਰਾਣੀਆਂ ਤਸਵੀਰਾਂ ਵੇਖ ਕੇ ਗਹਿਰੇ ਜਜ਼ਬਾਤ ਲਿਖੇ ਹਨ। ਪੁਰਾਣਾ ਲਿਖਿਆ ਜਾਂ ਪੁਰਾਣਾ ਪੜ੍ਹਿਆ ਮੈਟਰ ਵੇਖਣਾ ਜਾਂ ਪੁਰਾਣੀਆਂ ਤਸਵੀਰਾਂ ਵੇਖਣਾ ਆਪਣੇ ਹੀ ਅਤੀਤ ਨਾਲ ਗੱਲਾਂ ਕਰਨਾ ਹੈ। ਇਹ ਬੰਦੇ ਦੀਆਂ ਯਾਦਾਂ ਦਾ ਖਜ਼ਾਨਾ ਹਨ । ਨਾਵਲਕਾਰਾ ਹਰਜੀਤ ਕੌਰ ਵਿਰਕ ਦੀ ਮੁਲਾਕਾਤ ਦੀ ਤੀਸਰੀ ਕਿਸ਼ਤ ਪੜ੍ਹ ਕੇ ਬਹੁਤ ਖੁਸ਼ੀ ਹੋਈ। ਇਹ ਮੁਲਾਕਾਤ ਨਵਾਂ ਜ਼ਮਾਨਾ ਦੀ ਸਭ ਤੋਂ ਵੱਡੀ ਤੇ ਅਹਿਮ ਸਾਹਿਤਕ ਮੁਲਾਕਾਤ ਹੈ, ਜਿਸ ਵਿਚ ਪ੍ਰਸ਼ਨਾਂ, ਉੱਤਰਾਂ ਦੀ ਸਾਵਨ ਦੇ ਮੀਂਹ ਵਾਂਗ ਝੜੀ ਲਾ ਦਿੱਤੀ ਹੈ।

**—ਪ੍ਰਿੰ. ਗੁਰਮੀਤ ਸਿੰਘ ਫਾਜ਼ਿਲਕਾ**

# ਆਉਂਦੇ ਐਤਵਾਰਤਾ 'ਚ ਵਿਸ਼ੇਸ਼

**ਲੱਕੜੀ ਦੇ ਖਿਡੌਣਿਆਂ ਵਾਲਾ ਕੋਂਡਾਪੱਲੀ : ਕਮਲਜੀਤ ਥਾਬਲਕੇ**

**ਸਲੀਮ ਪਾਸ਼ਾ ਨਾਲ ਮੁਲਾਕਾਤ : ਡਾ. ਸੋਨੀਆ**

**'ਤੀਸਰੀ ਖਿੜਕੀ' ਦੀ ਪਰਖ ਪੜਚੋਲ : ਡਾ. ਹਰਜਿੰਦਰ ਸਿੰਘ**

**ਸਮਕਾਲੀ ਕਾਵਿ ਵੰਨਗੀਆਂ ਅਤੇ ਹੋਰ ਬਹੁਤ ਕੁਝ**

ਐਤਵਾਰ, 25 ਸਤੰਬਰ, 2022
9 ਅੱਸੂ { ਨਾਨਕਸ਼ਾਹੀ 554 / ਬਿਕਰਮੀ 2079
ਜਿਲਦ/VOL. : 71
ਅੰਕ/NO. : 115

# ਨਵਾਂ ਜ਼ਮਾਨਾ

DAILY NAWAN ZAMANA • SUNDAY, 25 SEPTEMBER, 2022 ਜਲੰਧਰ

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 14

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

# 'ਆਪ' ਬਨਾਮ ਰਾਜਪਾਲ

**ਚੰਡੀਗੜ੍ਹ** : ਵਿਧਾਨ ਸਭਾ ਸੈਸ਼ਨ ਰੱਦ ਕੀਤੇ ਜਾਣ ਨੂੰ ਲੈ ਕੇ ਆਪ ਸਰਕਾਰ ਅਤੇ ਰਾਜਪਾਲ ਵਿਚਾਲੇ ਚੱਲ ਰਿਹਾ ਵਿਵਾਦ ਰੁਕਣ ਦਾ ਨਾਂਅ ਨਹੀਂ ਲੈ ਰਿਹਾ। ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਅਤੇ ਮੁੱਖ ਮੰਤਰੀ ਭਗਵੰਤ ਮਾਨ ਦਰਮਿਆਨ ਸ਼ਬਦੀ ਜੰਗ ਸ਼ਨੀਵਾਰ ਵੀ ਜਾਰੀ ਰਹੀ। ਇਸ ਸੰਬੰਧ 'ਚ ਰਾਜਪਾਲ ਵੱਲੋਂ ਮੁੱਖ ਮੰਤਰੀ ਨੂੰ ਪੱਤਰ ਲਿਖਿਆ ਗਿਆ ਹੈ। ਇਸ ਤੋਂ ਪਹਿਲਾਂ ਰਾਜਪਾਲ ਨੇ ਸ਼ੁੱਕਰਵਾਰ ਨੂੰ ਪੰਜਾਬ ਵਿਧਾਨ ਸਭਾ ਦੇ ਸਕੱਤਰ ਨੂੰ 27 ਸਤੰਬਰ ਨੂੰ ਹੋਣ ਵਾਲੇ ਵਿਧਾਨ ਸਭਾ ਸੈਸ਼ਨ 'ਚ ਹੋਣ ਵਾਲੇ ਵਿਧਾਨਕ ਕੰਮਾਂ ਦੇ ਵੇਰਵੇ ਦੇਣ ਲਈ ਕਿਹਾ ਸੀ।

ਇਸ ਦੇ ਨਾਲ ਹੀ ਉਹਨਾ ਪ੍ਰੈੱਸ ਰਿਲੀਜ਼ ਰਾਹੀਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਸੰਵਿਧਾਨ ਦੀ ਧਾਰਾ 167 ਅਤੇ 168 ਪੜ੍ਹਨ ਲਈ ਕਿਹਾ ਹੈ। ਬਿਆਨ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਤੁਸੀਂ ਮੇਰੇ ਨਾਲ ਟੂ ਮੱਚ ਐਂਗਰੀ ਲੱਗਦੇ ਹੋ ਅਤੇ ਨਾਲ ਹੀ ਕਿਹਾ ਕਿ ਇਹ ਵੀ ਜਾਪ ਰਿਹਾ ਹੈ ਕਿ ਤੁਹਾਡੀ ਲੀਗਲ ਟੀਮ ਤੁਹਾਨੂੰ ਚੰਗੀ ਸਲਾਹ ਨਹੀਂ ਦੇ ਰਹੀ।

ਇਸ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਮਾਨ ਨੇ ਇੱਕ ਟਵੀਟ 'ਚ ਕਿਹਾ ਸੀ ਕਿ ਵਿਧਾਨ ਸਭਾ ਦੇ ਕਿਸੇ ਵੀ ਸੈਸ਼ਨ ਤੋਂ ਪਹਿਲਾਂ ਰਾਜਪਾਲ ਤੋਂ ਸਹਿਮਤੀ ਲੈਣਾ ਸਿਰਫ ਖਾਨਾਪੂਰਤੀ ਹੈ। 75 ਸਾਲਾਂ 'ਚ ਕਿਸੇ ਵੀ ਰਾਸ਼ਟਰਪਤੀ ਤੇ ਰਾਜਪਾਲ ਨੇ ਸੈਸ਼ਨ ਬੁਲਾਉਣ ਤੋਂ ਪਹਿਲਾਂ ਕਦੇ ਵੀ ਵਿਧਾਨਕ ਕੰਮਾਂ ਦੀ ਸੂਚੀ ਨਹੀਂ ਪੁੱਛੀ। ਮਾਨ ਨੇ ਇੱਕ ਟਵੀਟ 'ਚ ਕਿਹਾ ਕਿ ਇੱਕ ਦਿਨ ਰਾਜਪਾਲ 'ਸਭ ਭਾਸ਼ਣਾਂ ਦੀ ਪ੍ਰਵਾਨਗੀ ਲਈ ਮੰਗ ਕਰਨਗੇ।' ਇਸ ਦਾ ਜਵਾਬ ਦਿੰਦੇ ਹੋਏ ਰਾਜਪਾਲ ਨੇ ਪੰਜਾਬ ਦੇ ਮੁੱਖ ਮੰਤਰੀ ਨੂੰ ਲਿਖਿਆ ਕਿ ਅਖ਼ਬਾਰਾਂ ਵਿਚ ਤੁਹਾਡੇ ਬਿਆਨ ਪੜ੍ਹ ਕੇ ਲੱਗਦਾ ਹੈ ਕਿ ਸ਼ਾਇਦ ਤੁਸੀਂ ਮੇਰੇ ਨਾਲ ਬਹੁਤ ਜ਼ਿਆਦਾ ਨਾਰਾਜ਼ ਹੋ। ਲਗਦਾ ਹੈ ਕਿ ਤੁਹਾਡੇ ਕਾਨੂੰਨੀ ਸਲਾਹਕਾਰ ਤੁਹਾਨੂੰ ਸਹੀ ਢੰਗ ਨਾਲ ਜਾਣਕਾਰੀ ਨਹੀਂ ਦੇ ਰਹੇ। ਸੰਵਿਧਾਨ ਦੇ ਆਰਟੀਕਲ 167 ਅਤੇ 168 ਦੇ ਉਪਬੰਧਾਂ ਨੂੰ ਪੜ੍ਹ ਕੇ ਸ਼ਾਇਦ ਤੁਹਾਡੀ ਰਾਏ ਜ਼ਰੂਰ ਬਦਲ ਜਾਵੇਗੀ।

## ਰਾਜਪਾਲ ਸਰਕਾਰ ਦੇ ਕੰਮ 'ਚ ਕਰ ਰਹੇ ਬੇਲੋੜੀ ਦਖਲਅੰਦਾਜ਼ੀ : ਚੀਮਾ

**ਚੰਡੀਗੜ੍ਹ, (ਗੁਰਜੀਤ ਬਿੱਲਾ)**-ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਇਹ ਨਿੰਦਣਯੋਗ ਹੈ ਕਿ ਪੰਜਾਬ ਦੇ ਰਾਜਪਾਲ ਨੇ 27 ਸਤੰਬਰ ਨੂੰ ਪ੍ਰਸਤਾਵਿਤ ਵਿਧਾਨ ਸਭਾ ਸੈਸ਼ਨ ਦੌਰਾਨ ਹੋਣ ਵਾਲੇ ਵਿਧਾਨਕ ਕੰਮਾਂ ਦੇ ਵੇਰਵੇ ਮੰਗੇ ਹਨ। ਉਨ੍ਹਾ ਕਿਹਾ ਕਿ ਰਾਜਪਾਲ ਦਫਤਰ ਪੰਜਾਬ ਦੇ ਕੰਮਾਂ 'ਚ ਲਗਾਤਾਰ ਦਖਲਅੰਦਾਜ਼ੀ ਕਰ ਰਿਹਾ ਹੈ ਅਤੇ ਚੁਣੀ ਹੋਈ 'ਆਪ' ਸਰਕਾਰ ਨੂੰ ਖੁੱਲ੍ਹ ਕੇ ਕੰਮ ਨਹੀਂ ਕਰਨ ਦੇ ਰਿਹਾ। ਰਾਜਪਾਲ ਦੀ ਦਖਲਅੰਦਾਜ਼ੀ 'ਤੇ ਅਫਸੋਸ ਪ੍ਰਗਟ ਕਰਦਿਆਂ ਚੀਮਾ ਨੇ ਕਿਹਾ, 'ਮੈਂ ਰਾਜਪਾਲ ਨੂੰ ਕਹਿਣਾ ਚਾਹੁੰਦਾ ਹਾਂ ਕਿ ਉਹ ਆਪਣੇ ਦਫਤਰ ਦਾ ਰਿਕਾਰਡ ਚੈੱਕ ਕਰਨ ਅਤੇ ਲੋਕਾਂ ਨੂੰ ਦੱਸਣ ਕਿ ਕਿੰਨੇ ਰਾਜਪਾਲਾਂ ਨੇ ਸੱਤਾਧਾਰੀ ਸਰਕਾਰ ਤੋਂ ਵਿਧਾਨ ਸਭਾ ਸੈਸ਼ਨ ਬੁਲਾਉਣ ਦੇ ਮਕਸਦ ਬਾਰੇ ਸਵਾਲ ਖੜ੍ਹੇ ਕੀਤੇ ਹਨ। ਅੱਜ ਤੱਕ ਕਿਸੇ ਰਾਜਪਾਲ ਨੇ ਅਜਿਹਾ ਨਹੀਂ ਕੀਤਾ, ਸਿਰਫ ਮੌਜੂਦਾ ਰਾਜਪਾਲ ਅਜਿਹਾ ਕਰ ਰਹੇ ਹਨ, ਕਿਉਂਕਿ ਉਹ ਭਾਜਪਾ ਦੇ ਇਸ਼ਾਰੇ 'ਤੇ ਕੰਮ ਕਰ ਰਹੇ ਹਨ।' ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਵਿੱਤ ਮੰਤਰੀ ਚੀਮਾ ਨੇ ਰਾਜਪਾਲ ਦਫਤਰ ਰਾਹੀਂ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਰੋਕਣ ਦੀਆਂ ਕੋਸ਼ਿਸ਼ਾਂ ਕਰਨ ਲਈ ਭਾਜਪਾ ਨੂੰ ਆੜੇ ਹੱਥੀਂ ਲੈਂਦਿਆਂ ਕਿਹਾ ਕਿ ਭਾਜਪਾ ਗੁਜਰਾਤ ਅਤੇ ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਦੋਵਾਂ ਸੂਬਿਆਂ ਵਿੱਚ 'ਆਪ' ਦੀ ਵਧ ਰਹੀ ਲੋਕਪ੍ਰਿਅਤਾ ਤੋਂ ਡਰ ਗਈ ਹੈ। ਉਨ੍ਹਾ ਵਿਰੋਧੀ ਧਿਰ 'ਤੇ ਵੀ ਹਮਲਾ ਬੋਲਦਿਆਂ ਕਿਹਾ ਕਿ ਕਾਂਗਰਸ, ਭਾਜਪਾ ਅਤੇ ਅਕਾਲੀ ਦਲ ਕੋਲ 'ਆਪ' ਖਿਲਾਫ ਕੋਈ ਮੁੱਦਾ ਨਹੀਂ, ਇਸ ਲਈ ਉਹ ਵਿਧਾਨ ਸਭਾ ਸੈਸ਼ਨ 'ਚ ਬਹਿਸ ਤੋਂ ਭੱਜ ਰਹੇ ਹਨ।

## ਭਾਜਪਾ ਦੇ ਇਸ਼ਾਰੇ 'ਤੇ ਰਾਜਪਾਲ ਵੱਲੋਂ ਕੀਤੀ ਕਾਰਵਾਈ ਮੰਦਭਾਗੀ : ਅਮਨ ਅਰੋੜਾ

**ਚੰਡੀਗੜ੍ਹ, (ਗੁਰਜੀਤ ਬਿੱਲਾ)**-ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਵੱਲੋਂ ਸੂਬਾ ਸਰਕਾਰ ਦੁਆਰਾ 27 ਸਤੰਬਰ ਨੂੰ ਬੁਲਾਏ ਗਏ ਵਿਧਾਨ ਸਭਾ ਸੈਸ਼ਨ ਵਿਚਲੇ ਕੰਮਾਂ ਦਾ ਵੇਰਵੇ ਮੰਗੇ ਜਾਣ ਨੂੰ ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਮੰਦਭਾਗਾ ਅਤੇ ਨਿੰਦਣਯੋਗ ਕਰਾਰ ਦਿੱਤਾ ਹੈ। ਉਨ੍ਹਾ ਰਾਜਪਾਲ 'ਤੇ ਦੋਸ਼ ਲਾਇਆ ਕਿ ਉਹ ਪੰਜਾਬ 'ਚ 'ਅਪ੍ਰੇਸ਼ਨ ਲੋਟਸ' ਲਾਗੂ ਕਰਨ ਲਈ ਭਾਜਪਾ ਦੇ ਇਸ਼ਾਰੇ 'ਤੇ ਕੰਮ ਕਰ ਰਹੇ ਹਨ। ਸ਼ਨੀਵਾਰ ਨੂੰ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪੰਜਾਬ ਦੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਪਿਛਲੇ 75 ਸਾਲਾਂ 'ਚ ਕਿਸੇ ਵੀ ਰਾਸ਼ਟਰਪਤੀ ਜਾਂ ਰਾਜਪਾਲ ਨੇ ਸੈਸ਼ਨ ਬੁਲਾਉਣ ਤੋਂ ਪਹਿਲਾਂ ਕਦੇ ਵੀ ਵਿਧਾਨਕ ਕੰਮਾਂ ਦੀ ਸੂਚੀ ਨਹੀਂ ਮੰਗੀ। ਅਜਿਹਾ ਪਹਿਲੀ ਵਾਰ ਹੋ ਰਿਹਾ ਹੈ, ਕਿਉਂਕਿ ਪੰਜਾਬ ਦੇ ਰਾਜਪਾਲ ਸਪੱਸ਼ਟ ਤੌਰ 'ਤੇ ਲੋਕਤੰਤਰੀ ਪ੍ਰਣਾਲੀ ਨੂੰ ਕਮਜ਼ੋਰ ਕਰਨ ਅਤੇ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਨੂੰ ਆਮ ਲੋਕਾਂ ਦੀ ਭਲਾਈ ਲਈ ਕੰਮ ਕਰਨ ਤੋਂ ਰੋਕਣ ਲਈ ਭਾਜਪਾ ਅਤੇ ਕਾਂਗਰਸ ਨਾਲ ਮਿਲ ਕੇ ਕੰਮ ਕਰ ਰਹੇ ਹਨ। ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ 'ਤੇ ਹਮਲਾ ਕਰਦਿਆਂ ਅਰੋੜਾ ਨੇ ਕਿਹਾ ਕਿ ਜਿੱਥੇ ਕਿਤੇ ਵੀ ਭਾਜਪਾ ਦੀ ਸਰਕਾਰ ਨਹੀਂ, ਉੱਥੇ ਉਨ੍ਹਾਂ ਦੇ ਰਾਜਪਾਲ ਵਿਰੋਧੀ ਧਿਰ ਵਜੋਂ ਕੰਮ ਕਰ ਰਹੇ ਹਨ। ਉਹ ਸੱਤਾਧਾਰੀ ਸਰਕਾਰਾਂ ਨੂੰ ਕੰਮ ਕਰਨ ਤੋਂ ਰੋਕਣ ਲਈ ਅਤੇ ਆਪਣਾ ਘਟੀਆ ਰਾਜਨੀਤਕ ਏਜੰਡਾ ਲਾਗੂ ਕਰਨ ਲਈ ਅਜਿਹਾ ਕਰ ਰਹੇ ਹਨ। ਇਸੇ ਲਈ ਪੰਜਾਬ ਦੇ ਰਾਜਪਾਲ 'ਆਪ' ਸਰਕਾਰ ਨੂੰ ਵਾਰ-ਵਾਰ ਨੋਟਿਸ ਭੇਜ ਰਹੇ ਹਨ ਅਤੇ ਪਾਰਟੀ ਨੂੰ ਭਾਰਤ ਦੇ ਸੰਵਿਧਾਨ ਅਨੁਸਾਰ ਖੁੱਲ੍ਹ ਕੇ ਕੰਮ ਕਰਨ ਤੋਂ ਰੋਕ ਰਹੇ ਹਨ। ਅਰੋੜਾ ਅਨੁਸਾਰ-ਲੋਕਤੰਤਰ ਦਾ ਕਤਲ ਕਰਨ ਦੀ ਤਾਜ਼ਾ ਕੋਸ਼ਿਸ਼ ਇਹ ਹੈ ਕਿ ਭਾਜਪਾ ਦੇ ਇਸ਼ਾਰੇ 'ਤੇ ਗਵਰਨਰ ਦਫਤਰ ਨੇ 27 ਸਤੰਬਰ ਲਈ ਵਿਧਾਨਕ ਕੰਮਕਾਜ ਦੇ ਵੇਰਵੇ ਮੰਗੇ, ਜੋ ਪਹਿਲਾਂ ਕਦੇ ਨਹੀਂ ਹੋਇਆ। ਪਹਿਲਾਂ ਵੀ ਭਾਜਪਾ ਦੇ ਕਹਿਣ 'ਤੇ ਰਾਜਪਾਲ ਨੇ 22 ਸਤੰਬਰ ਨੂੰ ਬੁਲਾਏ ਸੈਸ਼ਨ ਨੂੰ ਮਨਜ਼ੂਰੀ ਦੇਣ ਤੋਂ ਬਾਅਦ ਰੱਦ ਕਰ ਦਿੱਤਾ, ਕਿਉਂਕਿ ਉਨ੍ਹਾ ਨੂੰ ਪਤਾ ਹੈ ਕਿ ਇਸ ਸੈਸ਼ਨ 'ਚ ਅਪ੍ਰੇਸ਼ਨ ਲੋਟਸ' ਦਾ ਪਰਦਾ ਫਾਸ਼ ਹੋਣਾ ਸੀ। ਉਨ੍ਹਾ ਕਿਹਾ ਕਿ ਦਿੱਲੀ 'ਚ ਭਾਜਪਾ ਦੇ ਉਪ ਰਾਜਪਾਲ 'ਆਪ' ਨੂੰ ਕੰਮ ਕਰਨ ਤੋਂ ਰੋਕ ਰਹੇ ਹਨ ਅਤੇ ਹੁਣ ਪੰਜਾਬ 'ਚ ਭਾਜਪਾ ਨੇ ਇਹ ਕੰਮ ਰਾਜਪਾਲ ਨੂੰ ਸੌਂਪ ਦਿੱਤਾ ਹੈ। ਉਹ 'ਆਪ' ਦੀ ਵਧਦੀ ਲੋਕਪ੍ਰਿਅਤਾ ਤੋਂ ਡਰਦੇ ਹਨ ਅਤੇ ਪਾਰਟੀ ਨੂੰ ਲੋਕ-ਪੱਖੀ ਮੁੱਦੇ ਉਠਾਉਣ ਤੋਂ ਕਿਸੇ ਵੀ ਤਰੀਕੇ ਨਾਲ ਰੋਕਣਾ ਚਾਹੁੰਦੇ ਹਨ, ਪਰ 'ਆਪ' ਲੋਕਤੰਤਰ ਦੀ ਰਾਖੀ ਲਈ ਕੰਮ ਕਰਨਾ ਜਾਰੀ ਰੱਖੇਗੀ।

# ਵਿਰੋਧੀ ਪਾਰਟੀਆਂ 'ਝੂਠ ਦੀ ਬਿਮਾਰੀ' ਤੋਂ ਪੀੜਤ : ਮਾਨ

### ਪਿਛਲੀਆਂ ਸਰਕਾਰਾਂ ਨੇ ਪੰਜਾਬ ਦੀ ਦੌਲਤ ਨੂੰ ਬੇਰਹਿਮੀ ਨਾਲ ਲੁੱਟਣ 'ਚ ਅੰਗਰੇਜ਼ਾਂ ਨੂੰ ਵੀ ਪਛਾੜਿਆ

**ਫ਼ਰੀਦਕੋਟ, (ਅਲੈਗਜ਼ੈਂਡਰ ਡਿਸੂਜ਼ਾ)**-ਵਿਰੋਧੀਆਂ ਪਾਰਟੀਆਂ ਨੂੰ ਲੰਮੇ ਸਮੇਂ ਤੋਂ ਝੂਠ ਦੀ ਬਿਮਾਰੀ ਤੋਂ ਪੀੜਤ ਦੱਸਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਸਨਿੱਚਰਵਾਰ ਆਖਿਆ ਕਿ ਲੋਕਾਂ ਦੀ ਭਲਾਈ ਲਈ ਕੰਮ ਕਰਨ ਦੀ ਬਜਾਏ ਇਨ੍ਹਾਂ ਪਾਰਟੀਆਂ ਦੇ ਆਗੂ ਸੂਬਾ ਸਰਕਾਰ ਦੇ ਹਰੇਕ ਲੋਕ-ਪੱਖੀ ਕਦਮ ਵਿੱਚ ਗਲਤੀਆਂ ਕੱਢਣ ਦੇ ਆਦੀ ਹੋ ਚੁੱਕੇ ਹਨ।

ਟਿੱਲਾ ਬਾਬਾ ਸ਼ੇਖ ਫ਼ਰੀਦ ਵਿਖੇ ਅਕੀਦਤ ਭੇਟ ਕਰਨ ਮਗਰੋਂ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਆਗੂਆਂ ਕੋਲ ਸੂਬਾ ਸਰਕਾਰ ਵੱਲੋਂ ਲੋਕਾਂ ਦੀ ਭਲਾਈ ਲਈ ਕੀਤੇ ਫੈਸਲਿਆਂ ਦੀ ਆਲੋਚਨਾ ਕਰਨ ਤੋਂ ਇਲਾਵਾ ਕੋਈ ਹੋਰ ਕੰਮ ਨਹੀਂ ਹੈ। ਉਨ੍ਹਾ ਕਿਹਾ ਕਿ ਇਨ੍ਹਾਂ ਆਗੂਆਂ ਕੋਲ ਕੋਈ ਪੁਖ਼ਤਾ ਮਸਲਾ ਨਾ ਹੋਣ ਕਾਰਨ ਉਹ ਸਿਰਫ਼ ਆਲੋਚਨਾ ਲਈ ਹੀ ਸੂਬਾ ਸਰਕਾਰ ਦੀ ਆਲੋਚਨਾ ਕਰ ਰਹੇ ਹਨ। ਭਗਵੰਤ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਅਜਿਹੇ ਹੋਛੇ ਹਥਕੰਡਿਆਂ ਕਾਰਨ ਰਾਜ ਦੇ ਵਿਕਾਸ ਤੇ ਲੋਕਾਂ ਦੀ ਭਲਾਈ ਦੇ ਕੰਮ ਤੋਂ ਪਿੱਛੇ ਨਹੀਂ ਹਟੇਗੀ।

ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਪੰਜਾਬ ਨੂੰ ਭ੍ਰਿਸ਼ਟਾਚਾਰ, ਨਸ਼ਿਆਂ, ਬੇਰੁਜ਼ਗਾਰੀ ਤੋਂ ਹੋਰ ਅਲਾਮਤਾਂ ਤੋਂ ਮੁਕਤ ਕਰਨ ਲਈ ਸੂਬਾ ਸਰਕਾਰ ਕੋਈ ਕਸਰ ਬਾਕੀ ਨਹੀਂ ਛੱਡੇਗੀ। ਉਨ੍ਹਾ ਇਸ ਲੋਕ ਭਲਾਈ ਦੇ ਕਾਰਜ ਲਈ ਲੋਕਾਂ ਨੂੰ ਪੂਰਾ ਸਹਿਯੋਗ ਤੇ ਤਾਲਮੇਲ ਦੀ ਅਪੀਲ ਕਰਦਿਆਂ ਆਖਿਆ ਕਿ ਉਨ੍ਹਾਂ ਦੇ ਸਹਿਯੋਗ ਤੋਂ ਬਿਨਾਂ ਇਸ ਵੱਡੇ ਕਾਰਜ ਨੂੰ ਪੂਰਾ ਨਹੀਂ ਕੀਤਾ ਜਾ ਸਕਦਾ। ਉਹਨਾ ਕਿਹਾ ਕਿ ਪਿਛਲੀਆਂ ਸਰਕਾਰਾਂ ਦੇ ਸ਼ਾਸਨ ਦੌਰਾਨ ਆਪਣੀਆਂ ਜੜ੍ਹਾਂ ਡੂੰਘੀਆਂ ਕਰ ਚੁੱਕੀਆਂ ਇਨ੍ਹਾਂ ਅਲਾਮਤਾਂ ਤੋਂ ਛੁਟਕਾਰਾ ਪਾਉਣ ਲਈ ਸੂਬਾ ਸਰਕਾਰ ਦਾ ਪੂਰਾ ਢਾਂਚਾ ਲੋਕਾਂ ਨਾਲ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਲੋਕਾਂ ਦੇ ਖ਼ਜ਼ਾਨੇ ਦੀ ਬੇਰਹਿਮੀ ਨਾਲ ਲੁੱਟ ਕੀਤੀ। ਕਰਦਾਤਾਵਾਂ ਦਾ ਪੈਸਾ ਲੁੱਟਣ ਵਿੱਚ ਪਿਛਲੀਆਂ ਸਰਕਾਰਾਂ ਨੇ ਅੰਗਰੇਜ਼ਾਂ ਨੂੰ ਵੀ ਪਿੱਛੇ ਛੱਡ ਦਿੱਤਾ। ਉਹਨਾ ਕਿਹਾ ਕਿ ਸਾਡੀ ਸਰਕਾਰ ਇਨ੍ਹਾਂ ਭ੍ਰਿਸ਼ਟ ਲੀਡਰਾਂ ਤੋਂ ਇਕ-ਇਕ ਪੈਸਾ ਵਾਪਸ ਕਰਵਾ ਕੇ ਇਸ ਨੂੰ ਲੋਕ ਭਲਾਈ ਲਈ ਵਰਤੇਗੀ।

ਆਪਣੀ ਸਰਕਾਰ ਦੀਆਂ ਮਿਸਾਲੀ ਪਹਿਲਕਦਮੀਆਂ ਗਿਣਾਉਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾ ਦੀ ਸਰਕਾਰ ਲੋਕਾਂ ਨੂੰ ਭ੍ਰਿਸ਼ਟਾਚਾਰ ਮੁਕਤ ਸ਼ਾਸਨ ਮੁਹੱਈਆ ਕਰਵਾ ਰਹੀ ਹੈ ਅਤੇ ਲੋਕਾਂ ਦੇ ਪੈਸੇ ਦੀ ਚੋਰੀ ਨੂੰ ਰੋਕ ਦਿੱਤਾ ਗਿਆ ਹੈ, ਹੁਣ ਇਹ ਪੈਸਾ ਸੂਬੇ ਅਤੇ ਇਸ ਦੇ ਲੋਕਾਂ ਲਈ ਵਰਤਿਆ ਜਾ ਰਿਹਾ ਹੈ। ਉਨ੍ਹਾ ਕਿਹਾ ਕਿ ਲੋਕਾਂ ਦੇ ਪੈਸੇ ਦੀ ਤਰਕਸੰਗਤ ਵਰਤੋਂ ਯਕੀਨੀ ਬਣਾਉਣ ਲਈ ਸਰਕਾਰ ਨੇ 'ਇਕ ਵਿਧਾਇਕ, ਇਕ ਪੈਨਸ਼ਨ' ਵਰਗਾ ਇਤਿਹਾਸਕ ਕਦਮ ਚੁੱਕਿਆ।

ਬਾਬਾ ਸ਼ੇਖ ਫ਼ਰੀਦ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਮੁੱਖ ਮੰਤਰੀ ਨੇ ਉਨ੍ਹਾ ਨੂੰ ਮਹਾਨ ਰੂਹਾਨੀ ਸਫ਼ੀਰ, ਕਵੀ, ਪੈਗੰਬਰ ਤੇ ਭਾਰਤ ਵਿੱਚ ਸੂਫ਼ੀ ਵਿਚਾਰਧਾਰਾ ਦੇ ਬਾਨੀ ਦੱਸਿਆ। ਉਨ੍ਹਾ ਕਿਹਾ ਕਿ ● ਬਾਕੀ ਸਫ਼ਾ 10 'ਤੇ

## ਭਲਕੇ ਚੰਡੀਗੜ੍ਹ 'ਚ ਜਨਤਕ ਛੁੱਟੀ

**ਚੰਡੀਗੜ੍ਹ** : ਚੰਡੀਗੜ੍ਹ ਪ੍ਰਸ਼ਾਸਨ ਨੇ ਅਗਰਸੈਨ ਜੈਅੰਤੀ ਦੇ ਮੌਕੇ 26 ਸਤੰਬਰ (ਸੋਮਵਾਰ) ਨੂੰ ਉਦਯੋਗਿਕ ਅਦਾਰਿਆਂ ਸਮੇਤ ਸਾਰੇ ਸਰਕਾਰੀ ਦਫਤਰਾਂ, ਬੋਰਡਾਂ, ਕਾਰਪੋਰੇਸ਼ਨਾਂ, ਵਿਦਿਅਕ ਸੰਸਥਾਵਾਂ ਵਿੱਚ ਜਨਤਕ ਛੁੱਟੀ ਦਾ ਐਲਾਨ ਕੀਤਾ ਹੈ। ਇਸ ਸੰਬੰਧੀ ਯੂ ਟੀ ਦੇ ਗ੍ਰਹਿ ਵਿਭਾਗ ਨੇ ਨੈਗੋਸ਼ੀਏਬਲ ਇੰਸਟਰੂਮੈਂਟ ਐਕਟ, 1881 ਦੀ ਧਾਰਾ 25 ਤਹਿਤ ਨੋਟੀਫਿਕੇਸ਼ਨ ਜਾਰੀ ਕੀਤਾ ਹੈ।

## ਖਰਾਬ ਮੌਸਮ ਕਾਰਨ ਪ੍ਰਧਾਨ ਮੰਤਰੀ ਦਾ ਮੰਡੀ ਦੌਰਾ ਰੱਦ

**ਚੰਡੀਗੜ੍ਹ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਖਰਾਬ ਮੌਸਮ ਕਾਰਨ ਹਿਮਾਚਲ ਪ੍ਰਦੇਸ਼ ਵਿਚਲੇ ਮੰਡੀ ਦਾ ਦੌਰਾ ਸ਼ਨੀਵਾਰ ਰੱਦ ਕਰ ਦਿੱਤਾ। ਹਾਲਾਂਕਿ ਉਨ੍ਹਾ ਮੰਡੀ 'ਚ ਭਾਜਪਾ ਵਰਕਰਾਂ ਦੀ ਰੈਲੀ ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਸੰਬੋਧਨ ਕੀਤਾ। ਪ੍ਰਧਾਨ ਮੰਤਰੀ ਨੇ ਟਵੀਟ ਕਰਦਿਆਂ ਕਿਹਾ ਕਿ ਉਨ੍ਹਾ ਮੰਡੀ ਦੀ ਰੈਲੀ 'ਚ ਸ਼ਾਮਲ ਹੋਣਾ ਸੀ, ਪਰ ਖਰਾਬ ਮੌਸਮ ਕਾਰਨ ਉਹ ਸਮਾਗਮ 'ਚ ਸ਼ਾਮਲ ਨਹੀਂ ਹੋ ਸਕੇ, ਪਰ ਆਉਣ ਵਾਲੇ ਦਿਨਾਂ ਵਿੱਚ ਉਹ ਜ਼ਰੂਰ ਇਥੇ ਆਉਣਗੇ ਤੇ ਆਪਣੇ ਲੋਕਾਂ ਨੂੰ ਮਿਲਣਗੇ। ਇਸ ਮੌਕੇ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਜੈ ਰਾਮ ਠਾਕੁਰ ਨੇ ਰੈਲੀ ਨੂੰ ਸੰਬੋਧਨ ਕੀਤਾ।

## 5-ਜੀ ਸੇਵਾ ਦੀ ਸ਼ੁਰੂਆਤ ਪਹਿਲੀ ਅਕਤੂਬਰ ਨੂੰ




**ਨਵੀਂ ਦਿੱਲੀ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪਹਿਲੀ ਅਕਤੂਬਰ ਨੂੰ ਭਾਰਤ 'ਚ 5-ਜੀ ਸੇਵਾ ਦੀ ਸ਼ੁਰੂਆਤ ਕਰਨਗੇ। ਕੇਂਦਰ ਸਰਕਾਰ ਦੇ ਨੈਸ਼ਨਲ ਬਰਾਡਬੈਂਡ ਮਿਸ਼ਨ ਨੇ ਟਵੀਟ ਕਰਕੇ ਇਸ ਦੀ ਸ਼ਨੀਵਾਰ ਜਾਣਕਾਰੀ ਦਿੱਤੀ। ਟਵੀਟ ਰਾਹੀਂ ਕਿਹਾ ਗਿਆ ਹੈ ਕਿ ਭਾਰਤ ਦੇ ਡਿਜੀਟਲ ਬਦਲਾਅ ਨੂੰ ਨਵੀਂਆਂ ਉਚਾਈਆਂ 'ਤੇ ਲਿਜਾਣ ਲਈ ਪ੍ਰਧਾਨ ਮੰਤਰੀ ਮੋਦੀ ਪਹਿਲੀ ਅਕਤੂਬਰ ਨੂੰ ਇੰਡੀਆ ਮੋਬਾਇਲ ਕਾਂਗਰਸ 'ਚ 5-ਜੀ ਸੇਵਾਵਾਂ ਦੀ ਸ਼ੁਰੂਆਤ ਕਰਨਗੇ।

## ਸਰਕਾਰ ਦੇ ਭਰੋਸੇ ਤੋਂ ਬਾਅਦ ਭਾਰਤੀ ਕਿਸਾਨ ਯੂਨੀਅਨ ਨੇ ਕੌਮੀ ਮਾਰਗ ਤੋਂ ਚੁੱਕਿਆ ਧਰਨਾ

**ਚੰਡੀਗੜ੍ਹ** : ਹਰਿਆਣਾ ਦੇ ਕੁਰੂਕਸ਼ੇਤਰ ਦੇ ਕੋਲ ਕਿਸਾਨਾਂ ਨੇ ਝੋਨੇ ਦੀ ਜਲਦੀ ਖਰੀਦ ਦੀ ਮੰਗ ਨੂੰ ਲੈ ਕੇ ਵਿਰੋਧ ਪ੍ਰਦਰਸ਼ਨ ਕਰਦੇ ਹੋਏ ਹਾਈਵੇ ਨੰਬਰ-44 ਨੂੰ ਜਾਮ ਕਰ ਦਿੱਤਾ ਸੀ। ਹਾਲਾਂਕਿ ਹਰਿਆਣਾ ਸਰਕਾਰ ਨੇ ਉਨ੍ਹਾਂ ਦੀ ਮੰਗ ਮੰਨ ਲਈ, ਜਿਸ ਤੋਂ ਬਾਅਦ ਕਿਸਾਨ ਹਾਈਵੇ ਤੋਂ ਹਟਣ ਲਈ ਸਹਿਮਤ ਹੋ ਗਏ। ਕਾਨੂੰਨ ਵਿਵਸਥਾ ਨੂੰ ਲੈ ਕੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੀ ਖਿਚਾਈ ਤੋਂ ਬਾਅਦ ਸਰਕਾਰ ਨੇ ਕਿਸਾਨਾਂ ਨਾਲ ਗੱਲਬਾਤ ਕੀਤੀ। ਹਾਈਵੇ ਬੰਦ ਕਾਰਨ ਕਰੀਬ 21 ਘੰਟੇ ਆਵਾਜਾਈ ਬੰਦ ਰਹੀ। ਪ੍ਰਦਰਸ਼ਨ ਦੀ ਅਗਵਾਈ ਕਰ ਰਹੇ ਭਾਰਤੀ ਕਿਸਾਨ ਯੂਨੀਅਨ (ਚੜੂਨੀ) ਦੇ ਪ੍ਰਧਾਨ ਗੁਰਨਾਮ ਸਿੰਘ ਚੜੂਨੀ ਨੇ ਕਿਹਾ ਕਿ ਹਰਿਆਣਾ ਸਰਕਾਰ ਨੇ ਕਿਹਾ ਹੈ ਕਿ ਅਨਾਜ ਮੰਡੀਆਂ ਤੋਂ ਝੋਨਾ ਚੁੱਕ ਲਿਆ ਜਾਵੇਗਾ, ਹਾਲਾਂਕਿ ਅਧਿਕਾਰਤ ਖਰੀਦ 1 ਅਕਤੂਬਰ ਤੋਂ ਹੀ ਸ਼ੁਰੂ ● ਬਾਕੀ ਸਫ਼ਾ 10 'ਤੇ

## ਤਵਾਘਾਟ-ਲਿਪੂਲੇਖ ਨੈਸ਼ਨਲ ਹਾਈਵੇ ਢਿਗਾਂ ਡਿੱਗਣ ਕਾਰਨ ਬੰਦ, 400 ਯਾਤਰੀ ਫਸੇ

**ਦੇਹਰਾਦੂਨ** : ਉਤਰਾਖੰਡ 'ਚ ਬੀਤੇ ਕੁਝ ਦਿਨਾਂ ਤੋਂ ਮੀਂਹ ਦਾ ਦੌਰ ਜਾਰੀ ਹੈ। ਲਗਾਤਾਰ ਮੀਂਹ ਕਾਰਨ ਸੂਬੇ ਦੇ ਵੱਖ-ਵੱਖ ਹਿੱਸਿਆਂ 'ਚ ਢਿਗਾਂ ਡਿੱਗਣ ਦੀਆਂ ਖ਼ਬਰਾਂ ਆ ਰਹੀਆਂ ਹਨ। ਉਥੇ ਹੀ ਪਿਥੌਰਾਗੜ੍ਹ 'ਚ ਢਿਗਾਂ ਡਿੱਗਣ ਕਾਰਨ ਕਰੀਬ 40 ਯਾਤਰੀਆਂ ਦੇ ਫਸੇ ਹੋਣ ਦੀ ਖ਼ਬਰ ਹੈ। ਤਵਾਘਾਟ-ਲਿਪੂਲੇਖ ਸੜਕ 'ਤੇ ਨਜੰਗ ਕੋਲ ਸ਼ਨੀਵਾਰ ਅਚਾਨਕ ਪਹਾੜੀ ਤੋਂ ਵੱਡਾ ਹਿੱਸਾ ਡਿੱਗ ਗਿਆ, ਜਿਸ ਕਾਰਨ ਰਾਜਮਾਰਗ 'ਤੇ ਆਵਾਜਾਈ ਬੰਦ ਕਰ ਦਿੱਤੀ ਗਈ। ਉਤਰਕਾਸ਼ੀ 'ਚ ਗੰਗੋਤਰੀ ਤੋਂ ਵਾਪਸ ਆ ਰਹੇ ਰਾਜਸਥਾਨ ਦੇ 400 ਯਾਤਰੀ ਢਿਗਾਂ ਡਿੱਗਣ ਕਾਰਨ ਫਸ ਗਏ ਹਨ।

## ਰਿਸੈਪਸ਼ਨਿਸਟ ਕਤਲ ਕੇਸ 'ਚ ਭਾਜਪਾ ਆਗੂ ਦਾ ਪੁੱਤ ਗ੍ਰਿਫ਼ਤਾਰ

- 5 ਦਿਨ ਤੋਂ ਲਾਪਤਾ ਸੀ ਅੰਕਿਤਾ, ਰਿਸ਼ੀਕੇਸ਼ ਦੀ ਚਿੱਲਾ ਨਹਿਰ 'ਚੋਂ ਮਿਲੀ ਲਾਸ਼
- ਪ੍ਰਸ਼ਾਸਨ ਨੇ ਰਿਜ਼ੋਰਟ ਤੋੜਿਆ, ਲੋਕਾਂ ਫੈਕਟਰੀ ਨੂੰ ਕੀਤਾ ਅੱਗ ਹਵਾਲੇ

**ਦੇਹਰਾਦੂਨ** : ਪੰਜ ਦਿਨਾਂ ਤੋਂ ਲਾਪਤਾ ਅੰਕਿਤਾ ਭੰਡਾਰੀ ਦੀ ਨਹਿਰ 'ਚ ਸੁੱਟ ਕੇ ਹੱਤਿਆ ਕਰ ਦਿੱਤੀ ਗਈ। ਇਹ ਖੁਲਾਸਾ ਕਰਦੇ ਹੋਏ ਪੁਲਸ ਨੇ ਹੱਤਿਆ ਦਾ ਮੁਕਦਮਾ ਦਰਜ ਕਰਕੇ ਰਿਜ਼ੋਰਟ ਮਾਲਕ ਅਤੇ ਉਸ ਦੇ ਦੋ ਮੈਨੇਜਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਰਿਜ਼ੋਰਟ ਦਾ ਮਾਲਕ ਹਰਿਦੁਆਰ ਦੇ ਭਾਜਪਾ ਨੇਤਾ ਵਿਨੋਦ ਆਰੀਆ ਦਾ ਪੁੱਤ ਹੈ। ਉਤਰਾਖੰਡ ਦੀ ਐੱਸ ਡੀ ਆਰ ਐੱਫ਼ ਟੀਮ ਨੇ ਸ਼ਨੀਵਾਰ ਸਵੇਰੇ ਅੰਕਿਤਾ ਭੰਡਾਰੀ ਦੀ ਲਾਸ਼ ਰਿਸ਼ੀਕੇਸ਼ ਦੀ ਚਿੱਲਾ ਨਹਿਰ 'ਚੋਂ ਬਰਾਮਦ ਕਰ ਲਈ। ਮ੍ਰਿਤਕ ਦੇ ਭਰਾ ਅਤੇ ਪਿਤਾ ਨੇ ਲਾਸ਼ ਦੀ ਪਛਾਣ ਕੀਤੀ ਹੈ। ਬੈਰਾਜ 'ਚ ਮਿਲੀ ਲਾਸ਼ ਅੰਕਿਤਾ ਭੰਡਾਰੀ ਦੀ ਹੈ। ਮਾਮਲੇ 'ਚ ਉਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੇ ਟਵੀਟ ਕਰਦੇ ਹੋਏ ਲਿਖਿਆ ਕਿ ਬੇਟੀ ਅੰਕਿਤਾ ਦੀ ਲਾਸ਼ ਬਰਾਮਦ ਕਰ ਲਈ ਗਈ ਹੈ। ਇਸ ਦੁਖਦਾਈ ਘਟਨਾ ਨਾਲ ਮਨ ਬਹੁਤ ਉਦਾਸ਼ ਹੈ।

ਦੋਸ਼ੀਆਂ ਨੂੰ ਸਖ਼ਤ ਸਜ਼ਾ ਦਿਵਾਉਣ ਲਈ ਐੱਸ ਆਈ ਟੀ ਦਾ ਗਠਨ ਕਰਕੇ ਮਾਮਲੇ ਦੀ ਡੂੰਘਾਈ ਨਾਲ ਜਾਂਚ ਦੇ ਵੀ ਆਦੇਸ਼ ਦਿੱਤੇ ਗਏ ਹਨ। ਦੋਸ਼ੀਆਂ ਦੇ ਗੈਰ-ਕਾਨੂੰਨੀ ਰੂਪ ਨਾਲ ਬਣੇ ਰਿਜ਼ੋਰਟ 'ਤੇ ਬੁਲਡੋਜ਼ਰ ਚਲਾ ਕੇ ਕਾਰਵਾਈ ਬੀਤੀ ਰਾਤ ਕੀਤੀ ਗਈ।

ਜ਼ਿਕਰਯੋਗ ਹੈ ਕਿ ਪੰਜ ਦਿਨ ਪਹਿਲਾਂ ਗੁੰਮ ਹੋਈ ਅੰਕਿਤਾ ਭੰਡਾਰੀ ਨੂੰ ਨਹਿਰ 'ਚ ਸੁੱਟ ਕੇ ਹੱਤਿਆ ਕਰ ਦਿੱਤੀ ਗਈ ਸੀ। ਅੰਕਿਤਾ ਦੀ ਲਾਸ਼ ਤਲਾਸ਼ਣ ਲਈ ਪੁਲਸ ਨੇ ਐੱਨ ਡੀ ਆਰ ਐੱਫ਼ ਦੀ ਮਦਦ ਲਈ ਸੀ। ਪੌੜੀ ਗੜ੍ਹਵਾਲ ਦੇ ਨਾਂਦਲਸੂ ਪੱਟੀ ਦੀ ਸ੍ਰੀਕੋਟ ਨਿਵਾਸੀ ਅੰਕਿਤਾ ਭੰਡਾਰੀ (19) ਵਨੰਤਾ ਰਿਜ਼ੋਰਟ 'ਚ ਰਿਸੈਪਸ਼ਨਿਸਟ ਦੇ ਤੌਰ 'ਤੇ ਕੰਮ ਕਰਦੀ ਸੀ। ਉਹ ਬੀਤੀ 18 ਸਤੰਬਰ ਤੋਂ ਲਾਪਤਾ ਸੀ। ਗੁੰਮਸ਼ਦਗੀ ਦੀ ਰਿਪੋਰਟ ਵੀ ਰਿਜ਼ੋਰਟ ਦੇ ਮਾਲਕ ਪੁਲਕਿਤ ਆਰੀਆ ਵੱਲੋਂ ਦਰਜ ਕਰਵਾਈ ਗਈ। ਵੀਰਵਾਰ ਤੱਕ ਅੰਕਿਤਾ ਦਾ ਕੁਝ ਪਤਾ ਨਹੀਂ ਚੱਲਿਆ। ਜਦ ਪੁਲਸ ਨੇ ਜਾਂਚ ਕੀਤੀ ਤਾਂ ਰਿਜ਼ੋਰਟ ਮਾਲਕ ਅਤੇ ਉਸ ਦੇ ਮੈਨੇਜਰ ਦੀ ਭੂਮਿਕਾ ਸਾਹਮਣੇ ਆਈ। ਉਨ੍ਹਾਂ ਦੱਸਿਆ ਕਿ ਅੰਕਿਤਾ 'ਤੇ ਉਹ ਉਥੇ ਆਉਣ ਵਾਲੇ ਗਾਹਕਾਂ ਨਾਲ ਸੰਬੰਧ ਬਣਾਉਣ ਨੂੰ ਕਹਿੰਦੇ ਸਨ। ਇਹ ਗੱਲ ਅੰਕਿਤਾ ਸਾਰਿਆਂ ਨੂੰ ਦੱਸ ਰਹੀ ਸੀ, ਉਹ ਵਾਰ-ਵਾਰ ਰਿਜ਼ੋਰਟ ਦੀ ਹਕੀਕਤ ਸਾਹਮਣੇ ਲਿਆਉਣ ਦੀ ਧਮਕੀ ਦੇ ਰਹੀ ਸੀ। ਇਸ ਗੱਲ ਨੂੰ ਲੈ ਕੇ ਵਿਵਾਦ ਚੱਲ ਰਿਹਾ ਸੀ।

ਏ ਐੱਸ ਪੀ ਨੇ ਦੱਸਿਆ ਕਿ ਪੁੱਛਗਿੱਛ ਤੋਂ ਬਾਅਦ ਪੁਲਕਿਤ ਆਰਿਆ, ਅੰਕਿਤ ਉਰਫ ਪੁਲਕਿਤ ਗੁਪਤਾ ਆਰੀਆ ਅਤੇ ਸੌਰਭ ਭਾਸਕਰ ਨੂੰ ਹੱਤਿਆ, ਸਬੂਤ ਛੁਪਾਉਣ ਦੇ ਦੋਸ਼ 'ਚ ਗ੍ਰਿਫ਼ਤਾਰ ਕਰ ਲਿਆ ਗਿਆ। ਜਿੱਥੇ ਤਿੰਨਾਂ ਨੂੰ 14 ਦਿਨਾਂ ਦੀ ਨਿਆਂਇਕ ਹਿਰਾਸਤ 'ਚ ਭੇਜ ਦਿੱਤਾ ਗਿਆ।

ਅੰਕਿਤਾ ਦੀ ਹੱਤਿਆ ਨਾਲ ਗੁੱਸੇ 'ਚ ਆਈਆਂ ਔਰਤਾਂ ਨੇ ਪੁਲਸ ਵੈਨ ਰੋਕ ਕੇ ਤਿੰਨਾਂ ਦੋਸ਼ੀਆਂ ਨੂੰ ਖੂਬ ਕੁੱਟਿਆ। ਦੋਸ਼ੀਆਂ ਨੂੰ ਜਦੋਂ ਪੁਲਸ ਕੋਰਟ 'ਚ ਪੇਸ਼ ਕਰਨ ਲਈ ਕੋਟਦੁਆਰ ਲੈ ਕੇ ਜਾ ਰਹੀ ਸੀ ਤਾਂ ਇਸ ਦੌਰਾਨ ਬੈਰਾਜ ਪੁਲਸ ਤੋਂ ਅੱਗੇ ਸੈਂਕੜੇ ਪਿੰਡ ਵਾਸੀਆਂ ਨੇ ਪੁਲਸ ਦੀ ਗੱਡੀ ਰੋਕ ਲਈ ਅਤੇ ਤਿੰਨਾਂ ਨੂੰ ਖੂਬ ਕੁੱਟਿਆ।

ਅੰਕਿਤਾ ਭੰਡਾਰੀ ● ਬਾਕੀ ਸਫ਼ਾ 10 'ਤੇ

## ਜਾਂਦੀ ਹੋਈ ਮਾਨਸੂਨ

**ਜਲੰਧਰ** : ਮਾਨਸੂਨ ਦੀ ਵਿਦਾਈ 'ਚ ਸਿਰਫ਼ ਕੁਝ ਦਿਨ ਹੀ ਬਚੇ ਹਨ। ਆਖਰੀ ਸਮੇਂ ਖੂਬ ਮੀਂਹ ਪੈ ਰਿਹਾ ਹੈ। ਬੀਤੇ ਕੁਝ ਦਿਨਾਂ ਤੋਂ ਕਈ ਸੂਬਿਆਂ 'ਚ ਮੀਂਹ ਪੈ ਰਿਹਾ ਹੈ। ਮੌਸਮ ਵਿਭਾਗ ਨੇ 25 ਸਤੰਬਰ ਤੱਕ ਭਾਰੀ ਮੀਂਹ ਦਾ ਅਨੁਮਾਨ ਲਾਇਆ ਹੈ। ਪਿਛਲੇ ਦੋ ਦਿਨ ਤੋਂ ਪੈ ਰਹੇ ਮੀਂਹ ਨੇ ਕਿਸਾਨਾਂ ਦੀਆਂ ਚਿੰਤਾਵਾਂ ਵਧਾ ਦਿੱਤੀਆਂ ਹਨ। ਮੰਡੀ ਪਹੁੰਚੀ ਝੋਨੇ ਦੀ ਫਸਲ ਨੂੰ ਮੀਂਹ ਨਾਲ ਭਾਰੀ ਨੁਕਸਾਨ ਪਹੁੰਚਿਆ ਹੈ। ਤਾਪਮਾਨ ਵਿੱਚ ਵੀ ਗਿਰਾਵਟ ਦੇਖਣ ਨੂੰ ਮਿਲ ਰਹੀ ਹੈ। ਜ਼ਿਆਦਾਤਰ ਸ਼ਹਿਰਾਂ 'ਚ ਬੀਤੇ ਦਿਨਾਂ ਦੇ ਮੁਕਾਬਲੇ ਸ਼ਨੀਵਾਰ ਸਵੇਰੇ ਤਾਪਮਾਨ ਵਿੱਚ ਗਰਾਵਟ ਦੇਖਣ ਨੂੰ ਮਿਲੀ। ਸ਼ਨੀਵਾਰ ਸਵੇਰੇ ਪੰਜਾਬ ਦੇ ਜ਼ਿਆਦਾਤਰ ਸ਼ਹਿਰਾਂ 'ਚ ਘੱਟੋ-ਘੱਟ ਤਾਪਮਾਨ ● ਬਾਕੀ ਸਫ਼ਾ 10 'ਤੇ

## ਸਿਲੰਡਰ ਫਟਣ ਨਾਲ ਇਕ ਦੀ ਮੌਤ, ਦੋ ਗੰਭੀਰ ਜ਼ਖ਼ਮੀ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)** -ਹੁਸ਼ਿਆਰਪੁਰ-ਜਲੰਧਰ ਰੋਡ 'ਤੇ ਸਥਿਤ ਅੱਡਾ ਨਸਰਾਲਾ ਵਿਖੇ ਸ਼ਨੀਵਾਰ ਸਵੇਰੇ ਜੇ ਕੇ ਐਂਟਰਪ੍ਰਾਈਜਜ਼ ਵਿਖੇ ਅਚਾਨਕ ਸਿਲੰਡਰ ਫਟਣ ਨਾਲ ਹੋਵੇ ਦਰਦਨਾਕ ਹਾਦਸੇ ਵਿੱਚ ਇੱਕ ਮਜ਼ਦੂਰ ਭਗਵੰਤ ਸਿੰਘ ਪੁੱਤਰ ਜੋਗ ਸਿੰਘ ਵਾਸੀ ਉੱਤਰਾਖੰਡ ਹਾਲ ਵਾਸੀ ਗੀਗਨਵਾਲ ਦੀ ਮੌਕੇ ਤੇ ਮੌਤ ਹੋ ਗਈ ਅਤੇ ਦੋ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਤੁਰੰਤ ਸਿਵਲ ਹਸਪਤਾਲ ਹੁਸ਼ਿਆਰਪੁਰ ਵਿਖੇ ਦਾਖਲ ਕਰਵਾਇਆ ਗਿਆ। ਧਮਾਕਾ ਏਨਾ ਜ਼ਬਰਦਸਤ ਸੀ ਕਿ ਧਮਾਕੇ ਦੀ ਆਵਾਜ਼ ਦੂਰ-ਦੂਰ ਤੱਕ ਸੁਣਾਈ ਦਿੱਤੀ ਅਤੇ ਮਰਨ ਵਾਲੇ ਵਿਅਕਤੀ ਦੇ ਚੀਥੜੇ ਦੂਰ-ਦੂਰ ਤੱਕ ਜਾ ਕੇ ਡਿੱਗੇ । ਦੱਸਿਆ ਜਾ ਰਿਹਾ ਹੈ ਕਿ ਸਿਲੰਡਰ 'ਚ ਗੈਸ ਭਰਦੇ ਸਮੇਂ ਅਚਾਨਕ ਫਟ ਗਿਆ। ਧਮਾਕੇ ਕਾਰਨ ਫੈਕਟਰੀ ਦਾ ਸਾਰਾ ਸਾਮਾਨ ਇੱਧਰ-ਉੱਧਰ ਖਿਲਰਿਆ ਪਿਆ ਸੀ।

## ਅੱਜ-ਨਾਮਾ

ਗਵਰਨਰ ਪਿਆ ਪੰਜਾਬ ਦਾ ਹੋਰ ਕਹਿੰਦਾ,
ਕਹਿੰਦੀ ਆ ਹੋਰ ਦਾ ਹੋਰ ਸਰਕਾਰ ਬੇਲੀ।
ਰੋਕਾਂ ਪਾਉਂਦਾ ਗਵਰਨਰ ਸਰਕਾਰ ਕਹਿੰਦੀ,
ਲੱਗਣ ਦਿੰਦਾ ਨਹੀਂ ਕਾਜ਼ ਕੋਈ ਪਾਰ ਬੇਲੀ।
ਗਵਰਨਰ ਸਾਫ ਸਰਕਾਰ ਨੂੰ ਗਲਤ ਆਖੇ,
ਹਰ ਤਜਵੀਜ਼ ਲਈ ਕਰੇ ਇਨਕਾਰ ਬੇਲੀ।
ਸਰਕਾਰ ਕਹਿੰਦੀ ਗਵਰਨਰ ਤਾਂ ਖੇਡ ਖੇਡੇ,
ਖੜਕੀ ਪਿੱਛੋਂ ਕੋਈ ਜਾਪ ਰਹੀ ਤਾਰ ਬੇਲੀ।
ਵਧਦਾ ਲੱਗਦਾ ਦੁਵੱਲਾ ਇਹ ਭੇੜ ਜਿਹੜਾ,
ਹੁੰਦਾ ਈ ਇਸ ਦਾ ਚੁਫੇਰੜੇ ਜ਼ਿਕਰ ਬੇਲੀ।
ਧਿਰਾਂ ਦੋਵਾਂ ਨੇ ਅੜੀ ਜਿਹੀ ਬਹੁਤ ਕਰਤੀ,
ਕਿਹੜਾ ਰਾਜ ਦਾ ਕਰੂ ਫਿਰ ਫਿਕਰ ਬੇਲੀ।

-ਤੀਸ ਮਾਰ ਖਾਂ

## ਪ੍ਰਿੰਸੀਪਲ ਨੇ ਦਬਕਿਆ, ਵਿਦਿਆਰਥੀ ਨੇ ਮਾਰੀ ਗੋਲੀ

**ਸੀਤਾਪੁਰ** : ਸੀਤਾਪੁਰ 'ਚ ਪ੍ਰਿੰਸੀਪਲ ਦੇ ਝਿੜਕਣ ਤੋਂ ਨਾਰਾਜ਼ ਹੋ ਕੇ ਬਾਰਵੀਂ ਦੇ ਵਿਦਿਆਰਥੀ ਨੇ ਉਸ 'ਤੇ ਗੋਲੀਆਂ ਚਲਾ ਦਿੱਤੀਆਂ। ਉਸ ਨੂੰ ਗੰਭੀਰ ਹਾਲਤ 'ਚ ਲਖਨਊ ਰੈਫਰ ਕੀਤਾ ਗਿਆ। ਦੱਸਿਆ ਜਾ ਰਿਹਾ ਹੈ ਕਿ ਇੱਕ ਦਿਨ ਪਹਿਲਾ ਮੁਲਜ਼ਮ ਵਿਦਿਆਰਥੀ ਦਾ ਦੂਜੇ ਵਿਦਿਆਰਥੀ ਨਾਲ ਝਗੜਾ ਹੋਇਆ ਸੀ। ਇਸ 'ਤੇ ਪ੍ਰਿੰਸੀਪਲ ਨੇ ਉਸ ਨੂੰ ਥੋੜ੍ਹਾ ਝਿੜਕ ਦਿੱਤਾ। ਵਿਦਿਆਰਥੀ ਘਟਨਾ ਨੂੰ ਅੰਜ਼ਾਮ ਦੇਣ ਤੋਂ ਬਾਅਦ ਫਰਾਰ ਹੋ ਗਿਆ। ਪੁਲਸ ਉਸ ਦੀ ਤਲਾਸ਼ 'ਚ ਲੱਗੀ ਹੈ। ਪ੍ਰਿੰਸੀਪਲ ਰਾਮ ਸਿੰਘ ਵਰਮਾ ਕਲਾਸਾਂ ਨੂੰ ਚੈੱਕ ਕਰ ਰਹੇ ਸਨ। ਉਸੇ ਸਮੇਂ ਅਚਾਨਕ ਵਿਦਿਆਰਥੀ ਗੁਰਵਿੰਦਰ ਸਿੰਘ ਨੇ ਉਨ੍ਹਾ 'ਤੇ ਤਿੰਨ ਗੋਲੀਆਂ ਚਲਾਈਆਂ।

ਮੁਲਜ਼ਮ ਵਿਦਿਆਰਥੀ ਦੇ ਪਰਵਾਰ ਵਾਲਿਆ ਦਾ ਕਹਿਣਾ ਹੈ ਕਿ ਉਸ ਨੇ ਸ਼ੁੱਕਰਵਾਰ ਸਕੂਲ 'ਚ ਜੋ ਕੁਝ ਹੋਇਆ, ਦੱਸਿਆ ਤੇ ਕਿਹਾ-ਪ੍ਰਿੰਸੀਪਲ ਨੂੰ ਮੈਂ ਮਾਰ ਦੇਵਾਂਗਾ। ਹਾਲਾਂਕਿ ਪਰਵਾਰ ਵਾਲਿਆਂ ਨੇ ਉਸ ਦੀ ਗੱਲ ਨੂੰ ਗੰਭੀਰਤਾ ਨਾਲ ਨਹੀਂ ਲਿਆ।

## ਥਾਈਲੈਂਡ 'ਚ ਫਰਜ਼ੀ ਆਈ ਟੀ ਨੌਕਰੀ ਆਫਰ ਤੋਂ ਰਹੋ ਸਾਵਧਾਨ, ਐਡਵਾਈਜ਼ਰੀ ਜਾਰੀ

**ਨਵੀਂ ਦਿੱਲੀ** : ਥਾਈਲੈਂਡ ਤੇ ਮਿਆਂਮਾਰ 'ਚ ਭਾਰਤੀ ਸੂਚਨਾ ਉਦਯੋਗਿਕ (ਆਈ ਟੀ) ਪੇਸ਼ੇਵਰਾਂ ਨੂੰ ਲਾਲਚ ਵਾਲੇ ਫਰਜ਼ੀ ਨੌਕਰੀ ਰੈਕੇਟ ਦੀਆਂ ਖ਼ਬਰਾਂ ਤੋਂ ਬਾਅਦ ਕੇਂਦਰ ਨੇ ਸ਼ਨੀਵਾਰ ਭਾਰਤੀ ਨੌਜਵਾਨਾਂ ਨੂੰ ਇੱਕ ਐਡਵਾਈਜ਼ਰੀ ਜਾਰੀ ਕੀਤੀ। ਥਾਈਲੈਂਡ 'ਚ 'ਡਿਜ਼ੀਟਲ ਐਂਡ ਮਾਰਕੀਟਿੰਗ ਐਗਜ਼ੀਕਿਊਟਿਵ' ਦੇ ਅਹੁਦਿਆਂ 'ਤੇ ਭਰਤੀ ਕਰਨ ਲਈ ਚੰਗੀ ਤਨਖਾਹ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ। ਇਸ 'ਚ ਸ਼ੱਕੀ ਆਈ ਟੀ ਕੰਪਨੀਆਂ ਦਾ ਪਤਾ ਚੱਲਿਆ ਹੈ, ਜੋ ਕਿ ਕਾਲ ਸੈਂਟਰ ਘੁਟਾਲੇ ਅਤੇ ਕ੍ਰਿਪਟੋਕਰੰਸੀ ਧੋਖਾਧੜੀ 'ਚ ਸ਼ਾਮਲ ਸਨ।

ਦੋ ਦਿਨ ਪਹਿਲਾਂ ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਰਿੰਦਮ ਬਾਗਚੀ ਨੇ ਵੀ ਭਾਰਤੀ ਨਾਗਰਿਕਾਂ ਨੂੰ ਥਾਈਲੈਂਡ 'ਚ ਨੌਕਰੀ ਕਰਨ ਤੋਂ ਪਹਿਲਾਂ ਸਾਵਧਾਨੀ ਵਰਤਣ ਨੂੰ ਕਿਹਾ ਸੀ। ਉਨ੍ਹਾ ਅਨੁਸਾਰ ਦਰਜਨਾਂ ਭਾਰਤੀਆਂ ਨੂੰ ਰੁਜ਼ਗਾਰ ਰੈਕੇਟ ਗੈਰ-ਕਾਨੂੰਨੀ ਰੂਪ ਨਾਲ ਮਿਆਂਮਾਰ ਲਿਜਾਇਆ ਗਿਆ ਸੀ। ਉਨ੍ਹਾ ਕਿਹਾ ਕਿ ਤੁਸੀਂ ਜਾਣਦੇ ਹੋ ਕਿ ਸਥਾਨਕ ਸੁਰੱਖਿਆ ਸਥਿਤੀ ਕਾਰਨ ਉਸ ਖੇਤਰ ਤੱਕ ਪਹੁੰਚਣਾ ਮੁਸ਼ਕਲ ਹੈ। ਫਿਰ ਵੀ ਦੇਸ਼ 'ਚ ਸਾਡੇ ਮਿਸ਼ਨ ਲਈ ਧੰਨਵਾਦ। ਅਸੀਂ ਇਨ੍ਹਾਂ 'ਚੋਂ ਕੁਝ ਪੀੜਤਾਂ ਨੂੰ ਕੈਦ ਜਾਂ ਬੰਧੂਆਂ ਮਜ਼ਦੂਰੀ ਤੋਂ ਬਚਾਉਣ 'ਚ ਕਾਮਯਾਬ ਹੋਏ। ਸ਼ਨੀਵਾਰ ਉਨ੍ਹਾ ਕਿਹਾ ਕਿ ਆਈ ਟੀ ਦੇ ਮਾਹਰ ਨੌਜਵਾਨ, ਜਿਨ੍ਹਾਂ ਨੂੰ ਸ਼ੋਸ਼ਲ ਮੀਡੀਆ ਇਸ਼ਤਿਹਾਰਾਂ ਦੇ ਨਾਲ-ਨਾਲ ਦੁਬਈ ਅਤੇ ਭਾਰਤ ਸਥਿਤ ਏਜੰਟਾਂ ਦੁਆਰਾ ਥਾਈਲੈਂਡ 'ਚ ਚੰਗੀਆਂ ਡਾਟਾ ਐਂਟਰੀ ਵਰਗੀਆਂ ਨੌਕਰੀਆਂ ਦੇਣ 'ਤੇ ਠੱਗਿਆ ਜਾਂਦਾ ਹੈ।

## ਮੋਦੀ ਸਰਕਾਰ ਲੋਕਾਂ ਦੇ ਜਮਹੂਰੀ ਹੱਕ ਖ਼ਤਮ ਕਰ ਰਹੀ : ਬਾਸੂ

**ਜਲੰਧਰ, (ਕੇਸਰ)**-ਸੀ ਪੀ ਐੱਮ ਦੀ ਕੇਂਦਰੀ ਕਮੇਟੀ ਦੇ ਸੱਦੇ 'ਤੇ ਪੰਜਾਬ ਭਰ ਵਿੱਚ 14 ਤੋਂ 23 ਸਤੰਬਰ ਤੱਕ ਲੋਕ ਮਸਲਿਆਂ ਦੇ ਹੱਲ ਲਈ ਜਨ-ਸੰਪਰਕ ਮੁਹਿੰਮ ਚਲਾਈ ਗਈ। ਆਮ ਲੋਕਾਂ ਵੱਲੋਂ ਇਸ ਮੁਹਿੰਮ ਨੂੰ ਭਰਵਾਂ ਹੁੰਗਾਰਾ ਦਿੱਤਾ ਗਿਆ। ਮੁਹਿੰਮ ਦੇ ਆਖਰੀ ਦਿਨ 24 ਸਤੰਬਰ ਨੂੰ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਵਿਖੇ ਵਿਸ਼ਾਲ ਸੂਬਾਈ ਰੈਲੀ ਕਰਕੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਸਾਥੀ ਪੰਡਤ ਕਿਸ਼ੋਰੀ ਲਾਲ ਚੌਕ ਵੱਲ ਮਾਰਚ ਕਰਕੇ ਰੋਹ ਭਰਪੂਰ ਮੁਜ਼ਾਹਰਾ ਕੀਤਾ ਗਿਆ। ਰੈਲੀ ਦੀ ਪ੍ਰਧਾਨਗੀ ਭੂਪ ਚੰਦ ਚੰਨੋ ਵੱਲੋਂ ਕੀਤੀ ਗਈ। ਰੈਲੀ ਨੂੰ ਸੰਬੋਧਨ ਕਰਦੇ ਹੋਏ ਪਾਰਟੀ ਦੇ ਕੇਂਦਰੀ ਆਗੂ ਨਿਲੋਤਪਾਲ ਬਾਸੂ ਨੇ ਕਿਹਾ ਕਿ ਮੋਦੀ ਸਰਕਾਰ ਫਿਰਕੂ ਕਾਰਪੋਰੇਟ ਗਠਜੋੜ ਦੀ ਸਰਕਾਰ ਹੈ। ਇਹ ਦੇਸ਼ ਦੇ ਹਰ ਖੇਤਰ ਨੂੰ ਖਤਰਾ ਪੈਦਾ ਕਰ ਰਹੀ ਹੈ। ਦੇਸ਼ ਦਾ ਧਨ-ਦੌਲਤ ਕਾਰਪੋਰੇਟ ਘਰਾਣਿਆਂ ਨੂੰ ਲੁਟਾਇਆ ਜਾ ਰਿਹਾ ਹੈ। ਭਾਈਚਾਰਿਕ ਸਾਂਝ ਨੂੰ ਸਮਾਜ ਅੰਦਰ ਫਿਰਕੂ ਵੰਡ ਕਰਕੇ ਖ਼ਤਰੇ ਵਿਚ ਪਾਇਆ ਜਾ ਰਿਹਾ ਹੈ। ਲੋਕਾਂ ਦੇ ਜਮਹੂਰੀ ਹੱਕ ਖ਼ਤਮ ਕੀਤੇ ਜਾ ਰਹੇ ਹਨ। ਉਹਨਾ ਕਿਹਾ ਕਿ ਕੇਂਦਰ ਸਰਕਾਰ ਜਨਤਕ ਅਦਾਰਿਆਂ ਦਾ ਨਿੱਜੀਕਰਨ ਕਰਕੇ ਬੇਰੁਜ਼ਗਾਰੀ ਪੈਦਾ ਕਰ ਰਹੀ ਹੈ। ਰੁਜ਼ਗਾਰ ਦੇ ਵਸੀਲੇ ਪੈਦਾ ਕਰਨ ਦੀ ਬਜਾਏ ਖ਼ਤਮ ਕੀਤੇ ਜਾ ਰਹੇ ਹਨ। ਭਾਰਤੀ ਫੌਜ ਦਾ ਨਿੱਜੀਕਰਨ ਕਰਕੇ ਦੇਸ਼ ਦੀ ਸੁਰੱਖਿਆ ਨੂੰ ਵੀ ਖ਼ਤਰੇ ਵਿਚ ਪਾਇਆ ਜਾ ਰਿਹਾ ਹੈ ਸੂਬਾ ਸਕੱਤਰ ਸੁਖਵਿੰਦਰ ਸਿੰਘ ਸੇਖੋਂ ਵੱਲੋਂ ਰੈਲੀ ਨੂੰ ਸੰਬੋਧਨ ਕਰਦੇ ਹੋਏ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਚੋਣ ਵਾਅਦਿਆਂ ਨੂੰ ਪੂਰਾ ਕੀਤਾ ਜਾਵੇ, ਅਮਨ-ਕਾਨੂੰਨ ਦੀ ਸਥਿਤੀ ਬਹਾਲ ਕੀਤੀ ਜਾਵੇ, ਪੰਜਾਬ ਅੰਦਰ ਚਲੰਤ ਮਾਮਲਿਆਂ ਦਾ ਹੱਲ ਕੱਢਿਆ ਜਾਵੇ। ਮੁਜ਼ਾਹਰਾਕਾਰੀ ● ਬਾਕੀ ਸਫ਼ਾ 10 'ਤੇ

# 'ਖੇਡਾਂ ਵਤਨ ਪੰਜਾਬ ਦੀਆਂ' 'ਚ ਕੁੜੀਆਂ ਦੀ ਸਰਦਾਰੀ

ਅੰਮ੍ਰਿਤਸਰ, (ਨਰਿੰਦਰਜੀਤ ਸਿੰਘ)- 'ਖੇਡਾਂ ਵਤਨ ਪੰਜਾਬ ਦੀਆਂ-2022' ਤਹਿਤ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਜ਼ਿਲ੍ਹਾ ਪੱਧਰੀ ਵੱਖ-ਵੱਖ ਖੇਡ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਮਾਲ ਰੋਡ, ਅੰਮ੍ਰਿਤਸਰ ਦੀਆਂ 160 ਖਿਡਾਰਨਾਂ ਨੇ ਭਾਗ ਲਿਆ ਜਿਸ ਵਿਚੋਂ ਇਸ ਸਕੂਲ ਦੀਆਂ ਲਗਭਗ 100 ਖਿਡਾਰਨਾਂ ਸੂਬਾ ਪੱਧਰੀ ਮੁਕਾਬਲਿਆਂ ਲਈ ਚੁਣੀਆ ਗਈਆਂ। ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ ਸਿੱਖਿਆ) ਜੁਗਰਾਜ ਸਿੰਘ ਰੰਧਾਵਾ ਦੀ ਰਹਿਨੁਮਾਈ ਹੇਠ ਇਨ੍ਹਾਂ ਮੁਕਾਬਲਿਆਂ ਵਿਚ ਬੇਹਤਰੀਨ ਪ੍ਰਦਸ਼ਨ ਕਰਨ ਲਈ ਉਨ੍ਹਾਂ ਨੇ ਸਕੂਲ ਨੂੰ ਵਧਾਈ ਦਿੱਤੀ।

ਮਾਲ ਰੋਡ ਸਕੂਲ ਦੀ ਪ੍ਰਿੰਸੀਪਲ ਮਨਦੀਪ ਕੌਰ ਦੀ ਯੋਗ ਅਗਵਾਈ ਹੇਠ ਮਾਲ ਰੋਡ ਸਕੂਲ ਬਾਸਕਟਬਾਲ (ਲੜਕੀਆਂ) ਦੀਆਂ ਅੰਡਰ-14, ਅੰਡਰ-17 ਅਤੇ ਅੰਡਰ-19 ਵਰਗ ਦੀਆਂ ਟੀਮਾਂ ਨੇ ਬਾਸਕਟਬਾਲ ਅੰਡਰ-19 ਵਿੱਚ ਪਹਿਲਾ ਸਥਾਨ, ਅੰਡਰ-17 ਵਿੱਚ ਪਹਿਲਾ ਸਥਾਨ ਅਤੇ ਅੰਡਰ-14 ਵਰਗ ਵਿੱਚ ਤੀਜਾ ਸਥਾਨ ਹਾਸਲ ਕੀਤਾ। ਮੁੱਕੇਬਾਜ਼ੀ ਖੇਡ ਮੁਕਾਬਲਿਆਂ ਵਿੱਚ ਸਕੂਲ ਦੀ ਮੁੱਕੇਬਾਜ਼ੀ ਟੀਮਾਂ ਨੇ ਅੰਡਰ-14 ਵਿਚ ਪਹਿਲਾ ਸਥਾਨ, ਅੰਡਰ-19 ਵਿੱਚ ਪਹਿਲਾ ਸਥਾਨ ਅਤੇ ਅੰਡਰ-17 ਵਿੱਚ ਦੂਸਰਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਵੇਟ ਲਿਫਟਿੰਗ ਮੁਕਾਬਲਿਆਂ ਵਿੱਚ ਅੰਡਰ-17 ਅਤੇ ਅੰਡਰ-19 ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਕੁਸ਼ਤੀ ਮੁਕਾਬਲਿਆਂ ਵਿੱਚ ਅੰਡਰ-14 ਅਤੇ ਅੰਡਰ-17 ਵਿੱਚ ਦੂਸਰਾ ਸਥਾਨ ਅਤੇ ਅੰਡਰ-19 ਵਰਗ ਵਿਚ ਪਹਿਲਾ ਸਥਾਨ ਪ੍ਰਾਪਤ ਕੀਤਾ। ਜੂਡੋ ਮੁਕਾਬਲਿਆਂ ਵਿੱਚ ਅੰਡਰ-17 ਅਤੇ ਅੰਡਰ-19 ਵਿੱਚ ਦੂਸਰਾ ਸਥਾਨ ਪ੍ਰਾਪਤ ਕੀਤਾ। ਫੈਂਸਿੰਗ ਤਲਵਾਰਬਾਜ਼ੀ ਮੁਕਾਬਲਿਆਂ ਵਿੱਚ ਸਕੂਲ ਦੀਆਂ 21 ਖਿਡਾਰਨਾਂ ਅਤੇ ਜਿਮਨਾਸਟਿਕ ਦੀਆਂ 10 ਖਿਡਾਰਨਾਂ ਦੀ ਚੋਣ ਰਾਜ ਪੱਧਰੀ ਮੁਕਾਬਲਿਆਂ ਲਈ ਹੋਈ। ਉਪਰੋਕਤ ਮੁਕਾਬਲਿਆਂ ਵਿਚੋਂ ਮਾਲ ਰੋਡ ਸਕੂਲ ਦੀਆਂ ਖਿਡਾਰਨਾਂ ਵਲੋਂ ਜਿੱਤਾਂ ਪ੍ਰਾਪਤ ਕਰਨ ਉਪਰੰਤ ਸਕੂਲ ਦੀ ਪ੍ਰਿੰਸੀਪਲ ਮਨਦੀਪ ਕੌਰ ਨੇ ਖਿਡਾਰਨਾਂ ਅਤੇ ਸਕੂਲ ਦੇ ਕੋਚ ਸਾਹਿਬਾਨ ਨੂੰ ਵਧਾਈ ਦਿੱਤੀ ਅਤੇ ਹੋਰ ਮਿਹਨਤ ਕਰਕੇ ਰਾਜ ਅਤੇ ਨੈਸ਼ਨਲ ਪੱਧਰ 'ਤੇ ਮੱਲਾਂ ਮਾਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਕੂਲ ਵਿੱਚ ਕੋਚ ਰਵਿੰਦਰ ਸਿੰਘ ਬਿੰਦਾ, ਅਵਤਾਰ ਸਿੰਘ, ਅਮਰਜੀਤ ਸਿੰਘ ਕਾਹਲੋਂ, ਜਗਪ੍ਰੀਤ ਕੌਰ ਅਤੇ ਸਮੂਹ ਸਕੂਲ ਸਟਾਫ ਹਾਜ਼ਰ ਸਨ।

# ਡਾ. ਕੁੰਵਰ ਵਿਜੈ ਪ੍ਰਤਾਪ ਸਿੰਘ ਵੱਲੋਂ ਵ੍ਹਾਈਟ ਐਵੀਨਿਊ 'ਚ ਟਿਊਬਵੈੱਲ ਦਾ ਉਦਘਾਟਨ

ਅੰਮ੍ਰਿਤਸਰ (ਨਰਿੰਦਰਜੀਤ ਸਿੰਘ)-ਜਲ ਜੀਵਨ ਹੈ, ਦੇ ਮਹੱਤਵ ਨੂੰ ਸਮਝਦੇ ਹੋਏ ਹਲਕਾ ਉੱਤਰੀ ਦੇ ਵਿਧਾਇਕ ਡਾ. ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਅੰਮ੍ਰਿਤਸਰ ਦੀ ਵਾਈਟ ਐਵੀਨਿਊ ਦੇ ਵਸਨੀਕਾਂ ਦੀ ਪਾਣੀ ਦੀ ਸਮੱਸਿਆ ਦਾ ਹੱਲ ਕਰਦੇ ਹੋਏ ਕਲੋਨੀ ਲਈ ਟਿਊਬਵੈਲ ਦਾ ਉਦਘਾਟਨ ਕੀਤਾ। ਪਿਛਲੇ ਲੰਬੇ ਸਮੇਂ ਤੋਂ ਵਾਈਟ ਐਵੀਨਿਊ ਦੇ ਵਸਨੀਕ ਪਿਛਲੀਆਂ ਸਰਕਾਰਾਂ ਤੋਂ ਨਵੇਂ ਟਿਊਬਵੈਲ ਦੀ ਮੰਗ ਕਰ ਰਹੇ ਸਨ ਪ੍ਰੰਤੂ ਹਮੇਸ਼ਾ ਉਨ੍ਹਾਂ ਦੇ ਪੱਲੇ ਨਿਰਾਸ਼ਾ ਹੀ ਪਈ।

ਇਸ ਮੌਕੇ ਵਾਈਟ ਐਵੀਨਿਊ ਦੇ ਵਸਨੀਕਾਂ ਡਾ. ਕੁੰਵਰ ਵਿਜੈ ਪ੍ਰਤਾਪ ਸਿੰਘ ਦਾ ਧੰਨਵਾਦ ਕਰਦਿਆਂ ਉਨ੍ਹਾਂ ਦਾ ਧਿਆਨ ਕਲੋਨੀ ਵਿਚ ਆਉਂਦੀਆਂ ਹੋਰ ਸਮੱਸਿਆਵਾਂ ਜਿਵੇਂ ਕਿ ਲਾਅ ਐਂਡ ਆਰਡਰ ਦੀ ਵਿਵਸਥਾ, ਬਿਜਲੀ ਦੀਆਂ ਤਾਰਾਂ ਦਾ ਜੰਜਾਲ ਆਦਿ ਵੱਲ ਵੀ ਦਿਵਾਇਆ। ਇਸ ਮੌਕੇ ਬੋਲਦਿਆਂ ਵਿਧਾਇਕ ਨੇ ਕਿਹਾ ਕਿ ਹੁਣ ਵਾਈਟ ਐਵੀਨਿਊ ਦੇ ਵਸਨੀਕਾਂ ਦੀ ਪੀਣ ਵਾਲੇ ਪਾਣੀ ਦੀ ਸਮੱਸਿਆ ਦਾ ਪੂਰਨ ਰੂਪ ਵਿਚ ਹੱਲ ਹੋ ਜਾਵੇਗਾ। ਉਨ੍ਹਾਂ ਨੂੰ ਗੰਦੇ ਪਾਣੀ ਦੀ ਸਮੱਸਿਆਂ ਤੋ ਨਿਜਾਤ ਮਿਲੇਗੀ। ਉਨ੍ਹਾਂ ਕਿਹਾ ਕਿ ਰਹਿੰਦੀਆਂ ਸਮੱਸਿਆਵਾਂ ਦਾ ਹੱਲ ਵੀ ਜਲਦ ਕਰਵਾ ਦਿੱਤਾ ਜਾਵੇਗਾ। ਡਾ. ਕੁੰਵਰ ਨੇ ਕਿਹਾ ਕਿ ਉਹ ਕਲੋਨੀ ਵਸਨੀਕਾਂ ਦਾ ਉਨ੍ਹਾਂ ਨੂੰ ਜਿਤਾ ਕੇ ਵਿਧਾਨ ਸਭਾ ਵਿਚ ਭੇਜਣ ਲਈ ਧੰਨਵਾਦ ਕਰਦੇ ਹਨ, ਉਨ੍ਹਾਂ ਦੀ ਜਿੱਤ ਆਮ ਲੋਕਾਂ ਦੀ ਜਿੱਤ ਹੈ। ਪਹਿਲੀਆਂ ਸਰਕਾਰਾਂ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਨਹੀਂ ਕਰਦੀਆਂ ਸਨ ਪਰ ਹੁਣ ਆਮ ਆਦਮੀ ਦੀ ਸਰਕਾਰ ਬਣ ਗਈ ਹੈ ਅਤੇ ਉਹ ਵਿਸ਼ਵਾਸ ਦਿਵਾਉਂਦੇ ਹਨ ਕਿ ਹਮੇਸ਼ਾ ਲੋਕਾਂ ਵਿਚ ਵਿਚਰਦੇ ਹੋਏ ਉਨ੍ਹਾਂ ਨੂੰ ਆਉਂਦੀਆਂ ਸਮੱਸਿਆਵਾਂ ਦਾ ਹੱਲ ਕਰਦੇ ਰਹਿਣਗੇ। ਇਸ ਮੌਕੇ ਰਮੇਸ਼ ਅਰੋੜਾ, ਅਸ਼ਵਨੀ ਮਹਾਜਨ, ਰਵੀ ਅਰੋੜਾ, ਸ਼ਾਮ ਅਗਰਵਾਲ, ਜਤਿਨ ਅਰੋੜਾ, ਅਨਿਲ ਸੈਣੀ, ਜਤਿੰਦਰ ਸਿੰਘ, ਯੋਗੇਸ਼ ਖੰਨਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਇਲਾਕਾ ਵਾਸੀ ਹਾਜ਼ਰ ਸਨ।

# ਭਾਰੀ ਮੀਂਹ ਕਾਰਨ ਜਨ-ਜੀਵਨ ਅਸਤ ਵਿਅਸਥ

ਭੀਖੀ, (ਧਰਮਵੀਰ ਸ਼ਰਮਾ) ਭੀਖੀ ਇਲਾਕੇ ਵਿੱਚ ਸਵੇਰ ਤੋਂ ਹੋ ਰਹੀ ਭਾਰੀ ਬਾਰਿਸ਼ ਕਾਰਨ ਜਨ-ਜੀਵਨ ਅਸਤ ਵਿਅਸਤ ਹੋ ਗਿਆ। ਸਵੇਰ ਤੋਂ ਹੋ ਰਹੀ ਬਾਰਿਸ਼ ਕਾਰਨ ਗਲੀਆਂ ਮੁਹੱਲਿਆਂ ਵਿੱਚ ਪਾਣੀ ਭਰ ਗਿਆ, ਉੱਥੇ ਚਾਰ ਚੁਫੇਰੇ ਪਾਣੀ ਹੀ ਪਾਣੀ ਦਿਖਾਈ ਦੇ ਰਿਹਾ ਸੀ, ਜਿਸ ਕਾਰਨ ਲੋਕ ਘਰਾਂ ਵਿੱਚ ਹੀ ਦੁਬਕੇ ਰਹੇ ਅਤੇ ਦੁਕਾਨਾਂ ਵੀ ਕਾਫੀ ਘੱਟ ਗਿਣਤੀ ਵਿੱਚ ਖੁੱਲੀਆਂ। ਪਿੰਡਾਂ ਵਿੱਚ ਵੀ ਇਸ ਭਾਰੀ ਬਾਰਿਸ਼ ਕਾਰਨ ਕਿਸਾਨਾਂ ਦੇ ਚਿਹਰਿਆਂ ਤੇ ਮਾਯੂਸੀ ਛਾਈ ਹੈ, ਕਿਉਂਕਿ ਨਰਮੇ ਦੀ ਫਸਲ ਨੂੰ ਇਸ ਨਾਲ ਨੁਕਸਾਨ ਹੋਣ ਦੀ ਸੰਭਾਵਨਾ ਹੈ। ਦੂਜੇ ਪਾਸੇ ਬਰਸਾਤੀ ਪਾਣੀ ਦੀ ਨਿਕਾਸੀ ਨਾ ਹੋ ਕਾਰਨ ਸ਼ਹਿਰ ਦੇ ਹਟ ਗਲੀ ਮੁਹੱਲੇ ਵਿੱਚ ਪਾਣੀ ਭਰ ਗਿਆ ਅਤੇ ਲੋਕਾਂ ਨੂੰ ਆਪਣੀ ਮੰਜਲ ਤੇ ਪੁੱਜਣ ਲਈ ਬਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ।

ਲੋਕਾਂ ਦਾ ਕਹਿਣਾ ਹੈ ਕਿ ਪਿੰਡ ਦੇ ਨਿਕਾਸੀ ਛੱਪੜਾਂ ਤੇ ਨਜਾਇਜ਼ ਕਬਜ਼ੇ ਹੋਣ ਕਾਰਨ ਇਸ ਪਾਣੀ ਦੀ ਨਿਕਾਸੀ ਨਹੀਂ ਹੋ ਰਹੀ, ਜਿਸ ਕਾਰਨ ਲੋਕਾਂ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

# ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ 3 ਅਕਤੂਬਰ ਨੂੰ ਕਰੇਗੀ ਰੇਲਾਂ ਦਾ ਚੱਕਾ ਜਾਮ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)- ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਪ੍ਰਧਾਨ ਸਤਨਾਮ ਸਿੰਘ ਪੰਨੂੰ ਤੇ ਜ: ਸਕੱਤਰ ਸਰਵਨ ਸਿੰਘ ਪੰਧੇਰ ਨੇ ਲਿਖਤੀ ਪ੍ਰੈੱਸ ਬਿਆਨ ਰਾਹੀਂ ਦੱਸਿਆ ਕਿ ਸੂਬਾ ਹੈੱਡਕੁਆਰਟਰ ਵਿਖੇ ਸੂਬਾ ਕੋਰ ਕਮੇਟੀ ਦੀ ਮੀਟਿੰਗ ਵਿੱਚ ਅਹਿਮ ਫ਼ੈਸਲੇ ਲਏ ਗਏ। ਮੀਟਿੰਗ ਵਿੱਚ ਗੰਭੀਰਤਾ ਨਾਲ ਵਿਚਾਰ ਕਰਦਿਆਂ ਦਿੱਲੀ ਅੰਦੋਲਨ ਦੌਰਾਨ ਲਖੀਮਪੁਰ ਖੀਰੀ ਵਿਚ ਰੋਸ ਪ੍ਰਦਰਸ਼ਨ ਕਰਕੇ ਵਾਪਸ ਆਉਂਦੇ ਕਿਸਾਨਾਂ ਉੱਤੇ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਟੈਣੀ ਦੀ ਸ਼ਹਿ ਉਤੇ ਉਸ ਦੇ ਪੁੱਤਰ ਅਸ਼ੀਸ਼ ਮਿਸ਼ਰਾ ਤੇ ਉਸ ਦੇ ਲੱਠਮਾਰਾਂ ਵੱਲੋਂ 3 ਅਕਤੂਬਰ ਨੂੰ ਗੱਡੀਆਂ ਚੜ੍ਹਾ ਕੇ ਪੰਜ ਵਿਅਕਤੀਆਂ ਦਾ ਕਤਲ ਕਰ ਦਿੱਤਾ ਸੀ ਤੇ ਇਸ ਕਾਂਡ ਵਿਚ ਸ਼ਹੀਦ ਹੋਏ ਦਲਜੀਤ ਸਿੰਘ, ਨਛੱਤਰ ਸਿੰਘ, ਗੁਰਵਿੰਦਰ ਸਿੰਘ, ਲਵਪ੍ਰੀਤ ਸਿੰਘ ਤੇ ਪੱਤਰਕਾਰ ਰਮਨ ਦੇ ਦੋਸ਼ੀਆਂ ਨੂੰ ਫਾਂਸੀ ਦੀ ਸਜ਼ਾ ਦਿਵਾਉਣ ਤੇ ਅਜੇ ਮਿਸ਼ਰਾ ਉੱਤੇ ਇਸ ਕਾਰੇ ਦੀ ਸਾਜ਼ਿਸ਼ ਰਚਣ ਦੇ ਦੋਸ਼ ਹੇਠ 120 ਭ ਦੇ ਹੋਏ ਪਰਚੇ ਵਿੱਚ ਗ੍ਰਿਫ਼ਤਾਰ ਕਰਵਾਉਣ ਲਈ ਪੰਜਾਬ ਭਰ ਵਿਚ 3 ਅਕਤੂਬਰ ਨੂੰ ਤਿੰਨ ਘੰਟੇ 12 ਤੋਂ 3 ਵਜੇ ਤੱਕ ਰੇਲਾਂ ਦਾ ਚੱਕਾ ਜਾਮ ਕੀਤਾ ਜਾਵੇਗਾ ਤੇ ਹਜ਼ਾਰਾਂ ਕਿਸਾਨ ਤੇ ਮਜ਼ਦੂਰ ਮੰਗ ਕਰਨਗੇ ਕਿ ਲਖੀਮਪੁਰ ਖੀਰੀ ਕਾਂਡ ਦੇ ਦੋਸ਼ੀਆਂ ਨੂੰ ਫਾਂਸੀ ਦਿੱਤੀ ਜਾਵੇ ਤੇ ਨਿਰਦੋਸ਼ ਫੜੇ ਕਿਸਾਨਾਂ ਤੇ ਮਜ਼ਦੂਰਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ। ਕਿਸਾਨ ਮੰਗ ਕਰਨਗੇ ਕਿ ਬਿਜਲੀ ਵੰਡ ਲਾਇਸੰਸ ਰੂਲਜ਼ 2022 ਤੁਰੰਤ ਕੇਂਦਰ ਸਰਕਾਰ ਰੱਦ ਕਰੇ, ਝੋਨੇ ਦੀ ਖਰੀਦ ਉੱਤੇ ਲਾਈ 23 ਕੁਇੰਟਲ ਪ੍ਰਤੀ ਏਕੜ ਸ਼ਰਤ ਤੇ ਜਮ੍ਹਾਂਬੰਦੀ ਲੈਣ ਦੀਆਂ ਲਾਈਆਂ ਸ਼ਰਤਾਂ ਤੁਰੰਤ ਹਟਾਈਆਂ ਜਾਣ ਤੇ ਪਹਿਲਾਂ ਦੀ ਤਰ੍ਹਾਂ ਕਿਸਾਨਾਂ ਦਾ ਝੋਨਾ ਚੁੱਕਿਆ ਜਾਵੇ। ਪਹਿਲਾਂ ਤੇ ਇਸ ਸੀਜ਼ਨ ਵਿੱਚ ਹੜ੍ਹਾਂ ਤੇ ਮੀਂਹ ਨਾਲ ਤਬਾਹ ਹੋਈਆਂ ਫ਼ਸਲਾਂ ਦਾ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇ, ਸਾਰੀਆਂ ਫ਼ਸਲਾਂ ਦਾ ਗਾਰੰਟੀ ਕਾਨੂੰਨ ਕੇਂਦਰ ਤੇ ਪੰਜਾਬ ਸਰਕਾਰ ਬਣਾਵੇ ਤੇ ਭਾਰਤ ਮਾਲਾ ਪ੍ਰਾਜੈਕਟ ਅਧੀਨ ਬਣ ਰਹੇ ਹਾਈਵੇ ਵਿੱਚ ਆਉਂਦੀਆਂ ਜ਼ਮੀਨਾਂ ਦਾ ਰੇਟ ਬਾਜ਼ਾਰ ਨਾਲ 6 ਗੁਣਾਂ ਤੇ ਉਜਾੜੇ ਭੱਤੇ ਸਮੇਤ ਦਿੱਤੇ ਜਾਣ, ਮਜ਼ਦੂਰਾਂ ਨੂੰ 100% ਉਜਾੜਾ ਭੱਤਾ ਦਿੱਤਾ ਜਾਵੇ।

ਪਰਾਲੀ ਦੇ ਮੁੱਦੇ ਤੇ ਪੰਜਾਬ ਤੇ ਕੇਂਦਰ ਸਰਕਾਰ ਕਿਸਾਨਾਂ ਨੂੰ 100% ਸਬਸਿਡੀ ਉੱਤੇ ਸੰਦ ਦੇਵੇ ਜਾਂ 7000 ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇਵੇ। ਕੋਈ ਵੀ ਕਿਸਾਨ ਅੱਗ ਨਹੀਂ ਲਗਾਉਣਾ ਚਾਹੁੰਦਾ, ਪਰ ਮਜਬੂਰੀ ਵੱਸ ਉਸ ਨੂੰ ਅੱਗ ਲਗਾਉਣੀ ਪਵੇਗੀ। ਜੇਕਰ ਸਰਕਾਰ ਨੇ ਉਸ ਦੀ ਬਾਂਹ ਨਾਂਹ ਫੜੀ, ਜੇਕਰ ਸਰਕਾਰ ਨੇ ਸਖ਼ਤੀ ਕੀਤੀ ਤਾਂ ਪਿੰਡਾਂ ਵਿੱਚ ਅਧਿਕਾਰੀਆਂ ਦਾ ਘਿਰਾਓ ਕੀਤਾ ਜਾਵੇਗਾ। ਇਸ ਤੋਂ ਇਲਾਵਾ ਸਰਦਾਰ ਭਗਤ ਸਿੰਘ ਸ਼ਹੀਦ ਏ ਆਜ਼ਮ ਦੇ ਜਨਮ ਦਿਨ ਉੱਤੇ 28 ਸਤੰਬਰ ਨੂੰ ਸਾਰੇ ਜ਼ਿਲ੍ਹਿਆਂ ਵਿੱਚ ਇਕੱਠ ਕਰਕੇ ਉਸਦੀ ਵਿਚਾਰਧਾਰਾ ਉੱਤੇ ਚੱਲਣ ਦਾ ਪ੍ਰਣ ਕੀਤਾ ਜਾਵੇਗਾ।

# ਸੜਕ ਹਾਦਸੇ 'ਚ ਨੌਜਵਾਨ ਦੀ ਮੌਤ, ਇੱਕ ਜ਼ਖਮੀ

ਭੀਖੀ (ਧਰਮਵੀਰ ਸ਼ਰਮਾ) ਸਥਾਨਕ ਸੁਨਾਮ ਰੋਡ ਤੇ ਵਾਪਰੇ ਇੱਕ ਸੜਕ ਹਾਦਸੇ ਵਿੱਚ ਨੇੜਲੇ ਪਿੰਡ ਹਮੀਰਗੜ੍ਹ ਢੈਪਈ ਦੇ 22 ਸਾਲ੍ਹਾ ਨੌਜਵਾਨ ਦੀ ਮੌਤ ਹੋ ਗਈ। ਜਦੋਂ ਕਿ ਉਸ ਦਾ ਇੱਕ ਦੋਸਤ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਿਆ।

ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਹਮੀਰਗੜ੍ਹ ਢੈਪਈ ਦਾ ਵਸਨੀਕ ਗੁਰਪ੍ਰੀਤ ਸਿੰਘ ਪੁੱਤਰ ਮੇਜਰ ਸਿੰਘ ਆਪਣੇ ਮਿੱਤਰ ਗੁਰਪ੍ਰੀਤ ਸਿੰਘ ਪੁੱਤਰ ਬੰਤ ਸਿੰਘ ਨਾਲ ਹੀਰੋ ਹਾਂਡਾ ਮੋਟਰਸਾਇਕਲ 'ਤੇ ਭੀਖੀ ਤੋਂ ਆਪਣੇ ਪਿੰਡ ਹਮੀਰਗੜ੍ਹ ਢੈਪਈ ਨੂੰ ਜਾ ਰਿਹਾ ਸੀ ਤਾਂ ਜੱਸੜ ਢਾਬੇ ਨਜ਼ਦੀਕ ਇੱਕ ਕਾਰ ਨਾਲ ਜ਼ਬਰਦਸਤ ਟੱਕਰ ਹੋ ਗਈ, ਜਿਸ ਵਿੱਚ ਦੋਨੋਂ ਨੌਜਵਾਨ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਤੁਰੰਤ ਸਿਵਲ ਹਸਪਤਾਲ ਭੀਖੀ ਲਿਆਂਦਾ ਗਿਆ, ਜਿੱਥੇ ਗੁਰਪ੍ਰੀਤ ਸਿੰਘ ਵਾਸੀ ਹਮੀਰਗੜ੍ਹ ਢੈਪਈ ਦੀ ਮੌਤ ਹੋ ਗਈ ਅਤੇ ਦੂਸਰੇ ਨੌਜਵਾਨ ਨੂੰ ਮਾਨਸਾ ਦੇ ਸਰਕਾਰੀ ਹਸਪਤਾਲ ਵਿਖੇ ਰੈਫਰ ਕਰ ਦਿੱਤਾ ਗਿਆ।

ਮ੍ਰਿਤਕ ਨੌਜਵਾਨ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ ਅਤੇ ਦਸੰਬਰ ਵਿੱਚ ਇਸ ਨੌਜਵਾਨ ਦਾ ਵਿਆਹ ਹੋਣਾ ਸੀ। ਇਸ ਦਰਦਨਾਕ ਮੌਤ 'ਤੇ ਪਿੰਡ ਦਾ ਮਾਹੌਲ ਪੂਰੀ ਤਰ੍ਹਾਂ ਗਮਗੀਨ ਹੈ। ਉਧਰ ਥਾਣਾ ਭੀਖੀ ਦੇ ਸਬ-ਇੰਸਪੈਕਟਰ ਕੁਲਦੀਪ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੇ ਪਿਤਾ ਮੇਜਰ ਸਿੰਘ ਦੇ ਬਿਆਨਾਂ ਤੇ ਪਰਚਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਕਿਸਾਨ ਆਗੂਆਂ ਨੇ ਪਰਾਲੀ ਨੂੰ ਅੱਗ ਨਾ ਲਗਾਉਣ ਦੀ ਕੀਤੀ ਅਪੀਲ

ਜਲਾਲਾਬਾਦ, (ਦਹੂਜਾ):-ਪੰਜਾਬ ਸਰਕਾਰ ਅਤੇ ਸੂਬੇ ਭਰ ਦੇ ਡੀ.ਸੀਜ਼ ਵਲੋਂ ਆਦੇਸ਼ ਜ਼ਾਰੀ ਕੀਤੇ ਗਏ ਹਨ ਕਿ ਕਣਕ ਦੀ ਕਟਾਈ ਸ਼ੁਰੂ ਹੋ ਚੁੱਕੀ ਹੈ ਤੇ ਕੋਈ ਵੀ ਕਿਸਾਨ ਪਰਾਲੀ ਨੂੰ ਅੱਗ ਨਾ ਲਗਾਏ ਤਾਂ ਜੋ ਪ੍ਰਦੂਸ਼ਣ ਤੋਂ ਬੱਚਿਆ ਜਾ ਸਕੇ, ਉਨ੍ਹਾਂ ਵਲੋਂ ਚੇਤਾਵਨੀ ਵੀ ਦਿੱਤੀ ਗਈ ਕਿ ਜੇਕਰ ਕੋਈ ਵੀ ਕਿਸਾਨ ਆਦੇਸ਼ਾਂ ਦੀ ਉਲੰਘਣਾ ਕਰਦਾ ਹੈ, ਤਾਂ ਉਸ 'ਤੇ ਬਣਦੀ ਤੁਰੰਤ ਕਾਰਵਾਈ ਕੀਤੀ ਜਾਵੇਗੀ।

ਉਕਤ ਆਦੇਸ਼ਾਂ ਨੂੰ ਵੇਖਦਿਆਂ ਅੱਜ ਜਲਾਲਾਬਾਦ ਮਾਰਕਿਟ ਕਮੇਟੀ 'ਚ ਭਾਰਤੀਆ ਕਿਸਾਨ ਯੂਨੀਅਨ ਡਕੌਂਦਾ ਦੇ ਜ਼ਿਲ੍ਹਾ ਪ੍ਰਧਾਨ ਹਰੀਸ਼ ਨੱਢਾ, ਪ੍ਰਧਾਰ ਗੁਰਵਿੰਦਰ ਸਿੰਘ ਅਤੇ ਉੱਘੇ ਸਮਾਜ ਸੇਵੀ ਸੰਦੀਪ ਉਰਫ ਸੈਂਡੀ ਨੱਢਾ ਦੀ ਅਗੁਵਾਈ 'ਚ ਇੱਕ ਅਹਿਮ ਮੀਟਿੰਗ ਕੀਤੀ ਗਈ, ਜਿਸ 'ਚ ਉਨ੍ਹਾਂ ਨੇ ਇਹ ਫੈਸਲਾ ਲਿਆ ਕਿ ਕੋਈ ਵੀ ਕਿਸਾਨ ਪਰਾਲੀ ਨੂੰ ਅੱਗ ਨਹੀ ਲਗਾਏਗਾ ਤਾਂ ਜੋ ਵੱਧ ਰਹੇ ਪ੍ਰਦੂਸ਼ਨ ਨਾਲ ਵਾਯੂ ਅਤੇ ਬਿਮਾਰੀਆਂ 'ਚ ਅਥਾਹ ਵਾਧਾ ਹੋ ਰਿਹਾ ਹੈ, ਉਸ 'ਤੇ ਠੱਲ ਪਾਈ ਜਾ ਸਕੇ। ਉਨ੍ਹਾਂ ਕਿਹਾ ਕਿ ਤੁਸੀ ਆਪਣੇ ਦੂਜੇ ਕਿਸਾਨ ਭਰਾਵਾਂ ਨੂੰ ਵੀ ਇਸ ਲਈ ਪ੍ਰੈਰਿਤ ਕਰੋ ਕਿ ਉਹ ਨਾੜ ਨੂੰ ਅੱਗ ਨਾ ਲਗਾਉਣ ਤੇ ਉਨ੍ਹਾਂ ਨੇ ਸਰਕਾਰ ਅੱਗੇ ਵੀ ਮੰਗ ਕੀਤੀ ਹੈ ਕਿ ਨਾੜ ਨਾ ਸਾੜਣ ਦੀ ਐਵਜ਼ 'ਚ ਪਰ ਏਕੜ ਦੇ ਹਿਸਾਬ ਨਾਲ ਕਿਸਾਨਾਂ ਨੂੰ ਬਣਦਾ ਜ਼ਾਇਜ ਮੁਆਵਜਾ ਵੀ ਦਿੱਤਾ ਜਾਵੇ।

ਇਸ ਮੌਕੇ ਜ਼ਿਲ੍ਹਾ ਫ਼ਾਜ਼ਿਲਕਾ ਪ੍ਰਧਾਨ ਹਰੀਸ਼ ਨੱਢਾ ਦੇ ਨਾਲ ਸੈਂਡੀ ਨੱਢਾ, ਗੁਰਵਿੰਦਰ ਸਿੰਘ ਪ੍ਰਧਾਨ, ਰਣਜੀਤ ਕੁਮਾਰ, ਦੇਵ ਰਤਨਪਾਲ, ਰਾਜੂ ਮੰਨੇ ਵਾਲਾ, ਸੁਰਿੰਦਰ ਮੋਹਨ ਕੇ, ਸੋਨੂੰ ਮੋਲਵੀ ਵਾਲਾ, ਨੇਕ ਚੰਦ ਖੁੰਡ ਵਾਲਾ, ਮੋਂਟੀ ਚੌਹਾਣਾ, ਸੰਜੀਵ ਮੰਡ, ਆਸ਼ੀਸ਼ਪਾਲ, ਬੋਹੜ ਸਿੰਘ, ਮਨਪ੍ਰੀਤ ਸਿੰਘ ਤੋਂ ਇਲਾਵਾ ਹੋਰ ਵੀ ਕਿਸਾਨ ਭਾਈਚਾਰਾ ਮੌਜੂਦ ਸਨ।

# ਜ਼ਿਲ੍ਹਾ ਪ੍ਰਸ਼ਾਸਨ ਨੇ ਕਿਸਾਨਾਂ, ਸਰਪੰਚਾਂ ਤੇ ਨੰਬਰਦਾਰਾਂ ਤੋਂ ਮੰਗਿਆ ਸਹਿਯੋਗ

ਗੁਰਦਾਸਪੁਰ (ਜਨਕ ਮਹਾਜਨ)- ਡਿਪਟੀ ਕਮਿਸ਼ਨਰ ਜਨਾਬ ਮੁਹੰਮਦ ਇਸ਼ਫ਼ਾਕ ਨੇ ਜ਼ਿਲ੍ਹੇ ਦੇ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਝੋਨੇ ਦੀ ਕਟਾਈ ਤੋਂ ਬਾਅਦ ਆਪਣੇ ਖੇਤਾਂ ਵਿੱਚ ਪਰਾਲੀ ਨੂੰ ਅੱਗ ਬਿਲਕੁਲ ਨਾ ਲਗਾਉਣ। ਉਨ੍ਹਾਂ ਕਿਹਾ ਕਿ ਨੈਸ਼ਨਲ ਗਰੀਨ ਟ੍ਰਿਬਿਊਨਲ ਵੱਲੋਂ ਇਸ ਸਬੰਧੀ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਅਤੇ ਜਿਹੜੇ ਕਿਸਾਨ ਹਦਾਇਤਾਂ ਦੀ ਉਲੰਘਣਾ ਕਰਕੇ ਪਰਾਲੀ ਨੂੰ ਅੱਗ ਲਗਾਉਣਗੇ ਉਨ੍ਹਾਂ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕਰਨ ਦੇ ਨਾਲ ਉਨ੍ਹਾਂ ਦੇ ਜ਼ਮੀਨੀ ਰਿਕਾਰਡ ਵਿੱਚ ਰੈੱਡ ਐਂਟਰੀ ਦਰਜ ਕੀਤੀ ਜਾਵੇਗੀ। ਡਿਪਟੀ ਕਮਿਸ਼ਨਰ ਜਨਾਬ ਮੁਹੰਮਦ ਇਸ਼ਫ਼ਾਕ ਅੱਜ ਸਥਾਨਕ ਪੰਚਾਇਤ ਭਵਨ ਵਿਖੇ ਜ਼ਿਲ੍ਹੇ ਦੇ ਉਨ੍ਹਾਂ 50 ਹਾਟ-ਸਪਾਟ ਪਿੰਡਾਂ ਦੇ ਸਰਪੰਚਾਂ, ਨੰਬਰਦਾਰਾਂ ਅਤੇ ਪੰਚਾਇਤ ਸਕੱਤਰਾਂ ਨਾਲ ਮੀਟਿੰਗ ਕਰ ਰਹੇ ਸਨ ਜਿਨ੍ਹਾਂ ਪਿੰਡਾਂ ਵਿੱਚ ਬੀਤੇ ਸੀਜ਼ਨ ਦੌਰਾਨ ਸਭ ਤੋਂ ਵੱਧ ਅੱਗ ਲੱਗਣ ਦੇ ਮਾਮਲੇ ਸਾਹਮਣੇ ਆਏ ਸਨ। ਡਿਪਟੀ ਕਮਿਸ਼ਨਰ ਨੇ ਅੱਗ ਦੀਆਂ ਘਟਨਾਵਾਂ ਨੂੰ ਰੋਕਣ ਲਈ ਸਰਪੰਚਾਂ ਤੇ ਨੰਬਰਦਾਰਾਂ ਕੋਲੋਂ ਸਹਿਯੋਗ ਦੀ ਮੰਗ ਕਰਦਿਆਂ ਕਿਹਾ ਕਿ ਸਭ ਤੋਂ ਪਹਿਲਾਂ ਉਹ ਆਪਣੇ ਪਿੰਡਾਂ ਦੇ ਕਿਸਾਨਾਂ ਨੂੰ ਫਸਲੀ ਰਹਿੰਦ-ਖੂੰਹਦ ਨੂੰ ਅੱਗ ਨਾ ਲਗਾਉਣ ਲਈ ਪ੍ਰੇਰਿਤ ਕਰਨ। ਉਨ੍ਹਾਂ ਖੇਤੀਬਾੜੀ ਵਿਭਾਗ ਨੂੰ ਨਿਰਦੇਸ਼ ਦਿੱਤੇ ਕਿ ਜ਼ਿਲ੍ਹੇ ਦੇ ਹਾਟ-ਸਪਾਟ ਪਿੰਡਾਂ ਵਿੱਚ ਪੱਕੇ ਕਰਮਚਾਰੀ ਤਾਇਨਾਤ ਕੀਤੇ ਜਾਣ ਤਾਂ ਜੋ ਉਹ ਅੱਗ ਲੱਗਣ ਦੀਆਂ ਘਟਨਾਵਾਂ ਦੀ ਜਾਣਕਾਰੀ ਦੇਣ ਦੇ ਨਾਲ ਅੱਗ ਨੂੰ ਤੁਰੰਤ ਬੁਝਾਉਣ ਲਈ ਵੀ ਕਾਰਵਾਈ ਕਰਨ। ਉਨ੍ਹਾਂ ਕਿਹਾ ਕਿ ਪਰਾਲੀ ਨੂੰ ਅੱਗ ਲਗਾਉਣ ਨਾਲ ਜਿਥੇ ਵਾਤਾਵਰਨ ਦੂਸ਼ਿਤ ਹੁੰਦਾ ਹੈ ਓਥੇ ਜ਼ਮੀਨ ਦੀ ਉਪਜਾਊ ਸ਼ਕਤੀ ਘੱਟਦੀ ਹੈ ਅਤੇ ਮਨੁੱਖ ਸਮੇਤ ਹੋਰ ਜੀਵ-ਜੰਤੂਆਂ ਲਈ ਵੀ ਬੇਹੱਦ ਘਾਤਕ ਸਾਬਤ ਹੁੰਦਾ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਖੇਤੀਬਾੜੀ ਵਿਭਾਗ ਵੱਲੋਂ ਅੱਗ ਦੀਆਂ ਘਟਨਾਵਾਂ ਨੂੰ ਰੋਕਣ ਲਈ ਜ਼ਿਲ੍ਹੇ ਵਿੱਚ ਦੋ ਕੰਟਰੋਲ ਰੂਮ ਸਥਾਪਤ ਕੀਤੇ ਗਏ ਹਨ ਜੋ ਦਿਨ-ਰਾਤ ਕੰਮ ਕਰਨਗੇ। ਉਨ੍ਹਾਂ ਦੱਸਿਆ ਕਿ ਪਹਿਲਾ ਕੰਟਰੋਲ ਰੂਮ ਗੁਰਦਾਸਪੁਰ ਵਿਖੇ ਹੈ ਜਿਸਦਾ ਨੰਬਰ 01874-292740 ਹੈ ਅਤੇ ਇਸ ਕੰਟਰੋਲ ਰੂਮ ਨਾਲ ਗੁਰਦਾਸਪੁਰ, ਕਾਹਨੂੰਵਾਨ, ਦੀਨਾਨਗਰ, ਧਾਰੀਵਾਲ ਅਤੇ ਕਲਾਨੌਰ ਬਲਾਕਾਂ ਦੇ ਕਿਸਾਨ, ਸਰਪੰਚ, ਨੰਬਰਦਾਰ ਅੱਗ ਦੀਆਂ ਘਟਨਾਵਾਂ ਦੀ ਸੂਚਨਾ ਦੇ ਸਕਦੇ ਹਨ। ਦੂਜਾ ਕੰਟਰੋਲ ਰੂਮ ਬਟਾਲਾ ਵਿਖੇ ਕੰਮ ਕਰ ਰਿਹਾ ਹੈ ਜਿਸਦਾ ਨੰਬਰ 01871-226033 ਹੈ ਅਤੇ ਇਸ ਕੰਟਰੋਲ ਰੂਮ ਨਾਲ ਬਟਾਲਾ, ਸ੍ਰੀ ਹਰਗੋਬਿੰਦਪੁਰ ਸਾਹਿਬ, ਕਾਦੀਆਂ, ਫ਼ਤਹਿਗੜ੍ਹ ਚੂੜੀਆਂ ਅਤੇ ਡੇਰਾ ਬਾਬਾ ਨਾਨਕ ਬਲਾਕਾਂ ਨਾਲ ਸਬੰਧਤ ਪਰਾਲੀ ਨੂੰ ਅੱਗ ਦੀਆਂ ਘਟਨਾਵਾਂ ਦੀ ਸੂਚਨਾ ਦਿੱਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਪਰਾਲੀ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਬਾਰੇ 112 ਨੰਬਰ 'ਤੇ ਵੀ ਸੂਚਿਤ ਕੀਤਾ ਜਾ ਸਕਦਾ ਹੈ।

ਮੀਟਿੰਗ ਦੌਰਾਨ ਹਾਜ਼ਰ ਸਰਪੰਚਾਂ, ਨੰਬਰਦਾਰਾਂ ਅਤੇ ਮੋਹਤਬਰ ਵਿਅਕਤੀਆਂ ਨੇ ਡਿਪਟੀ ਕਮਿਸ਼ਨਰ ਨੂੰ ਭਰੋਸਾ ਦਿੱਤਾ ਕਿ ਉਹ ਪਰਾਲੀ ਨੂੰ ਅੱਗ ਨਾ ਲਗਾਉਣ ਦੀ ਇਸ ਮੁਹਿੰਮ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਤੇ ਪੰਜਾਬ ਸਰਕਾਰ ਦਾ ਪੂਰਾ ਸਹਿਯੋਗ ਕਰਨਗੇ। ਮੀਟਿੰਗ ਦੌਰਾਨ ਮੁੱਖ ਖੇਤੀਬਾੜੀ ਅਫ਼ਸਰ ਡਾ. ਕੰਵਲਪ੍ਰੀਤ ਸਿੰਘ, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਸੰਦੀਪ ਮਲਹੋਤਰਾ ਸਮੇਤ ਹੋਰ ਅਧਿਕਾਰੀ ਵੀ ਹਾਜ਼ਰ ਸਨ।

# ਸਰਬੱਤ ਦਾ ਭਲਾ ਟਰੱਸਟ ਨੇ ਲੈਬ ਦੀ ਪਹਿਲੀ ਵਰ੍ਹੇਗੰਢ ਮਨਾਈ



ਫਿਰੋਜ਼ਪੁਰ (ਅਸ਼ੋਕ ਸ਼ਰਮਾ) : ਫਿਰੋਜ਼ਪੁਰ ਛਾਉਣੀ ਦੇ ਖਾਲਸਾ ਗੁਰਦੁਆਰਾ ਸਾਹਿਬ ਅੰਦਰ ਨਾਮਾਤਰ ਰੇਟਾਂ 'ਤੇ ਖੋਲ੍ਹੀ ਗਈ ਸੰਨੀ ਓਬਰਾਏ ਲੈਬੋਰਟਰੀ ਦੇ ਇੱਕ ਸਾਲ ਸਫਲਤਾ ਪੂਰਵਕ ਬੀਤ ਜਾਣ 'ਤੇ ਸਰਬੱਤ ਦਾ ਭਲਾ ਟਰੱਸਟ ਵੱਲੋਂ ਲੈਬ ਦੀ ਪਹਿਲੀ ਵਰ੍ਹੇਗੰਢ ਮਨਾਈ ਗਈ। ਇਸ ਸਮਾਗਮ ਵਿੱਚ ਮਿਸ ਏਕਤਾ ਉਪਲ ਸੀਜੇਐੱਮ ਫਿਰੋਜ਼ਪੁਰ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਗ੍ਰੰਥੀ ਸਿੰਘ ਵੱਲੋਂ ਪਾਠ ਉਪਰੰਤ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ। ਇਸ ਮੌਕੇ ਸੰਸਥਾ ਦੇ ਜ਼ਿਲ੍ਹਾ ਪ੍ਰਧਾਨ ਹਰਜਿੰਦਰ ਸਿੰਘ ਕਤਨਾ ਵੱਲੋਂ ਆਏ ਹੋਏ ਮਹਿਮਾਨਾਂ ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਸ ਕਾਰਜ ਵਿੱਚ ਵੱਡਾ ਸਹਿਯੋਗ ਦੇਣ ਲਈ ਧੰਨਵਾਦ ਕੀਤਾ ਅਤੇ ਟਰੱਸਟ ਵੱਲੋਂ ਚਲਾਏ ਜਾ ਰਹੇ ਕਾਰਜਾਂ ਦੀ ਜਾਣਕਾਰੀ ਦਿੱਤੀ। ਇਸ ਮੌਕੇ ਸੰਸਥਾ ਵੱਲੋਂ ਲੈਬ ਟੈਕਨੀਸ਼ਨਾਂ ਦਾ ਵੀ ਸਨਮਾਨ ਕੀਤਾ ਗਿਆ। ਮੁੱਖ ਮਹਿਮਾਨ ਏਕਤਾ ਉੱਪਲ ਨੇ ਡਾਕਟਰ ਓਬਰਾਏ ਦੇ ਲੋਕ ਸੇਵਾ ਹਿੱਤ ਚਲਾਏ ਕਾਰਜਾਂ ਦੀ ਸ਼ਲਾਘਾ ਕੀਤੀ। ਇਸ ਤੋਂ ਬਾਅਦ ਲੈਬ ਦੀ ਪਹਿਲੀ ਵਰ੍ਹੇਗੰਢ ਦਾ ਕੇਕ ਵੀ ਕੱਟਿਆ ਗਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੰਸਥਾ ਦੀ ਇਸਤਰੀ ਵਿੰਗ ਜ਼ਿਲ੍ਹਾ ਪ੍ਰਧਾਨ ਅਮਰਜੀਤ ਕੌਰ ਛਾਬੜਾ ਤੇ ਬਲਵਿੰਦਰ ਪਾਲ ਸ਼ਰਮਾ ਪ੍ਰਧਾਨ ਫਿਰੋਜ਼ਪੁਰ ਨੇ ਦੱਸਿਆ ਕਿ ਸੰਸਥਾ ਦੇ ਮੁਖੀ ਡਾਕਟਰ ਐੱਸ ਪੀ ਸਿੰਘ ਉਬਰਾਏ ਤੇ ਸਿਹਤ ਸੇਵਾਵਾਂ ਦੇ ਡਾਇਰੈਕਰ ਡਾਕਟਰ ਦਲਜੀਤ ਸਿੰਘ ਗਿੱਲ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਇਸ ਵਕਤ ਪੰਜਾਬ ਸਮੇਤ ਦੂਸਰੇ ਰਾਜਾਂ ਵਿੱਚ 75 ਲੈਬੋਰਟਰੀਆਂ ਚੱਲ ਰਹੀਆਂ ਹਨ, ਜਿਨ੍ਹਾਂ ਵਿੱਚ ਬਹੁਤ ਘੱਟ ਰੇਟਾਂ 'ਤੇ ਲੋਕਾਂ ਨੂੰ ਮੈਡੀਕਲ ਟੈਸਟਾਂ ਦੀ ਸਹੂਲਤ ਮਿਲ ਰਹੀ ਹੈ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਤਿੰਦਰਜੀਤ ਸਿੰਘ, ਬਹਾਦਰ ਸਿੰਘ ਭੁੱਲਰ ਬਲਾਕ ਪ੍ਰਧਾਨ, ਬਲਵਿੰਦਰ ਪਾਲ ਸ਼ਰਮਾ ਪ੍ਰਧਾਨ ਫਿਰੋਜ਼ਪੁਰ, ਜਸਪ੍ਰੀਤ ਕੌਰ ਯੂਐੱਸਏ, ਤਲਵਿੰਦਰ ਕੌਰ, ਕਮਲਜੀਤ ਸਿੰਘ, ਬ੍ਰਿਜ ਭੂਸ਼ਨ, ਰਣਧੀਰ ਸ਼ਰਮਾ, ਕੁਲਵਿੰਦਰ ਸ਼ਰਮਾ, ਕੁਲਵਿੰਦਰ ਸਿੰਘ, ਸਮਸ਼ੇਰ ਸਿੰਘ, ਰਜਤ ਮੈਨੀ ਤੇ ਉਪਾਸਨਾ ਸਮੇਤ ਹੋਰ ਟੀਮ ਮੈਂਬਰ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਮੌਜੂਦ ਸਨ।

# ਪਿਸਤੌਲ ਦੀ ਨੋਕ 'ਤੇ ਲੁਟੇਰਿਆਂ ਨੇ ਖੋਹੀ ਕਾਰ

ਅੱਡਾ ਸਰਾਂ ( ਜਸਵੀਰ ਕਾਜਲ)- ਜਲੰਧਰ-ਪਠਾਨਕੋਟ ਹਾਈਵੇਅ 'ਤੇ ਅੱਜ ਸਵੇਰੇ ਪਿੰਡ ਮੂਨਕ ਕਲਾ ਨੇੜੇ ਸਵਿੱਫਟ ਸਵਾਰ ਲੁਟੇਰਿਆਂ ਨੇ ਦਿੱਲੀ ਦੀ ਡਲਹੌਜੀ ਜਾ ਰਹੇ ਯਾਤਰੀਆਂ ਕੋਲੋਂ ਪਿਸਤੌਲ ਦੇ ਨੋਕ 'ਤੇ ਸਿਆਜ ਕਾਰ ਖੋਹ ਲਈ ਗਈ। ਮਿਲੀ ਜਾਣਕਾਰੀ ਮੁਤਾਬਕ ਧਰੁਵ ਕੁਮਾਰ, ਗਗਨ ਨਾਗਪਾਲ ਅਤੇ ਕ੍ਰਿਸ਼ਨ ਆਪਣੀ ਕਾਰ 'ਤੇ ਸਵਾਰ ਹੋ ਕੇ ਡਲਹੌਜੀ ਜਾ ਰਹੇ ਸਨ। ਇਸੇ ਦੌਰਾਨ ਜਦੋਂ ਉਹ ਪਿੰਡ ਮੂਨਕ ਕਲਾ ਨੇੜੇ ਪੈਟਰੋਲ ਪੰਪ ਕੋਲ ਰੁਕੇ ਹੋਏ ਸਨ ਤਾਂ ਪਿੱਛੋਂ ਆਈ ਸਵਿੱਫਟ ਗੱਡੀ 'ਤੇ ਸਵਾਰ 4-5 ਲੁਟੇਰਿਆਂ ਨੇ ਉਨ੍ਹਾਂ ਨੂੰ ਘੇਰ ਲਿਆ ਅਤੇ ਪਿਸਤੌਲ ਦੇ ਡਰਾਵੇ ਨਾਲ ਉਨ੍ਹਾਂ ਦੀ ਕਾਰ ਲੈ ਕੇ ਦਸੂਹਾ ਵੱਲ ਫਰਾਰ ਹੋ ਗਏ। ਕਾਰ ਵਿਚ ਉਨ੍ਹਾਂ ਦਾ ਸਾਰਾ ਸਾਮਾਨ ਸੀ। ਸੂਚਨਾ ਮਿਲਣ 'ਤੇ ਟਾਂਡਾ ਪੁਲਸ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ।

# ਕਲਾਸੀਫਾਈਡ ਇਸ਼ਤਿਹਾਰ

## ਲੜਕੀ ਦੀ ਲੋੜ

ਹਿੰਦੂ ਖੱਤਰੀ ਲੜਕਾ ਬਿਜਨਸਮੈਨ ਲਈ ਲੜਕੀ ਦੀ ਲੋੜ ਹੈ। ਕੋਈ ਜਾਤੀ ਬੰਧਨ ਨਹੀਂ ਹੈ। ਚਾਹਵਾਨ ਸੰਪਰਕ ਕਰਨ।
ਮੋ: 80548 25385, 9888194859

## ਆਮ ਸੂਚਨਾ

ਖਾਤਾ ਨੰ: ਏ ਪੀ 02/0047 ਜਗਜੀਤ ਸਿੰਘ ਪੁੱਤਰ ਲੱਭੂ ਵਾਸੀ ਬਧਕੋਰਨਾ ਟਿਊਬਵੈੱਲ ਕੁਨੈਕਸ਼ਨ ਉਪ ਮੰਡਲ ਮੱਲੀਆਂ ਕਲਾਂ ਪੀ ਐੱਸ ਪੀ ਸੀ ਐੱਲ ਵਿਖੇ ਚੱਲ ਰਿਹਾ ਹੈ। ਇਹ ਕੁਨੈਕਸ਼ਨ ਹਰਦੀਪ ਸਿੰਘ ਪੁੱਤਰ ਗੁਰਬਖਸ਼ ਸਿੰਘ ਵਾਸੀ ਮੱਲੀਆਂ ਖੁਰਦ ਦੇ ਨਾਂਅ 'ਤੇ ਤਬਦੀਲ ਕੀਤਾ ਜਾ ਰਿਹਾ ਹੈ, ਜੇ ਕਿਸੇ ਨੂੰ ਇਸ ਸੰਬੰਧੀ ਇਤਰਾਜ਼ ਹੋਵੇ ਤਾਂ ਲਿਖਤੀ ਰੂਪ ਵਿੱਚ ਪੀ ਐੱਸ ਪੀ ਸੀ ਐੱਲ ਮੱਲੀਆਂ ਕਲਾਂ ਉਪ ਮੰਡਲ ਨੂੰ 15 ਦਿਨਾਂ ਵਿੱਚ ਦੇਵੇ। ਵਧੀਕ ਸਹਾਇਕ ਇੰਜੀ:/ਵੰਡ, ਮੱਲੀਆਂ ਕਲਾਂ ਸ/ਡ, ਪੀ ਐੱਸ ਪੀ ਸੀ ਐੱਲ (ਭਵ)

## ਬੇਦਖਲੀ ਨੋਟਿਸ

ਮੈਂ ਗੋਰਾ ਲਾਲ ਪੁੱਤਰ ਬਾਬੂ ਰਾਮ, ਵਾਸੀ ਜਨਤਾ ਨਗਰ ਧੂਰੀ, ਜ਼ਿਲ੍ਹਾ ਸੰਗਰੂਰ ਆਪਣੇ ਲੜਕੇ ਸੁਰਿੰਦਰ ਕੁਮਾਰ, ਨੂੰਹ ਪ੍ਰੀਤ ਕੌਰ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਨ੍ਹਾਂ ਨਾਲ ਲੈਣਦੇਣ ਕਰਨ ਅਤੇ ਸੰਬਧ ਰੱਖਣ ਵਾਲੇ ਖੁੱਦ ਜ਼ਿੰਮੇਵਾਰ ਹੋਣਗੇ।

ਮੈਂ, ਪ੍ਰੀਤੂ ਰਾਮ ਪੁੱਤਰ ਬਾਬੂ ਰਾਮ ਵਾਸੀ ਪਿੰਡ ਬਿੰਜੋਂ, ਤਹਿ: ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਆਪਣੇ ਲੜਕੇ ਸੁਰਜੀਤ ਰਾਮ, ਇਸ ਦੀ ਪਤਨੀ ਕਿਰਨਾ ਰਾਣੀ ਅਤੇ ਇਹਨਾਂ ਦੇ ਲੜਕੇ ਮੋਹਿਤ ਮਾਹੀ, ਮਨਰਾਜ ਮਾਹੀ ਅਤੇ ਇਹਨਾਂ ਦੀ ਲੜਕੀ ਸਿਮਰਨ ਕੌਰ ਨੂੰ ਕਹਿਣੇਕਾਰ ਨਾ ਹੋਣ ਕਾਰਨ ਆਪਣੀ ਚੱਲ ਅਤੇ ਅਚੱਲ ਜਾਇਦਾਦ ਵਿੱਚੋਂ ਬੇਦਖਲ ਕਰਦਾ ਹਾਂ। ਇਹਨਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਅਤੇ ਮੇਰੇ ਪਰਵਾਰ ਦਾ ਉਸ 'ਚ ਅਤੇ ਉਹਨਾਂ ਦੇ ਕਿਸੇ ਵੀ ਚੰਗੇ-ਮਾੜੇ ਕੰਮਾਂ 'ਚ ਕੋਈ ਸੰਬੰਧ ਨਹੀਂ ਹੋਵੇਗਾ। ਸੰਬੰਧਤ ਨੋਟ ਕਰਨ। (ਜਸਵਿੰਦਰ)

ਅਸੀਂ ਜਸਪਾਲ ਪੁੱਤਰ ਰਾਧਾ ਰਾਮ, ਸਰਿਟਾ ਪਤਨੀ ਜਸਪਾਲ ਵਾਸੀ ਸੰਗਲਪੁਰ ਵਾਰਡ ਨੰਬਰ 5 ਤਹਿਸੀਲ /ਜ਼ਿਲ੍ਹਾ ਗੁਰਦਾਸਪੁਰ ਆਪਣੀ ਲੜਕੀ ਕਾਜਲ ਦੇਵੀ ਨੂੰ ਕਹਿਣੇ ਚੋ ਬਾਹਰ ਹੋਣ ਕਾਰਨ ਆਪਣੀ ਚਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। (Dogra)

ਮੈਂ, ਬਲਵਿੰਦਰ ਕੌਰ ਵਿਧਵਾ ਲੇਟ ਬਲਦੇਵ ਸਿੰਘ ਵਾਸੀ ਪਿੰਡ ਖਿਲਚੀਆਂ, ਤਹਿ: ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ (ਪੰਜਾਬ) ਹਲਫੀਆ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਗੁਰਵਿੰਦਰ ਸਿੰਘ ਪੁੱਤਰ ਬਲਦੇਵ ਸਿੰਘ (ਕੁਆਰਾ) ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਆਪਣੇ ਲੜਕੇ ਗੁਰਵਿੰਦਰ ਸਿੰਘ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ। (6046)

ਮੈਂ, ਦਲਬੀਰ ਸਿੰਘ ਪੁੱਤਰ ਬਹਾਦਰ ਸਿੰਘ ਵਾਸੀ ਪਿੰਡ ਖਿਲਚੀਆਂ, ਤਹਿ: ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ (ਪੰਜਾਬ) ਹਲਫੀਆ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਮਨਜੀਤ ਸਿੰਘ ਪੁੱਤਰ ਦਲਬੀਰ ਸਿੰਘ (ਸ਼ਾਦੀਸ਼ੁਦਾ) ਮੇਰੇ ਪਰਵਾਰ ਅਤੇ ਆਪਣੀ ਪਤਨੀ ਗਗਨਦੀਪ ਕੌਰ ਦੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਆਪਣੇ ਲੜਕੇ ਮਨਜੀਤ ਸਿੰਘ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ। (6046)

ਮੈਂ ਬਖਸ਼ੀਸ਼ ਸਿੰਘ ਪੁੱਤਰ ਹਰਨਾਮ ਸਿੰਘ ਵਾਸੀ ਪਿੰਡ ਠੇਠਰ ਕਲਾਂ (ਫਿਰੋਜ਼ਪੁਰ) ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਕੁਲਦੀਪ ਸਿੰਘ ਮੇਰੇ ਕਹਿਣੇਕਾਰ 'ਚੋਂ ਬਾਹਰ ਹੈ। ਜਿਸ ਕਾਰਨ ਮੈਂ ਉਸਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਉਸ ਨਾਲ ਲੈਣ ਦੇਣ ਕਰਨ ਵਾਲਾ ਜ਼ਿੰਮੇਵਾਰ ਹੋਵੇਗਾ। (ਬਹਾਦਰ ਸਿੰਘ)

ਮੈਂ, ਹਰਭਜਨ ਲਾਲ ਪੁੱਤਰ ਸ੍ਰੀ ਜਗਤ ਰਾਮ ਵਾਸੀ ਮਕਾਨ ਨੰ. 451, ਅਰਬਨ ਅਸਟੇਟ, ਫੇਸ-2 ਜਲੰਧਰ, ਤਹਿਸੀਲ ਤੇ ਜ਼ਿਲ੍ਹਾ ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰੀ ਲੜਕੀ ਮੋਨਿਕਾ ਮਾਨ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ ਮਨਮੋਹਨ ਸਿੰਘ ਪੁੱਤਰ ਸ੍ਰ: ਹਰਬੰਸ ਸਿੰਘ ਵਾਸੀ ਨਿਊ ਗੁਰੂ ਨਾਨਕ ਨਗਰ ਬਟਾਲਾ ਜ਼ਿਲ੍ਹਾ ਗੁਰਦਾਸਪੁਰ । ਮੇਰਾ ਲੜਕਾ ਗੁਰਲੀਨ ਸਿੰਘ ਅਤੇ ਇਸਦੀ ਪਤਨੀ ਕੰਵਲਜੀਤ ਕੌਰ ਮੇਰੇ ਕਹਿਣੇ ਸੁਣਨੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ . ਮੈਂ ਆਪਣੇ ਲੜਕੇ ਗੁਰਲੀਨ ਸਿੰਘ ਅਤੇ ਇਸਦੀ ਪਤਨੀ ਕੰਵਲਜੀਤ ਕੌਰ ਨੂੰ ਆਪਣੀ ਚਲ ਅੱਚਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ । ਲੈਣ ਦੇਣ ਕਰਨ ਵਾਲੇ ਖੁਦ ਜ਼ਿੰਮੇਵਾਰ ਹੋਣਗੇ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਤ ਨੋਟ ਕਰਨ।

ਮੈਂ, ਕੁਲਵਿੰਦਰ ਕੌਰ ਪਤਨੀ ਸਰਬਜੀਤ ਸਿੰਘ ਵਾਸੀ ਮਕਾਨ ਨੰ. ਏ ਕੇ 3/733, ਗਲੀ ਨੰ. 5, ਡਰੰਮਾਂ ਵਾਲਾ ਬਜ਼ਾਰ, ਸੁਲਤਾਨਵਿੰਡ ਰੋਡ, ਈਸਟ ਗੋਬਿੰਦ ਨਗਰ, ਅੰਮ੍ਰਿਤਸਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਪ੍ਰਭਦਿਆਲ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ। (ਨਾਰੰਗ)

## ਪਬਲਿਕ ਨੋਟਿਸ

ਗਰੇਨ ਸ਼ਾਪ ਨੰ: 24, ਮੰਡੀ ਵੱਲਾ, ਜ਼ਿਲ੍ਹਾ ਅੰਮ੍ਰਿਤਸਰ ਦੇ ਪਲਾਟ ਦੀ ਮਲਕੀਅਤ ਸ੍ਰੀ ਮਨਮੋਹਨ ਸਿੰਘ ਪੁੱਤਰ ਸ੍ਰੀ ਗੁਰਦੀਪ ਸਿੰਘ ਦੇ ਨਾਮ ਤੇ ਹੈ। ਇਸ ਦਫਤਰ ਵਿੱਚ ਸ੍ਰੀਮਤੀ ਬਲਜੀਤ ਕੌਰ ਪਤਨੀ ਲੇਟ ਸ੍ਰੀ ਮਨਮੋਹਨ ਸਿੰਘ, ਵਾਸੀ ਪਿੰਡ ਤੇ ਡਾਕਖਾਨਾ, ਗੁਮਟਾਲਾ (ਸਾਬਕਾ ਸਰਪੰਚ), ਜ਼ਿਲ੍ਹਾ ਅੰਮ੍ਰਿਤਸਰ ਵੱਲੋਂ ਇਸ ਪਲਾਟ ਦੀ ਮਲਕੀਅਤ ਲੇਟ ਸ੍ਰੀ ਮਨਮੋਹਨ ਸਿੰਘ ਪੁੱਤਰ ਸ੍ਰੀ ਗੁਰਦੀਪ ਸਿੰਘ ਦੀ ਮੌਤ ਮਿਤੀ 05.08.2022 ਨੂੰ ਹੋਣ ਉਪਰੰਤ, ਉਨ੍ਹਾਂ ਵੱਲੋਂ ਸ੍ਰੀਮਤੀ ਬਲਜੀਤ ਕੌਰ ਪਤਨੀ ਸ੍ਰੀ ਮਨਮੋਹਨ ਸਿੰਘ ਦੇ ਹੱਕ ਵਿੱਚ ਕੀਤੀ ਗਈ ਰਜਿਸਟਰਡ ਵਸੀਅਤਨਾਮਾ ਵਸੀਕਾ ਨੰ: 1073 ਮਿਤੀ 15.03.2013 ਦੇ ਆਧਾਰ ਤੇ ਅਤੇ ਤਹਿਸੀਲਦਾਰ (ਮਾਲ) ਅੰਮ੍ਰਿਤਸਰ ਵੱਲੋਂ ਤਸਦੀਕ ਕੀਤੀ ਵਾਰਸਾਂ ਦੀ ਰਿਪੋਰਟ ਅਨੁਸਾਰ ਪਲਾਟ ਦੀ ਮਲਕੀਅਤ ਉਨ੍ਹਾਂ ਦੇ ਨਾਮ ਤੇ ਤਬਦੀਲ ਕਰਨ ਸੰਬੰਧੀ ਦਰਖਾਸਤ ਪ੍ਰਾਪਤ ਹੋਈ ਹੈ।

ਉਪਰੋਕਤ ਦਸਤਾਵੇਜ਼ਾਂ ਦੇ ਆਧਾਰ ਤੇ ਗਰੇਨ ਸ਼ਾਪ ਨੰ: 24, ਮੰਡੀ ਵੱਲਾ, ਜ਼ਿਲ੍ਹਾ ਅੰਮ੍ਰਿਤਸਰ ਦੀ ਮਲਕੀਅਤ ਤਬਦੀਲ ਕੀਤੀ ਜਾਣੀ ਹੈ, ਜੇਕਰ ਕਿਸੇ ਵਿਅਕਤੀ ਨੂੰ ਇਸ ਪਲਾਟ ਦੀ ਮਲਕੀਅਤ ਤਬਦੀਲ ਕਰਨ ਸੰਬੰਧੀ ਕਿਸੇ ਕਿਸਮ ਦਾ ਕੋਈ ਵੀ ਇਤਰਾਜ਼ ਹੈ ਤਾਂ ਇਸ ਨੋਟਿਸ ਦੇ ਛੱਪਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਨਿਮਨ ਹਸਤਾਖਰ ਨੂੰ ਈਮੇਲ dir.colon@punjab.gov.in ਜਾਂ ਹੇਠ ਲਿਖੇ ਐਡਰੇਸ ਤੇ ਭੇਜ ਸਕਦਾ ਹੈ। ਮਿੱਥੇ ਸਮੇਂ ਤੋਂ ਬਾਅਦ ਕਿਸੇ ਵਿਅਕਤੀ ਦੇ ਕਿਸੇ ਕਿਸਮ ਦੇ ਇਤਰਾਜ਼ ਤੇ ਕੋਈ ਸੁਣਵਾਈ ਨਹੀਂ ਕੀਤੀ ਜਾਵੇਗੀ। ਸਹੀ/-

ਐਡਮਿਨਿਸਟਰੇਟਰ ਨਿਊ ਮੰਡੀ ਟਾਊਨਸ਼ਿਪਸ, ਪੰਜਾਬ, ਪੰਜਾਬ ਮੰਡੀ ਭਵਨ, ਸੈਕਟਰ-65ਏ, ਮੁਹਾਲੀ।

## ਬੇਦਖਲੀ ਨੋਟਿਸ

ਮੈਂ, ਸਤਪਾਲ ਪੁੱਤਰ ਖੜਕ ਰਾਮ ਵਾਸੀ ਪਿੰਡ ਮਹਿੰਦਰਾ ਕਾਲੋਨੀ ਦੀਨਾਨਗਰ, ਤਹਿਸੀਲ ਦੀਨਾਨਗਰ, ਜ਼ਿਲ੍ਹਾ ਗੁਰਦਾਸਪੁਰ। ਮੇਰਾ ਲੜਕਾ ਕਮਲ ਕਿਸ਼ੋਰ ਅਤੇ ਉਸ ਦੀ ਪਤਨੀ ਜੋਤੀ ਮੇਰੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਇਨ੍ਹਾਂ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ। (ਡੋਗਰਾ)

ਮੈਂ, ਵਿਜੇ ਕੁਮਾਰ ਪੁੱਤਰ ਵਿਰਿਆਮ ਸਿੰਘ ਵਾਸੀ ਪਿੰਡ ਔਬਲਖੈਰ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਮੇਰਾ ਲੜਕਾ ਨਵਦੀਪ ਸਿੰਘ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ। (ਡੋਗਰਾ)

## ਬੇਦਖਲੀ ਨੋਟਿਸ

ਵੀਰਾ ਪਤਨੀ ਕੇਵਲ ਕਿਸ਼ਨ ਵਾਸੀ ਭਿੱਖੀਵਿੰਡ, ਤਹਿਸੀਲ ਪੱਟੀ, ਜ਼ਿਲ੍ਹਾ ਤਰਨ ਤਾਰਨ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਅਮਨਦੀਪ ਕੁਮਾਰ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ। (ਨਾਰੰਗ)

ਮੈਂ, ਜਸਵੀਰ ਕੌਰ ਪਤਨੀ ਮਨਮਿੰਦਰ ਸਿੰਘ ਵਾਸੀ ਪਿੰਡ ਕਰਨਾਣਾ, ਤਹਿਸੀਲ ਨਵਾਂ ਸ਼ਹਿਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਜਸਕਰਨ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ। (ਅਰਪਿਤ)

## ਨਾਂਅ ਦੀ ਬਦਲੀ

ਮੈਂ ਮਧੂ ਪਤਨੀ ਰੂਪ ਲਾਲ ਨਿਵਾਸੀ ਮਕਾਨ ਨੰਬਰ 297 ਜੱਲੋਵਾਲ ਆਬਾਦੀ , ਡਾਕਖਾਨਾ ਮਾਡਲ ਟਾਊਨ ਜਲੰਧਰ ਨੇ ਆਪਣਾ ਨਾਮ ਮਧੂ ਤੋ ਬਦਲ ਕੇ ਮਧੂ ਸੁਮਨ ਰੱਖ ਲਿਆ ਹੈ । (rajinder verma)

ਮੈਂ, ਸਿਮਰਨਜੀਤ ਪੁੱਤਰੀ ਸਤਨਾਮ ਸਿੰਘ ਵਾਸੀ ਹਾਊਸ ਨੰਬਰ 262, ਗਲੀ ਨੰਬਰ 5, ਸ਼ਹੀਦ ਬਾਬੂ ਲਾਭ ਸਿੰਘ ਨਗਰ, ਜਲੰਧਰ ਨੇ ਆਪਣਾ ਨਾਂਅ ਸਿਮਰਨਜੀਤ ਤੋਂ ਬਦਲ ਕੇ ਸਿਮਰਨਜੀਤ ਕੌਰ ਰੱਖ ਲਿਆ ਹੈ। ਸੰਬੰਧਤ ਨੋਟ ਕਰੋ। (6044)

ਮੈਂ ਕਰਨੈਲ ਪੁੱਤਰ ਮੀਤ ਪਿੰਡ ਮੁੰਨਾ, ਡਾਕਖਾਨਾ ਜੱਸੋਮਜਾਰਾ ਤਹਿਸੀਲ ਬੰਗਾ, ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੇ ਆਪਣਾ ਨਾਂ ਬਦਲ ਕੇ ਕਰਨੈਲ ਤੋਂ ਕਰਨੈਲ ਸਿੰਘ ਰੱਖ ਲਿਆ, ਸੰਬੰਧਤ ਨੋਟ ਕਰਨ। (Gurnam)

ਮੈਂ ਵਿਸ਼ਾਲ ਪੁੱਤਰ ਸੁਭਾਰ ਸੋਲੰਕੀ ਵਾਸੀ ਮਕਾਨ ਨੰਬਰ-766 ਗਲੀ ਨੰਬਰ-16 ਪ੍ਰੇਮ ਨਗਰ ਫੀਲਡ ਗੰਜ ਲੁਧਿਆਣਾ ਦਾ ਰਹਿਣ ਵਾਲਾ ਹਾਂ ਤੇ ਬਿਆਨ ਕਰਦਾ ਹਾਂ ਕਿ ਮੈਂ ਆਪਣਾ ਨਾਮ ਵਿਸ਼ਾਲ ਤੋਂ ਬਦਲ ਕੇ ਵਿਸ਼ਾਲ ਸੋਲੰਕੀ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

## Change of Name

I, Satwinder Singh Marahar S/o Shingara Singh, Village Ghanaur Kalan (Sangrur) have changed my name to Satwinder Singh.

I, Khushi W/O Narvir Singh Vill.Mander P.O.Khan Pur Teh. Banga Distt. SBS Nagar, have changed my name to Khushi Shoker.Please note . (Amrik kataria )

I, Daljit Singh S/O Kashmir Singh R/O Village Lahian PO Sarai Amantkhan Distt. Tarn Taran, Punjab have changed my name from Daljit Singh to Daljeet Singh.Concerned note. (KK)

I, Samardeep Kaur W/o Abhinandan Nischal R/o 172, Phase-1, Varindavan Garden, Fatehgarh Churian Road, Amritsar have changed my name from Samardeep Kaur to Saanvi Nischal after marriage.

I, Sukhprit Singh S/o Parshan Singh R/o Village Juinder Maha Purk, Tehsil Khadoor Sahib, District Tarn Taran have declared that Sukhprit is my given name and Singh is my Surname.

I SANDHYA SHORI W/O MUNISH KUMAR R/O D 797 RANJIT AVENUE AMRITSAR HAVE CHANGED MY NAME TO SANDHYA SHOURIE.

I, Vadhya Kaur W/o Tarlok Singh R/o 477, Gali Surain Singh Wali, Guru Ka Khooh, W.Number 17, Tarn Taran have changed my name from Vadhya Kaur to Vadya Kaur.

I HARPREET KAUR ALIAS MANPREET KAUR W/O GURPREET SINGH AULAKH R/O VILL KATORA PO ARIF KE FEROZEPUR HAVE CHANGED MY NAME FROM HARPREET KAUR ALIAS MANPREET KAUR TO MANPREET KAUR AULAKH ALL CONCERNED MAY PLEASE NOTE.

I Jagjeet kaur W/o Jagroop Singh Pannu Village Kotla Bama,Teh Batala,Gurdaspur,Punjab Have Changed my Name from Jagjeet Kaur to Jagjeet Kaur Pannu.

## Court Notice

In the Court of Ms. Divya Sharma Judicial Magistrate-Ist Class Ludhiana

Next Date, Purpose of Case, Orders and Judgments as well as other case information is available on http://ecourts.gov.in

CNR No. PBLD03-029616-2019, Peshi Date : 28.10.2022

UP Money Ltd. Versus : Iqbal Singh

Publication issued to : Iqbal Singh S/o Juginder Singh Address : H.No. 168, Patti Dulchi, Lehra Mohabat, Bathinda-151103

Whereas it has been proved to the satisfaction of this court that you, the above named accused/accused persons can't be served in the ordinary way of service. Hence this proclamation under 82 code of criminal procedure is hereby issued against you with a direction that you should appear personally before the court on 28.10.2022 at 10.00 a.m. or within 30 days from the date of publication of this proclamation.

Take notice that, in case of default on your part to appear as directed above said case will be heard and determined as per law, in your absence.

For details logon to : https://highcourtchd.gov.in/?trs=district notice&district=Ludhiana

Judicial Magistrate-Ist Class Ludhiana.

## Court Notice

In the Court of Ms. Divya Sharma Judicial Magistrate-Ist Class Ludhiana

Next Date, Purpose of Case, Orders and Judgments as well as other case information is available on http://ecourts.gov.in

CNR No. PBLD03-029618-2019, Peshi Date : 28.10.2022

UP Money Ltd. Versus : Inderjit Singh

Publication issued to : Inderjit Singh S/o Darshan Singh Address : Vill. Jagral, Jamsher, Distt. Jalandhar-144020

Whereas it has been proved to the satisfaction of this court that you, the above named accused/accused persons can't be served in the ordinary way of service. Hence this proclamation under 82 code of criminal procedure is hereby issued against you with a direction that you should appear personally before the court on 28.10.2022 at 10.00 a.m. or within 30 days from the date of publication of this proclamation.

Take notice that, in case of default on your part to appear as directed above said case will be heard and determined as per law, in your absence.

For details logon to : https://highcourtchd.gov.in/?trs=district notice&district=Ludhiana

Judicial Magistrate-Ist Class Ludhiana

## Court Notice

In the Court of Ms. Divya Sharma Judicial Magistrate-Ist Class Ludhiana

Next Date, Purpose of Case, Orders and Judgments as well as other case information is available on http://ecourts.gov.in

CNR No. PBLD03-050728-2020 Next Date : 28.10.2022

Paramjit Singh Versus : Rajan

Publication issued to : 1. Rajan (alias Billa) S/o Narinder Kuar C/o Shop No. 40, Pink Plaza, Chaura Bazaar, Ludhiana.

Whereas it has been proved to the satisfaction of this court that you, the above named accused/accused persons can't be served in the ordinary way of service. Hence this proclamation under 82 code of criminal procedure is hereby issued against you with a direction that you should appear personally before the court on 28.10.2022 at 10.00 a.m. or within 30 days from the date of publication of this proclamation.

Take notice that, in case of default on your part to appear as directed above said case will be heard and determined as per law, in your absence.

For details logon to : https://highcourtchd.gov.in/?trs=district notice&district=Ludhiana

Judicial Magistrate-Ist Class Ludhiana.

Dated, this day of 12.9.2022

## Court Notice

In the Court of Ms. Divya Sharma Judicial Magistrate-Ist Class Ludhiana

Next Date, Purpose of Case, Orders and Judgments as well as other case information is available on http://ecourts.gov.in

CNR No. PBLD03-029611-2019, Peshi Date : 28.10.2022

UP Money Ltd. Versus : Parbjeet Singh

Publication issued to : Parbjeet Singh S/o Ram Singh Address : Vill. Badlala, Distt. Bathinda

Whereas it has been proved to the satisfaction of this court that you, the above named accused/accused persons can't be served in the ordinary way of service. Hence this proclamation under 82 code of criminal procedure is hereby issued against you with a direction that you should appear personally before the court on 28.10.2022 at 10.00 a.m. or within 30 days from the date of publication of this proclamation.

Take notice that, in case of default on your part to appear as directed above said case will be heard and determined as per law, in your absence.

For details logon to : https://highcourtchd.gov.in/?trs=district notice&district=Ludhiana

Judicial Magistrate-Ist Class Ludhiana

## Court Notice

In the Court of Ms. Divya Sharma Judicial Magistrate-Ist Class Ludhiana.

Next Date, Purpose of Case, Orders and Judgments as well as other case information is available on http://ecourts.gov.in.

CNR No. PBLD03-030054-2019 Peshi Date : 28.10.2022

M/s Up Money Ltd Versus : Kulbir Singh

Publication issued to : Kulbir Singh Address : S/o Nakku Ram R/o Vill. Kharkan, Tehsil Guhla, Distt. Kaithal, Haryana-136035, 02. Neelam W/o Kulbir Singh Khrkan, Kaithal, Haryana-136035

Whereas it has been proved to the satisfaction of this court that you, the above named accused/accused persons can't be served in the ordinary way of service. Hence this proclamation under 82 code of criminal procedure is hereby issued against you with a direction that you should appear personally before the court on 28.10.2022 at 10.00 a.m. or within 30 days from the date of publication of this proclamation.

Take notice that, in case of default on your part to appear as directed above said case will be heard and determined as per law, in your absence.

For details logon to : https://highcourtchd.gov.in/?trs=district notice&district=Ludhiana

Judicial Magistrate-Ist Class Ludhiana

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਨਜਾਇਜ਼ ਸ਼ਰਾਬ ਸਮੇਤ ਇੱਕ ਕਾਬੂ

ਜਲਾਲਾਬਾਦ, 24 ਸਤੰਬਰ (ਦਹੂਜਾ):-ਥਾਣਾ ਸਿਟੀ ਦੀ ਪੁਲਿਸ ਨੇ ਸਵਾ 8 ਬੋਤਲਾਂ ਨਾਜਾਇਜ਼ ਸ਼ਰਾਬ ਸਮੇਤ ਇਕ ਵਿਅਕਤੀ ਨੂੰ ਕਾਬੂ ਕੀਤਾ ਹੈ। ਜਾਂਚ ਅਧਿਕਾਰੀ ਮੁਖਤਿਆਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਮੁਖਬਰ ਖਾਸ ਨੇ ਇਤਲਾਹ ਦਿੱਤੀ ਸੀ ਕਿ ਵਕੀਲ ਸਿੰਘ ਪੁੱਤਰ ਦਿਆਲ ਸਿੰਘ ਵਾਸੀ ਚੱਕ ਅਰਾਈਆਂ ਵਾਲਾ ਨਾਜਾਇਜ਼ ਸ਼ਰਾਬ ਕੱਢ ਕੇ ਵੇਚਦਾ ਹੈ। ਜੇਕਰ ਹੁਣੇ ਉਸ ਦੇ ਘਰ ਤੇ ਰੇਡ ਕੀਤੀ ਜਾਵੇ ਤਾਂ ਨਾਜਾਇਜ਼ ਸ਼ਰਾਬ ਸਮੇਤ ਕਾਬੂ ਕੀਤਾ ਜਾ ਸਕਦਾ ਹੈ। ਜਿਸ ਤੇ ਪੁਲਿਸ ਨੇ ਛਾਪਾ ਮਾਰ ਕੇ ਉਸ ਨੂੰ ਸਵਾ 8 ਬੋਤਲਾਂ ਨਜਾਇਜ਼ ਸ਼ਰਾਬ ਸਮੇਤ ਕਾਬੂ ਕੀਤਾ। ਜਿਸ ਤੇ ਧਾਰਾ 61/1/14 ਆਬਕਾਰੀ ਐਕਟ ਦੇ ਅਧੀਨ ਪਰਚਾ ਦਰਜ ਕੀਤਾ ਗਿਆ ਹੈ।

# ਸਵੇਰ ਤੋਂ ਲਗਾਤਾਰ ਹੋ ਰਹੀ ਬਾਰਿਸ਼ ਕਾਰਨ ਸ਼ਹਿਰ ਜਲਥਲ

ਜਗਰਾਓਂ ( ਅਮਿਤ ਖੰਨਾ ) ਅੱਜ ਸਵੇਰ ਤੋਂ ਪੈ ਰਹੀ ਲਗਾਤਾਰ ਬਰਸਾਤ ਕਾਰਨ ਸ਼ਹਿਰ ਦੇ ਸਾਰੇ ਬਾਜਾਰ ਜਲ-ਥਲ ਹੋ ਗਏ, ਜਿਸ ਕਾਰਨ ਸਵੇਰ ਤੋਂ ਸਾਮ ਤੱਕ ਬਾਜਾਰਾਂ ਵਿਚ ਸੰਨਾਟਾ ਛਾ ਗਿਆ ਅਤੇ ਬਾਜਾਰਾਂ ਵਿਚ ਦੁਕਾਨਾਂ ਖੋਲ੍ਹਣ ਆਏ ਦੁਕਾਨਦਾਰਾਂ ਦੇ ਚਿਹਰੇ ਉਦਾਸ ਨਜਰ ਆਏ।

ਮੌਸਮ 'ਚ ਆਏ ਇਕਦਮ ਬਦਲਾਅ ਕਾਰਨ ਸਨੀਵਾਰ ਸਵੇਰ ਤੋਂ ਪੈ ਰਹੀ ਤੇਜ ਬਾਰਿਸ ਕਾਰਨ ਜਿੱਥੇ ਲੋਕਾਂ ਨੂੰ ਗਰਮੀ ਤੋਂ ਰਾਹਤ ਮਿਲੀ, ਉਥੇ ਹੀ ਦੂਜੇ ਪਾਸੇ ਸਹਿਰ 'ਚ ਪਾਣੀ ਭਰ ਜਾਣ ਕਾਰਨ ਸਹਿਰ ਵਾਸੀਆਂ ਲਈ ਮੁਸੀਬਤ ਬਣੀ ਹੋਈ ਦਿਖਾਈ ਦਿੱਤੀ ।

ਸਤੰਬਰ ਮਹੀਨੇ ਵਿੱਚ ਸਕੂਲਾਂ ਵਿੱਚ ਚੱਲ ਰਹੀਆਂ ਪ੍ਰੀਖਿਆਵਾਂ ਕਾਰਨ ਸੜਕਾਂ 'ਤੇ ਪਾਣੀ ਭਰ ਜਾਣ ਕਾਰਨ ਬੱਚਿਆਂ ਦੇ ਮਾਪਿਆਂ ਨੂੰ ਛੁੱਟੀਆਂ ਦੌਰਾਨ ਆਪਣੇ ਬੱਚਿਆਂ ਨੂੰ ਸਕੂਲ ਛੱਡਣ ਅਤੇ ਵਾਪਸ ਲਿਆਉਣ ਵਿੱਚ ਮੁਸਕਲ ਪੇਸ ਆਈ। ਸਥਿਤੀ ਇਹ ਸੀ ਕਿ ਅੱਜ ਸਵੇਰ ਤੋਂ ਹੀ ਸਹਿਰ ਵਿੱਚ ਪੈ ਰਹੀ ਲਗਾਤਾਰ ਬਰਸਾਤ ਕਾਰਨ ਸਹਿਰ ਦੇ ਦੁਕਾਨਦਾਰ ਵੀ ਨਿਰਾਸ ਹੋ ਕੇ ਆਪਣੀਆਂ ਦੁਕਾਨਾਂ ਬੰਦ ਕਰਕੇ ਘਰਾਂ ਨੂੰ ਪਰਤਣ ਲਈ ਮਜਬੂਰ ਹੋ ਗਏ।

ਅੱਜ ਸਵੇਰ ਤੋਂ ਪਏ ਮੀਂਹ ਕਾਰਨ ਸਹਿਰ ਦੇ ਮੁੱਖ ਚੌਂਕਾਂ ਸਮੇਤ ਤਹਿਸੀਲ ਕੰਪਲੈਕਸ, ਝਾਂਸੀ ਰਾਣੀ ਚੌਂਕ, ਕਮਲ ਚੌਂਕ, ਸਵਾਮੀ ਨਾਰਾਇਣ ਚੌਂਕ, ਕੁੱਕੜ ਚੌਂਕ, ਪੁਰਾਣੀ ਸਬਜੀ ਮੰਡੀ ਰੋਡ, ਤਹਿਸੀਲ ਰੋਡ, ਸ਼ ?ਵਾਲਾ ਰੋਡ, ਸੁਭਾਸ ਗੇਟ, ਰਾਏਕੋਟ ਰੋਡ ਤੋਂ ਇਲਾਵਾ ਸ. ਪੁਰਾਣੀ ਦਾਨਾ ਮੰਡੀ ਅਤੇ ਸਹਿਰ ਦੇ ਨੀਵੇਂ ਇਲਾਕਿਆਂ 'ਚ ਪਾਣੀ ਭਰ ਜਾਣ ਕਾਰਨ ਜਨਜੀਵਨ ਠੱਪ ਹੋ ਗਿਆ ਤੇ ਲੋਕ ਘਰਾਂ 'ਚ ਹੀ ਰਹਿਣ ਲਈ ਮਜਬੂਰ ਹੋ ਗਏ, ਦੂਜੇ ਪਾਸੇ ਪਾਣੀ ਕਾਰਨ ਸਹਿਰ ਦੀਆਂ ਸੜਕਾਂ 'ਤੇ ਵਾਹਨ ਰੇਂਗਦੇ ਦੇਖੇ ਗਏ।

25-SetPage 7.qxd 9/24/2022 10:15 PM Page 1



## ਸੀ ਪੀ ਐੱਮ ਦੀ ਜਲੰਧਰ ਰੈਲੀ 'ਚ ਸ਼ਾਮਲ ਹੋਣ ਲਈ ਪਿੰਡ ਢੇਰ ਤੋਂ ਜਥਾ ਰਵਾਨਾ

**ਸ੍ਰੀ ਅਨੰਦਪੁਰ ਸਾਹਿਬ (ਸੁਰਜੀਤ ਢੇਰ)** -ਸੀ ਪੀ ਆਈ ਐਮ ਦੀ ਕੇਂਦਰੀ ਕਮੇਟੀ ਦੇ ਸੱਦੇ 'ਤੇ 14 ਤੋਂ 24 ਸਤੰਬਰ ਤੱਕ ਚਲਾਈ ਜਨ ਸੰਪਰਕ ਮੁਹਿੰਮ ਦੇ ਆਖਰੀ ਦਿਨ 24 ਸਤੰਬਰ ਨੂੰ ਜਲੰਧਰ ਵਿਖੇ ਸੂਬਾ ਪੱਧਰੀ ਰੈਲੀ ਵਿੱਚ ਸ਼ਾਮਲ ਹੋਣ ਲਈ ਪਿੰਡ ਢੇਰ ਤੋਂ ਵਰਕਰਾਂ ਦਾ ਇੱਕ ਵੱਡਾ ਜਥਾ ਕਾਮਰੇਡ ਸੁਰਜੀਤ ਸਿੰਘ ਢੇਰ ਦੀ ਅਗਵਾਈ ਹੇਠ ਰਵਾਨਾ ਹੋਇਆ।

ਇਸ ਮੌਕੇ 'ਤੇ ਕਾਮਰੇਡ ਸੁਰਜੀਤ ਸਿੰਘ ਢੇਰ ਨੇ ਦੱਸਿਆ ਕਿ ਫਿਰਕੂ ਕਾਰਪੋਰੇਟ ਗੱਠਜੋੜ ਦੀ ਕੇਂਦਰ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ, ਸੰਵਿਧਾਨ ਅਤੇ ਸੰਵਿਧਾਨਕ ਸੰਸਥਾਵਾਂ ਉਪਰ ਕੀਤੇ ਜਾ ਰਹੇ ਹਮਲਿਆਂ ਵਿਰੁੱਧ ਸੂਬਾ ਕਮੇਟੀ ਨੇ ਵਿਸ਼ਾਲ ਰੋਸ ਮੁਜ਼ਾਹਰਾ ਕਰਨ ਦਾ ਸੱਦਾ ਦਿੱਤਾ ਹੈ।

ਅੱਜ ਕੇਂਦਰ ਦੀ ਮੋਦੀ ਸਰਕਾਰ ਜਨਤਕ ਖੇਤਰ ਦੇ ਅਦਾਰਿਆਂ ਨੂੰ ਕਾਰਪੋਰੇਟ ਘਰਾਣਿਆਂ ਨੂੰ ਵੇਚ ਰਹੀ ਹੈ। ਜਿਸ ਦਾ ਸਿੱਟਾ ਇਹ ਹੈ ਕਿ ਲੋਕਾਂ ਕੋਲੋਂ ਰੁਜ਼ਗਾਰ ਖੁੱਸ ਰਿਹਾ ਹੈ। ਬੇਰੁਜ਼ਗਾਰਾਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਪੰਜਾਬ ਦੀ ਮੌਜੂਦਾ ਭਗਵੰਤ ਸਿੰਘ ਮਾਨ ਦੀ ਸਰਕਾਰ ਘਰ ਘਰ ਰੁਜ਼ਗਾਰ ਦੇਣ ਦਾ ਵਾਅਦਾ ਕਰਕੇ ਸੱਤਾ 'ਤੇ ਕਾਬਜ਼ ਹੋਈ ਸੀ। ਪਰ ਰੁਜ਼ਗਾਰ ਮੰਗ ਰਹੇ ਲੋਕਾਂ 'ਤੇ ਲਾਠੀਚਾਰਜ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਮਗਨਰੇਗਾ ਮਜ਼ਦੂਰਾਂ ਨੂੰ 600 ਦਿਹਾੜੀ ਦਿੱਤੀ ਜਾਵੇ ਕੰਮ ਪੂਰਾ ਸਾਲ ਦਿੱਤਾ ਜਾਵੇ, ਝੋਨੇ ਦੇ ਹੋਏ ਨੁਕਸਾਨ ਦਾ ਮੁਆਵਜ਼ਾ ਦਿੱਤਾ ਜਾਵੇ, ਲੰਪੀ ਸਕਿਨ ਬਿਮਾਰੀ ਨਾਲ ਮਰੇ ਪਸ਼ੂਆਂ ਦਾ ਮੁਆਵਜ਼ਾ ਦਿੱਤਾ ਜਾਵੇ। ਪੈਟਰੋਲ, ਡੀਜ਼ਲ ਦੀਆਂ ਕੀਮਤਾਂ ਘੱਟ ਕੀਤੀਆਂ ਜਾਣ।

ਇਸ ਮੌਕੇ ਡਾਕਟਰ ਰਵਿੰਦਰ ਨਾਥ, ਪ੍ਰਧਾਨ ਪ੍ਰੇਮ ਸਿੰਘ ਅਟਵਾਲ, ਇੰਦਰਜੀਤ ਸਿੰਘ ਫੌਜੀ, ਸੁੰਦਰ ਸਿੰਘ ਅਟਵਾਲ, ਮਾਸਟਰ ਤਾਰਾ ਸਿੰਘ, ਸੂਬੇਦਾਰ ਗੁਰਨਾਮ ਸਿੰਘ, ਬਰਜਿੰਦਰ ਸਿੰਘ ਡੋਡ,ਚਰਨ ਸਿੰਘ ,ਸੋਮ ਨਾਥ ਅਜੋਲੀ, ਮਹਿੰਦਰ ਸਿੰਘ ਦੜੋਲੀ,ਦੀਪ ਸਿੰਘ, ਜਗਤਾਰ ਸਿੰਘ ਜਿੰਦਵੜੀ,ਤਾਰਾ ਸਿੰਘ, ਮਲਕੀਤ ਸਿੰਘ ਨਾਹਲ,ਦੇਵ ਕੁਮਾਰ, ਸੁੱਚਾ ਸਿੰਘ ਕੂਨਰ, ਰਣਜੀਤ ਸਿੰਘ ਅਟਵਾਲ ਵੀ ਹਾਜ਼ਰ ਸਨ।

## ਗੈਰ-ਸੰਚਾਰੀ ਰੋਗਾਂ ਸੰਬੰਧੀ ਕੈਂਪ ਲਗਾਇਆ

**ਸ੍ਰੀ ਚਮਕੌਰ ਸਾਹਿਬ, (ਕੁਲਵਿੰਦਰ ਕਾਲਾ)** ਡਾ.ਪਰਮਿੰਦਰ ਕੁਮਾਰ ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਡਾ. ਗੋਬਿੰਦ ਟੰਡਨ ਸੀਨੀਅਰ ਮੈਡੀਕਲ ਅਫਸਰ ਸੀ.ਐਚ.ਸੀ ਚਮਕੌਰ ਸਾਹਿਬ ਦੀ ਅਗਵਾਈ ਹੇਠ ਪਿੰਡ ਫਿਰੋਜ਼ਪੁਰ ਵਿਖੇ ਗੈਰ ਸੰਚਾਰੀ ਰੋਗਾਂ ਸਬੰਧੀ ਸਕਰੀਨਿੰਗ ਕੈਂਪ ਲਗਾਇਆ ਗਿਆ। ਇਸ ਮੌਕੇ ਤੇ ਗੁਰਪ੍ਰੀਤ ਕੌਰ ਕਮਿਊਨਿਟੀ ਹੈਲਥ ਅਫਸਰ ਵੱਲੋਂ ਗੈਰ-ਸੰਚਾਰੀ ਰੋਗਾਂ ਸਬੰਧੀ ਜਾਗਰੂਕ ਕੀਤਾ ਗਿਆ ਤੇ ਗੈਰ ਸੰਚਾਰੀ ਰੋਗਾਂ ਸਬੰਧੀ ਲੋਕਾਂ ਦਾ ਚੈਕ-ਅੱਪ ਵੀ ਕੀਤਾ ਗਿਆ ਅਤੇ ਲੋੜਵੰਦ ਮਰੀਜਾਂ ਨੂੰ ਬਲੱਡ ਪ੍ਰੈਸ਼ਰ ਅਤੇ ਸ਼ੂਗਰ ਦੀਆਂ ਮੁਫ਼ਤ ਦਵਾਈਆਂ ਵੀ ਵੰਡੀਆਂ ਗਈਆਂ। ਇਸ ਮੌਕੇ ਤੇ ਗੁਰਪ੍ਰੀਤ ਕੌਰ ਸੀ.ਐਚ.ਓ ਨੇ ਗੈਰ ਸੰਚਾਰੀ ਰੋਗਾਂ ਵਿੱਚ ਹਾਈਪਰਟੈਨਸ਼ਨ, ਸ਼ੁਗਰ, ਕੈਂਸਰ (ਬਰੈਸਟ ਕੈਂਸਰ, ਬੱਚੇਦਾਨੀ ਦਾ ਕੈਂਸਰ) ਅਤੇ ਓਰਲ ਕੈਂਸਰ (ਮੂੰਹ ਦਾ ਕੈਂਸਰ) ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਸ਼ੂਗਰ, ਹਾਈ ਬੀ.ਪੀ ਅਤੇ ਕੈਂਸਰ ਆਦਿ ਰੋਗਾਂ ਤੋਂ ਪੀੜਤ ਮਰੀਜਾਂ ਦੀ ਗਿਣਤੀ ਵੱਧ ਰਹੀ ਹੈ, ਜਿਸ ਦਾ ਕਾਰਨ ਸਰੀਰਕ ਕਸਰਤ ਦੀ ਘਾਟ ਅਤੇ ਰੋਜਾਨਾ ਜੀਵਨ ਵਿੱਚ ਖਾਣ ਪੀਣ ਦੀਆਂ ਗਲਤ ਆਦਤਾਂ ਸ਼ਾਮਲ ਹਨ।

ਇਸ ਮੌਕੇ ਤੇ ਲਖਵੀਰ ਸਿੰਘ ਮਲਟੀਪਰਪਜ਼ ਹੈਲਥ ਵਰਕਰ ਨੇ ਕਿਹਾ ਕਿ ਅੱਜ ਦੀ ਰੋਜਾਨਾ ਵਿਅਸਤ ਜ਼ਿੰਦਗੀ ਵਿੱਚੋਂ ਗੈਰ-ਸੰਚਾਰੀ ਰੋਗਾਂ ਤੋਂ ਬਚਾਅ ਲਈ ਸਰੀਰਕ ਸਰਗਰਮੀਆਂ ਕਰਨਾ ਬਹੁਤ ਜਰੂਰੀ ਹੈ। ਇਸ ਲਈ ਆਪਣੇ ਸਰੀਰ ਨੂੰ ਤੰਦਰੁਸਤ ਰੱਖਣ ਲਈ ਰੋਜਾਨਾ ਸੈਰ, ਦੌੜ, ਤੈਰਾਕੀ, ਪੌੜੀਆਂ ਚੜਨਾ, ਕਠੋਰ ਕੰਮ ਕਰਨਾ ਆਦਿ ਜਰੂਰੀ ਹੈ। ਉਨ੍ਹਾਂ ਕਿਹਾ ਕਿ ਗੈਰ ਸੰਚਾਰੀ ਰੋਗਾਂ ਤੋਂ ਬਚਣ ਲਈ ਨਸ਼ੇ, ਸ਼ਰਾਬ, ਫਾਸਟ ਫੂਡ, ਤੰਬਾਕੂ, ਸਿਗਰਟਨੋਸ਼ੀ, ਤਲੀਆਂ ਹੋਈਆਂ ਵਸਤਾਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ ਅਤੇ ਰੋਜਾਨਾ ਘੱਟੋ ਘੱਟ 30 ਮਿੰਟ ਸਰੀਰਕ ਕਸਰਤ, ਸੈਰ, ਤੈਰਾਕੀ, ਦੌੜ, ਸਾਈਕਲ ਚਲਾਉਣਾ ਚਾਹੀਦਾ ਹੈ। ਇਸ ਮੌਕੇ ਤੇ ਸਤਨਾਮ ਕੌਰ ਏ.ਐਨ.ਐਮ,ਰਮਿੰਦਰ ਕੌਰ ਏ.ਐਨ.ਐਮ ਅਤੇ ਪਤਵੰਤੇ ਸੱਜਣ ਹਾਜ਼ਰ ਸਨ।

## ਪੰਜਾਬ ਖੇਤ ਮਜ਼ਦੂਰ ਸਭਾ ਦੀ ਮੀਟਿੰਗ ਹੋਈ

**ਸ਼ਾਹਕੋਟ (ਗਿਆਨ ਸੈਦਪੁਰੀ)** ਸ਼ੁੱਕਰਵਾਰ ਨੂੰ ਪੰਜਾਬ ਖੇਤ ਮਜ਼ਦੂਰ ਸਭਾ ਦੀ ਇੱਕ ਮੀਟਿੰਗ ਸੁਨੀਲ ਕੁਮਾਰ ਦੀ ਪ੍ਰਧਾਨਗੀ ਹੇਠ ਪਿੰਡ ਉਮਰਵਾਲ ਬਿੱਲਾ ਵਿਚ ਹੋਈ। ਮੀਟਿੰਗ ਵਿੱਚ ਮਨਰੇਗਾ ਮਜ਼ਦੂਰਾਂ ਵੱਲੋਂ ਆਪਣੀਆਂ ਮੁਸ਼ਕਲਾਂ ਦੱਸੀਆਂ ਗਈਆਂ। ਮਜ਼ਦੂਰਾਂ ਨੇ ਦੱਸਿਆ ਕਿ ਪਿੰਡ ਦੀ ਸਰਪੰਚ ਵੱਲੋਂ ਮਨਰੇਗਾ ਵਰਕਰਾਂ ਕੋਲੋਂ 22-22 ਦਿਨ ਕੰਮ ਕਰਵਾਇਆ ਗਿਆ ਅਤੇ ਕੁਝ ਵਰਕਰਾਂ ਦੇ ਕੰਮ ਦੇ ਪੈਸੇ ਨਹੀਂ ਆਏ ਮੀਟਿੰਗ ਵਿਚ ਪਹੁੰਚੇ ਪੰਜਾਬ ਖੇਤ ਮਜ਼ਦੂਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਸਿਕੰਦਰ ਸੰਧੂ ਨੇ ਮਜ਼ਦੂਰਾਂ ਨੂੰ ਵਿਸਵਾਸ ਦਵਾਇਆ ਕਿ ਉਨ੍ਹਾਂ ਦੀ ਜਥੇਬੰਦੀ ਵੱਲੋਂ ਸੰਘਰਸ ਕਰਕੇ ਉਨ੍ਹਾਂ ਨੂੰ ਕੀਤੇ ਹੋਏ ਕੰਮ ਦੇ ਪੈਸੇ ਵੀ ਦਵਾਏ ਜਾਣਗੇ ਅਤੇ ਨਰੇਗਾ ਵਿੱਚ ਕੰਮ ਦੁਬਾਰਾ ਫਿਰ ਤੋਂ ਦਿਵਾਇਆ ਜਾਵੇਗਾ। ਉਨ੍ਹਾਂ ਮਜ਼ਦੂਰਾਂ ਨੂੰ ਦੱਸਿਆ ਕਿ ਬੀ ਡੀ ਪੀ ਓ ਦਫਤਰ ਦੇ ਇਕ ਮੁਲਾਜ਼ਮ ਨਾਲ ਉਨ੍ਹਾਂ ਦੀ ਗੱਲ ਹੋਈ ਸੀ। ਉਸ ਨੇ ਦੱਸਿਆ ਕਿ ਉਨ੍ਹਾਂ ਨੂੰ ਪਿੰਡ ਉਮਰਵਾਲ ਬਿੱਲਾ ਦੀ ਸਰਪੰਚ ਨੇ ਮਨਰੇਗਾ ਵਿੱਚ ਮਾਸਟਰਰੋਲ ਕੱਢਣ ਤੋਂ ਡੱਕਿਆ ਹੋਇਆ ਹੈ। ਮੀਟਿੰਗ ਵਿਚ ਮਜਦੂਰਾ ਵੱਲੋਂ ਮਤਾ ਪਾਸ ਕੀਤਾ ਗਿਆ ਕਿ ਜੇਕਰ ਮਜਦੂਰਾਂ ਨੂੰ ਕੰਮ ਨਾ ਮਿਲਿਆ ਅਤੇ ਕੀਤੇ ਹੋਏ ਪਿਛਲੇ ਕੰਮ ਦੇ ਪੈਸੇ ਨਾ ਆਏ ਤਾਂ ਆਉਣ ਵਾਲੇ ਦਿਨਾਂ ਵਿੱਚ ਮਜਦੂਰਾਂ ਵੱਲੋਂ ਬੀਡੀਪੀਓ ਦਫਤਰ ਦਾ ਘਿਰਾਓ ਕੀਤਾ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਮਲਜੀਤ ਕੌਰ, ਸਵਰਨ ਸਿੰਘ ਕਾਕੜਾ,ਸਿਦੋ, ਜਗਤਾਰ ਸਿੰਘ ,ਪਰਮਜੀਤ ਕੌਰ, ਬਲਵਿੰਦਰ ਕੌਰ ਅਤੇ ਬਖਸ਼ੋ ਆਦਿ ਨੇ ਸੰਬੋਧਨ ਕੀਤਾ।

ਫਿਲੌਰ ਵਿਖੇ ਵੋਮੈਨ ਐਸੋਸੀਏਸ਼ਨ ਦੀ ਪ੍ਰਧਾਨ ਸ੍ਰੀਮਤੀ ਕੁਲਵਿੰਦਰ ਕੌਰ ਦੀ ਅਗਵਾਈ ਵਿੱਚ ਪ੍ਰੀਤਮ ਪੈਲੇਸ ਦੇ ਕੋਲ ਗੁਰੂ ਨਾਨਕ ਨਗਰ ਵਿਖੇ ਛਾਂਦਾਰ ਬੂਟੇ ਲਗਾਏ ਗਏ । ਇਸ ਮੌਕੇ ਉਨ੍ਹਾਂ ਨਾਲ ਬਲਵਿੰਦਰ ਕੌਰ ,ਰੀਨਾ ਤਾਂਗੜੀ, ਰਕੇਸ਼, ਨੀਲਮ ਰਾਣੀ, ਪਰਮਜੀਤ ਕੌਰ ਅਤੇ ਸੁਖਵਿੰਦਰ ਸਿੰਘ ਹਾਜ਼ਰ ਸਨ ।(ਫੋਟੋ ਤੇ ਵੇਰਵਾ : ਬਿਕਰਮਜੀਤ ਸਿੰਘ ਕਨੇਡੀ , ਫਿਲੌਰ)

## ਪੀ ਡਬਲਿਊ ਡੀ ਫੀਲਡ ਤੇ ਵਰਕਸ਼ਾਪ ਵਰਕਰਜ਼ ਯੂਨੀਅਨ ਦੀ ਐਚ.ਓ.ਡੀ. ਵਿਰੁੱਧ ਰੈਲੀ 29 ਨੂੰ

**ਹੁਸ਼ਿਆਰਪੁਰ (ਬਲਵੀਰ ਸੈਣੀ)** ਪੀ .ਡਬਲਿਊ .ਡੀ. ਫੀਲਡ ਅਤੇ ਵਰਕਸ਼ਾਪ ਵਰਕਰਜ ਯੂਨੀਅਨ ਜੋਨ ਹੁਸ਼ਿਆਰਪੁਰ ਦੀ ਮੀਟਿੰਗ ਜੋਨ ਪ੍ਰਧਾਨ ਅਮਰਜੀਤ ਕੁਮਾਰ ਨੰਗਲ ਖਿਲਾੜੀਆਂ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੇ ਐਚ ਓ ਡੀ (ਵਿਭਾਗ ਮੁਖੀ) ਦੇ ਦਫ਼ਤਰ ਮੋਹਾਲੀ ਅੱਗੇ ਕੀਤੀ ਜਾਣ ਵਾਲੀ ਸੂਬਾ ਪੱਧਰੀ ਰੋਸ ਰੈਲੀ ਲਈ ਜੋਨ ਹੁਸ਼ਿਆਰਪੁਰ ਦੀਆਂ ਵੱਖ ਵੱਖ ਬ੍ਰਾਂਚਾਂ ਨੂੰ ਕੋਟਾ ਲਗਾਇਆ ਗਿਆ।

ਇਸ ਸਮੇਂ ਜਨਰਲ ਸਕੱਤਰ ਸੁਖਦੇਵ ਸਿੰਘ ਜਾਜਾ ਅਤੇ ਕੈਸ਼ੀਅਰ ਰਾਜੀਵ ਸ਼ਰਮਾ ਨੇ ਕਿਹਾ ਕਿ ਜਲ ਸਪਲਾਈ ਵਿਭਾਗ ਦੇ ਐਚ ਓ ਡੀ ਦਾ ਮੁਲਾਜ਼ਮ ਮੰਗਾਂ ਤੇ ਬਹੁਤ ਅੜੀਅਲ ਵਤੀਰਾ ਹੋਣ ਕਰਕੇ ਇਹ ਰੈਲੀ ਕੀਤੀ ਜਾ ਰਹੀ ਹੈ ਉਨ੍ਹਾਂ ਕਿਹਾ ਕਿ ਪਿਛਲੇ ਲੰਬੇ ਸਮੇ ਤੋ ਮੌਤ ਹੋ ਚੁੱਕੇ ਕਰਮਚਾਰੀਆਂ ਦੇ ਵਾਰਿਸਾਂ ਨੂੰ ਨੌਕਰੀਆਂ ਨਹੀਂ ਦਿੱਤੀਆਂ ਜਾ ਰਹੀਆਂ ਤੇ ਹੋਰ ਜਾਇਜ ਮੰਗਾਂ ਦਾ ਵਿਭਾਗ ਮੁਖੀ ਵੱਲੋਂ ਕੋਈ ਵੀ ਹੱਲ ਨਹੀਂ ਕੀਤਾ ਜਾ ਰਿਹਾ ਜਿਸ ਕਰਕੇ ਸੂਬਾ ਕਮੇਟੀ ਵਲੋਂ 29 ਸੰਤਬਰ ਨੂੰ ਕੀਤੀ ਜਾਣ ਵਾਲੀ ਰੋਸ ਰੈਲੀ ਵਿੱਚ ਜੋਨ ਹੁਸ਼ਿਆਰਪੁਰ ਦੀਆਂ ਸਾਰੀਆਂ ਬ੍ਰਾਂਚਾਂ ਤੋਂ ਵੱਡੀ ਗਿਣਤੀ ਵਿੱਚ ਮੁਲਾਜ਼ਮ ਸ਼ਮੂਲੀਅਤ ਕਰਨਗੇ। ਮੀਟਿੰਗ ਵਿੱਚ ਸੁੱਚਾ ਸਿੰਘ ਸਤਨੌਰ, ਜਗਦੀਸ਼ ਲਾਲ, ਗੁਰਨਾਮ ਚੰਦ ਲਕਸੀਹ, ਰਕੇਸ਼ ਮਹਿਲਾਂਵਾਲੀ, ਬਲਵੰਤ ਸਿੰਘ, ਅਸ਼ੋਕ ਕੁਮਾਰ, ਅਵਤਾਰ ਸਿੰਘ,ਭਾਗ ਮੱਲ, ਰਜੇਸ਼ ਕੁਮਾਰ, ਸ਼ਾਮ ਲਾਲ, ਕੁਲਦੀਪ ਸਿੰਘ, ਰਮੇਸ਼ ਸਿੰਘ, ਪ੍ਰਤੀਮ ਸਿੰਘ, ਮੋਹਨ ਲਾਲ,ਮਿਲਾਪ ਚੰਦ ਹਾਜ਼ਰ ਸਨ।

## ਆਮ ਆਦਮੀ ਪਾਰਟੀ ਵੱਲੋਂ ਕੀਤੇ ਜਾ ਰਹੇ ਕੰਮਾਂ ਤੋਂ ਲੋਕ ਖੁਸ਼ : ਸੰਤੋਸ਼ ਕਟਾਰੀਆ

**ਕਾਠਗੜ੍ਹ ( ਜਤਿੰਦਰਪਾਲ ਸਿੰਘ ਕਲੇਰ )** ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਹੁਤ ਵਧੀਆ ਕੰਮ ਕਰ ਰਹੀ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਨੂੰ ਤਰੱਕੀ ਵੱਲ ਲਿਜਾਣ ਲਈ ਕੀਤੇ ਗਏ ਵਿਦੇਸ਼ ਦੌਰਿਆਂ ਨੇ ਸਾਬਤ ਕਰ ਦਿੱਤਾ ਹੈ ਕਿ ਮੁੱਖ ਮੰਤਰੀ ਪੰਜਾਬ ਪੰਜਾਬੀਅਤ ਪ੍ਰਤੀ ਚਿੰਤਤ ਹਨ ਅਤੇ ਚਾਹੁੰਦੇ ਹਨ ਕਿ ਪੰਜਾਬ ਦੇ ਨੌਜਵਾਨਾਂ ਨੂੰ ਵੱਧ ਤੋਂ ਵੱਧ ਰੁਜ਼ਗਾਰ ਮਿਲੇ। ਉਪਰੋਕਤ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਵਿਧਾਇਕ ਬਲਾਚੌਰ ਸੰਤੋਸ਼ ਕਟਾਰੀਆ ਨੇ ਕੀਤਾ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਨੇ ਉਹ ਕੰਮ 6 ਮਹੀਨਿਆਂ ਵਿੱਚ ਕਰ ਦਿੱਤੇ ਹਨ, ਜੋ ਪਿਛਲੀਆਂ ਸਰਕਾਰਾਂ ਪਿਛਲੇ ਸਾਲਾਂ ਵਿੱਚ ਵੀ ਨਹੀਂ ਕਰ ਸਕੀਆਂ। ਇਸ ਮੌਕੇ ਵਿਧਾਇਕ ਸੰਤੋਸ਼ ਕਟਾਰੀਆ ਨੇ ਕਿਹਾ ਕਿ ਮਾਨ ਸਰਕਾਰ ਨੇ ਆਪਣੇ ਚੋਣ ਵਾਅਦੇ ਅਨੁਸਾਰ 6 ਮਹੀਨਿਆਂ ਵਿੱਚ 20 ਹਜ਼ਾਰ ਨੌਕਰੀਆਂ ਦਿੱਤੀਆਂ ਹਨ ਅਤੇ ਠੇਕਾ ਮੁਲਾਜ਼ਮਾਂ ਨੂੰ ਪੱਕਾ ਕੀਤਾ ਹੈ। ਉਨ੍ਹਾਂ ਦੱਸਿਆ ਕਿ ਇਲਾਕੇ ਦੇ ਕਿਸਾਨਾਂ ਨੂੰ ਝੋਨੇ ਦੀ ਸਿੱਧੀ ਬਿਜਾਈ ਲਈ 1500 ਰੁਪਏ ਦੀ ਸਹਾਇਤਾ ਰਾਸ਼ੀ ਵੀ ਦਿੱਤੀ ਜਾ ਰਹੀ ਹੈ। ਲੋਕਾਂ ਨੂੰ 600 ਯੂਨਿਟ ਮੁਫਤ ਬਿਜਲੀ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਿਹਤ ਦਾ ਪੱਧਰ ਉੱਚਾ ਚੁੱਕਣ ਲਈ 100 ਆਮ ਆਦਮੀ ਕਲੀਨਿਕ ਵੀ ਸਥਾਪਤ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਨੇ ਗੈਂਗਸਟਰ ਵਿਰੋਧੀ ਟਾਸਕ ਫੋਰਸ ਦਾ ਗਠਨ ਕੀਤਾ ਹੈ ਅਤੇ ਸੰਗਠਿਤ ਅਪਰਾਧ ਨਾਲ ਸੰਬੰਧਤ 300 ਤੋਂ ਵੱਧ ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਹੈ। ਜਦੋਂਕਿ ਪੰਜਾਬ ਵਿੱਚ ਨਸ਼ਿਆਂ ਦੀ ਤਸਕਰੀ ਨੂੰ ਰੋਕਣ ਲਈ 4 ਹਜ਼ਾਰ ਤੋਂ ਵੱਧ ਸਮੱਗਲਰਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

## ਕੁਲਥਮ 'ਚ ਤਿੰਨ ਵ੍ਹੀਲ ਚੇਅਰਾਂ ਤੇ ਇੱਕ ਟਰਾਈ ਸਾਈਕਲ ਭੇਟ

**ਬਹਿਰਾਮ (ਅਵਤਾਰ ਕਲੇਰ)** ਕੇ.ਐਲ. ਚੰਦ ਵੈਲਫੇਅਰ ਟਰੱਸਟ ਵੱਲੋਂ ਨੇੜਲੇ ਪਿੰਡ ਕੁਲਥਮ ਵਿੱਚ ਇੱਕ ਹੋਰ ਮੈਗਾ ਪ੍ਰੋਜੈਕਟ ਨੂੰ ਸਫ਼ਲਤਾ ਪੂਰਵਕ ਨੇਪਰੇ ਚਾੜ੍ਹਦਿਆਂ ਇੱਕ ਔਰਤ ਸਮੇਤ ਤਿੰਨ ਲੋੜਵੰਦਾਂ ਨੂੰ ਵੀਲ੍ਹ ਚੇਅਰਾਂ ਅਤੇ ਇੱਕ ਲੋੜਵੰਦ ਵਿਅਕਤੀ ਨੂੰ ਟਰਾਈ ਸਾਈਕਲ ਭੇਟ ਕੀਤੀ ਗਈ। ਇਸ ਤੋਂ ਇਲਾਵਾ ਇੱਕ ਲੋੜਵੰਦ ਮਰੀਜ਼ ਨੂੰ ਚੂਲੇ ਦੀ ਸਰਜਰੀ ਲਈ 51 ਹਜ਼ਾਰ ਰੁਪਏ ਦੀ ਵਿੱਤੀ ਸਹਾਇਤਾ ਵੀ ਭੇਟ ਕੀਤੀ ਗਈ। ਇਸ ਸਮਾਗਮ ਵਿੱਚ ਟਰੱਸਟ ਦੇ ਮੈਂਬਰ ਪਾਲੀ ਸਕਾਟਲੈਂਡ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਕਿਹਾ ਕਿ ਕੇ.ਐਲ. ਚੰਦ ਵੈਲਫੇਅਰ ਟਰੱਸਟ ਅੰਗਹੀਣਾਂ ਦੀ ਸੇਵਾ ਵਿੱਚ ਪੂਰੀ ਤਰ੍ਹਾਂ ਸਮਰਪਿਤ ਹੈ। ਟਰੱਸਟ ਵਲੋਂ ਲੋੜਵੰਦ ਪਰਿਵਾਰਾਂ ਦੇ ਚੱਲਣ-ਫਿਰਨ 'ਚ ਅਸਮਰਥ ਵਿਅਕਤੀਆਂ ਨੂੰ ਵੀਲ੍ਹ ਚੇਅਰਾਂ ਅਤੇ ਟਰਾਈ ਸਾਈਕਲ ਦਿੱਤੇ ਜਾਂਦੇ ਹਨ। ਇਹ ਸਾਰਾ ਕੰਮ ਦੇਸ਼-ਵਿਦੇਸ਼ ਵਿੱਚ ਵੱਸਦੇ ਟਰੱਸਟ ਦੇ ਮੈਂਬਰਾਂ ਅਤੇ ਸਹਿਯੋਗੀਆਂ ਵੱਲੋਂ ਕੀਤਾ ਜਾਂਦਾ ਹੈ। ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਪੀ.ਸੀ.ਆਰ. ਤੋਂ ਸਤਨਾਮ ਸਿੰਘ ਮਾਧੋਪੁਰ, ਬਲੱਡ ਬੈਂਕ ਦੇ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ, ਸਮਾਜ ਸੇਵੀ ਤਾਰਾ ਚੰਦ ਚੁੰਬਰ ਅਤੇ ਜਸਵਿੰਦਰ ਢੱਡਾ ਨੇ ਵੀ ਟਰੱਸਟ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ।

ਟਰੱਸਟ ਦੇ ਸੂਬਾ ਕੋਆਰਡੀਨੇਟਰ ਰਜਿੰਦਰ ਕੁਮਾਰ ਬੰਟੀ ਨੇ ਇਸ ਪ੍ਰੋਜੈਕਟ ਨੂੰ ਸਫਲ ਬਣਾਉਣ ਵਿੱਚ ਸਹਿਯੋਗ ਦੇਣ ਵਾਲਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਟਰੱਸਟ ਦੇ ਸੰਸਥਾਪਕ ਸ਼੍ਰੀ ਕੇ.ਐਲ. ਚਾਂਦ ਦੀ ਪ੍ਰੇਰਨਾ ਅਤੇ ਪ੍ਰਵਾਸੀ ਭਾਰਤੀਆਂ ਦੇ ਸਹਿਯੋਗ ਨਾਲ ਹੁਣ ਤੱਕ ਸੈਂਕੜੇ ਅੰਗਹੀਣਾਂ ਨੂੰ ਟਰਾਈਸਾਈਕਲ ਅਤੇ ਵਹੀਲ ਚੇਅਰ ਭੇਟ ਕੀਤੇ ਜਾ ਚੁੱਕੇ ਹਨ। ਇਸ ਤੋਂ ਇਲਾਵਾ ਲੋੜਵੰਦਾਂ ਦੇ ਬਨਾਵਟੀ ਅੰਗ ਵੀ ਲਗਾਏ ਗਏ ਹਨ। ਮਾਨਸਿਕ ਤੌਰ 'ਤੇ ਕਮਜ਼ੋਰ ਬੱਚਿਆਂ ਦਾ ਵੀ ਟਰੱਸਟ ਵੱਲੋਂ ਇਲਾਜ ਕੀਤਾ ਜਾਂਦਾ ਹੈ। ਸਟੇਜ ਸੰਚਾਲਨ ਠੇਕੇਦਾਰ ਜਸਵਿੰਦਰ ਸਿੰਘ ਅਕਾਲਗੜ੍ਹ ਨੇ ਬਾਖੂਬੀ ਕੀਤਾ। ਇਸ ਮੌਕੇ ਟਰੱਸਟ ਦੇ ਸੀਨੀਅਰ ਮੀਤ ਪ੍ਰਧਾਨ ਸ਼ਿੰਗਾਰਾ ਰਾਮ, ਕੈਸ਼ੀਅਰ ਆਸ਼ਾ ਰਾਣੀ ਚੁੰਬਰ, ਜੱਸੀ ਅਕਾਲਗੜ੍ਹ, ਕੈਲਵਿਨ ਚੁੰਬਰ, ਚੰਦਨ ਚੱਕ ਮੰਡੇਰ, ਆਰੀਅਨ, ਗੁਰਨਾਮ ਪਾਲ ਪ੍ਰਧਾਨ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਾਹਿਬ ਅਕਾਲਗੜ੍ਹ, ਡਾ. ਮੈਂਬਰ ਕੁਲਥਮ, ਜਗਤਾਰ ਰਾਮ, ਸੋਹਣ ਲਾਲ, ਬਿੰਬੋ, ਗੁਰਵਿੰਦਰ ਕੁਮਾਰ, ਰਿਖੀ, ਕੁਲਵਿੰਦਰ ਕੌਰ, ਪ੍ਰਿੰਸ, ਅੰਸ਼ੂ, ਸਾਗਰ, ਖਰੈਤੀ ਲਾਲ, ਪ੍ਰਿਥੀ ਚੰਦ, ਤਰਲੋਕ ਚੰਦ, ਮਨਜੀਤ ਸਿੰਘ, ਕ੍ਰਿਸ਼ਨ, ਸੁਰਿੰਦਰ ਸਿੰਘ ਖਿਡਾਰੀ, ਸਾਬਕਾ ਸਰਪੰਚ ਤਰਸੇਮ ਸਿੰਘ, ਗ੍ਰਾਮ ਪੰਚਾਇਤ ਦੇ ਮੈਂਬਰ ਅਤੇ ਹੋਰ ਪਤਵੰਤੇ ਵੀ ਹਾਜ਼ਰ ਸਨ।

## 'ਏਕ ਭਾਰਤ ਸ੍ਰੇਸ਼ਠ ਭਾਰਤ' ਕਲੱਬ ਵੱਲੋਂ ਐਕਸਟੈਨਸ਼ਨ ਲੈਕਚਰ

**ਫਗਵਾੜਾ (ਡਾ. ਰਮਨ)**— ਪ੍ਰਧਾਨ ਰਾਮਗੜ੍ਹੀਆ ਐਜੂਕੇਸ਼ਨ ਕੌਂਸਲ ਸ੍ਰੀਮਤੀ ਮਨਪ੍ਰੀਤ ਕੌਰ ਭੋਗਲ ਅਤੇ ਪ੍ਰਿੰਸੀਪਲ ਡਾ: ਸੋਨਪ੍ਰੀਤ ਕੌਰ ਦੀ ਅਗਵਾਈ ਵਿੱਚ, ਗੁਰੂ ਨਾਨਕ ਭਾਈ ਲਾਲੋ ਰਾਮਗੜ੍ਹੀਆ ਕਾਲਜ ਫਾਰ ਵੂਮੈਨ, ਫਗਵਾੜਾ ਦੇ ਏਕ ਭਾਰਤ ਸ੍ਰੇਸ਼ਠ ਭਾਰਤ ਕਲੱਬ, ਨੋਡਲ ਅਫਸਰ ਡਾ: ਨੀਲੂ ਸਰਮਾ (ਹਿੰਦੀ ਵਿਭਾਗ ਵਿੱਚ ਸਹਾਇਕ ਪ੍ਰੋ.) ਵੱਲੋਂ ਕਾਲਜ ਦੇ ਆਡੀਟੋਰੀਅਮ ਵਿੱਚ " ਭਾਰਤ ਨੂੰ ਏਕਤਾ ਦੇ ਸੂਤਰ ਵਿਚ ਬੰਨ੍ਹਦੀ ਭਾਸ਼ਾ - ਹਿੰਦੀ" ਵਿਸ਼ੇ 'ਤੇ ਇੱਕ ਪ੍ਰਭਾਵਸ਼ਾਲੀ ਐਕਸਟੈਂਸ਼ਨ ਲੈਕਚਰ ਦਾ ਆਯੋਜਨ ਕੀਤਾ ਗਿਆ। ਮੁੱਖ ਬੁਲਾਰੇ, ਡਾ. ਦੀਪਕ, ਮੁਖੀ, ਪੋਸਟ ਗ੍ਰੈਜੂਏਟ ਹਿੰਦੀ ਵਿਭਾਗ, ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ, ਮਾਹਿਲਪੁਰ ਨੇ ਹਿੰਦੀ ਭਾਸ਼ਾ ਦੀ ਮਹੱਤਤਾ ਬਾਰੇ ਚਾਨਣਾ ਪਾਉਂਦੇ ਹੋਏ ਆਪਣੇ ਲੈਕਚਰ ਵਿੱਚ ਉਹਨਾਂ ਨੇ ਪੂਰੀ ਦੁਨੀਆ ਵਿੱਚ ਹਿੰਦੀ ਭਾਸ਼ਾ ਦੀ ਵਿਆਪਕ ਪ੍ਰਸਿੱਧੀ ਅਤੇ ਸਵੀਕਾਰਤਾ ਬਾਰੇ ਜਾਗਰੂਕ ਕੀਤਾ। ਡਾ. ਦੀਪਕ ਨੇ ਦੱਸਿਆ ਕਿ ਅੱਜ ਲੱਗਭੱਗ 130 ਕਰੋੜ ਗਲੋਬਲ ਆਬਾਦੀ ਨੇ ਆਪਸੀ ਸੰਚਾਰ ਦੇ ਵਜੋਂ ਹਿੰਦੀ ਭਾਸ਼ਾ ਨੂੰ ਅਪਨਾ ਲਿਆ ਹੈ। ਸਮਾਗਮ ਦੇ ਸਾਂ ?ਰਕਤ ਕੀਤੇ ਮਹਿਮਾਨ ਪ੍ਰੋ. ਸਰਲਾ ਭਾਰਦਵਾਜ, ਜੋ ਕਿ ਸੰਸਕ੍ਰਿਤ ਵਿਭਾਗ, ਐਸ.ਡੀ.ਕਾਲਜ, ਜਲੰਧਰ ਤੋਂ ਰਿਟਾਇਰਡ ਸਨ, ਨੇ ਰਾਸ਼ਟਰੀ ਭਾਸ਼ਾ ਹਿੰਦੀ ਦੀ ਸਾਦਗੀ ਅਤੇ ਮਾਸੂਮੀਅਤ 'ਤੇ ਚਾਨਣਾ ਪਾਉਂਦਿਆਂ ਹੋਇਆਂ ਕਿਹਾ ਕਿ ਹਿੰਦੀ ਇੱਕੋ ਇੱਕ ਭਾਸ਼ਾ ਹੈ ਜੋ ਦੇਸ਼ ਦੇ ਕਿਸੇ ਵੀ ਖੇਤਰ ਨਾਲ ਸਬੰਧਤ ਹੋਣ ਦੇ ਬਾਵਜੂਦ ਹਰੇਕ ਨੂੰ ਇੱਕ ਦੂਜੇ ਨਾਲ ਜੋੜਦੀ ਹੈ। ਇਸ ਮੌਕੇ ਗੁੱਡੂ ਬੀ.ਏ. 5ਵੇਂ ਸਮੈਸਟਰ ਦੀ ਵਿਦਿਆਰਥਣ ਨੇ ਸਟੇਜ ਦਾ ਸੰਚਾਲਨ ਬਾਖੂਬੀ ਕੀਤਾ। ਪ੍ਰੋਗਰਾਮ ਰਵਾਇਤੀ ਤੌਰ 'ਤੇ ਰਾਸ਼ਟਰੀ ਗੀਤ ਨਾਲ ਸਮਾਪਤ ਹੋਇਆ।

## ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਟਾਂਡਾ ਵੱਲੋਂ ਕਿਸਾਨ ਸਿਖਲਾਈ ਕੈਂਪ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)**-ਮੁੱਖ ਖੇਤੀਬਾੜੀ ਅਫ਼ਸਰ ਹੁਸ਼ਿਆਰਪੁਰ ਡਾ.ਗੁਰਦੇਵ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਟਾਂਡਾ ਵੱਲੋਂ ਸੀਟੂ ਕਰਾਪ ਰੈਜੀਡਿਊ ਮੈਨੇਜਮੈਂਟ ਸਕੀਮ ਅਧੀਨ ਰਾਣੀ ਪਿੰਡ ਵਿਖੇ ਝੋਨੇ ਦੀ ਪਰਾਲੀ ਦਾ ਖੇਤਾਂ ਵਿੱਚ ਹੀ ਪ੍ਰਬੰਧ ਕਰਨ ਸੰਬੰਧੀ ਕਿਸਾਨ ਸਿਖਲਾਈ ਕੈਂਪ ਲਗਾਇਆ ਗਿਆ। ਇਸ ਕੈਂਪ ਦੌਰਾਨ ਖੇਤੀਬਾੜੀ ਵਿਕਾਸ ਅਫਸਰ ਡਾ. ਲਵਪ੍ਰੀਤ ਸਿੰਘ ਨੇ ਝੋਨੇ ਦੀ ਪਰਾਲੀ ਪ੍ਰਬੰਧਨ ਦੇ ਤਰੀਕੇ ਵਿਚ ਸੁਪਰ ਸੀਡਰ, ਪਲਟਾਵਾ ਹਲ, ਹੈਪੀ ਸੀਡਰ, ਜ਼ੀਰੋ ਟਿਲ ਡਰਿੱਲ ਵਰਗੀਆਂ ਮਸ਼ੀਨਾਂ ਬਾਰੇ ਜਾਣਕਾਰੀ ਦਿੰਦਿਆਂ ਕਿਸਾਨਾਂ ਨੂੰ ਦੱਸਿਆ ਕਿ ਇਨ੍ਹਾਂ ਦੀ ਵਰਤੋਂ ਨਾਲ ਮੌਜੂਦਾ ਝੋਨੇ ਦੇ ਸੀਜ਼ਨ ਦੌਰਾਨ ਪਰਾਲੀ ਨੂੰ ਅੱਗ ਲਾ ਕੇ ਸਾੜਨ ਦੀ ਬਜਾਏ ਖੇਤਾਂ ਵਿੱਚ ਹੀ ਯੋਗ ਪ੍ਰਬੰਧ ਕੀਤਾ ਜਾ ਸਕਦਾ ਹੈ। ਇਸ ਮੌਕੇ ਉਨ੍ਹਾਂ ਹੋਰ ਦੱਸਿਆ ਕਿ ਕਣਕ ਦੀ ਬਿਜਾਈ ਨਵੰਬਰ ਦੇ ਪਹਿਲੇ ਪੰਦਰਵਾੜੇ ਤੱਕ ਕੀਤੀ ਜਾ ਸਕਦੀ ਹੈ। ਅਤੇ ਇਸ ਨਾਲ ਝਾੜ ਵਿੱਚ ਕੋਈ ਫਰਕ ਨਹੀਂ ਪੈਂਦਾ। ਇਸ ਲਈ ਉਨ੍ਹਾਂ ਵੱਲੋਂ ਕਿਸਾਨਾਂ ਨੂੰ ਹਦਾਇਤ ਕੀਤੀ ਕਿ ਕਣਕ ਦੀ ਅਗੇਤੀ ਬਿਜਾਈ ਤੋਂ ਗੁਰੇਜ਼ ਕਰਨ ਅਤੇ ਵੱਧ ਦੇ ਸਮੇਂ ਵਿੱਚ ਕਿਸਾਨ ਵੀਰ ਪਰਾਲੀ ਨੂੰ ਅੱਗ ਲਾਉਣ ਨਾ ਲਾ ਕੇ ਉੱਦਮ ਕਰਕੇ ਪਰਾਲੀ ਨੂੰ ਆਧੁਨਿਕ ਤਰੀਕਿਆਂ ਨਾਲ ਸੰਭਾਲ ਕਰਨ। ਇਸ ਮੌਕੇ ਡਾ. ਲਵਪ੍ਰੀਤ ਨੇ ਪਿੰਡ ਦੀ ਗ੍ਰਾਮ ਪੰਚਾਇਤ ਵੱਲੋਂ ਇਸ ਸਾਲ ਇਨ ਸੀਟੂ ਸਕੀਮ ਅਧੀਨ 2 ਸੁਪਰ ਸੀਡਰ ਅਤੇ ਇਕ ਪਲਟਾਵੇਂ ਸਬਸਿਡੀ ਤੇ ਲੈਣ ਤੇ ਵਧਾਈ ਦਿੱਤੀ ਅਤੇ ਇਨ੍ਹਾਂ ਮਸ਼ੀਨਾਂ ਦੀ ਵੱਧ ਤੋਂ ਵੱਧ ਵਰਤੋਂ ਕਰਕੇ ਪਰਾਲੀ ਪ੍ਰਬੰਧਨ 'ਚ ਪਿੰਡ ਦਾ ਪੂਰਾ ਸਹਿਯੋਗ ਦੇਵੇ। ਇਸ ਮੌਕੇ ਖੇਤੀਬਾੜੀ ਮਾਹਰਾਂ ਨੇ ਦੱਸਿਆ ਕਿ ਗੂਗਲ ਪਲੇਅ ਸਟੋਰ ਤੋਂ ਮੌਜੂਦਾ ਇਕ ਖੇਤ ਐਪ ਦੀ ਵਰਤੋਂ ਕਰਕੇ ਹੈਪੀਸੀਡਰ, ਸੁਪਰਸੀਡਰ, ਪਲਟਾਵਾਂ ਹੱਲ, ਮਲਚਰ ਜਾਂ ਕੋਈ ਹੋਰ ਮਸ਼ੀਨ ਜਿਸ ਨਾਲ ਅਸੀਂ ਪਰਾਲੀ ਨੂੰ ਸਾਂਭ ਸਕੀਏ ਆਨਲਾਈਨ ਬੁੱਕ ਕਰ ਸਕਦੇ ਹਨ। ਇਸ ਮੌਕੇ ਖੇਤੀਬਾੜੀ ਉਪ ਨਿਰੀਖਕ ਸੁਖਵਿੰਦਰ ਸਿੰਘ,ਹਰਪ੍ਰੀਤ ਸਿੰਘ, ਖੁਸ਼ਦੀਪ ਸਿੰਘ, ਲੱਕੀ ਬਾਜਵਾ,ਨੰਬਰਦਾਰ ਗੁਰਮੰਤਰ ਸਿੰਘ, ਗੁਰਨੇਕ ਸਿੰਘ,ਪ੍ਰਭਜੀਤ ਸਿੰਘ, ਨਿਰੰਜਨ ਸਿੰਘ,ਦਲਜੀਤ ਸਿੰਘ ਤੇ ਹੋਰ ਕਿਸਾਨ ਵੀ ਹਾਜ਼ਰ ਮੌਜੂਦ ਸਨ।

## ਕਿਸਾਨਾਂ ਦੀ ਖਰਾਬ ਹੋਈ ਫਸਲ ਦਾ ਭਾਕਿਯੂ ਪੰਜਾਬ 'ਖੋਸਾ' ਦੀ ਟੀਮ ਵੱਲੋਂ ਜਾਇਜ਼ਾ



**ਸ੍ਰੀ ਚਮਕੌਰ ਸਾਹਿਬ, (ਕੁਲਵਿੰਦਰ ਕਾਲਾ)** ਬਲਾਕ ਸ੍ਰੀ ਚਮਕੌਰ ਸਾਹਿਬ ਦੇ ਪ੍ਰਧਾਨ ਪ੍ਰਗਟ ਸਿੰਘ ਬਰਸਾਲਪੁਰ ਦੀ ਅਗਵਾਈ ਵਿਚ ਭਾਰਤੀ ਕਿਸਾਨ ਯੂਨੀਅਨ ਪੰਜਾਬ 'ਖੋਸਾ' ਜਿਲ੍ਹਾ ਰੋਪੜ ਦੀ ਟੀਮ ਵਲੋ ਪਿੰਡ ਤਾਲਾਪੁਰ, ਗਧਰਾਮ ਖੁਰਦ, ਭੱਕੂਮਾਜਰਾ, ਗਧਰਾਮ ਕਲਾਂ, ਗੱਗੋਂ, ਛੋਟਾ ਸੁਰਤਾਪੁਰ ਆਦਿ ਪਿੰਡਾਂ ਦੇ ਕਿਸਾਨਾਂ ਦੀ ਖਰਾਬ ਹੋਈ ਫਸਲ ਦੇ ਖਰਾਬੇ ਦਾ ਜਾਇਜਾ ਲਿਆ ਗਿਆ। ਇਸ ਮੌਕੇ ਬਲਾਕ ਪ੍ਰਧਾਨ ਨੇ ਦੱਸਿਆ ਕਿ ਅਸੀ ਕਿਸਾਨਾਂ ਦੀ ਫਸਲ ਦੇ ਖਰਾਬੇ ਸਬੰਧੀ ਡਿਪਟੀ ਕਮਿਸ਼ਨਰ ਰੂਪਨਗਰ ਨੂੰ 12 ਤਰੀਕ ਨੂੰ ਮੰਗ ਪੱਤਰ ਵੀ ਸੌਂਪਿਆ ਸੀ ਅਤੇ ਉਸ ਤੋਂ ਬਾਅਦ 19 ਤਰੀਕ ਨੂੰ ਦਫਤਰ ਦੇ ਬਾਹਰ ਧਰਨਾ ਵੀ ਲਗਾਇਆ ਗਿਆ ਸੀ, ਮੌਕੇ ਤੇ ਐੱਸ. ਡੀ. ਐੱਮ ਵਲੋਂ 23 ਤਰੀਕ ਤੱਕ ਗਿਰਦਾਵਰੀ ਕਰਵਾਉਣ ਦਾ ਭਰੋਸਾ ਦਿੱਤਾ ਗਿਆ ਸੀ, ਪਰ ਪ੍ਰਸਾਸਨ ਵੱਲੋਂ ਇਸ ਸਬੰਧੀ ਅੱਜ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ।

ਜਥੇਬੰਦੀ ਦੇ ਆਗੂਆਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਕਿਸਾਨਾਂ ਦੇ ਹੋਏ ਖਰਾਬੇ ਦੀ ਗਿਰਦਾਵਰੀ ਕਰਵਾ ਕੇ ਫਸਲ ਦਾ ਬਣਦਾ ਮੁਆਵਜਾ ਦਿੱਤਾ ਜਾਵੇ, ਜੇਕਰ ਇੰਝ ਨਾਂ ਹੋਇਆ ਤਾਂ 23 ਤਰੀਕ ਨੂੰ 12 ਵਜੇਂ ਦੇ ਕਰੀਬ ਪੁਲਿਸ ਲਾਈਨ ਰੋਪੜ ਚੌਂਕ ਨਜਦੀਕ ਹਾਈਵੇ ਰੋਡ ਜਾਮ ਕੀਤਾ ਜਾਵੇਗਾ, ਇਸ ਮੌਕੇ ਜਥੇਬੰਦੀ ਵਲੋਂ ਭੁਪਿੰਦਰ ਸਿੰਘ ਡੇਕਵਾਲਾ, ਜੁਝਾਰ ਸਿੰਘ ਗਧਰਾਮ ਕਲਾਂ, ਜਸਪ੍ਰੀਤ ਸਿੰਘ, ਪਵਨਪ੍ਰੀਤ ਸਿੰਘ, ਹਰਚੰਦ ਸਿੰਘ ਤਾਲਾਪੁਰ, ਜਸਵਿੰਦਰ ਸਿੰਘ, ਮਨਦੀਪ ਸਿੰਘ, ਗੁਰਸਿਮਰਨ ਸਿੰਘ, ਅਮਨਪ੍ਰੀਤ ਸਿੰਘ ਬਰਸਾਲਪੁਰ, ਸੁਖਵਿੰਦਰ ਸਿੰਘ ਮਨਿੰਦਰ ਸਿੰਘ ਗੱਗੋਂ ਅਤੇ ਗਗਨਦੀਪ ਸਿੰਘ ਆਦਿ ਹਾਜਰ ਸਨ।

## ਡਾ. ਪ੍ਰੀਤ ਮਹਿੰਦਰ ਸਿੰਘ ਨੇ ਸਿਵਲ ਸਰਜਨ ਦਾ ਅਹੁਦਾ ਸੰਭਾਲਿਆ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** ਪੰਜਾਬ ਸਰਕਾਰ ਵੱਲੋਂ ਜਾਰੀ ਆਦੇਸ਼ਾ ਮੁਤਾਬਕ ਡਾ ਪ੍ਰੀਤ ਮਹਿੰਦਰ ਸਿੰਘ ਸੀਨੀਅਰ ਮੈਡੀਕਲ ਅਫਸਰ ਇ. ਪੀ. ਐਚ. ਸੀ. ਟਾਂਡਾ ਤੋਂ ਪਦ ਉਨੱਤ ਹੋ ਕੇ ਬਤੌਰ ਸਿਵਲ ਸਿਵਲ ਸਰਜਨ ਹੁਸ਼ਿਆਰਪੁਰ ਦਾ ਅਹੁੱਦਾ ਸੰਭਾਲ ਲਿਆ। ਅਹੁੱਦਾ ਸੰਭਾਲਣ ਮੌਕੇ ਸਹਾਇਕ ਸਿਵਲ ਸਰਜਨ ਡਾ ਪਵਨ ਕੁਮਾਰ, ਡੀ.ਐਮ.ਸੀ. ਡਾ ਹਰਬੰਸ ਕੌਰ, ਜਿਲ੍ਹਾ ਪਰਵਾਰ ਭਲਾਈ ਅਫਸਰ ਡਾ ਸੁਨੀਲ ਅਹੀਰ, ਜਿਲ੍ਹਾ ਟੀਕਾਕਰਨ ਅਫਸਰ ਡਾ ਸੀਮਾ ਗਰਗ, ਸੀਨੀਅਰ ਮੈਡੀਕਲ ਅਫਸਰ ਡਾ ਸਵਾਤੀ ਤੇ ਐਸ ਐਮ ਓ ਡਾ. ਸੁਨੀਲ ਭਗਤ, ਅਤੇ ਦਫਤਰ ਸਿਵਲ ਸਰਜਨ ਦੇ ਸਮੂਹ ਸਟਾਫ ਨੇ ਜੀ ਆਇਆ ਆਖਦਿਆ ਉਹਨਾਂ ਦਾ ਨਿੱਘਾ ਸਵਾਗਤ ਕੀਤਾ। ਇਸ ਮੌਕੇ ਸਮੂਹ ਅਧਿਕਾਰੀਆਂ ਅਤੇ ਕਰਮਚਾਰੀਆ ਨੂੰ ਸੰਬੋਧਨ ਕਰਦੇ ਹੋਏ, ਸਿਵਲ ਸਰਜਨ ਨੇ ਕਿਹਾ ਕਿ ਉਹ ਆਪਣੀ ਡਿਊਟੀ ਦੌਰਾਨ ਸਮੇਂ ਦੀ ਪਾਬੰਦੀ ਨੂੰ ਯਕੀਨੀ ਬਨਾਉਣ, ਮਰੀਜਾਂ ਨਾਲ ਸਹਿਰਦਤਾ ਨਾਲ ਪੇਸ਼ ਆਉਣ ਅਤੇ ਮਰੀਜਾ ਪ੍ਰਤੀ ਪਿਆਰ ਭਰਿਆ ਵਤੀਰਾ ਰੱਖਣ ਬਾਰੇ ਕਿਹਾ।

## ਸੇਵਾਮੁਕਤ ਫੌਜੀ ਅਫਸਰਾਂ ਨੇ ਸਰਕਾਰ ਵਿਰੁੱਧ ਕੀਤਾ ਰੋਸ ਪ੍ਰਦਰਸ਼ਨ ਤੇ ਅਰਥੀ ਫੂਕ ਮੁਜਾਹਰਾ

**ਰੋਪੜ (ਬਿੰਦਰਾ )** ਜੀ. ਓ .ਜੀ . ਮਹਿਕਮੇ ਦੇ ਸੇਵਾਮੁਕਤ ਫੌਜੀ ਅਫਸਰਾਂ ਨੇ ਭਗਵੰਤ ਮਾਨ ਸਰਕਾਰ ਵਿਰੁੱਧ ਰੋਸ ਪ੍ਰਦਰਸ਼ਨ ਅਤੇ ਅਰਥੀ ਫੂਕ ਮੁਜਾਹਰਾ ਕੀਤਾ। ਪਹਿਲਾਂ ਰਣਜੀਤ ਸਿੰਘ ਬਾਗ ਵਿੱਚ ਵਡੀ ਗਿਣਤੀ ਵਿੱਚ ਜੀ ਓ ਜੀ ਅਧਿਕਾਰੀ ਅਤੇ ਹੋਰ ਇਲਾਕਾ ਨਿਵਾਸੀ ਇਕੱਠੇ ਹੋਏ । ਇਕੱਠ ਨੂੰ ਲੋਕ ਸਭਾ ਮੈਂਬਰ ਮਨੀਸ਼ ਤਿਵਾੜੀ ਨੇ ਸੰਬੋਧਨ ਕਰਦਿਆਂ ਆਖਿਆ ਕਿ ਕਿਸੇ ਵੀ ਮਹਿਕਮੇ ਨੂੰ ਬਿਨਾਂ ਕਿਸੇ ਨੋਟਿਸ ਦਿੱਤਿਆਂ ਇਸ ਤਰ੍ਹਾਂ ਭੰਗ ਕਰਨਾ ਗੈਰ ਕਾਨੂੰਨੀ ਤੇ ਗੈਰ ਸੰਵਿਧਾਨਕ ਹੈ ਇਸ ਲਈ ਉਹ ਇਹ ਮਸਲਾ ਪਾਰਲੀਮੈਂਟ ਵਿੱਚ ਵੀ ਚੁੱਕਣਗੇ। ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਨਹੀਂ ਚਾਹੁੰਦੀ ਕਿ ਲੋਕੀਂ ਪੈਨਸ਼ਨ ਵਰਗੀਆਂ ਸਹੂਲਤਾਂ ਦਾ ਲਾਭ ਲੈਣ। ਇਸ ਲਈ ਉਸ ਨੇ ਇਸ ਮਹਿਕਮੇ ਨੂੰ ਖਤਮ ਕਰ ਦਿੱਤਾ ਹੈ ਜੋ ਨਿੰਦਣਯੋਗ ਕਾਰਾ ਹੈ। ਪ੍ਰੋਫੈਸਰ ਮਨਜੀਤ ਸਿੰਘ ਨੇ ਆਖਿਆ ਕਿ ਸਾਬਕਾ ਫੌਜੀ ਬਹੁਤ ਵਧੀਆ ਤਰੀਕੇ ਨਾਲ ਸੇਵਾਵਾਂ ਨਿਭਾਅ ਰਹੇ ਸਨ ਅਤੇ ਜੀ ਓ ਜੀ ਵਿਭਾਗ ਬਹੁਤ ਵੱਡਾ ਸਹਾਰਾ ਸੀ ਅਤੇ ਇਸ ਵਿਭਾਗ ਨੂੰ ਖਤਮ ਕਰਕੇ ਗਰੀਬ ਲੋਕਾਂ ਦੀ ਪਿੱਠ ਵਿੱਚ ਛੁਰਾ ਮਾਰਿਆ ਹੈ। ਇਸ ਤੋਂ ਬਾਅਦ ਮੋਟਰਸਾਈਕਲ ਮਾਰਚ ਕੀਤਾ ਗਿਆ,ਜੋ ਰਣਜੀਤ ਸਿੰਘ ਬਾਗ ਤੋਂ ਸ਼ੁਰੂ ਹੋਇਆ ਅਤੇ ਬੇਲਾ ਚੌਕ ਅਤੇ ਰੋਪੜ ਬਾਜ਼ਾਰ ਤੋਂ ਹੁੰਦਾ ਡਿਪਟੀ ਕਮਿਸ਼ਨਰ ਦਫਤਰ ਆਇਆ ਤੇ ਅਰਥੀ ਫੂਕ ਕੇ ਪ੍ਰਦਰਸ਼ਨ ਕਰ ਕੇ ਸਮਾਪਤ ਹੋਇਆ।

## ਡਾ. ਸ਼ਿਵਾਧਾਰ ਚੌਬੇ ਦੇ ਦਿਹਾਂਤ 'ਤੇ ਡੂੰਘਾ ਦੁੱਖ ਪ੍ਰਗਟ

ਹੁਸ਼ਿਆਰਪੁਰ, 23 ਸਤੰਬਰ: (ਨ ਜ਼ ਸ ) ਦਿ ਵਰਕਿੰਗ ਰਿਪੋਰਟਰਜ ਐਸੋਸ਼ੀਏਸ਼ਨ (ਰਜਿ.) ਪੰਜਾਬ, ਇੰਡੀਆ ਵਲੋਂ ਸਹਾਇਕ ਲੋਕ ਸੰਪਰਕ ਅਫ਼ਸਰ ਹੁਸ਼ਿਆਰਪੁਰ ਲੋਕੇਸ਼ ਕੁਮਾਰ ਚੌਬੇ ਦੇ ਪਿਤਾ ਡਾ. ਸ਼ਿਵਾਧਾਰ ਚੌਬੇ ਦੇ ਅਚਨਚੇਤ ਦਿਹਾਂਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ। ਐਸੋਸ਼ੀਏਸ਼ਨ ਦੇ ਜਨਰਲ ਸਕੱਤਰ ਵਿਨੋਦ ਕੌਸ਼ਲ,ਚੇਅਰਮੈਨ ਇੰਡੀਆ ਤਰਸੇਮ ਦੀਵਾਨਾ, ਚੇਅਰਮੈਨ ਜਸਵਿੰਦਰ ਸਿੰਘ ਆਜ਼ਾਦ, ਵਾਇਸ ਚੇਅਰਮੈਨ ਗੁਰਬਿੰਦਰ ਸਿੰਘ ਪਲਾਹਾ, ਬਲਵੀਰ ਸਿੰਘ ਸੈਣੀ ਪ੍ਰਧਾਨ ਪੰਜਾਬ, ਸੁਨੀਲ ਲਾਖਾ ਉਪ ਪ੍ਰਧਾਨ ਪੰਜਾਬ, ਵਿਕਾਸ ਸੂਦ ਜ਼ਿਲ੍ਹਾ ਪ੍ਰਧਾਨ, ਓ ਪੀ ਰਾਣਾ ਜਨਰਲ ਸਕੱਤਰ ਨੇ ਸਹਾਇਕ ਲੋਕ ਸੰਪਰਕ ਅਫਸਰ ਲੋਕੇਸ਼ ਚੌਬੇ ਅਤੇ ਸਮੂੰਹ ਚੌਬੇ ਪਰਵਾਰ,ਰਿਸ਼ਤੇਦਾਰਾਂ ਤੇ ਸਨੇਹੀਆਂ ਨਾਲ ਦੁੱਖ ਸਾਂਝਾ ਕਰਦਿਆਂ ਪਰਮਾਤਮਾ ਅੱਗੇ ਵਿਛੜੀ ਰੂਹ ਦੀ ਆਤਮਿਕ ਸ਼ਾਂਤੀ ਅਤੇ ਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ ਦੀ ਅਰਦਾਸ ਕੀਤੀ। ਉਨ੍ਹਾਂ ਕਿਹਾ ਕਿ ਡਾ. ਸ਼ਿਵਾਧਾਰ ਚੌਬੇ ਦੇ ਸਦੀਵੀ ਵਿਛੋੜੇ ਕਾਰਨ ਸਮਾਜ ਅਤੇ ਪਰਵਾਰ ਨੂੰ ਇਕ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

## ਖ਼ਾਲਸਾ ਕਾਲਜ ਗੜ੍ਹਸ਼ੰਕਰ ਦੀ ਫੁੱਟਬਾਲ ਟੀਮ ਜ਼ਿਲ੍ਹੇ 'ਚੋਂ ਅੱਵਲ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)** ਪੰਜਾਬ ਸਰਕਾਰ ਵੱਲੋਂ ਕਰਵਾਈਆਂ ਜਾ ਰਹੀਆਂ ਖੇਡਾਂ ਵਤਨ ਪੰਜਾਬ ਦੀਆਂ ਵਿਚ ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਦੀ ਫੁੱਟਬਾਲ ਟੀਮ ਨੇ 21 ਤੋਂ 40 ਸਾਲ ਉਮਰ ਵਰਗ 'ਚ ਪਹਿਲਾ ਸਥਾਨ ਹਾਸਲ ਕਰਕੇ ਕਾਲਜ ਦਾ ਨਾਂਅ ਰੌਸ਼ਨ ਕੀਤਾ ਹੈ। ਪ੍ਰਿੰਸੀਪਲ ਡਾ. ਬਲਜੀਤ ਸਿੰਘ ਨੇ ਦੱਸਿਆ ਕਿ ਕਾਲਜ ਦੀ ਫੁੱਟਬਾਲ ਟੀਮ ਨੇ ਕੋਚ ਹਰਦੀਪ ਸਿੰਘ ਗਿੱਲ ਦੀ ਨਿਗਰਾਨੀ ਹੇਠ 21 ਤੋਂ 40 ਸਾਲ ਉਮਰ 'ਚ ਵਰਗ 'ਚ ਹਿੱਸਾ ਲੈਂਦੇ ਹੋਏ ਕੁੱਲ 8 ਟੀਮਾਂ ਵਿਚੋਂ ਮੋਹਰੀ ਰਹਿਕੇ ਜ਼ਿਲ੍ਹੇ ਚੋਂ ਪਹਿਲਾ ਸਥਾਨ ਹਾਸਿਲ ਕੀਤਾ ਹੈ। ਪ੍ਰਿੰਸੀਪਲ ਡਾ. ਬਲਜੀਤ ਸਿੰਘ ਨੇ ਇਸ ਪ੍ਰਾਪਤੀ ਲਈ ਕੋਚ ਹਰਦੀਪ ਸਿੰਘ ਗਿੱਲ ਤੇ ਟੀਮ ਦੇ ਖਿਡਾਰੀਆਂ ਨੂੰ ਮੁਬਾਰਕਬਾਦ ਦਿੰਦੇ ਹੋਏ ਭਵਿੱਖ ਵਿਚ ਹੋਰ ਮੱਲਾਂ ਮਾਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਡਾ. ਜਸਬੀਰ ਸਿੰਘ ਗਿੱਲ ਪ੍ਰਿੰਸੀਪਲ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਸਰਹਾਲੀ, ਡਾ. ਅਰਜਿੰਦਰ ਸਿੰਘ ਕਲੇਰ ਪ੍ਰਿੰਸੀਪਲ ਗੰਰਮਿਟ ਸਕੂਲ ਚਾਟੀਵਿੰਡ ਲੇਹਲ ਅੰਮ੍ਰਿਤਸਰ ਤੇ ਕਾਲਜ ਸਪੋਰਟਸ ਕਮੇਟੀ ਦੇ ਮੈਂਬਰ ਹਾਜ਼ਰ ਹੋਏ।

## ਮਨਿਸਟੀਰੀਅਲ ਮੁਲਾਜ਼ਮਾਂ ਵੱਲੋਂ ਰੋਸ ਰੈਲੀਆਂ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** ਪੰਜਾਬ ਸਟੇਟ ਮਨਿਸਟੀਰੀਅਲ ਸਰਵਿਸਜ਼ ਯੂਨੀਅਨ ਦੀ ਮੁਲਾਜਮ ਹੱਕੀ ਮੰਗਾਂ ਪ੍ਰਤੀ ਸੰਘਰਸ਼ ਕਰ ਰਹੇ ਹਨ। ਜਿਸ ਦੀ ਕੜੀ ਵਜੋਂ ਤੀਸਰੇ ਦਿਨ ਪੰਜਾਬ ਭਰ ਦੇ ਦਫਤਰਾਂ ਦੇ ਬਾਹਰ ਗੇਟ ਰੈਲੀਆਂ ਕੀਤੀਆਂ ਗਈਆਂ। ਜ਼ਿਲ੍ਹੇ ਵਿਚ ਵੱਖ ਵੱਖ ਦਫ਼ਤਰਾਂ ਦੇ ਬਾਹਰ ਗੇਟ ਰੈਲੀਆਂ ਕੀਤੀਆਂ ਗਈਆਂ। ਇਰੀਗੇਸ਼ਨ ਵਿਭਾਗ ਵਿਚ ਇਹ ਰੈਲੀ ਜਲ ਨਿਕਾਸ ਦਫਤਰ ਅਤੇ ਢੋਲਬਾਹਾ ਡੈਮ ਸਰਕਲ ਦੇ ਬਾਹਰ ਜਸਬੀਰ ਸਿੰਘ ਧਾਮੀ ਜ਼ਿਲ੍ਹਾ ਜਨਰਲ ਸਕੱਤਰ ਦੀ ਅਗਵਾਈ ਵਿੱਚ ਕੀਤੀ ਗਈ। ਦੂਸਰੀ ਰੈਲੀ ਡੀਸੀ ਦਫ਼ਤਰ ਦੇ ਮੁਲਾਜਮਾਂ ਵੱਲੋਂ ਸ੍ਰੀ ਬਿਕਰਮ ਆਦੀਆ ਦੀ ਅਗਵਾਈ ਵਿਚ ਕੀਤੀ ਗਈ। ਜਿਸ ਵਿੱਚ ਸੁਪਰਡੈਂਟ ਬਲਕਾਰ ਸਿੰਘ, ਦੀਪਕ ਤਰੇਹਨ ਸੂਬਾ ਮੀਤ ਪ੍ਰਧਾਨ, ਡੀਸੀ ਦਫਤਰ ਐਸੋਸੀਏਸ਼ਨ ਵੱਲੋਂ ਸਰਕਾਰ ਦੀਆਂ ਮੁਲਾਜਮ ਮਾਰੂ ਨੀਤੀਆਂ ਦੀ ਨਿਖੇਧੀ ਕੀਤੀ ਗਈ।

ਇਹ ਜਾਣਕਾਰੀ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਅਨੀਰੁੱਧ ਮੌਦਗਿੱਲ ਵੱਲੋਂ ਪ੍ਰੈੱਸ ਬਿਆਨ ਰਾਹੀਂ ਦਿੱਤੀ ਗਈ। ਉਨ੍ਹਾਂ ਵੱਲੋਂ ਕਿਹਾ ਗਿਆ ਕਿ ਇਹ ਕਰਮਚਾਰੀ ਆਪਣੀਆਂ ਹੱਕੀ ਮੰਗਾਂ ਜਿਸ ਵਿਚ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਕਰਨਾ, ਰਹਿੰਦੀਆਂ ਡੀ ਏ ਦੀਆਂ ਕਿਸ਼ਤਾਂ ਜਾਰੀ ਕਰਨਾ, ਪੇਅ ਕਮਿਸ਼ਨ ਦਾ ਬਕਾਇਆ ਜਾਰੀ ਕਰਨਾ, ਸੈਂਟਰ ਪੈਟਰਨ ਤੇ ਕੀਤੀ ਭਰਤੀ ਬੰਦ ਕਰਨਾ, ਪ੍ਰੋਬੇਸ਼ਨ ਪੀਰੀਅਡ ਦਾ ਸਮਾਂ ਤਿੰਨ ਸਾਲ ਤੋਂ ਘਟਾ ਕੇ ਇੱਕ ਸਾਲ ਕਰਨਾ, ਵਿਕਾਸ ਟੈਕਸ ਬੰਦ ਕਰਨਾ, ਟਾਈਪ ਟੈਸਟ ਦੀ ਥਾਂ ਕੰਪਿਊਟਰ ਟ੍ਰੇਨਿੰਗ ਲਾਗੂ ਕਰਨਾ, ਸਿੱਖਿਆ ਵਿਭਾਗ ਵਿੱਚ ਇਕ ਕਲਾਰਕ ਨੂੰ ਦੂਰ ਦੁਰਾਡੇ ਦਿੱਤੇ ਦੋ ਜਾਂ ਇਸ ਤੋਂ ਵੱਧ ਸਟੇਸ਼ਨਾਂ ਦਾ ਚਾਰਜ ਲੈ ਕੇ ਘਰ ਦੇ ਨੇੜੇ ਇਕ ਸਟੇਸ਼ਨ ਤੇ ਕਰਨਾ ਆਦਿ ਸ਼ਾਮਲ ਹਨ।

## ਛਿੰਝ ਮੇਲਾ 27 -28 ਨੂੰ

**ਨੂਰਮਹਿਲ ( ਬਾਲ ਕਿਸ਼ਨ ਬਾਲੀ)** ਸ਼ਹੀਦ-ਏ - ਆਜ਼ਮ ਸ.ਭਗਤ ਸਿੰਘ ਛਿੰਝ ਕਮੇਟੀ ( ਰਜਿ ) ਵੱਲੋਂ ਪਿੰਡ ਅਤੇ ਇਲਾਕੇ ਦੀ ਸੁੱਖ ਸ਼ਾਂਤੀ ਵਾਸਤੇ ਲੱਖਾਂ ਦੇ ਦਾਤੇ ਦਾ ਕਿਸਾਨੀ ਅੰਦੋਲਨ ਨੂੰ ਸਮਰਪਿਤ 15ਵਾਂ ਸਲਾਨਾ ਛਿੰਝ ਮੇਲਾ ਭਗਤ ਰੱਖਾ ਸਿੰਘ ਉੱਪਲ ਮੈਮੋਰੀਅਲ ਸਟੇਡੀਅਮ ਪਿੰਡ ਉੱਪਲ ਖਾਲਸਾ ਵਿਖੇ 27-28 ਸਤੰਬਰ ਦਿਨ ਮੰਗਲਵਾਰ - ਬੁੱਧਵਾਰ ਨੂੰ ਇਹ ਮੇਲਾ ਐਨ.ਆਰ.ਆਈ ਭਰਾਵਾਂ , ਗ੍ਰਾਮ ਪੰਚਾਇਤ ਅਤੇ ਸਮੂਹ ਨਗਰ ਨਿਵਾਸੀਆਂ ਦੇ ਵਿਸ਼ੇਸ਼ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਇਸ ਛਿੰਝ ਮੇਲੇ 'ਤੇ ਬੀਬੀ ਇੰਦਰਜੀਤ ਕੌਰ ਮਾਨ ਆਪ ਵਿਧਾਇਕਾਂ ਹਲਕਾ ਨਕੋਦਰ , ਜੱਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ ਸਾਬਕਾ ਐੱਮ.ਐੱਲ.ਏ ਨਕੋਦਰ ਤੇ ਡਾ.ਨਵਜੋਤ ਸਿੰਘ ਦਾਹੀਆ ਵਿਸ਼ੇਸ਼ ਮੁੱਖ ਮਹਿਮਾਨ ਹੋਣਗੇ। ਇਸ ਮੇਲੇ ਪਹੁੰਚ ਰਹੀ ਦੋਗਾਣਾ ਜੋੜੀ ਗੁਰਵਿੰਦਰ ਬਰਾੜ ਤੇ ਬੀਬਾ ਸੁਖਰੀਤ ਕੌਰ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕਰਨਗੇ। ਇਸ ਛਿੰਝ ਮੇਲੇ ਤੇ ਰੁਸਤਮੇ ਪਹਿਲਵਾਨ ਆਪਣੀ ਕੁਸ਼ਤੀ ਦੇ ਜੌਹਰ ਦਿਖਾਉਣਗੇ। ਇਸ ਛਿੰਝ ਮੇਲੇ ਦੀ ਜਾਣਕਾਰੀ ਲਖਵੀਰ ਸਿੰਘ ਉੱਪਲ ਉਰਫ ਸ਼ੀਰ ਸੀਨੀਅਰ ਆਪ ਆਗੂ ਨੇ ਦਿੱਤੀ।

## ਨਿਕਸ਼ੇ ਮਿੱਤਰਾ' ਪ੍ਰੋਗਰਾਮ ਤਹਿਤ ਮਰੀਜ਼ਾਂ ਨੂੰ ਛੇ ਮਹੀਨੇ ਲਈ ਦਿੱਤਾ ਜਾਵੇਗਾ ਖਾਣ-ਪੀਣ ਦਾ ਸਮਾਨ : ਡਾ. ਆਦਰਸ਼ਪਾਲ ਕੌਰ

**ਮੋਹਾਲੀ, ( ਗੁਰਜੀਤ ਬਿੱਲਾ )**: ਹੁਣ ਕੋਈ ਵੀ ਵਿਅਕਤੀ ਜਾਂ ਅਦਾਰਾ ਤਪਦਿਕ ਦੇ ਮਰੀਜ਼ਾਂ ਨੂੰ ਅਪਣਾ ਕੇ ਉਨ੍ਹਾਂ ਦੀਆਂ ਖ਼ੁਰਾਕੀ ਲੋੜਾਂ ਤੇ ਹੋਰ ਤਰੀਕਿਆਂ ਨਾਲ ਮਦਦ ਕਰ ਸਕਦਾ ਹੈ। ਇਹ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਡਾ. ਆਦਰਸ਼ਪਾਲ ਕੌਰ ਅਤੇ ਜ਼ਿਲ੍ਹਾ ਟੀ.ਬੀ. ਅਧਿਕਾਰੀ ਡਾ. ਨਵਦੀਪ ਸਿੰਘ ਨੇ ਦਸਿਆ ਕਿ ਭਾਰਤ ਸਰਕਾਰ ਵਲੋਂ ਹਾਲ ਹੀ ਵਿਚ 'ਨਿਕਸ਼ੇ ਮਿੱਤਰਾ' ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ ਜਿਸ ਦਾ ਮਕਸਦ ਭਾਰਤ ਨੂੰ 2025 ਤਕ ਟੀ.ਬੀ. ਮੁਕਤ ਬਣਾਉਣ 'ਚ ਸਿਵਲ ਸੁਸਾਇਟੀ ਦੀ ਮਦਦ ਲੈਣਾ ਹੈ। ਉਨ੍ਹਾਂ ਕਿਹਾ ਕਿ ਭਾਵੇਂ ਸਰਕਾਰ ਅਪਣੇ ਵਲੋਂ ਵੱਡੇ ਯਤਨ ਕਰ ਰਹੀ ਹੈ ਪਰ ਇਸ ਪ੍ਰੋਗਰਾਮ ਦਾ ਮਕਸਦ ਟੀ.ਬੀ. ਮੁਕਤ ਮੁਹਿੰਮ ਨੂੰ ਲੋਕ ਲਹਿਰ ਬਣਾਉਣਾ ਹੈ। ਇਸ ਪ੍ਰੋਗਰਾਮ ਬਾਰੇ ਵਿਸਥਾਰ ਨਾਲ ਦੱਸਦਿਆਂ ਸਿਹਤ ਅਧਿਕਾਰੀਆਂ ਨੇ ਕਿਹਾ, ਕਿਸੇ ਵੀ ਵਿਅਕਤੀ, ਕਿਸੇ ਚੁਣੇ ਹੋਏ ਪ੍ਰਤੀਨਿਧੀ, ਸਰਕਾਰੀ ਜਾਂ ਗ਼ੈਰ-ਸਰਕਾਰੀ ਸੰਸਥਾ ਦੇ ਮੁਲਾਜ਼ਮ, ਕਿਸੇ ਸੰਸਥਾ, ਕਾਰਪੋਰੇਸ਼ਨ ਜਾਂ ਕੰਪਨੀ ਵਲੋਂ ਜ਼ਿਲ੍ਹੇ ਦੇ ਕਿਸੇ ਵੀ ਟੀ.ਬੀ. ਮਰੀਜ਼ ਨੂੰ ਗੋਦ ਲਿਆ ਜਾ ਸਕਦਾ ਹੈ ਜਿਸ ਤਹਿਤ ਉਹ ਮਰੀਜ਼ਾਂ ਨੂੰ 6 ਮਹੀਨੇ ਤਕ ਖਾਣ-ਪੀਣ ਦਾ ਸਮਾਨ ਜਿਵੇਂ ਦਾਲਾਂ, ਅਨਾਜ, ਤੇਲ, ਦੁੱਧ ਆਦਿ ਮੁਫ਼ਤ ਮੁਹੱਈਆ ਕਰਵਾਉਣਗੇ। ਮਰੀਜ਼ ਨੂੰ ਪੌਸ਼ਟਿਕ ਖ਼ੁਰਾਕ ਦੇਣ ਤੋਂ ਇਲਾਵਾ ਉਸ ਦੀ ਜਾਂ ਉਸ ਦੇ ਪਰਵਾਰਕ ਜੀਆਂ ਦੀ ਕਿੱਤਾਮੁਖੀ ਸਿਖਲਾਈ, ਨੌਕਰੀ ਦਿਵਾਉਣ ਤੇ ਇਲਾਜ ਪ੍ਰਬੰਧਨ ਵਿਚ ਵੀ ਮਦਦ ਕੀਤੀ ਜਾ ਸਕਦੀ ਹੈ।' ਉਨ੍ਹਾਂ ਦਸਿਆ ਕਿ ਜੋ ਕੋਈ ਵੀ ਟੀ.ਬੀ. ਦੇ ਮਰੀਜ਼ਾਂ ਨੂੰ ਅਪਨਾਏਗਾ, ਉਸ ਲਈ ਮਰੀਜ਼ਾਂ ਨੂੰ ਘੱਟੋ ਘੱਟ ਇਕ ਸਾਲ ਲਈ ਅਪਨਾਉਣਾ ਪਵੇਗਾ ਤੇ 6 ਮਹੀਨੇ ਲਈ ਉਸ ਨੂੰ ਸੁਝਾਈਆਂ ਗਈਆਂ ਖ਼ੁਰਾਕੀ ਵਸਤਾਂ ਮੁਹੱਈਆ ਕਰਵਾਉਣੀਆਂ ਪੈਣਗੀਆਂ। ਅਜਿਹੇ ਦਾਨੀ ਵਿਅਕਤੀਆਂ ਜਾਂ ਸੰਸਥਾਵਾਂ ਨੂੰ 'ਨਿਕਸ਼ੇ ਮਿੱਤਰ' ਦਾ ਨਾਮ ਦਿੱਤਾ ਜਾਵੇਗਾ। ਇਕ ਵਿਅਕਤੀ ਜਾਂ ਅਦਾਰਾ ਇਕ ਜਾਂ ਇਕ ਤੋਂ ਵੱਧ ਜਿੰਨੇ ਮਰਜ਼ੀ ਟੀ.ਬੀ. ਰੋਗੀਆਂ ਨੂੰ ਅਪਣਾ ਸਕਦਾ ਹੈ। ਸਿਵਲ ਸਰਜਨ ਨੇ ਦੱਸਿਆ ਕਿ ਕੋਈ ਵੀ ਚਾਹਵਾਨ ਵਿਅਕਤੀ ਜਾਂ ਅਦਾਰਾ ਲਾਗ ਇਨ ਕਰ ਕੇ ਨਿਕਸ਼ੇ ਮਿੱਤਰਾ ਰਜਿਸਟਰੇਸ਼ਨ ਫ਼ਾਰਮ 'ਤੇ ਪੰਜੀਕਰਣ ਕਰ ਸਕਦਾ ਹੈ। ਇਸ ਪੋਰਟਲ 'ਤੇ ਅਪਣੀ ਸਹੂਲਤ ਮੁਤਾਬਕ ਟੀ.ਬੀ. ਦੇ ਮਰੀਜ਼ਾਂ ਦੀ ਚੋਣ ਕੀਤੀ ਜਾ ਸਕਦੀ ਹੈ। ਇਸ ਸਬੰਧੀ ਕਿਸੇ ਵੀ ਜਾਣਕਾਰੀ ਲਈ ਜਾਂ ਪੰਜੀਕਰਣ ਫ਼ਾਰਮ ਭਰਨ ਲਈ ਜ਼ਿਲ੍ਹਾ ਸਿਹਤ ਵਿਭਾਗ ਦੇ ਟੀ.ਬੀ. ਅਧਿਕਾਰੀ ਨਾਲ ਮੋਬਾਈਲ ਫ਼ੋਨ ਨੰਬਰ 79735 92710 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਡਾ. ਆਦਰਸ਼ਪਾਲ ਕੌਰ ਨੇ ਕਿਹਾ ਕਿ ਜ਼ਿਲ੍ਹਾ ਮੋਹਾਲੀ ਵਿਚ ਭਾਰੀ ਗਿਣਤੀ ਵਿਚ ਕਾਰੋਬਾਰੀ ਅਦਾਰੇ ਹਨ ਜਿਹੜੇ ਇਸ ਨੇਕ ਕਾਰਜ ਵਿਚ ਵੱਡਮੁੱਲਾ ਯੋਗਦਾਨ ਪਾ ਸਕਦੇ ਹਨ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਟੀ.ਬੀ. ਦੇ ਮਰੀਜ਼ਾਂ ਦੇ ਨਿਕਸ਼ੇ ਮਿੱਤਰ ਬਣ ਕੇ ਉਨ੍ਹਾਂ ਦੀ ਵੱਧ ਤੋਂ ਵੱਧ ਮਦਦ ਕਰਨ।

## ਕ੍ਰਿਸ਼ੀ ਵਿਗਿਆਨ ਕੇਂਦਰ ਨੇ ਜਾਗਰੂਕਤਾ ਕੈਂਪ ਲਗਾਇਆ

**ਹੁਸ਼ਿਆਰਪੁਰ, (ਓ ਪੀ ਰਾਣਾ)** ਕ੍ਰਿਸ਼ੀ ਵਿਗਿਆਨ ਕੇਂਦਰ ਬਾਹੋਵਾਲ ਵਲੋਂ ਪਰਾਲੀ ਸੰਭਾਲਣ ਸੰਬੰਧੀ ਵਿੱਢੀ ਮਹਿਮ ਤਹਿਤ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਅਜਨੋਹਾ ਦੇ ਵਿਦਿਆਰਥੀਆਂ ਲਈ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਕੈਂਪ ਦੌਰਾਨ ਉਪ ਨਿਰਦੇਸ਼ਕ (ਸਿਖਲਾਈ), ਕ੍ਰਿਸ਼ੀ ਵਿਗਿਆਨ ਕੇਂਦਰ, ਬਾਹੋਵਾਲ, ਹੁਸ਼ਿਆਰਪੁਰ ਡਾ. ਮਨਿੰਦਰ ਸਿੰਘ ਨੇ ਕ੍ਰਿਸ਼ੀ ਵਿਗਿਆਨ ਕੇਂਦਰ ਦੀਆਂ ਕਿਸਾਨੀ ਪ੍ਰਤੀ ਸੇਵਾਵਾਂ ਬਾਰੇ ਚਾਨਣਾ ਪਾਇਆ। ਉਹਨਾਂ ਝੋਨੇ ਦੀ ਪਰਾਲੀ ਨੂੰ ਸੰਭਾਲਣ ਬਾਬਤ ਵੱਖ-ਵੱਖ ਤਕਨੀਕਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਡਾ.ਬੈਂਸ ਨੇ ਪਰਾਲੀ ਨੂੰ ਅੱਗ ਲਾਉਣ ਨਾਲ ਹੋਣ ਵਾਲੇ ਨੁਕਸਾਨ ਸੰਬੰਧੀ ਅਤੇ ਪਰਾਲੀ ਵਿੱਚ ਮੌਜੂਦ ਵੱਖ-ਵੱਖ ਤੱਤਾਂ ਦੀ ਮਹਤੱਤਾ ਬਾਰੇ ਵੀ ਵਿਸਥਾਰ ਪੂਰਵਕ ਦੱਸਿਆ। ਉਨ੍ਹਾਂ ਸਕੂਲ ਵਿਦਿਆਰਥੀਆਂ ਨੂੰ ਇਸ ਜਾਗਰੂਕਤਾ ਮੁਹਿੰਮ ਵਿੱਚ ਅਹਿਮ ਜਿੰਮੇਵਾਰੀ ਨਿਭਾਉਣ ਲਈ ਵੀ ਪ੍ਰੇਰਿਆ।

ਇਸ ਮੌਕੇ ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਤੋਂ ਹੋਣ ਵਾਲੇ ਨੁਕਸਾਨਾਂ ਪ੍ਰਤੀ ਵਿਦਿਆਰਥੀਆਂ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਭਾਸ਼ਣ, ਲੇਖ ਲਿਖਣ ਅਤੇ ਪੇਟਿੰਗ ਦੇ ਮੁਕਾਬਲੇ ਵੀ ਕਰਵਾਏ ਗਏ। ਇਹ ਮੁਕਾਬਲੇ ਕ੍ਰਿਸ਼ੀ ਵਿਗਿਆਨ ਕੇਂਦਰ ਦੇ ਸਾਇੰਸਦਾਨਾਂ- ਡਾ. ਅਜੈਬ ਸਿੰਘ, ਸਹਾਇਕ ਪ੍ਰੋਫੈਸਰ (ਖੇਤੀਬਾੜੀ ਇੰਜੀਨੀਅਰਿੰਗ), ਡਾ. ਕੰਵਰਪਾਲ ਸਿੰਘ ਢਿੱਲੋਂ, ਸਹਾਇਕ ਪ੍ਰੋਫੈਸਰ (ਪਸ਼ੂ ਵਿਗਿਆਨ) ਅਤੇ ਸਕੂਲ ਸਟਾਫ ਦੀ ਦੇਖ-ਰੇਖ ਅਧੀਨ ਹੋਏ। ਇਹਨਾਂ ਮੁਕਾਬਲਿਆਂ ਵਿੱਚ ਵਿਦਿਆਰਥੀਆਂ ਵੱਲੋਂ ਬੜੀ ਗਰਮਜੋਸ਼ੀ ਨਾਲ ਹਿੱਸਾ ਲਿਆ ਗਿਆ ਅਤੇ ਆਏ ਮਹਿਮਾਨਾਂ ਵੱਲੋਂ ਜੇਤੂ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਲਈ ਸਨਮਾਨਿਤ ਵੀ ਕੀਤਾ ਗਿਆ। ਪਿੰਡ ਅਜਨੋਹਾ ਦੇ ਸਰਪੰਚ ਸ਼੍ਰੀਮਤੀ ਮਮਤਾ ਰਾਣੀ ਵੀ ਵਿਦਿਆਰਥੀਆਂ ਨਾਲ ਰੂਬਰੂ ਹੋਏ ਅਤੇ ਉਹਨਾਂ ਨੂੰ ਇਹ ਸੁਨੇਹਾ ਘਰ-ਘਰ ਪਹੁੰਚਾਉਣ ਲਈ ਵੀ ਜੋਰ ਦਿੱਤਾ ਪ੍ਰੋਗਰਾਮ ਦੇ ਅੰਤ ਵਿੱਚ ਪ੍ਰਿੰਸੀਪਲ, ਸ਼੍ਰੀ ਇੰਦਰਜੀਤ ਸਿੰਘ ਨੇ ਆਏ ਮਾਹਿਰਾਂ ਦਾ ਧੰਨਵਾਦ ਕੀਤਾ ਅਤੇ ਇਸ ਮੁਹਿੰਮ ਪ੍ਰਤੀ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ।

## ਐੱਸ ਡੀ ਐੱਮ ਤੋਂ ਸੱਖਣਾ ਸਬ ਡਵੀਜ਼ਨ ਫਿਲੌਰ

ਫਿਲੌਰ 24 ਸਤੰਬਰ (ਨਿਰਮਲ) ਸਬ ਡਵੀਜ਼ਨ ਫਿਲੌਰ (ਜ਼ਿਲ੍ਹਾ ਜਲੰਧਰ) ਵਿਖੇ ਪਿਛਲੇ ਦੋ ਮਹੀਨੇ ਤੋਂ ਪੱਕੇ ਤੌਰ 'ਤੇ ਐੱਸ ਡੀ ਐੱਮ ਨਾ ਹੋਣ ਕਾਰਨ ਇਲਾਕਾ ਨਿਵਾਸੀ ਬਹੁਤ ਪ੍ਰੇਸ਼ਾਨ ਹਨ, ਲੋਕਾਂ ਦੇ ਕੰਮਕਾਜ ਰੁਕੇ ਪਏ ਹਨ । ਪ੍ਰਾਪਤ ਜਾਣਕਾਰੀ ਮੁਤਾਬਕ ਐੱਸ ਡੀ ਐੱਮ ਨਕੋਦਰ ਨੂੰ ਆਰਜ਼ੀ ਤੌਰ 'ਤੇ ਫਿਲੌਰ ਦਾ ਐਡੀਸ਼ਨਲ ਚਾਰਜ ਦਿੱਤਾ ਹੋਇਆ ਹੈ ਜੋ ਹਫ਼ਤੇ ਵਿੱਚ ਦੋ ਦਿਨ ਹੀ ਫਿਲੌਰ ਆਉਂਦੇ ਹਨ। ਲੋਕਾਂ ਦੀ ਮੰਗ ਹੈ ਕਿ ਫਿਲੌਰ ਸਬ ਡਵੀਜ਼ਨ ਵਿਖੇ ਪੱਕੇ ਤੌਰ ਤੇ ਐੱਸ ਡੀ ਐੱਮ ਦੀ ਤੈਨਾਤੀ ਕੀਤੀ ਜਾਵੇ ਤਾਂ ਜੋ ਲੋਕਾਂ ਦੀਆਂ ਮੁਸ਼ਕਲਾਂ ਹੱਲ ਹੋ ਸਕਨ।

## ਪੀ ਸੀ ਐੱਮ ਐੱਸ ਡੀ ਕਾਲਜ ਫਾਰ ਵੂਮੈਨ 'ਚ ਡੈਕਲਾਮੇਸ਼ਨ ਵਿਸ਼ੇ 'ਤੇ ਮੁਕਾਬਲਾ



**ਜਲੰਧਰ ( ਇਕਬਾਲ ਸਿੰਘ ਉੱਭੀ )** ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੀ ਲਾਹਨਤ ਨੂੰ ਠੱਲ੍ਹ ਪਾਉਣ ਲਈ ਸ਼ੁਰੂ ਕੀਤੇ ਗਏ ਬੱਡੀ ਪ੍ਰੋਗਰਾਮ ਤਹਿਤ ਪੀ.ਸੀ.ਐਮ. ਐਸ.ਡੀ. ਕਾਲਜ ਫਾਰ ਵੂਮੈਨ ਵਿਖੇ 'ਨਸ਼ਾ ਦੀ ਦੁਰਵਰਤੋਂ ਅਤੇ ਸਮਾਜਿਕ ਤਾਣੇ-ਬਾਣੇ 'ਤੇ ਇਸ ਦੇ ਪ੍ਰਭਾਵ' ਵਿਸ਼ੇ 'ਤੇ ਡੈਕਲਾਮੇਸ਼ਨ ਮੁਕਾਬਲਾ ਕਰਵਾਇਆ ਗਿਆ। ਇਸ ਮੁਕਾਬਲੇ 'ਚ ਲਗਭਗ 12 ਵਿਦਿਆਰਥੀਆਂ ਨੇ ਉਤਸਾਹ ਨਾਲ ਭਾਗ ਲਿਆ। ਇਸ ਗਤੀਵਿਧੀ ਦਾ ਉਦੇਸ ਵਿਦਿਆਰਥੀਆਂ 'ਚ ਨਸ਼ਿਆਂ ਵਿਰੁੱਧ ਜਾਗਰੂਕਤਾ ਪੈਦਾ ਕਰਨਾ ਸੀ। ਇਸ ਮੁਕਾਬਲੇ ਵਿੱਚ ਬੀ.ਏ. ਸਮੈਸਟਰ ਪੰਜਵੇਂ ਦੀ ਪੂਜਾ ਨੇ ਪਹਿਲਾ, ਬੀ.ਏ. ਸਮੈਸਟਰ ਪੰਜਵੇਂ ਦੀ ਕੋਮਲਪ੍ਰੀਤ ਨੇ ਦੂਜਾ ਅਤੇ ਬੀ.ਕਾਮ ਸਮੈਸਟਰ ਤੀਜੇ ਦੀ ਸਾਚੀ ਨੇ ਤੀਜਾ ਸਥਾਨ ਹਾਸਲ ਕੀਤਾ। ਇਸ ਮੌਕੇ ਪ੍ਰਧਾਨ ਸ੍ਰੀ ਨਰੇਸ਼ ਕੁਮਾਰ ਬੁਧੀਆ ਜੀ, ਪ੍ਰਬੰਧਕ ਕਮੇਟੀ ਦੇ ਹੋਰ ਮਾਣਯੋਗ ਮੈਂਬਰਾਂ ਅਤੇ ਕਾਲਜ ਦੇ ਯੋਗ ਪ੍ਰਿੰਸੀਪਲ ਪ੍ਰੋ.(ਡਾ.) ਪੂਜਾ ਪਰਾਸਰ ਨੇ ਸਮੂਹ ਵਿਦਿਆਰਥੀਆਂ ਨੂੰ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ ਅਤੇ ਸਮਾਜ ਵਿੱਚ ਜਾਗਰੂਕਤਾ ਫੈਲਾਉਂਦੇ ਰਹਿਣ ਲਈ ਕਿਹਾ। ਪ੍ਰਿੰਸੀਪਲ ਜੀ ਨੇ ਕਾਲਜ ਬੱਡੀ ਪ੍ਰੋਗਰਾਮ ਦੇ ਪ੍ਰਬੰਧਕੀ ਫੈਕਲਟੀ ਮੈਂਬਰਾਂ ਦੇ ਯਤਨਾਂ ਦੀ ਵੀ ਸਲਾਘਾ ਕੀਤੀ।

## ਪੱਬਵਾਂ 'ਚ ਸ਼ਰਧਾਂਜਲੀ ਸਮਾਗਮ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਨੂਰਮਹਿਲ ਸੰਗਰੂਰ ਮੋਰਚੇ ਦੇ ਸ਼ਹੀਦ ਸਾਥੀ ਅਵਤਾਰ ਸਿੰਘ ਤਾਰਾ ਦਾ ਅੱਜ ਸ਼ਰਧਾਂਜਲੀ ਸਮਾਗਮ ਗੁਰਦੁਆਰਾ ਸਿੰਘਾਂ ਸ਼ਹੀਦਾਂ ਪੱਬਵਾਂ ਵਿਖੇ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਕੀਤਾ ਗਿਆ । ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾਈ ਆਗੂ ਸਾਥੀ ਹੰਸ ਰਾਜ ਪੱਬਵਾਂ, ਸੀ ਪੀ ਆਈ ਐਮ ਐਲ ਦੇ ਸੀਨੀਅਰ ਆਗੂ ਕਾਮਰੇਡ ਅਜਮੇਰ ਸਿੰਘ ਸਮਰਾ, ਕਿਰਤੀ ਕਿਸਾਨ ਯੂਨੀਅਨ ਦੇ ਆਗੂ ਸੰਤੋਖ ਸਿੰਘ ਸੰਧੂ, ਦਿਹਾਤੀ ਮਜ਼ਦੂਰ ਸਭਾ ਦੇ ਆਗੂ ਜਰਨੈਲ ਫਿਲੌਰ, ਪੰਜਾਬ ਖੇਤ ਮਜ਼ਦੂਰ ਸਭਾ ਦੇ ਆਗੂ ਚਰਨਜੀਤ ਥੰਮੂਵਾਲ ਨੇ ਸ਼ਰਧਾ ਦੇ ਫੁੱਲ ਭੇਟ ਕੀਤੇ। ਬੁਲਾਰਿਆਂ ਨੇ ਕਿਹਾ ਕਿ ਦਿੱਲੀ ਕਿਸਾਨ ਅੰਦੋਲਨ ਵਿੱਚ ਸਾਥੀ ਅਵਤਾਰ ਸਿੰਘ ਤਾਰਾ ਨੇ ਲਗਭਗ 11 ਮਹੀਨੇ ਵਧ ਚੜ੍ਹ ਕੇ ਹਿੱਸਾ ਲਿਆ। ਸਾਥੀ ਕਿਰਤੀ ਲੋਕਾਂ ਦੇ ਘੋਲਾਂ ਲਈ ਹਮੇਸ਼ਾ ਹੀ ਤਿਆਰ ਰਹਿੰਦਾ ਸੀ ।ਬੁਲਾਰਿਆਂ ਨੇ ਪੰਜਾਬ ਸਰਕਾਰ ਦੇ ਮਜ਼ਦੂਰਾਂ ਪਤੀ ਮਾੜੇ ਰਵੱਈਏ ਦੀ ਡਟ ਕੇ ਅਲੋਚਨਾ ਕੀਤੀ। ਮਜ਼ਦੂਰਾਂ ਦੀਆਂ ਲੰਮੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਨੂੰ ਆਪ ਪਾਰਟੀ ਦੀ ਸਰਕਾਰ ਵੀ ਅਣਗੌਲਿਆਂ ਕਰੀ ਜਾ ਰਹੀ ਹੈ। ਅੱਜ ਦੇ ਸਮਾਗਮ ਵਿੱਚ ਚੰਨਣ ਸਿੰਘ, ਸੁਰਜੀਤ ਸਿੰਘ ਸਮਰਾ, ਮੱਖਣ ਸਿੰਘ, ਗੁਰਨਾਮ ਸਿੰਘ ਤੱਗੜ, ਰਸ਼ਪਾਲ ਕੈਲੇ, ਜਸਵਿੰਦਰ ਸਿੰਘ ਹਰਦੋਫਰਾਲਾ, ਤਰਸੇਮ ਕਡਿਆਣਾ,ਬੂਟਾ ਸਿੰਘ ਸ਼ਾਦੀਪੁਰ, ਜਗਤਾਰ ਭੰਗਾਲਾ, ਮੰਗਲਜੀਤ ਪੰਡੋਰੀ ਆਦਿ ਸਾਥੀ ਹਾਜ਼ਰ ਹੋਏ। ਬਲਰਾਜ ਸਿੰਘ ਲਾਡੀ ਨੇ ਸਾਰਿਆਂ ਦਾ ਧੰਨਵਾਦ ਕੀਤਾ।

## ਸੇਂਟ ਸੋਲਜਰ ਫਾਰਮੇਸੀ ਇੰਸਟੀਚਿਊਟ ਨੇ ਮਨਾਇਆ ਵਿਸ਼ਵ ਫਾਰਮੇਸੀ ਦਿਵਸ

**ਜਲੰਧਰ (ਇਕਬਾਲ ਉਭੀ)**: ਸੇਂਟ ਸੋਲਜਰ ਫਾਰਮੇਸੀ ਇੰਸਟੀਚਿਊਟ ਵਿਖੇ ਵਿਸ਼ਵ ਫਾਰਮੇਸੀ ਦਿਵਸ ਮਨਾਇਆ ਗਿਆ ਜਿਸ ਵਿੱਚ ਬੀ ਫਾਰਮੇਸੀ, ਡੀ ਫਾਰਮੇਸੀ ਅਤੇ ਐਮ ਫਾਰਮੇਸੀ ਦੇ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਚੇਅਰਮੈਨ ਅਨਿਲ ਚੋਪੜਾ ਮੁੱਖ ਮਹਿਮਾਨ ਸਨ ਜਿਨ੍ਹਾਂ ਦਾ ਸਵਾਗਤ ਪ੍ਰਿੰਸੀਪਲ ਅਮਰਪਾਲ ਸਿੰਘ ਨੇ ਕੀਤਾ। ਇਸ ਮੌਕੇ ਵਿਦਿਆਰਥੀਆਂ ਵੱਲੋਂ ਨਸ਼ਾ, ਬੇਟੀ ਪੜ੍ਹਾਓ 'ਤੇ ਰੰਗੋਲੀ ਮੇਕਿੰਗ, ਕੁਇੱਜ਼, ਪੋਸਟਰ ਮੇਕਿੰਗ, ਡਿਬੇਟ ਆਦਿ ਵਿਸ਼ਿਆਂ 'ਤੇ ਰੈਲੀ ਕੱਢੀ ਗਈ। ਮੁਕਾਬਲਿਆਂ ਦੀ ਜੱਜਮੈਂਟ ਇੰਜੀਨਿਅਰਿੰਗ ਕਾਲਜ ਪ੍ਰਿੰਸੀਪਲ ਡਾ.ਗੁਰਪ੍ਰੀਤ ਸਿੰਘ ਸੈਣੀ ਵਲੋਂ ਕੀਤੀ ਗਈ ਜਿਸ ਵਿੱਚ ਪੋਸਟਰ ਮੇਕਿੰਗ 'ਚ ਰਮਨਦੀਪ ਨੇ ਪਹਿਲਾ, ਬੰਦਨਾ ਨੇ ਦੂਜਾ, ਪ੍ਰੇਰਨਾ ਨੇ ਤੀਜਾ, ਸਲੋਗਨ ਮੇਕਿੰਗ 'ਚ ਹਰਨੀਤ ਨੇ ਪਹਿਲਾ, ਰੀਆ ਨੇ ਦੂਜਾ, ਕਾਜਲ ਨੇ ਤੀਜਾ, ਲੋਗੋ ਮੇਕਿੰਗ ਵਿੱਚ ਰਚੇਲ ਨੇ ਪਹਿਲਾ, ਦੀਕਸ਼ਾ ਨੇ ਦੂਜਾ, ਖੁਸ਼ੀ ਨੇ ਤੀਜਾ, ਕੁਇਜ਼ 'ਚ ਗਗਨ, ਖੁਸ਼ਪ੍ਰੀਤ ਨੇ ਪਹਿਲਾ, ਪ੍ਰਿਆ, ਮਹੇਸ਼ ਨੇ ਦੂਜਾ, ਪਵਨ, ਹੀਰਕ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਚੇਅਰਮੈਨ ਚੋਪੜਾ ਨੇ ਵਿਦਿਆਰਥੀਆਂ ਦੀ ਪ੍ਰਤਿਭਾ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਨੂੰ ਸਨਮਾਨਿਤ ਕੀਤਾ। ਉਨ੍ਹਾਂ ਕਿਹਾ ਕਿ ਫਾਰਮੇਸੀ ਦੇ ਖੇਤਰ ਵਿੱਚ ਅਪਾਰ ਸੰਭਾਵਨਾਵਾਂ ਹਨ ਅਤੇ ਅਸੀਂ ਇਸ ਵਿੱਚ ਵਿਦਿਆਰਥੀਆਂ ਦਾ ਬਿਹਤਰ ਭਵਿੱਖ ਬਣਾਉਣ ਲਈ ਹਮੇਸ਼ਾ ਸਹਿਯੋਗ ਦਿੰਦੇ ਆਏ ਹਾਂ ਅਤੇ ਜਾਰੀ ਰੱਖਾਂਗੇ।

## ਕੁਦਰਤ ਦਾ ਕਹਿਰ

# ਭਾਰੀ ਮੀਂਹ ਕਾਰਨ ਫਸਲਾਂ ਤੇ ਸਬਜ਼ੀਆਂ ਦਾ ਵੱਡੇ ਪੱਧਰ 'ਤੇ ਨੁਕਸਾਨ

### ਕਿਸਾਨ ਜਥੇਬੰਦੀਆਂ ਵੱਲੋਂ ਸਪੈਸ਼ਲ ਗਿਰਦਾਵਰੀ ਦੀ ਮੰਗ

ਸ਼ੁਤਰਾਣਾ ਵਿਖੇ ਮੀਂਹ ਕਾਰਨ ਧਰਤੀ 'ਤੇ ਡਿੱਗੀ ਫਸਲ ਦਿਖਾਉਂਦਾ ਕਿਸਾਨ।

**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**-ਪਿਛਲੇ ਦੋ ਦਿਨਾਂ ਤੋਂ ਇਲਾਕੇ ਵਿੱਚ ਰੁਕ ਰੁਕ ਕੇ ਹੋ ਰਹੀ ਬਾਰਿਸ਼ ਕਾਰਨ ਜਿੱਥੇ ਮੌਸਮ ਵਿੱਚ ਵੱਡੇ ਪੱਧਰ ਉੱਤੇ ਬਦਲਾਅ ਹੋਣ ਕਾਰਨ ਲੋਕ ਰਾਹਤ ਮਹਿਸੂਸ ਕਰ ਰਹੇ ਹਨ, ਉੱਥੇ ਪਿੰਡਾਂ ਵਿੱਚ ਵੱਡੇ ਪੱਧਰ ਉਤੇ ਨੁਕਸਾਨੀਆਂ ਗਈਆਂ ਫਸਲਾਂ ਨੂੰ ਲੈ ਕੇ ਕਿਸਾਨ ਚਿੰਤਾ ਦੇ ਆਲਮ ਵਿੱਚ ਹਨ। ਦੱਸਣਯੋਗ ਹੈ ਕਿ ਬਾਰਿਸ਼ ਦਾ ਪਾਣੀ ਨੀਵੀਂਆਂ ਥਾਵਾਂ ਉੱਤੇ ਭਰ ਜਾਣ ਕਰਕੇ ਇਲਾਕੇ ਵਿੱਚ ਬਾਸਮਤੀ ਦੀ ਪੱਕ ਚੁੱਕੀ ਫਸਲ ਦੇ ਨਾਲ ਨਾਲ ਸਬਜ਼ੀਆਂ ਦਾ ਵੱਡੇ ਪੱਧਰ ਉੱਤੇ ਨੁਕਸਾਨ ਹੋਇਆ ਹੈ। ਮੀਂਹ ਦੇ ਨਾਲ ਨਾਲ ਚੱਲੀ ਤੇਜ਼ ਹਵਾ ਕਰਕੇ ਪੱਕੀ ਹੋਈ ਬਾਸਮਤੀ ਦੀ ਫਸਲ ਡਿੱਗ ਗਈ ਹੈ। ਜਾਣਕਾਰੀ ਅਨੁਸਾਰ ਸਾਉਣੀ ਦੇ ਸੀਜ਼ਨ ਦੌਰਾਨ ਇਸ ਵਾਰ ਬਾਸਮਤੀ ਦੇ ਰੇਟਾਂ ਵਿੱਚ ਤੇਜ਼ੀ ਦੀਆਂ ਸੰਭਾਵਨਾਵਾਂ ਨੂੰ ਲੈ ਕੇ ਸਬ ਡਵੀਜ਼ਨ ਪਾਤੜਾਂ ਦੇ ਪਿੰਡਾਂ ਵਿੱਚ ਬਾਸਮਤੀ ਦੀ ਫਸਲ ਦੀ ਅਗੇਤੇ ਤੌਰ ਉੱਤੇ ਵੱਡੇ ਪੱਧਰ 'ਤੇ ਲਵਾਈ ਹੋਈ ਸੀ, ਜੋ ਪੂਰੀ ਤਰ੍ਹਾਂ ਨਾਲ ਪੱਕ ਕੇ ਤਿਆਰ ਹੋ ਚੁੱਕੀ ਅਤੇ ਕੁਝ ਫਸਲ ਦਾ ਮੰਡੀ ਵਿੱਚ ਆ ਜਾਣ ਕਾਰਨ ਉਹ ਵੀ ਮੀਂਹ ਦੇ ਪਾਣੀ ਨਾਲ ਭਿੱਜ ਗਈ ਹੈ। ਇਸ ਤੋਂ ਇਲਾਵਾ ਇਲਾਕੇ ਦੇ ਪਿੰਡਾਂ ਸ਼ੁਤਰਾਣਾ, ਬਣਵਾਲਾ, ਜਿਉਣਪੁਰ, ਦੁਗਾਲ, ਡਰੋਲੀ, ਹਰਿਆਉ ਖੁਰਦ, ਤੇਈਪੁਰ, ਗੁਰੂ ਨਾਨਕਪੁਰਾ, ਅਰਨੋ, ਪਲਾਸੌਰ ਤੇ ਜਹਾਂਗੀਰ ਆਦਿ ਪਿੰਡਾਂ ਵਿੱਚ ਕਿਸਾਨਾਂ ਵੱਲੋਂ ਸਬਜ਼ੀਆਂ ਦੀ ਵੱਡੇ ਪੱਧਰ ਉੱਤੇ ਬਿਜਾਈ ਕੀਤੀ ਜਾਂਦੀ ਹੈ, ਜਿਸ ਦਾ ਵੀ ਵੱਡੇ ਪੱਧਰ 'ਤੇ ਨੁਕਸਾਨ ਹੋਇਆ ਹੈ। ਇਸ ਦੌਰਾਨ ਕੁੱਲ ਹਿੰਦ ਕਿਸਾਨ ਸਭਾ ਪੰਜਾਬ ਦੇ ਸੂਬਾ ਮੀਤ ਪ੍ਰਧਾਨ ਕੁਲਵੰਤ ਸਿੰਘ ਮੌਲਵੀਵਾਲਾ ਤੇ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਆਗੂ ਹਰਭਜਨ ਸਿੰਘ ਬੁੱਟਰ ਨੇ ਕਿਹਾ ਹੈ ਕਿ ਬਾਰਿਸ਼ ਕਰਕੇ ਫਸਲਾਂ ਦਾ ਹੋਇਆ ਨੁਕਸਾਨ ਕੁਦਰਤੀ ਆਫ਼ਤ ਹੈ, ਜਿਸ ਦੀ ਸਰਕਾਰ ਨੂੰ ਭਰਪਾਈ ਕਰਨ ਵੱਲ ਕਦਮ ਚੁੱਕਣੇ ਚਾਹੀਦੇ ਹਨ। ਕਿਸਾਨ ਆਗੂਆਂ ਨੇ ਮੰਗ ਕੀਤੀ ਕਿ ਸੂਬੇ ਦੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਸਰਕਾਰ ਕਿਸਾਨ ਹਿਤੈਸ਼ੀ ਹੋਣ ਦੇ ਦਾਅਵੇ ਕਰਦੀ ਹੈ, ਕਿਸਾਨਾਂ ਦੇ ਹੋਏ ਨੁਕਸਾਨ ਦਾ ਜਾਇਜ਼ਾ ਲੈਣ ਲਈ ਸਰਕਾਰ ਨੂੰ ਸਪੈਸ਼ਲ ਗਿਰਦਾਵਰੀ ਕਰਵਾ ਕੇ ਮੁਆਵਜ਼ਾ ਦੇਵੇ।

# ਡੀ ਸੀ ਵੱਲੋਂ 'ਖੇਤਰੀ ਸਰਸ ਮੇਲੇ' ਦਾ ਲੋਗੋ ਜਾਰੀ

**ਸੰਗਰੂਰ, (ਪ੍ਰਵੀਨ ਸਿੰਘ)** : ਪੰਜਾਬ ਦੇ ਨਾਲ-ਨਾਲ ਦੂਜੇ ਸੂਬਿਆਂ ਦੇ ਸੱਭਿਆਚਾਰ ਬਾਰੇ ਲੋਕਾਂ ਨੂੰ ਜਾਣੂੰ ਕਰਵਾਉਣ ਦੇ ਮਕਸਦ ਨਾਲ ਸਰਕਾਰੀ ਰਣਬੀਰ ਕਾਲਜ ਸੰਗਰੂਰ 'ਚ 8 ਤੋਂ 17 ਅਕਤੂਬਰ ਤੱਕ ਲਗਾਏ ਜਾ ਰਹੇ ਖੇਤਰੀ ਸਰਸ ਮੇਲੇ ਦਾ ਲੋਗੋ ਡਿਪਟੀ ਕਮਿਸ਼ਨਰ ਸ੍ਰੀ ਜਤਿੰਦਰ ਜੋਰਵਾਲ ਵੱਲੋਂ ਜਾਰੀ ਕੀਤਾ ਗਿਆ। ਇਸ ਮੌਕੇ ਉਨ੍ਹਾ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਇਸ ਸਾਲ ਸੂਬਾ ਪੱਧਰੀ 'ਸਰਸ ਮੇਲਾ' ਸੰਗਰੂਰ ਵਿਖੇ ਕਰਵਾਇਆ ਜਾ ਰਿਹਾ ਹੈ, ਜਿਸ ਕਾਰਨ ਸੰਗਰੂਰ ਵਾਸੀਆਂ ਵਿੱਚ ਭਾਰੀ ਉਤਸ਼ਾਹ ਹੈ। ਉਨ੍ਹਾ ਕਿਹਾ ਕਿ ਦੇਸ਼ ਭਰ ਤੋਂ ਆਉਣ ਵਾਲੇ ਸ਼ਿਲਪਕਾਰ ਤੇ ਦਸਤਕਾਰ 200 ਤੋਂ ਵੱਧ ਸਟਾਲਾਂ ਰਾਹੀਂ ਆਪਣੇ ਸਾਮਾਨ ਦੀ ਵਿਕਰੀ ਕਰਨਗੇ। ਉਨ੍ਹਾ ਦੱਸਿਆ ਕਿ ਵੱਖ ਵੱਖ ਸੂਬਿਆਂ ਦੇ ਪਕਵਾਨ ਤੇ ਵੰਨ ਸੁਵੰਨੇ ਝੂਲੇ ਮੇਲੇ ਦੌਰਾਨ ਆਕਰਸ਼ਨ ਦਾ ਕੇਂਦਰ ਬਣਨਗੇ।

ਉਨ੍ਹਾ ਕਿਹਾ ਕਿ ਇਸ ਮੇਲੇ ਦੇ ਪ੍ਰਬੰਧਾਂ ਦੇ ਓਵਰਆਲ ਇੰਚਾਰਜ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਵਰਜੀਤ ਵਾਲੀਆ ਹਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪੰਜਾਬ ਦੇ ਨਾਮਵਰ ਗਾਇਕ ਵਿਸ਼ੇਸ਼ ਤੌਰ ਉੱਤੇ ਇਸ ਮੇਲੇ ਵਿੱਚ ਸ਼ਾਮਲ ਹੋ ਕੇ ਆਪਣੇ ਗੀਤਾਂ ਨਾਲ ਸਰੋਤਿਆਂ ਦਾ ਭਰਵਾਂ ਮਨੋਰੰਜਨ ਕਰਨਗੇ।

ਉਨ੍ਹਾ ਕਿਹਾ ਕਿ ਲੋਕ ਇੱਥੇ ਵੱਖ-ਵੱਖ ਰਾਜਾਂ ਦੀਆਂ ਲੋਕ ਕਲਾਵਾਂ ਨਾਲ ਮਨਪ੍ਰਚਾਵੇ ਦੇ ਨਾਲ-ਨਾਲ ਕਈ ਤਰ੍ਹਾਂ ਦੇ ਖਾਣੇ ਦਾ ਆਨੰਦ ਵੀ ਮਾਣ ਸਕਣਗੇ।

# ਚੇਅਰਮੈਨ ਖਿੰਡਾ ਦਾ ਧੰਨਵਾਦੀ ਦੌਰੇ ਸਮੇਂ ਸ਼ਹਿਰ ਵਾਸੀਆਂ ਵੱਲੋਂ ਭਰਵਾਂ ਸਵਾਗਤ

**ਮੱਖੂ (ਰਛਪਾਲ ਸਿੰਘ ਸੰਧੂ)** : ਆਮ ਆਦਮੀ ਪਾਰਟੀ ਦੇ ਮੁੱਖ ਬੁਲਾਰੇ ਸ਼ਮਿੰਦਰ ਸਿੰਘ ਖਿੰਡਾ ਵੱਲੋਂ ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਦੇ ਚੇਅਰਮੈਨ ਦਾ ਅਹੁਦਾ ਸੰਭਾਲਣ ਤੋਂ ਬਾਅਦ ਮੱਖੂ ਵਿਖੇ ਆਉਣ 'ਤੇ ਸ਼ਹਿਰ ਵਾਸੀਆਂ ਵੱਲੋਂ ਚੇਅਰਮੈਨ ਸ਼ਮਿੰਦਰ ਸਿੰਘ ਖਿੰਡਾ ਦਾ ਫੁੱਲਾਂ ਦੇ ਹਾਰ ਪਾ ਕੇ ਤੇ ਲੱਡੂਆਂ ਨਾਲ ਮੂੰਹ ਮਿੱਠਾ ਕਰਵਾ ਕੇ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ। ਇਸ ਮੌਕੇ ਚੇਅਰਮੈਨ ਸ਼ਮਿੰਦਰ ਸਿੰਘ ਖਿੰਡਾ ਨੇ ਕਿਹਾ ਕਿ ਜੋ ਪਿਆਰ ਮੈਨੂੰ ਸ਼ਹਿਰਾਂ ਤੇ ਪਿੰਡਾਂ ਵਾਲਿਆਂ ਦਾ ਮਿਲ ਰਿਹਾ ਹੈ, ਉਸ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ। ਲੋਕਾਂ ਦੀ ਸੇਵਾ ਵਿੱਚ ਹਰ ਵਕਤ ਹਾਜ਼ਰ ਰਹਾਂਗਾ। ਸ਼ਮਿੰਦਰ ਸਿੰਘ ਖਿੰਡਾ ਵੱਲੋਂ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਰਾਜ ਸਭਾ ਮੈਂਬਰ ਰਾਘਵ ਚੱਢਾ ਤੇ ਸਮੁੱਚੀ ਟੀਮ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਾਰਟੀ ਨੇ ਉਸ ਨੂੰ ਜੋ ਜ਼ਿੰਮੇਵਾਰੀ ਸੌਂਪੀ ਹੈ, ਉਹ ਤਹਿ ਦਿਲੋਂ ਨਿਭਾਈ ਜਾਵੇਗੀ ਤੇ ਪਾਰਟੀ ਦੀ ਮਜ਼ਬੂਤੀ ਲਈ ਦਿਨ ਰਾਤ ਮਿਹਨਤ ਕੀਤੀ ਜਾਵੇਗੀ। ਸ਼ਮਿੰਦਰ ਸਿੰਘ ਖਿੰਡਾ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਬਗੈਰ ਕਿਸੇ ਭੇਦਭਾਵ ਤੋਂ ਪੰਜਾਬ ਵਿੱਚ ਹਰੇਕ ਵਰਗ ਦੇ ਲੋਕਾਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਇਸ ਮੌਕੇ ਸੁਖਦੇਵ ਸਿੰਘ ਫੌਜੀ ਬਲਾਕ ਪ੍ਰਧਾਨ, ਨਛੱਤਰ ਸਿੰਘ ਬਲਾਕ ਪ੍ਰਧਾਨ, ਹਰਵਿੰਦਰ ਸਿੰਘ ਖਿੰਡਾ, ਸੰਦੀਪ ਸਚਦੇਵਾ ਮੱਖੂ, ਦਰਸ਼ਨ ਸਿੰਘ ਸਾਬਕਾ ਐੱਮ ਸੀ, ਅਨਿਲ ਧਵਨ ਡੀ ਸੀ, ਅਜੈ ਕੰਧਾਰੀ, ਸਮਸ਼ੇਰ ਸਿੰਘ, ਰੋਸ਼ਨ ਲਾਲ ਸਚਦੇਵਾ, ਸੁਨੀਲ ਸ਼ਰਮਾ, ਨਿੰਦਰ ਸਿੰਘ, ਬਲਜੀਤ ਸਿੰਘ, ਗੁਰਸੇਵਕ ਸਿੰਘ ਗਿੱਲ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।

# ਵਰਦੇ ਮੀਂਹ 'ਚ ਬਰਾੜ ਵੱਲੋਂ ਸਿਮਰਨਜੀਤ ਮਾਨ ਦੇ ਘਰ ਅੱਗੇ ਧਰਨਾ

**ਸ੍ਰੀ ਫ਼ਤਹਿਗੜ੍ਹ ਸਾਹਿਬ/(ਪ੍ਰਮੋਦ ਭਾਰਦਵਾਜ)** : ਚੋਣਾਂ ਦੌਰਾਨ ਕੀਤੇ ਗਏ ਖਰਚ ਦੀ ਜਾਣਕਾਰੀ ਹਾਸਲ ਕਰਨ ਲਈ ਸਿਰਸਾ (ਹਰਿਆਣਾ) ਦੇ ਵਸਨੀਕ ਐਡਵੋਕੇਟ ਜਰਨੈਲ ਸਿੰਘ ਬਰਾੜ ਵੱਲੋਂ ਅੱਜ ਵਰ੍ਹਦੇ ਮੀਂਹ ਦੌਰਾਨ ਸ੍ਰੀ ਫ਼ਤਹਿਗੜ੍ਹ ਸਾਹਿਬ ਨੇੜਲੇ ਪਿੰਡ ਤਲਾਣੀਆਂ ਵਿਖੇ ਸਥਿਤ ਹਲਕਾ ਸੰਗਰੂਰ ਤੋਂ ਮੈਂਬਰ ਪਾਰਲੀਮੈਂਟ ਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦੀ ਰਿਹਾਇਸ਼ ਅੱਗੇ ਧਰਨਾ ਦਿੱਤਾ ਗਿਆ। ਜਰਨੈਲ ਸਿੰਘ ਬਰਾੜ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਚੋਣ ਕਮਿਸ਼ਨ ਵੱਲੋਂ ਪਾਰਲੀਮੈਂਟ ਦੀ ਚੋਣ ਲਈ ਖਰਚ ਦੀ ਸੀਮਾ 77 ਲੱਖ ਤਹਿ ਕੀਤੀ ਹੋਈ ਹੈ, ਜਦੋਂਕਿ ਸਿਆਸਤਾਨ ਕਰੋੜਾਂ ਰੁਪਏ ਖਰਚ ਕਰਕੇ ਚੋਣਾਂ ਜਿੱਤ ਲੈਂਦੇ ਹਨ ਤੇ ਫਿਰ ਉਸੇ ਪੈਸੇ ਨੂੰ ਰਿਕਵਰ ਕਰਨ ਲਈ ਉਨ੍ਹਾਂ ਵੱਲੋਂ ਅਫਸਰਸ਼ਾਹੀ ਰਾਹੀਂ ਵੱਡੇ ਪੱਧਰ 'ਤੇ ਭ੍ਰਿਸ਼ਟਾਚਾਰ ਕਰਵਾ ਕੇ ਪੈਸਾ ਇਕੱਠਾ ਕੀਤਾ ਜਾਂਦਾ ਹੈ। ਉਨ੍ਹਾ ਕਿਹਾ ਕਿ ਕਰੋੜਾਂ ਰੁਪਏ ਲਗਾ ਕੇ ਵਿਧਾਨ ਸਭਾ ਤੇ ਲੋਕ ਸਭਾਂ ਦੀਆਂ ਚੋਣਾਂ ਜਿੱਤਣ ਵਾਲਿਆਂ ਤੋਂ ਇਮਾਨਦਾਰੀ ਦੀ ਕਿਵੇਂ ਉਮੀਦ ਕੀਤੀ ਜਾ ਸਕਦੀ ਹੈ? ਉਨ੍ਹਾ ਕਿਹਾ ਕਿ ਉਨ੍ਹਾਂ ਵੱਲੋਂ ਚੋਣ ਕਮਿਸ਼ਨ ਤੋਂ ਵੀ ਮੰਗ ਕੀਤੀ ਗਈ ਸੀ ਕਿ ਚੋਣਾਂ ਜਿੱਤਣ ਵਾਲੇ ਸਾਰੇ ਉਮੀਦਵਾਰਾਂ ਦਾ ਲਾਈ ਡਿਟੈਕਟਰ ਟੈਸਟ ਕਰਵਾਇਆ ਜਾਵੇ ਤਾਂ ਜੋ ਪਤਾ ਲੱਗ ਸਕੇ ਕਿ ਉਨ੍ਹਾਂ ਨੇ ਅਸਲੀਅਤ 'ਚ ਚੋਣ 'ਤੇ ਕਿੰਨੇ ਪੈਸੇ ਖਰਚ ਕੀਤੇ ਹਨ। ਉਨ੍ਹਾ ਦਾਅਵਾ ਕੀਤਾ ਕਿ ਦੇਸ਼ ਦੀ ਪਾਰਲੀਮੈਂਟ 'ਚ ਬੈਠੇ 545 ਵਿਅਕਤੀ ਹੀ ਜੇਕਰ ਭ੍ਰਿਸ਼ਟਾਚਾਰ ਮੁਕਤ ਹੋ ਜਾਣ ਤਾਂ ਦੇਸ਼ ਭਰ 'ਚੋਂ ਭ੍ਰਿਸ਼ਟਾਚਾਰ ਆਪਣੇ-ਆਪ ਖਤਮ ਹੋ ਜਾਵੇਗਾ। ਉਨ੍ਹਾ ਕਿਹਾ ਕਿ ਉਨ੍ਹਾ ਵੱਲੋਂ ਸ਼ੁਰੂ ਕੀਤੀ ਗਈ 'ਕਲੀਨ 545' ਮੁਹਿੰਮ ਤਹਿਤ ਉਨ੍ਹਾ ਵੱਲੋਂ ਸਿਮਰਨਜੀਤ ਸਿੰਘ ਮਾਨ ਦੇ ਦਫਤਰ ਵਿਖੇ ਇੱਕ ਪੱਤਰ ਸੌਂਪ ਕੇ ਮੰਗ ਕੀਤੀ ਗਈ ਸੀ ਕਿ ਐੱਮ. ਪੀ. ਸਿਮਰਨਜੀਤ ਸਿੰਘ ਮਾਨ ਲਾਈ ਡਿਟੈਕਟਰ ਟੈਸਟ ਕਰਵਾ ਕੇ ਜਾਂ ਆਪਣੇ ਪੁੱਤਰ ਦੀ ਸਹੁੰ ਖਾ ਕੇ ਇਹ ਦੱਸਣ ਕਿ ਉਨ੍ਹਾਂ ਨੇ ਸੰਗਰੂਰ ਦੀ ਚੋਣ ਜਿੱਤਣ ਲਈ ਕਿੰਨੀ ਰਕਮ ਖਰਚ ਕੀਤੀ ਹੈ, ਪਰ ਉਨ੍ਹਾ ਵੱਲੋਂ ਕੋਈ ਹੁੰਗਾਰਾ ਨਾ ਦਿੱਤੇ ਜਾਣ ਕਾਰਨ ਉਨ੍ਹਾ ਨੂੰ ਅੱਜ ਸਿਮਰਨਜੀਤ ਸਿੰਘ ਮਾਨ ਦੀ ਰਿਹਾਇਸ਼ ਅੱਗੇ ਧਰਨਾ ਲਗਾਉਣਾ ਪਿਆ ਹੈ। ਉਨ੍ਹਾ ਕਿਹਾ ਕਿ ਉਨ੍ਹਾ ਦਾ ਮਕਸਦ ਕਿਸੇ ਇੱਕ ਲੀਡਰ ਨੂੰ ਨਿਸ਼ਾਨਾ ਬਣਾ ਕੇ ਬਦਨਾਮ ਕਰਨ ਦਾ ਨਹੀਂ, ਸਗੋਂ ਉਨ੍ਹਾ ਦਾ ਮਕਸਦ ਤਾਂ ਲੋਕਾਂ ਨੂੰ ਜਾਗਰੂਕ ਕਰਨਾ ਹੈ।

## ਕਾਤਰਾਂ

### ਸਰਕਾਰੀ ਪ੍ਰਾਇਮਰੀ ਸਕੂਲ (ਕੁੜੀਆਂ) ਨੂੰ ਪੱਖੇ ਦਾਨ

**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ, ਪੂਜਾ)**-ਸਰਕਾਰੀ ਪ੍ਰਾਇਮਰੀ ਸਕੂਲ ਸ੍ਰੀ ਮੁਕਤਸਰ ਸਾਹਿਬ (ਕੁੜੀਆਂ) ਨੂੰ ਸਟੇਟ ਬੈਂਕ ਆਫ ਇੰਡੀਆ (ਏਡੀਬੀ) ਬ੍ਰਾਂਚ ਬਠਿੰਡਾ ਰੋਡ ਸ੍ਰੀ ਮੁਕਤਸਰ ਸਾਹਿਬ ਦੇ ਅਲੋਕ ਸੋਨੀ (ਏ ਜੀ ਐੱਮ ਆਰ ਬੀ ਓ ਮੁਕਤਸਰ) ਤੇ ਆਰ ਕੇ ਅਹੂਜਾ ਚੀਫ ਮੈਨੇਜਰ ਐੱਸ ਬੀ ਆਈ ਏ ਡੀ ਬੀ ਬ੍ਰਾਂਚ ਮੁਕਤਸਰ ਵੱਲੋਂ ਹੈਵਲ ਕੰਪਨੀ ਦੇ ਦਸ ਪੱਖੇ ਦਾਨ ਵਜੋਂ ਦਿੱਤੇ ਗਏ। ਇਸ ਮੌਕੇ ਸੈਂਟਰ ਹੈੱਡ ਟੀਚਰ ਮਨੋਜ ਬੇਦੀ ਨੇ ਧੰਨਵਾਦ ਕੀਤਾ। ਇਸ ਮੌਕੇ ਪ੍ਰਤਿਭਾ, ਰਾਣੀ ਕੌਰ, ਗੀਤਾ ਰਾਣੀ, ਗੁਰਜੀਤ ਕੌਰ ਤੇ ਵੀਰਪਾਲ ਕੌਰ ਹਾਜ਼ਰ ਸਨ।

### ਅਣਪਛਾਤੇ ਵਿਅਕਤੀਆਂ ਵੱਲੋਂ ਮੈਡੀਕਲ ਸਟੋਰ ਦੇ ਮਾਲਕ 'ਤੇ ਹਮਲਾ

**ਬਰੇਟਾ (ਪੱਤਰ ਪ੍ਰੇਰਕ)**-ਸਥਾਨਕ ਸ਼ਹਿਰ ਅੰਦਰ ਅਣਪਛਾਤੇ ਵਿਅਕਤੀਆਂ ਵੱਲੋਂ ਮੈਡੀਕਲ ਸਟੋਰ ਦੇ ਮਾਲਕ 'ਤੇ ਹਮਲਾ ਕਰਨ ਦਾ ਸਮਾਚਾਰ ਮਿਲਿਆ ਹੈ। ਇਕੱਤਰ ਕੀਤੀ ਜਾਣਕਾਰੀ ਅਨੁਸਾਰ ਅਨਾਜ ਮੰਡੀ ਦੇ ਨਜ਼ਦੀਕ ਮੈਡੀਕਲ ਸਟੋਰ ਦੀ ਦੁਕਾਨ ਦਾ ਮਾਲਕ ਦੁਕਾਨ ਨੂੰ ਬੰਦ ਕਰਨ ਲੱਗਾ ਤਾਂ ਰਾਤ ਦੇ ਹਨੇਰੇ 'ਚ ਇੱਕ ਕਾਰ 'ਚ ਸਵਾਰ 4 ਵਿਅਕਤੀਆਂ ਨੇ ਇੱਕੋ ਦਮ ਹਮਲਾ ਕਰ ਦਿੱਤਾ। ਦੁਕਾਨ ਮਾਲਕ ਨੇ ਅੰਦਰ ਵੜ ਕੇ ਆਪਣੀ ਜਾਨ ਬਚਾਈ। ਕਾਰ ਦੀਆਂ ਤਸਵੀਰਾਂ ਸੀ ਸੀ ਟੀ ਵੀ ਕੈਮਰਿਆਂ 'ਚ ਕੈਦ ਹੋ ਗਈਆਂ ਹਨ। ਇਸ ਸੰਬੰਧੀ ਐੱਸ.ਐੱਚ.ਓ. ਗੁਰਦਰਸ਼ਨ ਸਿੰਘ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਸੀਸੀਟੀਵੀ ਕੈਮਰੇ ਦੀਆਂ ਫੋਟੋਆਂ ਦੇ ਅਧਾਰਤ ਮੁਲਜ਼ਮਾਂ ਨੂੰ ਜਲਦ ਕਾਬੂ ਕਰ ਲਿਆ ਜਾਵੇਗਾ। ਦੂਸਰੇ ਪਾਸੇ ਕਾਰਵਾਈ ਦੀ ਮੰਗ ਨੂੰ ਲੈ ਕੇ ਸ਼ਹਿਰ ਦੇ ਲੋਕਾਂ ਵੱਲੋਂ ਥਾਣੇ ਦੇ ਗੇਟ ਅੱਗੇ ਧਰਨਾ ਲਗਾ ਕੇ ਪੁਲਸ ਖਿਲਾਫ ਨਾਅਰੇਬਾਜ਼ੀ ਕੀਤੀ ਗਈ।

### ਆਰ.ਐੱਮ.ਪੀ.ਆਈ. ਵੱਲੋਂ ਜਖੇਪਲ 'ਚ ਜਨ ਸਭਾ ਅੱਜ

**ਸੁਨਾਮ (ਪੱਤਰ ਪ੍ਰੇਰਕ)**-'ਕਾਰਪੋਰੇਟ ਪੱਖੀ ਫਿਰਕੂ-ਫਾਸਿਸਟ ਸੱਤਾ' ਤੋਂ ਮੁਕਤੀ ਹਾਸਲ ਕਰਨ ਲਈ ਜਨ ਸੰਘਰਸ਼ਾਂ ਨੂੰ ਤੇਜ਼ ਕਰਨ ਦਾ ਹੋਕਾ ਦੇਣ ਵਾਸਤੇ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐੱਮ.ਪੀ.ਆਈ.) ਵੱਲੋਂ 25 ਸਤੰਬਰ ਨੂੰ ਇਤਿਹਾਸਕ ਪਿੰਡ ਜਖੇਪਲ ਦੀ ਮਜ਼ਦੂਰ ਧਰਮਸ਼ਾਲਾ ਵਿਖੇ ਸਜਾਏ ਗਏ 'ਕਾਮਰੇਡ ਵਿਦਿਆ ਦੇਵ ਲੌਂਗੋਵਾਲ ਪੰਡਾਲ' ਵਿੱਚ ਇਕ ਜਨ ਸਭਾ ਕੀਤੀ ਜਾ ਰਹੀ ਹੈ। ਪਾਰਟੀ ਦੇ ਜਨਰਲ ਸਕੱਤਰ ਸਾਥੀ ਮੰਗਤ ਰਾਮ ਪਾਸਲਾ, ਕੇਂਦਰੀ ਆਗੂ ਸਾਥੀ ਹਰਕੰਵਲ ਸਿੰਘ, ਪੰਜਾਬ ਰਾਜ ਕਮੇਟੀ ਦੇ ਪ੍ਰਧਾਨ ਤੇ ਐਕਟਿੰਗ ਸਕੱਤਰ ਸਾਥੀ ਰਤਨ ਸਿੰਘ ਰੰਧਾਵਾ ਤੇ ਪਰਗਟ ਸਿੰਘ ਜਾਮਾਰਾਏ ਸਮੇਤ ਹੋਰ ਕੇਂਦਰੀ ਤੇ ਸੂਬਾਈ ਆਗੂ ਜਨ ਸਮੂਹ ਅੱਗੇ ਵਿਚਾਰ ਰੱਖਣਗੇ। ਇਸ ਮੌਕੇ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਦੀ ਟੀਮ ਵੱਲੋਂ ਇਨਕਲਾਬੀ ਨਾਟਕ ਤੇ ਗੀਤ ਸੰਗੀਤ ਵੀ ਪੇਸ਼ ਕੀਤੇ ਜਾਣਗੇ। ਉਕਤ ਜਾਣਕਾਰੀ ਇੱਥੋਂ ਜਾਰੀ ਇੱਕ ਸਾਂਝੇ ਬਿਆਨ ਰਾਹੀਂ ਪਾਰਟੀ ਦੀ ਸੰਗਰੂਰ ਜ਼ਿਲ੍ਹਾ ਕਮੇਟੀ ਦੇ ਸਕੱਤਰ ਊਧਮ ਸਿੰਘ ਸੰਤੋਖਪੁਰਾ ਤੇ ਸੂਬਾ ਕਮੇਟੀ ਦੇ ਮੈਂਬਰ ਸਾਥੀ ਮੱਖਣ ਸਿੰਘ ਜਖੇਪਲ ਨੇ ਦਿੱਤੀ।

### ਡਾ. ਰਾਜਿੰਦਰ ਪਾਲ ਨੇ ਸਿਵਲ ਸਰਜਨ ਦਾ ਅਹੁਦਾ ਸੰਭਾਲਿਆ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਫਿਰੋਜ਼ਪੁਰ ਦੇ ਨਵ-ਨਯੁਕਤ ਸਿਵਲ ਸਰਜਨ ਡਾ. ਰਾਜਿੰਦਰ ਪਾਲ ਨੇ ਆਪਣੇ ਦਫਤਰ ਵਿਖੇ ਅਹੁਦਾ ਸੰਭਾਲ ਲਿਆ ਹੈ। ਉਹ ਇੱਕ ਟੀ ਬੀ ਤੇ ਚੈਸਟ ਸਪੈਸ਼ਲਿਸਟ ਡਾਕਟਰ ਹਨ ਤੇ ਇਸ ਤੋਂ ਪਹਿਲਾਂ ਫਾਜ਼ਿਲਕਾ ਵਿਖੇ ਬਤੌਰ ਸਿਵਲ ਸਰਜਨ ਨਿਯੁਕਤ ਸਨ। ਸਿਵਲ ਸਰਜਨ ਡਾ. ਰਾਜਿੰਦਰ ਪਾਲ ਨੇ ਆਪਣਾ ਅਹੁਦਾ ਸੰਭਾਲਣ ਉਪਰੰਤ ਜ਼ਿਲ੍ਹਾ ਨਿਵਾਸੀਆਂ ਨੂੰ ਬਿਹਤਰ ਸਿਹਤ ਸਹੂਲਤਾਂ ਉਪਲੱਬਧ ਕਰਵਾਏ ਜਾਣ ਦਾ ਵਿਸ਼ਵਾਸ ਦਿਵਾਇਆ ਹੈ। ਸਿਵਲ ਸਰਜਨ ਨੇ ਸਮੂਹ ਸਟਾਫ ਨੂੰ ਡਿਊਟੀ ਸਮੇਂ ਦੌਰਾਨ ਆਪਣੀ ਹਾਜ਼ਰੀ ਯਕੀਨੀ ਬਣਾਉਣ ਬਾਰੇ ਕਿਹਾ। ਇਸ ਮੌਕੇ ਸਹਾਇਕ ਸਿਵਲ ਸਰਜਨ ਡਾ. ਸੁਸ਼ਮਾ ਠੱਕਰ, ਵਿਕਾਸ ਕਲੜਾ ਤੇ ਕ੍ਰਿਸ਼ਨ ਕੁਮਾਰ ਆਦਿ ਹਾਜ਼ਰ ਸਨ।

### ਅੱਜ ਬਿਜਲੀ ਬੰਦ ਰਹੇਗੀ

**ਮਲੋਟ, (ਗੁਰਮੀਤ ਸਿੰਘ ਮੱਕੜ)** : ਸ਼ਹਿਰ ਦੀ ਬਿਜਲੀ ਸਪਲਾਈ 25 ਸਤੰਬਰ ਨੂੰ ਸਵੇਰੇ 11 ਵਜੇ ਤੋਂ ਲੈ ਕੇ ਸ਼ਾਮ 5 ਵਜੇ ਤੱਕ ਬੰਦ ਰਹੇਗੀ। ਬਿਜਲੀ ਬੋਰਡ ਦਫ਼ਤਰ ਵੱਲੋਂ ਮਿਲੀ ਜਾਣਕਾਰੀ ਅਨੁਸਾਰ ਮਹਾਂਵੀਰ ਨਗਰ, ਗੋਬਿੰਦ ਨਗਰ, ਆਦਰਸ਼ ਨਗਰ, ਗਊਸ਼ਾਲਾ ਰੋਡ, ਬਿਰਲਾ ਕਲੋਨੀ, ਗਣੇਸ਼ ਵਿਹਾਰ, ਮੱਕੜ ਕਲੋਨੀ, ਬਿਰਲਾ ਰੋਡ, ਲੋਹਾ ਬਾਜ਼ਾਰ, ਪੁਰਾਣੀ ਤਹਿਸੀਲ ਰੋਡ, ਪੁਰਾਣੀ ਕੋਰਟ ਰੋਡ, ਜੀ. ਟੀ. ਰੋਡ, ਨਾਗਪਾਲ ਨਗਰੀ, ਬਾਲਮੀਕਿ ਮੁਹੱਲਾ, ਇੰਦਰਾ ਬਸਤੀ, ਮੇਨ ਬਾਜ਼ਾਰ, ਸੁਪਰ ਬਾਜ਼ਾਰ, ਅਜੀਤ ਨਗਰ, ਕਲਗੀਧਰ ਮੁਹੱਲਾ, ਦਾਨੇਵਾਲਾ, ਛਾਪਿਆਂਵਾਲੀ, ਨਿਊ ਸੱਚਾ ਸੌਦਾ ਰੋਡ, ਕਿੰਗਰਾ ਰੋਡ, ਘੁਮਿਆਰਾ ਰੋਡ, ਏਕਤਾ ਨਗਰ, ਸ੍ਰੀ ਚੰਦ ਨਗਰ, ਜੀਵਨ ਨਗਰ ਆਦਿ ਏਰੀਏ ਦੀ ਬਿਜਲੀ ਸਪਲਾਈ ਬੰਦ ਰਹੇਗੀ।

### ਕਿਸਾਨ ਜਾਗਰੂਕਤਾ ਕੈਂਪ

**ਮੱਖੂ (ਰਛਪਾਲ ਸਿੰਘ ਸੰਧੂ)** : ਮੁੱਖ ਖੇਤੀਬਾੜੀ ਅਫਸਰ ਫਿਰੋਜ਼ਪੁਰ ਡਾ. ਤੇਜਪਾਲ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪਿੰਡ ਖਡੂਰ ਵਿਖੇ ਕਿਸਾਨ ਜਾਗਰੂਕਤਾ ਕੈਂਪ ਲਾਇਆ ਗਿਆ, ਜਿਸ ਵਿੱਚ ਡਾ. ਬਲਵਿੰਦਰ ਸਿੰਘ ਖੇਤੀਬਾੜੀ ਅਫਸਰ ਮੱਖੂ ਨੇ ਕਿਹਾ ਕਿ ਕਿਸਾਨਾਂ ਨੂੰ ਝੋਨੇ ਦੀ ਰਹਿੰਦ-ਖੂੰਹਦ ਦੀ ਸਾਂਭ ਸੰਭਾਲ ਪ੍ਰਤੀ ਜਾਗਰੂਕ ਕਰਦਿਆਂ ਝੋਨੇ ਦੀ ਪਰਾਲੀ ਨੂੰ ਅੱਗ ਲਾਉਣ ਦੀ ਬਜਾਏ ਹੈਪੀ ਸੀਡਰ, ਸੁਪਰਸੀਡਰ, ਮਲਚਰ, ਚੌਪਰ ਦੀ ਵਰਤੋਂ ਕਰਕੇ ਕਣਕ ਦੀ ਬਿਜਾਈ ਕੀਤੀ ਜਾਵੇ। ਇਸ ਮੌਕੇ ਸ੍ਰੀ ਭੁਪਿੰਦਰ ਖੇਤੀਬਾੜੀ ਉੱਪ-ਨਰੀਖਕ ਨੇ ਕਿਸਾਨਾਂ ਨੂੰ ਝੋਨੇ ਦੀ ਫਸਲ 'ਤੇ ਯੂਨੀਵਰਸਿਟੀ ਤੋਂ ਸਿਫਾਰਸ਼-ਸ਼ੁਦਾ ਕੀੜੇਮਾਰ ਜ਼ਹਿਰਾਂ ਸਪਰੇਅ ਨਾ ਕਰਨ ਲਈ ਪ੍ਰੇਰਿਤ ਕੀਤਾ।

# ਭਾਰੀ ਮੀਂਹ ਕਾਰਨ ਸ਼ਹਿਰ ਦੇ ਸਰਕਾਰੀ ਦਫਤਰਾਂ ਤੇ ਦੁਕਾਨਾਂ 'ਚ ਪਾਣੀ ਵੜਿਆ

**ਲਹਿਰਾਗਾਗਾ (ਪਵਨ ਸ਼ਰਮਾ)**-ਪਿਛਲੇ ਦੋ ਦਿਨਾਂ ਤੋਂ ਪੈ ਰਹੀ ਭਾਰੀ ਬਾਰਿਸ਼ ਨੇ ਜਿੱਥੇ ਪੂਰੇ ਪੰਜਾਬ ਨੂੰ ਮੁਸ਼ਕਲ ਵਿੱਚ ਪਾ ਰੱਖਿਆ ਹੈ, ਉੱਥੇ ਹੀ ਲਹਿਰਾਗਾਗਾ ਸ਼ਹਿਰ ਨੂੰ ਇਸ ਬਾਰਿਸ਼ ਕਾਰਨ ਬਹੁਤ ਹੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਥਾਨਕ ਡਾਕਖਾਨੇ ਤੇ ਐੱਚ.ਡੀ.ਐੱਫ.ਸੀ. ਬੈਂਕ ਦੇ ਕੋਲ ਵਾਲੀਆਂ ਦੁਕਾਨਾਂ ਤੇ ਸਥਾਨਕ ਨਗਰ ਕੌਂਸਲ ਦਫਤਰ ਅਤੇ ਐੱਸ.ਡੀ.ਐੱਮ. ਦਫਤਰ ਦੇ ਅੱਗੇ ਵੀ ਗੋਡੇ ਗੋਡੇ ਪਾਣੀ ਖੜ੍ਹਾ ਹੈ।

ਬੱਸ ਸਟੈਂਡ ਦੇ ਨਜ਼ਦੀਕ ਬਣਿਆ ਰੇਲਵੇ ਅੰਡਰ ਬਰਿੱਜ ਵੀ ਬਾਰਿਸ਼ ਦੇ ਪਾਣੀ ਨਾਲ ਨੱਕੋ-ਨੱਕ ਭਰਿਆ ਪਿਆ ਹੈ, ਜਿਸ ਕਾਰਨ ਮੰਡੀ ਵਾਲੇ ਪਾਸੇ ਦਾ ਸੰਪਰਕ ਪਿੰਡ ਵਾਲੇ ਪਾਸੇ ਨਾਲੋਂ ਟੁੱਟਿਆ ਪਿਆ ਹੈ।

ਦੁਕਾਨਦਾਰ ਦੀਪਕ ਸਿੰਗਲਾ, ਲੱਕੀ ਸਿੰਗਲਾ, ਦੀਪਕ ਫੋਟੋ ਸਟੇਟ, ਧਰਮਪਾਲ ਗੰਢੂਆਂ, ਵੇਦ ਪ੍ਰਕਾਸ਼ ਵੇਦੂ, ਟਿੰਮੀ ਬਿਜਲੀ ਵਾਲਾ, ਵਿੱਕੀ ਬੁਢਲਾਡਾ, ਸੈਫ ਅਲੀ ਖਾਨ, ਮਹਿੰਦਰ ਖੋਖਰ, ਭੱਟੀ ਗਾਗਾ ਤੇ ਪਿੰਚੂ ਜੀ ਹੈਂਡਲੂਮਜ਼ ਵਾਲਿਆਂ ਨੇ ਦੱਸਿਆ ਕਿ ਪਹਿਲਾਂ ਮਾਰਕਿਟ ਕਮੇਟੀ ਦਫਤਰ ਦੇ ਅੱਗੇ ਵੱਡਾ ਬਰਸਾਤੀ ਨਾਲਾ ਲੰਘਦਾ ਸੀ, ਪਰ ਪਤਾ ਨਹੀਂ ਕਿਉਂ ਪ੍ਰਸ਼ਾਸਨ ਨੇ ਉਸ ਨੂੰ ਬੰਦ ਕਰਕੇ ਉਸ ਦੀ ਥਾਂ ਪਾਈਪ ਦੱਬ ਦਿੱਤੇ, ਪ੍ਰੰਤੂ ਉਹ ਪਾਈਪ ਛੋਟੇ ਹੋਣ ਕਰਕੇ ਉਹ ਬਾਰਿਸ਼ ਦਾ ਪਾਣੀ ਨਹੀਂ ਖਿੱਚ ਸਕਦੇ, ਜਿਸ ਕਾਰਨ ਹੁਣ ਪਾਣੀ ਲੋਕਾਂ ਦੀਆਂ ਦੁਕਾਨਾਂ ਵਿੱਚ ਵੜ ਜਾਂਦਾ ਹੈ ਤੇ ਦੁਕਨਦਾਰਾਂ ਨੂੰ ਆਪਣੇ ਸ਼ਟਰ ਬੰਦ ਕਰਕੇ ਦੁਕਾਨਾਂ ਦੇ ਬਾਹਰ ਖੜ੍ਹਾ ਹੋਣਾ ਪੈਂਦਾ ਹੈ। ਉਨ੍ਹਾਂ ਦੱਸਿਆ ਕਿ ਪਹਿਲਾਂ ਨਾਲਾ ਓਪਨ ਹੋਣ ਕਰਕੇ ਕਦੇ ਵੀ ਇਹ ਸਮੱਸਿਆ ਨਹੀਂ ਆਈ ਸੀ। ਉਨ੍ਹਾਂ ਨੇ ਦੱਸਿਆ ਕਿ ਇਹ ਪਾਣੀ ਇਕੱਠਾ ਹੋ ਕੇ ਰੇਲਵੇ ਅੰਡਰ ਬਰਿੱਜ ਵਿੱਚ ਚਲਾ ਜਾਂਦਾ ਹੈ ਜੋ ਕਿ ਕਈ ਕਈ ਦਿਨਾਂ ਤੱਕ ਨਹੀਂ ਨਿਕਲਦਾ ਤੇ ਸਥਾਨਕ ਲੋਕਾਂ ਨੂੰ ਇੱਧਰ ਉੱਧਰ ਜਾਣ ਲਈ ਬਹੁਤ ਮੁਸ਼ਕਲ ਆਉਂਦੀ ਹੈ। ਉਨ੍ਹਾਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਇਸ ਪਾਣੀ ਦੀ ਸਮੱਸਿਆ ਤੋਂ ਸਾਨੂੰ ਨਿਜਾਤ ਦਿਲਾਈ ਜਾਵੇ ਤੇ ਇਸ ਦਾ ਪੱਕਾ ਪ੍ਰਬੰਧ ਕੀਤਾ ਜਾਵੇ ਪੱਕਾ ਪ੍ਰਬੰਧ ਕੀਤਾ ਜਾਵੇ।

# ਐੱਸ ਡੀ ਕਾਲਜ ਵਿਖੇ ਐੱਨ ਐੱਸ ਐੱਸ ਦਿਵਸ ਮਨਾਇਆ

**ਮੋਗਾ (ਅਮਰਜੀਤ ਬੱਬਰੀ)**-ਐੱਸ. ਡੀ. ਕਾਲਜ ਫਾਰ ਵੋਮੈਨ ਮੋਗਾ ਵਿਖੇ ਐੱਨ ਐੱਸ ਐੱਸ ਯੂਨਿਟ ਵੱਲੋਂ ਐੱਨ ਐੱਸ ਐੱਸ ਦਿਵਸ ਮਨਾਇਆ ਗਿਆ। ਕਾਲਜ ਪ੍ਰਿੰਸੀਪਲ ਡਾ. ਨੀਨਾ ਅਨੇਜਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕੌਮੀ ਸੇਵਾ ਯੋਜਨਾ ਦਿਵਸ ਹਰ ਸਾਲ 24 ਸਤੰਬਰ ਨੂੰ ਮਨਾਇਆ ਜਾਂਦਾ ਹੈ, ਜਿਸ ਦਾ ਮੰਤਵ ਰਾਸ਼ਟਰ ਦੇ ਵਿਦਿਆਰਥੀਆਂ ਦਾ ਭਾਵਨਾਤਮਕ ਤੇ ਬੌਧਿਕ ਵਿਕਾਸ ਦੇ ਨਾਲ-ਨਾਲ ਉਨ੍ਹਾਂ ਵਿੱਚ ਸਹਿਯੋਗ, ਸੰਜਮ ਤੇ ਅਨੁਸ਼ਾਸਨ ਵਰਗੇ ਗੁਣ ਪੈਦਾ ਕਰਨਾ ਹੈ। ਐੱਨ ਐੱਸ ਐੱਸ ਯੂਨਿਟ ਦੇ ਪ੍ਰੋਗਰਾਮ ਅਫਸਰ ਡਾ. ਬਲਜੀਤ ਕੌਰ ਨੇ ਵਿਦਿਆਰਥੀਆਂ ਨੂੰ ਕੌਮੀ ਸੇਵਾ ਯੋਜਨਾ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਇਸ ਦਾ ਨਾਅਰਾ "ਨੌਟ ਮੀ ਬੱਟ ਯੂ" ਹੈ ਤੇ ਇਹ ਯੋਜਨਾ ਵਿਦਿਆਰਥੀਆਂ ਨੂੰ ਸਮਾਜਿਕ ਸਮੱਸਿਆਵਾਂ ਪ੍ਰਤੀ ਜਾਗਰੂਕ ਕਰਦੀ ਹੈ।

ਇਸ ਦਾ ਉਦੇਸ਼ ਬੂਟੇ ਲਗਾਉਣਾ, ਵਾਤਾਵਰਨ ਦੀ ਸ਼ੁੱਧਤਾ ਲਈ ਸਾਫ ਸਫਾਈ ਦੀ ਮੁਹਿੰਮ ਚਲਾਉਣੀ, ਮੈਡੀਕਲ ਕੈਂਪਾਂ ਤੇ ਜਾਗਰੂਕ ਰੈਲੀਆਂ ਆਦਿ ਆਯੋਜਨ ਕਰਨਾ ਹੈ। ਉਨ੍ਹਾਂ ਨੇ ਪਾਵਰ ਪੁਆਇੰਟ ਪ੍ਰੈਜ਼ਨਟੇਸ਼ਨ ਰਾਹੀਂ ਗਤੀਵਿਧੀਆਂ ਬਾਰੇ ਦੱਸਿਆ ਤੇ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਸਮਾਜਿਕ ਵਿਕਾਸ ਕਾਰਜਾਂ ਵਿੱਚ ਹਿੱਸਾ ਪਾਉਣ ਲਈ ਪ੍ਰੇਰਿਆ। ਪ੍ਰੋਗਰਾਮ ਅਫਸਰ ਮਿਸਿਜ਼ ਨਮਿਤਾ ਨੇ ਸਾਰਿਆਂ ਦਾ ਧੰਨਵਾਦ ਕੀਤਾ।

# ਐੱਮ ਸੀ ਪੀ ਆਈ (ਯੂ) ਵੱਲੋਂ ਸਮਾਰਟ ਮੀਟਰ ਲਗਾਉਣ ਦੀ ਨਿੰਦਾ

**ਦੋਰਾਹਾ (ਹਰਮਿੰਦਰ ਸੇਠ)**-ਐੱਮ ਸੀ ਪੀ ਆਈ (ਯੂ) ਦੇ ਸੂਬਾ ਸਕੱਤਰ ਪਵਨ ਕੁਮਾਰ ਕੌਸ਼ਲ ਨੇ ਇੱਕ ਬਿਆਨ ਰਾਹੀਂ ਕੇਂਦਰ ਸਰਕਾਰ ਦੀਆਂ ਮਹਤਵਪੂਰਨ ਲੋਕ ਪੱਖੀ ਜਨਤਕ ਖੇਤਰ ਦੇ ਅਦਾਰਿਆਂ, ਜਿਨ੍ਹਾਂ ਵਿੱਚ ਬਿਜਲੀ ਉਤਪਾਦਨ, ਵੰਡ ਪ੍ਰਣਾਲੀ ਤੇ ਪ੍ਰਬੰਧ ਵਿਵਸਥਾ ਸ਼ਾਮਲ ਹੈ, ਦੇ ਨਿੱਜੀਕਰਨ ਵੱਲ ਪੁੱਟੇ ਜਾ ਰਹੇ ਕਦਮਾਂ ਦੀ ਸਖਤ ਨਿਖੇਧੀ ਕਰਦਿਆਂ ਇਸ ਨੂੰ ਲੋਕ ਵਿਰੋਧੀ ਤੇ ਕਾਰਪੋਰੇਟ ਘਰਾਣਿਆਂ ਪੱਖੀ ਕਰਾਰ ਦਿੱਤਾ ਹੈ। ਉਨ੍ਹਾ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਨੇ ਏਕਾਅਧਿਕਾਰ ਤਾਕਤਾਂ ਦੀ ਵਰਤੋਂ ਕਰਦੇ ਹੋਏ ਰਾਜਾਂ ਦੇ ਅਧਿਕਾਰਾਂ ਨੂੰ ਖ਼ਤਮ ਕਰਕੇ ਨਿੱਜੀਕਰਨ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਹੈ, ਜਿਸ ਨਾਲ ਟ੍ਰਾਂਸਮਿਸ਼ਨ, ਡਿਸਟੀਬਿਊਸ਼ਨ ਕਮ ਪ੍ਰਾਈਵੇਟ ਕੰਪਨੀਆਂ ਨੂੰ ਲਾਇਸੈਂਸੀ ਬਣਾ ਕੇ ਕੰਮ ਦਿੱਤਾ ਹੈ। ਭਗਵੰਤ ਮਾਨ ਸਰਕਾਰ ਨੇ ਪਹਿਲੀਆਂ ਲੋਕ ਵਿਰੋਧੀ ਸਰਕਾਰਾਂ ਵਾਂਗ ਹੀ ਕੇਂਦਰ ਸਰਕਾਰ ਵੱਲੋਂ ਕੀਤੇ ਜਾ ਰਹੇ ਬਿਜਲੀ ਵਿਭਾਗ ਦਾ ਮੁਕੰਮਲ ਨਿੱਜੀਕਰਨ ਕਰਨ ਦਾ ਹਮਲਾ ਤੇਜ਼ ਕੀਤਾ ਹੋਇਆ ਹੈ।

ਤਾਜ਼ਾ ਹਮਲੇ ਤਹਿਤ ਸਰਕਾਰ ਨੇ ਆਮ ਘਰਾਂ, ਸਰਕਾਰੀ ਮੁਲਾਜ਼ਮਾਂ, ਪੈਨਸ਼ਨਰਾਂ, ਸਰਕਾਰੀ ਦਫਤਰਾਂ ਤੇ ਕੁਆਟਰਾਂ ਵਿੱਚ ਪ੍ਰੀ-ਪੇਡ, ਪੋਸਟ ਪੇਡ ਸਮਾਰਟ ਬਿਜਲੀ ਦੇ ਮੀਟਰ ਲਾਉਣ ਦਾ ਫੈਸਲਾ ਕੀਤਾ ਹੈ। ਉਨ੍ਹਾ ਕਿਹਾ ਕਿ ਇਸ ਯੋਜਨਾ ਨੂੰ ਲਾਗੂ ਕਰਨ ਲਈ ਭਾਵੇਂ ਬਹਾਨਾ ਹੋਰ ਲਾਇਆ ਜਾ ਰਿਹਾ ਹੈ, ਪਰ ਹਕੀਕਤ ਇਹ ਯੋਜਨਾ ਮੋਦੀ ਸਰਕਾਰ ਵੱਲੋਂ ਬਿਜਲੀ ਖੇਤਰ ਦਾ ਮੁਕੰਮਲ ਨਿੱਜੀਕਰਨ ਕਰਨ ਲਈ ਸੰਸਦ ਵਿੱਚ ਪੇਸ਼ ਕੀਤੇ ਬਿਜਲੀ ਬਿੱਲ-2020-22 ਦਾ ਹੀ ਹਿੱਸਾ ਹੈ। ਇਸ ਦੇ ਲਾਗੂ ਹੋਣ ਨਾਲ ਬਿਜਲੀ ਖੇਤਰ ਦੇ ਮੁਕੰਮਲ ਨਿੱਜੀਕਰਨ ਲਈ ਰਾਹ ਪੱਧਰਾ ਹੋ ਜਾਵੇਗਾ ਤੇ ਬਿਜਲੀ ਮਹਿੰਗੀ ਹੋਵੇਗੀ, ਬੇਰੁਜ਼ਗਾਰੀ ਵਿੱਚ ਅਥਾਹ ਵਾਧਾ ਹੋਵੇਗਾ, ਜਿਸ ਕਾਰਨ ਅਸਾਮੀਆਂ ਦਾ ਖਾਤਮਾ ਹੋਵੇਗਾ। ਸਰਕਾਰ ਦੀਆਂ ਇਨ੍ਹਾਂ ਨੀਤੀਆਂ ਨਾਲ ਲੋਕਾਂ ਦੀਆਂ ਮੁਸ਼ਕਲਾਂ ਵਿੱਚ ਤੇ ਕਾਰਪੋਰੇਟ ਘਰਾਣਿਆਂ ਦੇ ਮੁਨਾਫੇ ਵਿੱਚ ਹੋਰ ਵਾਧਾ ਹੋਵੇਗਾ।

ਉਨ੍ਹਾ ਸਮੂਹ ਜਨਤਾ ਨੂੰ ਸਰਕਾਰ ਦੇ ਇਸ ਲੋਕ ਵਿਰੋਧੀ ਫੈਸਲੇ ਨੂੰ ਵਾਪਸ ਕਰਵਾਉਣ ਲਈ ਇਸ ਦਾ ਡੱਟ ਕੇ ਵਿਰੋਧ ਕਰਨ ਦੀ ਅਪੀਲ ਕੀਤੀ।

# 'ਆਪ' ਸਰਕਾਰ ਹਰ ਫਰੰਟ 'ਤੇ ਫੇਲ੍ਹ ਸਾਬਿਤ ਹੋਈ : ਸ਼ੁਭਮ ਸ਼ਰਮਾ

**ਧੂਰੀ, (ਰਾਜੇਸ਼ਵਰ ਪਿੰਟੂ)**-ਪੰਜਾਬ ਯੂਥ ਕਾਂਗਰਸ ਦੇ ਜਨਰਲ ਸਕੱਤਰ ਸ਼ੁਭਮ ਸ਼ੁਭੀ ਸ਼ਰਮਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪੰਜਾਬ ਦੀ 'ਆਪ' ਸਰਕਾਰ ਨੂੰ ਹਰ ਫਰੰਟ 'ਤੇ ਫੇਲ੍ਹ ਸਾਬਿਤ ਦੱਸਦਿਆਂ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਜਿਸ ਆਸਾਂ ਤੇ ਉਮੀਦਾਂ ਨਾਲ 'ਆਪ' ਨੂੰ ਵੋਟਾਂ ਪਾਈਆਂ ਸਨ, ਉਨ੍ਹਾਂ ਸਭ ਉਮੀਦਾਂ 'ਤੇ ਬੁਰੀ ਤਰ੍ਹਾਂ ਪਾਣੀ ਫਿਰਿਆ ਹੈ ਅਤੇ ਸਰਕਾਰ ਨੇ ਆਪਣਾ ਇਨ ਬਿਨ ਕੋਈ ਵੀ ਵਾਅਦਾ ਪੂਰਾ ਨਹੀਂ ਕੀਤਾ, ਸਗੋਂ ਗਰੰਟੀਆਂ 'ਤੇ ਸ਼ਰਤਾਂ ਲਗਾ ਕੇ ਆਮ ਲੋਕਾਂ ਨੂੰ ਇਸ ਤੋਂ ਵਾਂਝੇ ਕੀਤਾ ਹੈ। ਉਨ੍ਹਾ ਕਿਹਾ ਕਿ ਭਗਵੰਤ ਮਾਨ ਸਰਕਾਰ ਦਾ ਰਿਮੋਟ ਕੰਟਰੋਲ ਕੇਜਰੀਵਾਲ ਦੇ ਹੱਥ ਚੱਲ ਰਿਹਾ ਹੈ, ਜਿਸ ਕਾਰਨ ਭਗਵੰਤ ਮਾਨ 'ਲਾਚਾਰ' ਹੋਏ ਜਾਪਦੇ ਹਨ।

ਉਨ੍ਹਾ ਕਿਹਾ ਕਿ ਦਿੱਲੀ ਦੀ 'ਆਪ' ਸਰਕਾਰ ਪੰਜਾਬੀਆਂ ਤੇ ਪੰਜਾਬ ਦੇ ਹਿੱਤਾਂ ਵਿੱਚ ਬੇਲੋੜੀ ਦਖਲਅੰਦਾਜ਼ੀ ਕਰ ਰਹੀ ਹੈ, ਜਿਸ ਨੂੰ ਪੰਜਾਬ ਦੇ ਅਣਖੀ ਲੋਕ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ। ਉਨ੍ਹਾ ਸਰਕਾਰ ਦੀ ਛੇ ਮਹੀਨਿਆਂ ਦੀ ਕਾਰਗੁਜ਼ਾਰੀ ਨੂੰ ਨਿੰਦਣਯੋਗ ਦੱਸਦਿਆਂ ਕਿਹਾ ਕਿ ਸਰਕਾਰ ਦੇ ਵਿਧਾਇਕ ਹੀ ਅਫਸਰਾਂ ਨੂੰ ਜ਼ਲੀਲ ਕਰਕੇ ਫਿਰ ਮੁਆਫੀਆਂ ਮੰਗਣ 'ਤੇ ਆਦੀ ਹੋ ਗਏ ਹਨ। ਉਨ੍ਹਾ ਹਾਲ ਹੀ ਦੌਰਾਨ ਪੰਜਾਬ ਦੀ ਮਹਿਲਾ ਡਿਪਟੀ ਕਮਿਸ਼ਨਰ ਨਾਲ ਵਿਧਾਇਕ ਦੀ ਪਤਨੀ ਵੱਲੋਂ ਕੀਤੀ ਬਦਸਲੂਕੀ ਦੀ ਨਿੰਦਾ ਵੀ ਕੀਤੀ। ਉਨ੍ਹਾ ਕਿਹਾ ਕਿ 'ਆਪ' ਸਰਕਾਰ ਆਪਣੇ ਪੰਜ ਸਾਲ ਪੂਰੇ ਨਹੀਂ ਕਰ ਸਕੇਗੀ, ਕਿਉਂਕਿ 'ਆਪ' ਵਿੱਚ ਖਾਨਾਜੰਗੀ ਸ਼ੁਰੂ ਹੋ ਚੁੱਕੀ ਹੈ। ਉਨ੍ਹਾ ਕਿਹਾ ਕਿ ਗੁਜਰਾਤ, ਹਰਿਆਣਾ, ਹਿਮਾਚਲ ਪ੍ਰਦੇਸ਼ ਦੇ ਲੋਕਾਂ ਨੂੰ ਵੀ 'ਆਪ' ਵੱਲੋਂ ਪੰਜਾਬ ਦੀ ਤਰ੍ਹਾਂ ਸਬਜ਼ਬਾਗ ਦਿਖਾਏ ਜਾ ਰਹੇ ਹਨ, ਜਦਕਿ ਪੰਜਾਬ ਦੇ ਲੋਕਾਂ ਨੂੰ ਦਿੱਤੀਆਂ ਗਰੰਟੀਆਂ ਅੱਜ ਤੱਕ ਲਾਗੂ ਨਹੀਂ ਕੀਤੀਆਂ ਗਈਆਂ।

# ਗਲੋਬਲ ਫਲਾਇਰਜ਼ ਨੇ ਲਵਾਇਆ ਕੈਨੇਡਾ ਦਾ ਸਟੱਡੀ ਵੀਜ਼ਾ

**ਬੱਧਨੀ ਕਲਾਂ/ਅਜੀਤਵਾਲ (ਨਛੱਤਰ ਸੰਧੂ)**-ਗਲੋਬਲ ਫਲਾਇਰਜ਼ ਆਈਲਟਸ ਤੇ ਇਮੀਗ੍ਰੇਸ਼ਨ ਸੰਸਥਾ, ਜੋ ਕਿ ਮਿੰਨੀ ਬੱਸ ਅੱਡਾ ਲੋਪੋ ਰੋਡ ਬੱਧਨੀ ਕਲਾਂ (ਮੋਗਾ) ਵਿਖੇ ਹੈ, ਵੱਲੋਂ ਲਗਾਤਾਰ ਵਿਦੇਸ਼ ਵਿੱਚ ਪੜ੍ਹਾਈ ਕਰਨ ਵਾਲੇ ਬੱਚਿਆਂ ਲਈ ਵਰਦਾਨ ਸਾਬਿਤ ਹੋ ਰਹੀ ਹੈ। ਸੰਸਥਾ ਵੱਲੋਂ ਕਰਨਬੀਰ ਸਿੰਘ ਪੁੱਤਰ ਗੁਰਸੇਵਕ ਸਿੰਘ ਵਾਸੀ ਰਾਮਾ (ਮੋਗਾ) ਦਾ ਕੈਨੇਡਾ ਜਾਣ ਦਾ ਸੁਪਨਾ ਸਾਕਾਰ ਕੀਤਾ ਹੈ। ਗਲੋਬਲ ਫਲਾਇਰਜ਼ ਦੇ ਚੇਅਰਮੈਨ ਰਜਤ ਪਲਤਾ ਨੇ ਦੱਸਿਆ ਕਿ ਸੰਸਥਾ ਵੱਲੋਂ ਕੈਨੇਡਾ ਜਾਣ ਵਾਲੇ ਵਿਦਿਆਰਥੀਆਂ ਨੂੰ ਪੜ੍ਹਾਈ ਤਹਿਤ ਵਧੀਆ ਕਾਲਜ ਤੇ ਯੂਨੀਵਰਸਿਟੀ ਵਿੱਚ ਦਾਖਲਾ ਦਵਾਇਆ ਜਾਂਦਾ ਹੈ। ਇਸ ਮੌਕੇ ਕਰਨਬੀਰ ਸਿੰਘ ਤੇ ਉਸ ਦੇ ਪਰਿਵਾਰਕ ਮੈਂਬਰਾਂ ਨਾਲ ਖੁਸ਼ੀ ਜ਼ਾਹਰ ਕਰਦਿਆਂ ਐੱਮ ਡੀ ਰਜਤ ਪਲਤਾ ਨੇ ਪੂਰੇ ਸਟਾਫ ਦਾ ਧੰਨਵਾਦ ਕੀਤਾ। ਇਸ ਮੌਕੇ ਕਰਨਬੀਰ ਸਿੰਘ ਨੂੰ ਵੀਜ਼ਾ ਸੌਂਪਦੇ ਹੋਏ ਆਉਣ ਵਾਲੇ ਸੁਨਹਿਰੀ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।

# ਆਈ ਡੀ ਪੀ ਡੀ ਵੱਲੋਂ ਕਿਸਾਨ ਮੇਲੇ ਦੌਰਾਨ ਮੁਫ਼ਤ ਮੈਡੀਕਲ ਸਹਾਇਤਾ ਕੈਂਪ

**ਲੁਧਿਆਣਾ (ਐੱਮ ਐੱਸ ਭਾਟੀਆ)**-ਇੰਡੀਅਨ ਡਾਕਟਰਜ਼ ਫਾਰ ਪੀਸ ਐਂਡ ਡਿਵੈਲਪਮੈਂਟ (ਆਈ.ਡੀ.ਪੀ.ਡੀ.) ਵੱਲੋਂ ਪੀ ਏ ਯੂ ਵਿਖੇ ਕਿਸਾਨ ਮੇਲੇ 'ਤੇ ਆਏ ਕਿਸਾਨਾਂ ਲਈ ਦੋ ਦਿਨਾ ਮੁਫਤ ਮੈਡੀਕਲ ਸਹਾਇਤਾ ਕੈਂਪ ਲਾਇਆ ਗਿਆ। ਇਸ ਕੈਂਪ ਦੌਰਾਨ ਮੈਡੀਕਲ ਟੀਮ ਨੇ 1000 ਦੇ ਲੱਗਭੱਗ ਰੋਗੀਆਂ ਦਾ ਮੁਆਇਨਾ ਕੀਤਾ ਤੇ ਉਨ੍ਹਾਂ ਨੂੰ ਮੁਫਤ ਦਵਾਈਆਂ ਦਿੱਤੀਆਂ। ਇਸ ਮੈਡੀਕਲ ਟੀਮ ਵਿੱਚ ਡਾ. ਅਰੁਣ ਮਿੱਤਰਾ, ਡਾ. ਗੁਰਬੀਰ ਸਿੰਘ, ਡਾ. ਸੂਰਜ ਢਿੱਲੋਂ, ਡਾ. ਰਜਤ ਗਰੋਵਰ, ਡਾ. ਅੰਕੁਸ਼ ਕੁਮਾਰ, ਡਾ. ਸੀਰਤ ਸੇਖੋਂ, ਡਾ. ਜਸਵਿੰਦਰ ਸਿੰਘ ਤੋਂ ਇਲਾਵਾ ਪੈਰਾ-ਮੈਡੀਕਲ ਸਟਾਫ ਅਨੋਦ ਕੁਮਾਰ, ਸੰਜੀਤ ਕੁਮਾਰ, ਮਨਿੰਦਰ ਸਿੰਘ, ਮਨਜੋਤ ਤੇ ਸਤਵੀਰ ਸਿੰਘ ਸ਼ਾਮਲ ਸਨ। ਜ਼ਿਆਦਾਤਰ ਰੋਗੀ ਪੇਟ 'ਚ ਗੈਸ, ਜੀਅ ਕੱਚਾ ਹੋਣਾ, ਉਲਟੀਆਂ ਆਉਣਾ, ਜੋੜਾਂ ਦੇ ਦਰਦ, ਬੁਖਾਰ ਤੇ ਸਿਰ ਦੁਖਣਾ ਆਦਿ ਦੇ ਮਰੀਜ਼ ਸਨ।

ਜ਼ਿਕਰਯੋਗ ਹੈ ਕਿ ਆਈ.ਡੀ.ਪੀ.ਡੀ. ਨੇ ਕਿਸਾਨ ਅੰਦੋਲਨ ਦੌਰਾਨ ਦਿੱਲੀ ਦੀਆਂ ਬਰੂਹਾਂ 'ਤੇ ਬੈਠੇ ਕਿਸਾਨਾਂ ਨਾਲ 50 ਤੋਂ ਜ਼ਿਆਦਾ ਵਾਰ ਮੈਡੀਕਲ ਕੈਂਪ ਲਾਏ ਸਨ, ਜਿਸ ਲਈ ਕਿਸਾਨ ਅੰਦੋਲਨ ਦੇ ਆਗੂਆਂ ਨੇ ਇਸ ਸੰਸਥਾ ਦੀ ਭਾਰੀ ਪ੍ਰਸ਼ੰਸਾ ਕੀਤੀ ਸੀ। ਡਾ. ਅਰੁਣ ਮਿੱਤਰਾ, ਜੋ ਇਸ ਸੰਸਥਾ ਦੇ ਉੱਪ ਪ੍ਰਧਾਨ ਹਨ, ਦੀ ਅਗਵਾਈ ਵਿੱਚ ਦੇਸ਼ ਵਿੱਚ ਵੱਖ ਵੱਖ ਥਾਵਾਂ 'ਤੇ ਜਿਵੇਂ ਕਿ ਉੱਤਰਾਖੰਡ ਵਿੱਚ ਹੜ੍ਹਾਂ ਦੌਰਾਨ ਤੇ ਕਸ਼ਮੀਰ 'ਚ ਆਏ ਭੂਚਾਲ ਦੌਰਾਨ ਮੁਫ਼ਤ ਮੈਡੀਕਲ ਕੈਂਪ ਲਗਾਏ। ਇਸ ਮੌਕੇ ਦਵਾਈਆਂ ਦੀਆਂ ਬੇਤਹਾਸ਼ਾ ਕੀਮਤਾਂ ਖਿਲਾਫ ਜਾਗਰੂਕ ਕਰਨ ਲਈ ਪੈਂਫਲੈਟ ਵੰਡੇ ਗਏ, ਜਿਸ ਵਿੱਚ ਸਰਕਾਰ ਤੋਂ ਮੰਗ ਕੀਤੀ ਗਈ ਕਿ ਦਵਾਈਆਂ 'ਤੇ ਲਏ ਜਾ ਰਹੇ ਬੇਤਹਾਸ਼ਾ ਮੁਨਾਫ਼ੇ ਨੂੰ ਨਿਯੰਤਰਿਤ ਕੀਤਾ ਜਾਵੇ, ਦਵਾਈਆਂ ਬਣਾਉਣ ਦੇ ਕਾਰਖਾਨੇ ਜਨਤਕ ਖੇਤਰ ਵਿੱਚ ਲਾਏ ਜਾਣ, ਦਵਾਈਆਂ ਬਣਾਉਣ ਦੇ ਜਨਤਕ ਖੇਤਰ ਦੇ ਬੰਦ ਪਏ ਕਾਰਖਾਨਿਆਂ ਨੂੰ ਚਾਲੂ ਕੀਤਾ ਜਾਵੇ, ਦਵਾਈਆਂ ਦੇ ਉੱਤੇ ਉਨ੍ਹਾਂ ਦੀ ਬਣਾਉਣ ਦੀ ਕੀਮਤ ਤੇ ਵੇਚਣ ਦੀ ਕੀਮਤ (ਐੱਮ ਆਰ ਪੀ) ਮੋਟੇ ਅੱਖਰਾਂ ਵਿੱਚ ਲਿਖੀ ਜਾਵੇ ਅਤੇ ਸਾਰੀਆਂ ਦਵਾਈਆਂ ਨੂੰ ਜ਼ਰੂਰੀ ਦਵਾਈਆਂ ਦੇ ਤੌਰ 'ਤੇ ਐਲਾਨਿਆ ਜਾਵੇ।

# ਲੋਕ ਮੋਰਚਾ ਪੰਜਾਬ ਵੱਲੋਂ ਥਰਮਲ ਲਹਿਰਾ ਦੇ ਠੇਕਾ ਮੁਲਾਜ਼ਮਾਂ ਨਾਲ ਮੀਟਿੰਗ

**ਲਹਿਰਾ ਮੁਹੱਬਤ, (ਭੀਮ ਸੈਨ ਹਦਵਾਰੀਆ)**-ਸ਼ਹੀਦ ਭਗਤ ਸਿੰਘ ਦੇ 'ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖਤਮ ਕਰਨ, ਸਾਮਰਾਜ ਨੂੰ ਮੁਲਕ 'ਚੋਂ ਬਾਹਰ ਕੱਢਣ, ਪੂੰਜੀਪਤੀਆਂ ਤੇ ਜਗੀਰਦਾਰਾਂ ਦਾ ਫਸਤਾ ਵੱਢਣ ਦੀ ਅਤੇ ਦੱਬੇ ਕੁਚਲੇ ਲੋਕਾਂ ਹੱਥ ਰਾਜ ਦੇਣ ਦੇ' ਇਨਕਲਾਬੀ ਵਿਚਾਰਾਂ ਨੂੰ ਲੋਕਾਂ ਵਿੱਚ ਲੈ ਕੇ ਜਾਣ ਦੀ ਸ਼ੁਰੂ ਮੁਹਿੰਮ ਦੀ ਲੜੀ ਤਹਿਤ ਲੋਕ ਮੋਰਚਾ ਪੰਜਾਬ ਵੱਲੋਂ ਥਰਮਲ ਪਲਾਂਟ ਲਹਿਰਾ ਮੁਹੱਬਤ ਦੇ ਠੇਕਾ ਮੁਲਾਜ਼ਮਾਂ ਦੀ ਮੀਟਿੰਗ ਕੀਤੀ ਗਈ। ਇਸ ਮੌਕੇ ਲੋਕ ਮੋਰਚਾ ਪੰਜਾਬ ਦੇ ਸੂਬਾ ਸਕੱਤਰ ਮਾ. ਜਗਮੇਲ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਇਸ ਮੁਹਿੰਮ ਰਾਹੀਂ ਭਗਤ ਸਿੰਘ ਦੇ ਇਨਕਲਾਬੀ ਵਿਚਾਰਾਂ ਤੇ ਜੁਝਾਰੂ ਅਮਲਾਂ ਨੂੰ ਮਨਾਂ 'ਚ ਵਸਾਉਣ ਤੇ ਆਪਣੇ ਸੰਘਰਸ਼ਾਂ ਰਾਹੀਂ ਅਮਲੀ ਜਾਮਾ ਪਹਿਨਾਉਣ ਲਈ ਲੋਕਾਂ ਨੂੰ ਸੱਦਾ ਦਿੱਤਾ ਗਿਆ ਹੈ। ਸ਼ਹੀਦ ਦੇ ਇਨਕਲਾਬੀ ਵਿਚਾਰਾਂ ਨੂੰ ਰੋਲਣ ਤੇ ਉਸ ਦੇ ਲੋਕਾਂ ਵਿੱਚ ਬਣੇ ਮਾਣ-ਤਾਣ ਦਾ ਸਿਆਸੀ ਲਾਹਾ ਖੱਟਣ ਦੇ ਰਾਜ ਗੱਦੀਆਂ ਦੇ ਲੋਭੀ ਹਾਕਮਾਂ ਦੇ ਸਾਰੇ ਧੜੇ ਦੰਭ ਖੇਡਦੇ ਆ ਰਹੇ ਹਨ, ਹੁਣ ਸੂਬੇ ਅੰਦਰ ਆਪ ਪਾਰਟੀ ਇਹ ਦੰਭੀ ਨਾਟਕ ਖੇਡ ਰਹੀ ਹੈ। ਹਕੀਕਤ ਇਹ ਹੈ ਕਿ ਸ਼ਹੀਦ ਦੇ ਵਿਚਾਰਾਂ ਦੇ ਉਲਟ ਜਾ ਕੇ ਆਪ ਪਾਰਟੀ ਸਾਮਰਾਜੀਆਂ ਤੇ ਸਰਮਾਏਦਾਰਾਂ ਪ੍ਰਤੀ ਵਫ਼ਾਦਾਰੀ ਪਾਲਣ ਦਾ ਰਿਕਾਰਡ ਬਣਾ ਰਹੀ ਹੈ। ਪਹਿਲੀਆਂ ਸਰਕਾਰਾਂ ਵਾਂਗ 'ਵਿਕਾਸ' ਦੇ ਨਾਂਅ ਹੇਠ ਦੇਸੀ/ਵਿਦੇਸ਼ੀ ਕੰਪਨੀਆਂ ਨੂੰ ਸੂਬਾ ਲੁੱਟਣ ਦੇ ਸੱਦੇ ਦੇ ਰਹੀ ਹੈ। ਵੱਡਾ ਖ਼ਰਚਾ ਕਰਕੇ 'ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ' ਕਰ ਰਹੀ ਹੈ, ਕਾਰਪੋਰੇਟਾਂ ਨੂੰ ਸਲਾਹਕਾਰ ਬਣਾ ਰਹੀ ਹੈ, ਹੱਕ ਮੰਗਦੇ ਲੋਕਾਂ 'ਤੇ ਪੁਲਸੀਆ ਜਬਰ ਢਾਹ ਰਹੀ ਹੈ ਤੇ ਪੁਲਸੀ ਡਾਂਗਾਂ ਤੇ ਕਾਲੇ ਕਾਨੂੰਨਾਂ ਦੇ ਜ਼ੋਰ ਰੋਸ ਪ੍ਰਗਟਾਉਣ ਦੇ ਬੁਨਿਆਦੀ ਹੱਕ ਖੋਹ ਰਹੀ ਹੈ। ਮੀਟਿੰਗ ਦੌਰਾਨ ਬਰਨਾਲਾ ਵਿਖੇ ਪ੍ਰੋਫ਼ੈਸਰਾਂ ਤੇ ਲਾਇਬ੍ਰੇਰੀਅਨਾਂ ਉੱਤੇ ਕੀਤੇ ਲਾਠੀਚਾਰਜ ਦੀ ਨਿਖੇਧੀ ਕਰਦਿਆਂ ਉਨ੍ਹਾਂ ਨੂੰ ਰੁਜ਼ਗਾਰ ਦੇਣ ਤੇ ਨਿੱਜੀ ਯੂਨੀਵਰਸਿਟੀ ਘੜੂੰਆਂ ਅੰਦਰ ਵਾਪਰੀਆਂ ਘਟਨਾਵਾਂ ਲਈ ਸਰਕਾਰ ਤੇ ਯੂਨੀਵਰਸਿਟੀ ਦੇ ਮਾਲਕਾਂ/ਪ੍ਰਬੰਧਕਾਂ ਨੂੰ ਜ਼ੁੰਮੇਵਾਰ ਦੱਸਦਿਆਂ ਘਟਨਾਵਾਂ ਦੇ ਸਹੀ ਤੱਥ ਲੋਕਾਂ ਸਾਹਮਣੇ ਲਿਆਉਣ ਦੀ ਮੰਗ ਕੀਤੀ ਗਈ।

# ਪੱਤਰਕਾਰੀ ਵਿਭਾਗ ਨੇ ਮਨਾਇਆ ਰਾਸ਼ਟਰੀ ਸਿਨਮਾ ਦਿਵਸ

**ਫ਼ਤਹਿਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ)**-ਮਾਤਾ ਗੁਜਰੀ ਕਾਲਜ ਦੇ ਪੱਤਰਕਾਰੀ ਤੇ ਜਨਸੰਚਾਰ ਵਿਭਾਗ ਵੱਲੋਂ ਰਾਸ਼ਟਰੀ ਸਿਨਮਾ ਦਿਵਸ ਮਨਾਇਆ ਗਿਆ, ਜਿਸ ਵਿੱਚ ਕਾਲਜ ਦੇ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਇਸ ਮੌਕੇ ਵਿਦਿਆਰਥੀਆਂ ਨੂੰ ਕੁਝ ਪ੍ਰਸਿੱਧ ਪ੍ਰੇਰਨਾਦਾਇਕ ਫ਼ਿਲਮਾਂ ਦਿਖਾਈਆਂ ਗਈਆਂ ਤੇ ਵਿਭਾਗ ਦੇ ਰੰਗਮੰਚ ਨਾਲ ਜੁੜੇ ਕੁਝ ਵਿਦਿਆਰਥੀਆਂ ਨੇ ਅਦਾਕਾਰੀ ਦੁਆਰਾ ਆਪਣੀ ਕਲਾ ਦਾ ਵਧੀਆ ਪ੍ਰਦਰਸ਼ਨ ਕੀਤਾ।

ਇਸ ਦੌਰਾਨ ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਆਪਣੇ ਵਿਚਾਰ ਰੱਖਦਿਆਂ ਕਿਹਾ ਕਿ ਭਾਵੇਂ ਅੱਜਕੱਲ੍ਹ ਡਿਜੀਟਲ ਮੀਡੀਆ ਦਾ ਬੋਲਬਾਲਾ ਹੈ, ਪਰ ਸਿਨਮਾ ਜਿੱਥੇ ਮਨੁੱਖ ਦੇ ਸੁਹਜ ਸੁਆਦ ਦੀ ਤ੍ਰਿਪਤੀ ਕਰਨ ਦੇ ਨਾਲ-ਨਾਲ ਉਸ ਦੀ ਅੰਦਰਲੀ ਰਚਨਾਤਮਕ ਕਿਰਿਆ ਨੂੰ ਜਾਗ੍ਰਿਤ ਕਰਦਾ ਹੈ, ਉਥੇ ਨਾਲ ਹੀ ਵਿੱਦਿਆ ਦੇ ਪਸਾਰ ਤੇ ਸਮਾਜ ਦੇ ਸੁਧਾਰ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਅ ਸਕਦਾ ਹੈ। ਪੱਤਰਕਾਰੀ ਵਿਭਾਗ ਦੇ ਮੁਖੀ ਪ੍ਰੋ. ਹਰਗੁਣਪ੍ਰੀਤ ਸਿੰਘ ਨੇ ਕਿਹਾ ਕਿ ਵਿਦਿਆਰਥੀਆਂ ਦਾ ਸਿਨੇਮਾ ਦੇ ਰਚਨਾਤਮਕ ਪੱਖਾਂ ਨਾਲ ਜਾਣੂ ਹੋਣਾ ਬਹੁਤ ਜ਼ਰੂਰੀ ਹੈ, ਕਿਉਂਕਿ ਉਹ ਇਸ ਖੇਤਰ ਵਿੱਚ ਆਪਣਾ ਚੰਗਾ ਭਵਿੱਖ ਬਣਾ ਸਕਦੇ ਹਨ। ਪ੍ਰੋਗਰਾਮ ਦੇ ਕੋਆਰਡੀਨੇਟਰ ਪ੍ਰੋ. ਮੀਨਾਕਸ਼ੀ ਨੇ ਦੱਸਿਆ ਕਿ ਸਮਾਗਮ ਦੌਰਾਨ ਵਿਭਾਗ ਦੇ ਵਿਦਿਆਰਥੀ ਸੁਖਦੇਵ ਸਿੰਘ, ਵਿਸ਼ਾਲ ਸਿੰਘ, ਭਾਵਨਾ, ਗੁਰਪ੍ਰੀਤ ਸਿੰਘ, ਗੁਰਪ੍ਰੀਤ ਕੌਰ, ਅਕਾਂਸ਼ਾ, ਵਿਕਰਮਜੀਤ ਸਿੰਘ, ਸਾਹਿਬਪ੍ਰੀਤ ਸਿੰਘ ਤੇ ਹੋਰ ਵਿਦਿਆਰਥੀਆਂ ਨੇ ਆਪਣੀ ਅਦਾਕਾਰੀ ਦੁਆਰਾ ਵਧੀਆ ਕਾਰਗੁਜ਼ਾਰੀ ਦਿਖਾਈ।

# ਨਾਨ-ਟੀਚਿੰਗ ਸਟਾਫ ਵੱਲੋਂ ਅਕਾਲ ਡਿਗਰੀ ਕਾਲਜ ਮਸਤੂਆਣਾ ਸਾਹਿਬ ਵਿਖੇ ਰੋਸ ਧਰਨਾ

**ਲੌਂਗੋਵਾਲ (ਪ੍ਰਦੀਪ ਸਪੱਲ, ਕੁਲਦੀਪ ਅੱਤਰੀ)**-ਪ੍ਰਾਈਵੇਟ ਕਾਲਜ ਨਾਨ-ਟੀਚਿੰਗ ਇੰਪਲਾਈਜ਼ ਯੂਨੀਅਨ ਪੰਜਾਬ ਦੇ ਸੱਦੇ ਤਹਿਤ ਅਕਾਲ ਡਿਗਰੀ ਕਾਲਜ ਮਸਤੂਆਣਾ ਸਾਹਿਬ ਵਿਖੇ ਆਪਣੀਆਂ ਮੰਗਾਂ ਨੂੰ ਲੈ ਕੇ ਸਰਕਾਰ ਵਿਰੁੱਧ ਰੋਸ ਧਰਨਾ ਦਿੱਤਾ ਗਿਆ। ਇਸ ਮੌਕੇ ਜ਼ਿਲ੍ਹਾ ਸੰਗਰੂਰ ਦੇ ਪ੍ਰਧਾਨ ਸਤਨਾਮ ਸਿੰਘ ਤੇ ਸਕੱਤਰ ਗੁਰਚਰਨ ਸਿੰਘ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਉਚੇਰੀ ਸਿੱਖਿਆ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਤੇ ਖਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਤੋਂ ਪੁਰਜ਼ੋਰ ਸ਼ਬਦਾਂ ਵਿੱਚ ਮੰਗ ਕੀਤੀ ਗਈ ਕਿ ਸਹਾਇਤਾ ਪ੍ਰਾਪਤ ਪ੍ਰਾਈਵੇਟ ਕਾਲਜਾਂ ਵਿੱਚ ਲੰਮੇ ਸਮੇਂ ਤੋਂ ਕੰਮ ਕਰਦੇ ਅਨਏਡਿਡ ਨਾਨ-ਟੀਚਿੰਗ ਕਰਮਚਾਰੀਆਂ ਨੂੰ ਪਹਿਲ ਦੇ ਆਧਾਰ 'ਤੇ ਪੂਰੇ ਗਰੇਡ ਤੇ ਕਵਰਡ ਪੋਸਟਾਂ ਦੇ ਅਧੀਨ ਲਿਆਂਦਾ ਜਾਵੇ। ਇੱਥੇ ਇਹ ਗੱਲ ਵਰਨਣਯੋਗ ਹੈ ਕਿ ਪੰਜਾਬ ਵਿੱਚ ਸਹਾਇਤਾ ਪ੍ਰਾਪਤ ਪ੍ਰਾਈਵੇਟ ਕਾਲਜਾਂ ਵਿੱਚ ਬਹੁਤ ਸਾਰੇ ਨਾਨ-ਟੀਚਿੰਗ ਇੰਪਲਾਈਜ਼ ਪਿਛਲੇ 25 ਸਾਲਾਂ ਤੋਂ ਅਨਏਡਿਡ ਪੋਸਟਾਂ 'ਤੇ ਕੰਮ ਕਰ ਰਹੇ ਹਨ। ਉਨ੍ਹਾਂ ਨੂੰ ਕਵਰਡ ਪੋਸਟਾਂ 'ਤੇ ਪੂਰੇ ਗਰੇਡ ਅਧੀਨ ਭਰਤੀ ਕਰੇ। ਇਸ ਸਮੇਂ ਨਾਨ-ਟੀਚਿੰਗ ਕਰਮਚਾਰੀ 7810 ਰੁਪਏ ਨਿਗੂਣੀ ਤਨਖਾਹ 'ਤੇ ਕੰਮ ਕਰ ਰਹੇ ਹਨ। ਇੰਨੀ ਘੱਟ ਤਨਖਾਹ 'ਤੇ ਅੱਜ ਦੀ ਮਹਿੰਗਾਈ ਦੇ ਜ਼ਮਾਨੇ ਵਿੱਚ ਗੁਜ਼ਾਰਾ ਕਰਨਾ ਬਹੁਤ ਮੁਸ਼ਕਲ ਹੈ। ਸਰਕਾਰ ਤੋਂ ਮੰਗ ਕੀਤੀ ਗਈ ਕਿ ਪੰਜਾਬ ਸਰਕਾਰ ਸਹਾਇਤਾ ਪ੍ਰਾਪਤ ਪ੍ਰਾਈਵੇਟ ਕਾਲਜਾਂ ਵਿੱਚ ਪਹਿਲਾਂ ਕੰਮ ਕਰਦੇ ਮੁਲਾਜ਼ਮਾਂ ਨੂੰ ਪਹਿਲ ਦੇ ਆਧਾਰ 'ਤੇ ਕਵਰਡ ਪੋਸਟਾਂ 'ਤੇ ਅਡਜਸਟ ਕਰੇ ਤਾਂ ਜੋ ਇਨ੍ਹਾਂ ਕਰਮਚਾਰੀਆਂ ਨੂੰ ਵੀ ਰਾਹਤ ਮਿਲ ਸਕੇ। ਇਸ ਸਮੇਂ ਪੰਜਾਬ ਵਿੱਚ ਸਹਾਇਤਾ ਪ੍ਰਾਪਤ ਪ੍ਰਾਈਵੇਟ ਕਾਲਜਾਂ ਵਿੱਚ ਬਹੁਤ ਸਾਰੀਆਂ ਨਾਨ-ਟੀਚਿੰਗ ਸਟਾਫ ਦੀਆਂ ਪੋਸਟਾਂ ਖਾਲੀ ਹਨ। ਪੰਜਾਬ ਸਰਕਾਰ ਸਹਾਇਤਾ ਪ੍ਰਾਪਤ ਕਾਲਜਾਂ ਵਿੱਚ ਅਨਏਡਿਡ ਨਾਨ-ਟੀਚਿੰਗ ਕਰਮਚਾਰੀਆਂ ਨੂੰ ਪਹਿਲ ਦੇ ਆਧਾਰ 'ਤੇ ਪੂਰੇ ਗਰੇਡ ਤੇ ਕਵਰਡ ਪੋਸਟਾਂ ਦੇ ਅਧੀਨ ਲਿਆਉਣ ਦਾ ਨੋਟੀਫਿਕੇਸ਼ਨ ਜਾਰੀ ਕਰੇ। ਸ. ਸਤਨਾਮ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਤੋਂ ਇਹ ਵੀ ਮੰਗ ਕੀਤੀ ਗਈ ਕਿ ਛੇਵੇਂ ਤਨਖਾਹ ਕਮਿਸ਼ਨ ਦੀ ਰਿਪੋਰਟ ਪ੍ਰਾਈਵੇਟ ਕਾਲਜਾਂ ਦੇ ਕੰਮ ਕਰਦੇ ਨਾਨ-ਟੀਚਿੰਗ ਕਰਮਚਾਰੀਆਂ 'ਤੇ ਵੀ ਲਾਗੂ ਕਰੇ। ਇਸ ਦੇ ਨਾਲ ਹੋਰ ਰਹਿੰਦੀਆਂ ਬਕਾਇਆ ਮੰਗਾਂ 1-12-2011 ਤੋਂ ਸੋਧੇ ਹੋਏ ਗ੍ਰੇਡ-ਪੇ ਦੀ ਨੋਟੀਫਿਕੇਸ਼ਨ ਨੂੰ ਜਾਰੀ ਕਰਨਾ, 1-8-2009 ਤੋਂ ਵਧੀ ਹੋਈ ਦਰ ਨਾਲ ਐੱਚ.ਆਰ.ਏ, ਮੈਡੀਕਲ ਭੱਤਾ 350 ਤੋਂ 500 ਕਰਨ ਦੀ ਨੋਟੀਫਿਕੇਸ਼ਨ ਜਾਰੀ ਕਰਨਾ, ਡੀ ਏ ਦੀ ਬਕਾਇਆ ਰਾਸ਼ੀ ਲਈ ਨੋਟੀਫਿਕੇਸ਼ਨ ਜਾਰੀ ਕਰਨਾ ਆਦਿ ਮੰਗਾਂ ਪਹਿਲ ਦੇ ਆਧਾਰ 'ਤੇ ਪੂਰੀਆਂ ਕੀਤੀਆਂ ਜਾਣ। ਇਸ ਧਰਨੇ ਵਿੱਚ ਸੁਖਪਾਲ ਸਿੰਘ ਮਹਿਲਾ, ਜਸਪਾਲ ਸਿੰਘ ਦੁੱਗਾਂ, ਨੰਬਰਦਾਰ ਗੁਰਚਰਨ ਸਿੰਘ, ਲਖਵਿੰਦਰ ਸਿੰਘ ਵੜੈਚ, ਹਰਦੀਪ ਸਿੰਘ ਗਿੱਲ, ਹਰਪਾਲ ਸਿੰਘ ਉੱਭਾਵਾਲ, ਮਨਜੀਤ ਸਿੰਘ ਸਿੱਧੂ, ਹਰਮੇਲ ਸਿੰਘ ਧਾਂਦਰਾ, ਸੁਖਵਿੰਦਰ ਸਿੰਘ ਚੰਗਾਲ, ਗੁਰਪ੍ਰੀਤ ਸਿੰਘ, ਜਸਪ੍ਰੀਤ ਸਿੰਘ ਭਰੂਰ, ਅਮਨ ਲਹਿਰਾ, ਅਮਨਦੀਪ ਕੌਰ, ਗੁਰਪ੍ਰੀਤ ਕੌਰ, ਲਖਵਿੰਦਰ ਕੌਰ, ਵੀਰਪਾਲ ਸਿੰਘ ਬਰਨਾਲਾ, ਗੁਰਮੇਲ ਸਿੰਘ ਦੁੱਗਾਂ, ਦਰਸ਼ਨ ਸਿੰਘ, ਗੁਰਪ੍ਰੀਤ ਸਿੰਘ, ਮਨਪ੍ਰੀਤ ਕੌਰ, ਸਿਮਰਨਜੀਤ ਕੌਰ, ਜਸਮੇਲ ਕੌਰ, ਹਰਪਾਲ ਕੌਰ, ਤਰਸੇਮ ਸਿੰਘ ਸਮੇਤ ਯੂਨੀਅਨ ਦੇ ਆਗੂਆਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਪਿਛਲੇ ਲੰਬੇ ਸਮੇਂ ਤੋਂ ਨਾਨ-ਟੀਚਿੰਗ ਸਟਾਫ ਯੂਨੀਅਨ ਦੀਆਂ ਮੰਗਾਂ ਵੱਲ ਵਿਸ਼ੇਸ਼ ਧਿਆਨ ਦੇ ਕੇ ਪੂਰੀਆਂ ਕਰਵਾਈਆਂ ਜਾਣ ਤੇ ਮਤਰੇਈ ਮਾਂ ਵਾਲਾ ਸਲੂਕ ਕਰਨਾ ਬੰਦ ਕੀਤਾ ਜਾਵੇ।

# ਡਿਪਟੀ ਕਮਿਸ਼ਨਰ ਕੁਲਵੰਤ ਸਿੰਘ ਬਾਬਾ ਫਰੀਦ ਇਮਾਨਦਾਰੀ ਐਵਾਰਡ ਨਾਲ ਸਨਮਾਨਤ

### ਇਨਾਮੀ ਰਾਸ਼ੀ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਨੂੰ ਦੇਣ ਦਾ ਐਲਾਨ

**ਮੋਗਾ (ਅਮਰਜੀਤ ਬੱਬਰੀ)**-ਗੁਰਦਵਾਰਾ ਗੋਦੜੀ ਸਾਹਿਬ ਬਾਬਾ ਫਰੀਦ ਜੀ ਸੋਸਾਇਟੀ ਤੇ ਟਿੱਲਾ ਬਾਬਾ ਫਰੀਦ ਜੀ ਵੱਲੋਂ 'ਬਾਬਾ ਫਰੀਦ ਜੀ ਆਗਮਨ ਪੁਰਬ 2022' ਮੌਕੇ 'ਬਾਬਾ ਫਰੀਦ ਐਵਾਰਡ (ਇਮਾਨਦਾਰੀ)' ਜ਼ਿਲ੍ਹਾ ਮੋਗਾ ਦੇ ਡਿਪਟੀ ਕਮਿਸ਼ਨਰ ਸ੍ਰ. ਕੁਲਵੰਤ ਸਿੰਘ ਨੂੰ ਦਿੱਤਾ ਗਿਆ। ਇਹ ਐਵਾਰਡ ਉਨ੍ਹਾਂ ਨੂੰ ਗੁਰਦਵਾਰਾ ਗੋਦੜੀ ਸਾਹਿਬ ਫਰੀਦਕੋਟ ਵਿਖੇ ਕੀਤੇ ਗਏ ਵਿਸ਼ੇਸ਼ ਸਮਾਗਮ ਦੌਰਾਨ ਦਿੱਤਾ ਗਿਆ। ਇਸ ਐਵਾਰਡ ਵਿੱਚ ਇਕ ਦੋਸ਼ਾਲਾ, ਟਰਾਫੀ, ਪ੍ਰਸ਼ੰਸਾ ਪੱਤਰ ਤੇ ਇੱਕ ਲੱਖ ਰੁਪਏ ਰਾਸ਼ੀ ਦਾ ਚੈੱਕ ਸ਼ਾਮਲ ਹੈ। ਇਹ ਐਵਾਰਡ ਪ੍ਰਾਪਤ ਕਰਨ ਤੋਂ ਬਾਅਦ ਪ੍ਰਬੰਧਕਾਂ ਦਾ ਧੰਨਵਾਦ ਕਰਦਿਆਂ ਡਿਪਟੀ ਕਮਿਸ਼ਨਰ ਸ੍ਰ. ਕੁਲਵੰਤ ਸਿੰਘ ਨੇ ਇਹ ਰਾਸ਼ੀ ਤੁਰੰਤ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਮੋਗਾ ਨੂੰ ਦੇਣ ਦਾ ਐਲਾਨ ਕੀਤਾ। ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜਿਸ ਭਰੋਸੇ ਤੇ ਮਾਣ ਨੂੰ ਮੂਹਰੇ ਰੱਖ ਕੇ ਉਨ੍ਹਾਂ ਨੂੰ ਇਹ ਐਵਾਰਡ ਦਿੱਤਾ ਗਿਆ ਹੈ, ਉਹ ਇਸ ਭਰੋਸੇ ਤੇ ਮਾਣ ਨੂੰ ਹਮੇਸ਼ਾ ਬਰਕਰਾਰ ਰੱਖਣਗੇ। ਇਸ ਮੌਕੇ ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਮਰਿਯਾਦਾ ਤੇ ਸਤਿਕਾਰ ਦਾ ਧਿਆਨ ਰੱਖਦਿਆਂ ਬੋਲਣ ਤੋਂ ਮੁਆਫੀ ਮੰਗ ਲਈ, ਜਿਸ ਦੀ ਸਮੂਹ ਸੰਗਤ ਵੱਲੋਂ ਸ਼ਲਾਘਾ ਕੀਤੀ ਗਈ। ਇਹ ਵੱਕਾਰੀ ਐਵਾਰਡ ਮਿਲਣ ਉੱਤੇ ਡਿਪਟੀ ਕਮਿਸ਼ਨਰ ਨੂੰ ਚੁਫੇਰਿਓਂ ਵਧਾਈਆਂ ਮਿਲ ਰਹੀਆਂ ਹਨ।

CMYK

25-SEP-PAGE-9.qxd 9/24/2022 10:08 PM Page 1



# ਮਜ਼ਦੂਰ ਮੋਰਚੇ ਵੱਲੋਂ ਧਰਨੇ ਦੇ 51ਵੇਂ ਦਿਨ ਦਲਿਤ ਮਜ਼ਦੂਰ ਲਲਕਾਰ ਰੈਲੀ

**ਮਾਨਸਾ, (ਪਰਮਦੀਪ ਰਾਣਾ)**-ਮਜ਼ਦੂਰ ਮੁਕਤੀ ਮੋਰਚਾ ਪੰਜਾਬ ਵੱਲੋਂ ਮਜ਼ਦੂਰ ਮੰਗਾਂ ਲਈ ਏ ਡੀ ਸੀ ਵਿਕਾਸ ਦਫਤਰ ਅੱਗੇ ਚੱਲ ਰਹੇ ਪੱਕੇ ਮਜ਼ਦੂਰ ਮੋਰਚੇ ਦੇ 51ਵੇਂ ਦਿਨ ਦਲਿਤ ਮਜ਼ਦੂਰ ਲਲਕਾਰ ਰੈਲੀ ਕੀਤੀ ਗਈ, ਜਿਸ ਵਿੱਚ ਮਜ਼ਦੂਰ ਮਰਦ, ਔਰਤ ਤੇ ਨੌਜਵਾਨਾਂ ਨੇ ਵੱਡੀ ਗਿਣਤੀ 'ਚ ਪਹੁੰਚ ਕੇ ਸ਼ਹਿਰ ਅੰਦਰ ਮਾਨ ਸਰਕਾਰ ਖਿਲਾਫ ਲਲਕਾਰ ਮਾਰਚ ਕੀਤਾ ਤੇ ਪੁਲਸ ਦੀਆਂ ਲਾਈਆਂ ਲੋਕਾਂ ਨੂੰ ਤੋੜ ਕੇ ਡਿਪਟੀ ਕਮਿਸ਼ਨਰ ਮਾਨਸਾ ਦੇ ਦਫਤਰ ਦਾ ਦੋ ਘੰਟੇ ਘਿਰਾਓ ਕੀਤਾ, ਜਿਸ ਤੋਂ ਬਾਅਦ ਇਕੱਠ ਵਿੱਚ ਆ ਕੇ ਨਾਇਬ ਤਹਿਸੀਲਦਾਰ ਬੀਰਬਲ ਸਿੰਘ ਨੇ ਦੱਸਿਆ ਕਿ ਮਜ਼ਦੂਰਾਂ ਨੂੰ ਨਰਮੇ ਦੀ ਮਾਰ ਦਾ ਮੁਆਵਜ਼ਾ ਇੱਕ ਦਰਜ਼ਨ ਪਿੰਡਾਂ ਨੂੰ ਅੱਜ ਜਾਰੀ ਕਰ ਦਿੱਤਾ ਗਿਆ ਹੈ ਤੇ ਲਗਾਤਾਰ ਹਰ ਰੋਜ਼ ਪੰਜ ਪਿੰਡਾਂ ਨੂੰ ਮੁਆਵਜ਼ਾ ਜਾਰੀ ਕੀਤਾ ਜਾਵੇਗਾਸ਼ ਮੁਆਵਜ਼ੇ ਤੋਂ ਵਾਂਝੇ ਮਜ਼ਦੂਰਾਂ ਦੀਆਂ ਅਰਜ਼ੀਆਂ ਪ੍ਰਾਪਤ ਕਰਕੇ ਉਨ੍ਹਾਂ ਨੂੰ ਵੀ ਮੁਆਵਜ਼ਾ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ ਬੁਢਲਾਡਾ ਸਬ-ਡਵੀਜ਼ਨ ਵਿੱਚ ਪੈਂਦੇ ਪਿੰਡਾਂ ਦੇ ਮਜ਼ਦੂਰਾਂ ਦੇ ਖਾਤਿਆਂ ਵਿੱਚ 1 ਲੱਖ 75 ਹਜ਼ਾਰ ਦੀ ਰਾਸ਼ੀ ਪਾਉਣੀ ਜਾਰੀ ਕਰ ਦਿੱਤੀ ਹੈ ਅਤੇ ਇਸੇ ਤਰ੍ਹਾਂ ਹੀ ਸਬ-ਡਵੀਜ਼ਨ ਸਰਦੂਲਗੜ੍ਹ ਦੇ ਪਿੰਡਾਂ ਨੂੰ ਵੀ ਰਾਸ਼ੀ ਜਾਰੀ ਕਰ ਦਿੱਤੀ ਤੇ ਰਹਿੰਦੀਆਂ ਮੰਗਾਂ ਵੀ ਜਲਦੀ ਪੂਰੀਆਂ ਕਰਨ ਦਾ ਵਿਸ਼ਵਾਸ ਦਿਵਾਇਆ। ਇਸ ਸਮੇਂ ਇਕੱਠ ਨੂੰ ਸੰਬੋਧਨ ਕਰਦਿਆਂ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾ ਪ੍ਰਧਾਨ ਭਗਵੰਤ ਸਿੰਘ ਸਮਾਓਂ, ਸੂਬਾ ਆਗੂ ਪਰਮਜੀਤ ਕੌਰ ਮੁੱਕੀ, ਜ਼ਿਲ੍ਹਾ ਪ੍ਰਧਾਨ ਨਿੱਕਾ ਸਿੰਘ ਬਹਾਦਰਪੁਰ, ਜ਼ਿਲ੍ਹਾ ਸਕੱਤਰ ਵਿਜੈ ਕੁਮਾਰ ਭੀਖੀ ਤੇ ਸੀ ਪੀ ਆਈ (ਐੱਮ ਐੱਲ) ਲਿਬਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਰਾਜਵਿੰਦਰ ਰਾਣਾ ਨੇ ਕਿਹਾ ਕਿ ਆਮ ਆਦਮੀ ਦੇ ਨਾਂਅ 'ਤੇ ਵੋਟਾਂ ਵਟੋਰਨ ਵਾਲੀ ਪੰਜਾਬ ਦੀ ਮਾਨ ਸਰਕਾਰ ਸਭ ਤੋਂ ਵੱਡੀ ਧੋਖੇਬਾਜ਼ ਸਰਕਾਰ ਸਾਬਿਤ ਹੋਈ ਹੈ। ਉਨ੍ਹਾਂ ਕਿਹਾ ਕਿ 75 ਸਾਲਾਂ ਦੀ ਅਜ਼ਾਦੀ ਦੇ ਬਾਅਦ ਵੀ ਦੇਸ਼ ਦੇ ਬੇਜ਼ਮੀਨੇ ਮਜ਼ਦੂਰ ਨਾਲ ਜਾਤੀ, ਧਾਰਮਿਕ, ਆਰਥਿਕ ਤੇ ਸਮਾਜਿਕ ਵਿਤਕਰੇਬਾਜ਼ੀ ਜਾਰੀ ਹੈ। ਇਸ ਦਾ ਹੀ ਨਤੀਜਾ ਹੈ ਕਿ ਅੱਜ ਮਜ਼ਦੂਰ ਵਰਗ ਅੱਤ ਦੀ ਬੇਰੁਜ਼ਗਾਰੀ ਤੇ ਲੱਕ ਤੋੜ ਮਹਿੰਗਾਈ ਦੇ ਕਾਰਨ ਕਰਜ਼ਿਆਂ ਦੇ ਜਾਲ ਵਿੱਚ ਫਸ ਗੁਲਾਮੀ ਵਾਲੀ ਜ਼ਿੰਦਗੀ ਜਿਊਣ ਲਈ ਮਜਬੂਰ ਹਨ। ਮਜ਼ਦੂਰ ਆਗੂਆਂ ਨੇ ਕਿਹਾ ਕਿ ਸਾਦੇ ਢੰਗ ਨਾਲ ਰਾਜ ਭਾਗ ਚਲਾਉਣ ਦਾ ਨਾਹਰਾ ਲਾਉਣ ਵਾਲੀ ਮਾਨ ਸਰਕਾਰ ਅਕਾਲੀ-ਕਾਂਗਰਸੀ ਤੋਂ ਇੱਕ ਕਦਮ ਅੱਗੇ ਚੱਲ ਕੇ ਪੰਜਾਬ ਤੇ ਪੰਜਾਬੀਆਂ ਨੂੰ ਕਰਜ਼ੇ ਦੀ ਦਲਦਲ ਦੇ ਰਸਤੇ ਉੱਪਰ ਤੁਰ ਪਈ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੀ ਆਜ਼ਾਦੀ ਦੇ ਅੰਦੋਲਨ ਤੇ ਵਿਕਾਸ ਲਈ ਖ਼ੂਨ-ਪਸੀਨਾ ਵਹਾਉਣ ਵਾਲੇ ਬੇਜ਼ਮੀਨੇ ਦਲਿਤ ਮਜ਼ਦੂਰਾਂ ਨਾਲ ਲਗਾਤਾਰ ਹਰ ਖੇਤਰ ਵਿੱਚ ਵਿਤਕਰੇਬਾਜ਼ੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਦਲਿਤਾਂ ਨੂੰ ਤੀਜੇ ਹਿੱਸੇ ਦੀਆਂ ਜ਼ਮੀਨਾਂ ਦੀ ਪ੍ਰਾਪਤੀ, 10-10 ਮਰਲੇ ਪਲਾਟ ਜਾਰੀ ਕਰਵਾਉਣ ਲਈ, ਪੰਜਾਬ ਅੰਦਰ ਘੱਟੋ-ਘੱਟ ਦਿਹਾੜੀ ਰੇਟ 700 ਰੁਪਏ ਜਾਰੀ ਕਰਵਾਉਣ ਲਈ ਮਜ਼ਦੂਰ ਵਰਗ ਜਥੇਬੰਦ ਹੋ ਕੇ ਅੱਗੇ ਵਧਣ ਤੇ ਆਪਣੀ ਜਥੇਬੰਦਕ ਤਾਕਤ ਮਜ਼ਬੂਤ ਕਰਨ। ਮਜ਼ਦੂਰ ਆਗੂਆਂ ਨੇ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਮਜ਼ਦੂਰ ਵਰਗ ਨੂੰ ਇਸੇ ਤਰ੍ਹਾਂ ਨਜ਼ਰਅੰਦਾਜ਼ ਕਰਨਾ ਜਾਰੀ ਰੱਖਿਆ ਤਾਂ ਉਹ ਦਿਨ ਦੂਰ ਨਹੀਂ ਕਿ 92 ਸੀਟਾਂ ਜਿਤਾਉਣ ਵਾਲੇ ਗਰੀਬ ਲੋਕ ਧਰਤੀ ਦੀ ਧੂੜ ਵੀ ਚਟਾਅ ਸਕਦੇ ਹਨ। ਇਸ ਸਮੇਂ ਧਰਨੇ ਵਿੱਚ ਜ਼ਿਲ੍ਹਾ ਮੀਤ ਪ੍ਰਧਾਨ ਮਨਜੀਤ ਕੌਰ ਜੋਗਾ, ਜਰਨੈਲ ਸਿੰਘ ਮਾਨਸਾ, ਸੁਖਵਿੰਦਰ ਬੋਹਾ, ਜੀਤ ਸਿੰਘ ਬੋਹਾ, ਗੁਲਾਬ ਖੀਵਾ, ਭੋਲਾ ਝੱਬਰ, ਦਰਸ਼ਨ ਦਾਨੇਵਾਲਾ, ਜੱਗੂ ਖੁਡਾਲ, ਕੁਲਵੰਤ ਦਾਤੇਵਾਸ, ਹਰਭਜਨ ਦਾਤੇਵਾਸ ਆਇਸਾ ਜ਼ਿਲ੍ਹਾ ਪ੍ਰਧਾਨ ਗੁਰਵਿੰਦਰ ਨੰਦਗੜ੍ਹ, ਸੋਨੂੰ ਝੱਬਰ, ਸ਼ਿਵ ਟਾਂਡੀਆਂ, ਗੁਰਬਲ ਫਤਿਹਪੁਰ, ਜੱਗੀ ਫਤਿਹਪੁਰ ਆਦਿ ਸ਼ਾਮਲ ਸਨ।

## ਭਗਤ ਸਿੰਘ ਦਾ ਜਨਮ ਦਿਨ ਮਨਾਉਣ ਦੀਆਂ ਤਿਆਰੀਆਂ ਮੁਕੰਮਲ : ਬੀ.ਕੇ.ਯੂ. ਉਗਰਾਹਾਂ

**ਛਾਜਲੀ (ਜਸਵੀਰ ਲਾਡੀ)**-ਭਗਤ ਸਿੰਘ ਦੇ ਜਨਮ ਦਿਹਾੜੇ ਨੂੰ ਲੈ ਕੇ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ। ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਬਲਾਕ ਪ੍ਰਧਾਨ ਜਸਵੰਤ ਸਿੰਘ ਤੋਲਾਵਾਲ ਤੇ ਪ੍ਰੈੱਸ ਸਕੱਤਰ ਸੁਖਪਾਲ ਸਿੰਘ ਮਾਨਕ ਕਣਕਵਾਲ ਨੇ ਪ੍ਰੈੱਸ ਨੋਟ ਜਾਰੀ ਕਰਦੇ ਕਿਹਾ ਪੰਜਾਬ ਭਰ ਦੇ ਸੱਦੇ 'ਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ 28 ਸਤੰਬਰ 2022 ਨੂੰ ਭਗਤ ਸਿੰਘ ਦਾ 115ਵਾਂ ਜਨਮ ਦਿਹਾੜਾ ਬਰਨਾਲੇ ਦੀ ਅਨਾਜ ਮੰਡੀ ਵਿਖੇ ਮਨਾਇਆ ਜਾ ਰਿਹਾ ਹੈ, ਉਸ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ। ਭਗਤ ਸਿੰਘ ਦੇ ਜਨਮ ਦਿਹਾੜੇ ਨੂੰ ਲੈ ਕੇ ਲੋਕਾਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਇਸ ਮੌਕੇ ਸੁਨਾਮ ਬਾਲਕ ਵਿੱਚੋਂ ਲਗਭਗ 100 ਬੱਸਾਂ ਦਾ ਕਾਫਲਾ 28 ਸਤੰਬਰ 2022 ਨੂੰ ਬਰਨਾਲਾ ਦੀ ਅਨਾਜ ਮੰਡੀ ਵੱਲ ਰਵਾਨਾ ਹੋਵੇਗਾ। ਇਸ ਮੌਕੇ ਲੋਕਾਂ ਨੂੰ ਸੁਨੇਹਾ ਦਿੱਤਾ ਜਾਵੇਗਾ ਕਿ ਭਗਤ ਸਿੰਘ ਦੇ ਅਸਲੀ ਵਾਰਸ ਕੌਣ ਹਨ? ਅੱਜ ਸਿਆਸੀ ਲੋਕ ਵੀ ਭਗਤ ਸਿੰਘ ਦਾ ਜਨਮ ਦਿਹਾੜਾ ਮਨਾ ਰਹੇ ਹਨ, ਜਿਨ੍ਹਾਂ ਦਾ ਭਗਤ ਸਿੰਘ ਦੀ ਵਿਚਾਰਧਾਰਾ ਨਾਲ ਕੋਈ ਵਾਹ ਵਾਸਤਾ ਨਹੀਂ ਹੈ, ਉਹ ਲੋਕ ਵੀ ਜਨਮ ਦਿਹਾੜਾ ਮਨਾ ਰਹੇ ਹਨ।

# ਕਾਰਜਕਾਰੀ ਇੰਜੀਨੀਅਰ ਦਫ਼ਤਰਾਂ ਅੱਗੇ ਦਿਨ-ਰਾਤ ਦੇ ਧਰਨੇ ਦਾ ਐਲਾਨ

**ਜਲਾਲਾਬਾਦ (ਜੀਤ ਕੁਮਾਰ)** ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ. 31) ਦੀ ਸੂਬਾ ਵਰਕਿੰਗ ਕਮੇਟੀ ਦੀ ਮੀਟਿੰਗ ਈਸੜੂ ਭਵਨ ਵਿਖੇ ਹੋਈ, ਜਿਸ ਵਿਚ ਪੰਜਾਬ ਭਰ ਤੋਂ ਯੂਨੀਅਨ ਦੇ ਸੂਬਾ ਆਗੂ, ਜ਼ਿਲ੍ਹਾ ਤੇ ਬ੍ਰਾਂਚ ਆਗੂਆਂ ਨੇ ਸ਼ਿਰਕਤ ਕੀਤੀ ਅਤੇ ਜਸਸ ਵਿਭਾਗ 'ਚ ਫੀਲਡ ਅਤੇ ਦਫ਼ਤਰਾਂ ਵਿਚ ਕੰਮ ਕਰਦੇ ਇੰਨਲਿਸਟਮੈਂਟ/ਆਊਟਸੋਰਸ ਕਾਮਿਆਂ ਦੀਆਂ ਹੱਕੀ ਤੇ ਜਾਇਜ਼ ਮੰਗਾਂ 'ਤੇ ਵਿਚਾਰ ਚਰਚਾ ਕਰਨ ਉਪਰੰਤ ਭਵਿੱਖ ਵਿਚ ਆਪਣੀਆਂ ਮੰਗਾਂ ਸਬੰਧੀ ਸੰਘਰਸ਼ ਕਰਨ ਦਾ ਐਲਾਨ ਵੀ ਕੀਤਾ ਗਿਆ।

ਸੂਬਾ ਪ੍ਰਧਾਨ ਵਰਿੰਦਰ ਸਿੰਘ ਮੋਮੀ, ਸੂਬਾ ਜਨਰਲ ਸਕੱਤਰ ਕੁਲਦੀਪ ਸਿੰਘ ਬੁੱਢੇਵਾਲ ਤੇ ਸੂਬਾ ਪ੍ਰੈਸ ਸਕੱਤਰ ਸਤਨਾਮ ਸਿੰਘ ਫਲੀਆਂਵਾਲਾ ਨੇ ਕਿਹਾ ਕਿ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਇੰਨਲਿਸਟਮੈਂਟ/ਆਊਟਸੋਰਸ ਕਾਮਿਆਂ ਦੀਆਂ ਤਨਖਾਹਾਂ ਵਿੱਚ ਇਕਸਾਰਸਤਾ ਲਿਆਉਣ ਦੇ ਨਾਂਅ ਹੇਠ ਵਿਭਾਗੀ ਅਧਿਕਾਰੀਆਂ ਦੀ ਕਮੇਟੀ ਵੱਲੋਂ ਤਿਆਰ ਕੀਤੀ ਗਈ ਰਿਪੋਰਟ ਮੁੱਖ ਇੰਜੀਨੀਅਰ (ਉਤਰ) ਪੰਜਾਬ, ਜਸਸ ਵਿਭਾਗ ਪਟਿਆਲਾ (ਕਾਰਜ ਸ਼ਾਖਾ- ਉਤਰ) ਦੇ ਮੀਮੋ ਨੰ.ਜਸਸ/ਕਿਊ(2)/2022/128 ਮਿਤੀ 16-09-2022 ਜਾਰੀ ਕੀਤੀ ਗਈ ਹੈ, ਜੋ ਪੰਜਾਬ ਸਰਕਾਰ ਦੇ ਜਸਸ ਵਿਭਾਗ 'ਚ ਪੀਣ ਵਾਲੇ ਪਾਣੀ ਦੀ ਜ਼ਰੂਰੀ ਸੇਵਾਵਾਂ 'ਤੇ ਤੈਨਾਤ ਇੰਨਲਿਸਟਮੈਂਟ ਵਰਕਰ ਵਿਰੋਧੀ ਹੈ, ਕਿਉਂਕਿ ਪਿਛਲੇ 10-15 ਸਾਲਾਂ ਦੇ ਲੰਮੇ ਸਮੇਂ ਤੋਂ ਕੰਮ ਕਰਦੇ ਆ ਰਹੇ ਵਰਕਰਾਂ ਨੇ ਆਪਣੀ ਜਵਾਨੀ ਇਸ ਸੇਵਾ ਦੇ ਕੰਮ 'ਤੇ ਲਾ ਲਈ ਹੈ ਅਤੇ ਆਪਣੇ ਤਜਰਬੇ ਦੇ ਅਧਾਰ 'ਤੇ ਆਪਣਾ ਰੁਜ਼ਗਾਰ ਪੱਕਾ ਕਰਾਉਣ ਦੀ ਮੰਗ ਕਰ ਰਹੇ ਹਨ, ਪਰ ਮਹਿਕਮੇ ਦੇ ਅਧਿਕਾਰੀਆਂ ਵੱਲੋਂ ਤਨਖਾਹਾਂ ਵਿਚ ਇਕਸਾਰਤਾ ਲਿਆ ਕੇ ਵਰਕਰਾਂ ਦੇ ਤਜਰਬੇ ਨੂੰ ਖਤਮ ਕੀਤਾ ਜਾ ਰਿਹਾ ਹੈ, ਉਥੇ ਹੀ ਬੇਰੁਜ਼ਗਾਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਜਥੇਬੰਦੀ ਵਲੋਂ ਕਮੇਟੀ ਦੀ ਉਕਤ ਰਿਪੋਰਟ ਨੂੰ ਤੁਰੰਤ ਰੱਦ ਕਰਨ ਤੇ ਵਰਕਰਾਂ ਦੀਆਂ ਰੁਕੀਆਂ ਤਨਖਾਹਾਂ ਤੁਰੰਤ ਜਾਰੀ ਕਰਾਉਣ ਦੀ ਮੰਗ ਲਈ 27 ਸਤੰਬਰ ਨੂੰ ਸਬ ਡਵੀਜ਼ਨ ਪੱਧਰ ਤੇ ਵਿਸ਼ਾਲ ਇਕੱਠ ਕਰਕੇ, ਕਮੇਟੀ ਵਲੋਂ ਤਨਖਾਹਾਂ 'ਚ ਇਕਸਾਰਤਾ ਕਰਨ ਦੀ ਸਿਫ਼ਾਰਸ਼ ਵਾਲੀ ਰਿਪੋਰਟ ਦੀਆਂ ਕਾਪੀਆਂ ਫੂਕੀ ਜਾਣਗੀਆਂ। ਇਸ ਤੋਂ ਬਾਅਦ 28 ਸਤੰਬਰ ਨੂੰ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਜਨਮ ਦਿਨ ਮਨਾ ਕੇ ਉਨ੍ਹਾਂ ਦੇ ਦਰਸਾਏ ਵਿਚਾਰਾਂ 'ਤੇ ਚੱਲਣ ਦਾ ਅਹਿਦ ਕੀਤਾ ਜਾਵੇਗਾ।

29 ਤੇ 30 ਸਤੰਬਰ ਨੂੰ ਦੋ ਰੋਜ਼ਾ ਸਾਰੇ ਪੰਜਾਬ 'ਚ ਵਿਭਾਗ ਦੇ ਕਾਰਜਕਾਰੀ ਇੰਜਨੀਅਰ ਦਫ਼ਤਰਾਂ ਅੱਗੇ ਦਿਨ-ਰਾਤ ਦੇ ਡਵੀਜ਼ਨ ਪੱਧਰੀ ਧਰਨੇ ਪਰਵਾਰਾਂ ਅਤੇ ਬੱਚਿਆਂ ਸਮੇਤ ਦਿੱਤੇ ਜਾਣਗੇ।

ਮੀਟਿੰਗ ਵਿੱਚ ਸੂਬਾ ਆਗੂ ਭੁਪਿੰਦਰ ਸਿੰਘ ਕੁਤਬੇਵਾਲ, ਸੁਰੇਸ਼ ਕੁਮਾਰ ਮੋਹਾਲੀ, ਸੰਦੀਪ ਖਾਨ, ਪ੍ਰਦੂਮਣ ਸਿੰਘ ਅੰਮ੍ਰਿਤਸਰ, ਤਜਿੰਦਰ ਸਿੰਘ ਮਾਨ, ਸੁਰਿੰਦਰ ਕੁਮਾਰ ਮਾਨਸਾ, ਬਲਜੀਤ ਸਿੰਘ ਭੱਟੀ, ਜਸਬੀਰ ਸਿੰਘ ਜਿੰਦਬੜੀ, ਓਮਕਾਰ ਸਿੰਘ ਹੁਸ਼ਿਆਰਪੁਰ ਆਦਿ ਹਾਜ਼ਰ ਸਨ।

## ਕਾਤਰਾਂ

### ਪੋਲੀਟੈਕਨਿਕ ਕਾਲਜ 'ਚ ਕੌਮੀ ਸੇਵਾ ਯੋਜਨਾ ਦਿਵਸ ਮਨਾਇਆ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਸਰਕਾਰੀ ਪੌਲੀਟੈਕਨਿਕ ਕਾਲਜ ਫਿਰੋਜ਼ਪੁਰ ਦੇ ਐੱਨ ਐੱਸ ਐੱਸ ਯੂਨਿਟ ਵੱਲੋਂ ਕੌਮੀ ਸੇਵਾ ਯੋਜਨਾ ਦਿਵਸ ਤਹਿਤ ਸਿੰਗਲ ਯੂਜ਼ ਪਲਾਸਟਿਕ ਦੀ ਵਰਤੋਂ ਘਟਾਉਣ, ਵਾਤਾਵਰਣ ਦੀ ਸੁਰੱਖਿਆ, ਖ਼ੂਨਦਾਨ ਲਈ ਤੇ ਨਸ਼ਿਆਂ ਨੂੰ ਨਾਂਹ ਆਦਿ ਵਿਸ਼ਿਆਂ 'ਤੇ ਪੋਸਟਰ ਮੇਕਿੰਗ ਪ੍ਰਤੀਯੋਗਤਾ ਕਰਵਾਈ ਗਈ, ਜਿਸ ਵਿੱਚ ਕਾਲਜ ਦੇ 35 ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਹਿੱਸਾ ਲਿਆ। ਇਸ ਪ੍ਰਤੀਯੋਗਤਾ ਵਿੱਚ ਚੁਣੇ ਗਏ ਪਹਿਲੇ ਤਿੰਨ ਸਥਾਨਾਂ 'ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਵੀ ਕੀਤਾ ਗਿਆ। ਇਸ ਕਾਲਜ ਦੇ ਪ੍ਰਿੰਸੀਪਲ ਸ਼ਫਕਤ ਅਲੀ ਖਾਨ ਵੱਲੋਂ ਵਿਦਿਆਰਥੀਆਂ ਨੂੰ ਸਨਮਾਨ ਦੇ ਤੌਰ 'ਤੇ ਪੋਸਟਰ ਡਰਾਇੰਗ ਕਿੱਟਾਂ ਵੰਡੀਆਂ ਗਈਆਂ। ਇਸ ਮੌਕੇ ਉਨ੍ਹਾ ਵਿਦਿਆਰਥੀਆਂ ਨੂੰ ਕੌਮੀ ਸੇਵਾ ਲਈ ਜਾਗਰੂਕ ਕੀਤਾ ਤੇ ਆਪਣੇ ਵਾਤਾਵਰਣ ਨੂੰ ਸਾਫ ਸੁਥਰਾ ਅਤੇ ਹੋਰ ਸਮਾਜ ਸੇਵਾਵਾਂ ਵਿੱਚ ਭਾਗ ਲੈਣ ਲਈ ਉਤਸ਼ਾਹਤ ਕੀਤਾ। ਇਸ ਸਮਾਰੋਹ ਦਾ ਪ੍ਰਬੰਧ ਕਾਲਜ ਦੇ ਐੱਨ ਐੱਸ ਐੱਸ ਪ੍ਰੋਗਰਾਮ ਅਫਸਰਾਂ ਕਰਨ ਅਨੰਦ ਤੇ ਰਾਜਵੀਰ ਸਿੰਘ ਵੱਲੋਂ ਕੀਤਾ ਗਿਆ।

### ਅਧਿਆਪਕ ਗੁਰਪ੍ਰੀਤ ਸਿੰਘ ਬਧਾਈ ਦਾ ਸਨਮਾਨ

**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ, ਪੂਜਾ)**-ਸੈਂਟਰ ਗੁਲਾਬੇਵਾਲਾ ਦੀਆਂ ਖੋ ਖੋ ਮੁੰਡੇ ਤੇ ਕੁੜੀਆਂ ਦੀਆਂ ਟੀਮਾਂ ਤਿਆਰ ਕਰਨ ਵਾਲੇ ਈ ਜੀ ਐੱਸ ਅਧਿਆਪਕ ਗੁਰਪ੍ਰੀਤ ਸਿੰਘ ਬਧਾਈ ਦਾ ਸੈਂਟਰ ਹੈੱਡ ਟੀਚਰ ਪ੍ਰਗਟ ਸਿੰਘ ਜੰਬਰ ਵੱਲੋਂ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨ ਕੀਤਾ ਗਿਆ। ਇਥੇ ਵਰਨਣਯੋਗ ਹੈ ਕਿ ਸੈਂਟਰ ਗੁਲਾਬੇਵਾਲਾ ਦੀਆਂ ਖੋ ਖੋ ਮੁੰਡੇ ਤੇ ਕੁੜੀਆਂ ਦੀਆਂ ਟੀਮਾਂ ਬਲਾਕ ਜੇਤੂ ਰਹੀਆਂ ਹਨ। ਹੁਣ ਬਲਾਕ ਦੋਦਾ ਦੇ ਪਿੰਡ ਮੱਲਣ ਵਿਖੇ ਜ਼ਿਲ੍ਹਾ ਪੱਧਰੀ ਟੂਰਨਾਮੈਂਟ ਵਿੱਚ 27 ਸਤੰਬਰ ਨੂੰ ਭਾਗ ਲੈਣਗੀਆਂ। ਬੱਚਿਆਂ ਨੂੰ ਜ਼ਿਲ੍ਹੇ ਲਈ ਤਿਆਰੀ ਕਰਵਾਈ ਜਾ ਰਹੀ ਹੈ। ਸਨਮਾਨਤ ਕਰਨ ਸਮੇਂ ਕੰਵਰਜੀਤ ਸਿੰਘ, ਰਵਿੰਦਰ ਸਿੰਘ, ਨਿਤਿਕਾ ਭਾਰਤੀ, ਦਲਜੀਤ ਕੁਮਾਰ, ਅਮਰਜੀਤ ਸਿੰਘ ਮੀਡੀਆ ਕੋਆਰਡੀਨੇਟਰ, ਹੈੱਡ ਟੀਚਰਾਂ ਵਿੱਚ ਪਵਿੱਤਰ ਸਿੰਘ ਮੀਨਾ ਗਲਹੋਤਰਾ ਆਦਿ ਹਾਜ਼ਰ ਸਨ।

### ਨਿਆਂਇਕ ਅਦਾਲਤਾਂ ਵੱਲੋਂ ਲੰਗਰ

**ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਸ੍ਰੀਮਤੀ ਰਮੇਸ਼ ਕੁਮਾਰੀ ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫਰੀਦਕੋਟ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਜੁਡੀਸ਼ੀਅਲ ਅਫਸਰ ਸਾਹਿਬਾਨਾਂ ਤੇ ਜੁਡੀਸ਼ੀਅਲ ਸਟਾਫ ਦੇ ਸਹਿਯੋਗ ਨਾਲ ਮੇਲਾ ਬਾਬਾ ਫਰੀਦ ਜੀ ਨੂੰ ਮੁੱਖ ਰੱਖਦੇ ਹੋਏ ਆਮ ਜਨਤਾ ਲਈ ਲੰਗਰ ਲਗਾਇਆ ਗਿਆ, ਜਿਸ ਵਿੱਚ ਜੁਡੀਸ਼ੀਅਲ ਅਫਸਰ ਸਾਹਿਬਾਨਾਂ ਤੇ ਸਮੂਹ ਸਟਾਫ ਵੱਲੋਂ ਸੇਵਾ ਨਿਭਾਈ ਗਈ।

### ਅੱਖਾਂ ਦਾ ਸਪੈਸ਼ਲ ਜਾਂਚ ਕੈਂਪ ਅੱਜ

**ਲੁਧਿਆਣਾ (ਐੱਮ ਐੱਸ ਭਾਟੀਆ)**-ਡਾ. ਰਮੇਸ਼ ਸੁਪਰਸ਼ਪੈਸ਼ਿਲਟੀ ਆਈ ਐਂਡ ਲੇਜ਼ਰ ਸੈਂਟਰ ਲੁਧਿਆਣਾ ਵੱਲੋਂ ਪੰਜਾਬ ਦੇ ਪ੍ਰਸਿੱਧ ਅੱਖਾਂ ਦੇ ਮਾਹਰ ਡਾ. ਰਮੇਸ਼ ਐੱਮ. ਡੀ. (ਸਟੇਟ ਐਵਾਰਡੀ). ਡਾਇਰੈਕਟਰ, ਪੁਨਰਜੋਤ ਆਈ ਬੈਂਕ ਦੀ ਟੀਮ ਦੁਆਰਾ ਅੱਖਾਂ ਦਾ ਮੁਫਤ ਜਾਂਚ ਕੈਂਪ ਸ਼੍ਰੀ ਲਾਲ ਬਹਾਦਰ ਸ਼ਾਸਤਰੀ ਸਕੂਲ ਧੂਰੀ ਲਾਈਨ, ਨੇੜੇ ਵਿਸ਼ਵਕਰਮਾ ਚੌਕ ਲੁਧਿਆਣਾ ਵਿਖੇ ਸ਼੍ਰੀ ਸੋਮਨਾਥ ਸੂਦ ਤੇ ਸਮੂਹ ਪਰਿਵਾਰ ਵੱਲੋਂ 25 ਸਤੰਬਰ ਐਤਵਾਰ ਨੂੰ ਸਵੇਰੇ 10 ਤੋਂ ਦੁਪਹਿਰ 2 ਵਜੇ ਤੱਕ ਲਗਾਇਆ ਜਾ ਰਿਹਾ ਹੈ। ਕੈਂਪ ਦੌਰਾਨ ਅੱਖਾਂ ਦੇ ਮਾਹਰ ਡਾਕਟਰ ਰਮੇਸ਼ ਐੱਮ. ਡੀ. (ਸਟੇਟ ਐਵਾਰਡੀ) ਤੇ ਸਮੂਹ ਟੀਮ ਦੁਆਰਾ ਅੱਖਾਂ ਦਾ ਮੁਫਤ ਚੈੱਕਅਪ ਕੀਤਾ ਜਾਵੇਗਾ।

### ਚੇਤਨਾ ਪਰਖ ਪ੍ਰੀਖਿਆ ਅੱਜ

**ਲੌਂਗੋਵਾਲ (ਪ੍ਰਦੀਪ ਸੱਪਲ)**-ਦੇਸ਼ ਭਗਤ ਯਾਦਗਾਰ ਲੌਂਗੋਵਾਲ ਵੱਲੋਂ ਹਰ ਸਾਲ ਕਰਵਾਈ ਜਾਂਦੀ ਚੇਤਨਾ ਪਰਖ ਪ੍ਰੀਖਿਆ ਦੀਆਂ ਤਿਆਰੀਆਂ ਬਾਬਤ ਮੀਟਿੰਗ ਸਥਾਨਕ ਭਗਤ ਸਿੰਘ ਲਾਇਬ੍ਰੇਰੀ ਵਿਖੇ ਬਲਵੀਰ ਲੌਂਗੋਵਾਲ ਦੀ ਪ੍ਰਧਾਨਗੀ ਹੇਠ ਹੋਈ। ਸ਼ਹੀਦੇ ਆਜ਼ਮ ਭਗਤ ਸਿੰਘ ਦੇ ਜਨਮ ਦਿਨ ਨੂੰ ਸਮਰਪਤ ਕੀਤੀ ਗਈ ਚੇਤਨਾ ਪ੍ਰੀਖਿਆ ਬਾਰੇ ਜਾਣਕਾਰੀ ਦਿੰਦਿਆਂ ਸੰਸਥਾ ਦੇ ਸਕੱਤਰ ਜੁਝਾਰ ਲੌਂਗੋਵਾਲ ਨੇ ਦੱਸਿਆ ਇਸ ਪ੍ਰੀਖਿਆ ਦਾ ਉਦੇਸ਼ ਵਿਦਿਆਰਥੀਆਂ ਵਿੱਚ ਵਿਗਿਆਨਕ, ਸਮਾਜਿਕ ਚੇਤਨਾ ਭਰਨ ਦੇ ਨਾਲ ਨਾਲ ਦੇਸ਼ ਦੇ ਕਰਾਂਤੀਕਾਰੀ ਵਿਰਸੇ ਦੇ ਰੂ ਬ ਰੂ ਕਰਨਾ ਹੈ, ਤਾਂ ਜੋ ਵਿਦਿਆਰਥੀਆਂ ਨੂੰ ਸਮੇਂ ਦੇ ਹਾਣੀ ਬਣਾ ਕੇ ਜ਼ਿੰਦਗੀ ਦੇ ਅਸਲ ਮਾਰਗ ਦੇ ਰਾਹ ਪਾਇਆ ਜਾ ਸਕੇ। ਆਗੂਆਂ ਨੇ ਦੱਸਿਆ ਕਿ 25 ਸਤੰਬਰ ਨੂੰ ਹੋਣ ਵਾਲੀ ਚੇਤਨਾ ਪਰਖ ਪ੍ਰੀਖਿਆ ਲਈ ਲੌਂਗੋਵਾਲ, ਢੱਡਰੀਆਂ, ਸੁਨਾਮ ਤੇ ਭੁਟਾਲ (ਲਹਿਰਾ) ਪ੍ਰੀਖਿਆ ਕੇਂਦਰ ਬਣਾਏ ਗਏ ਹਨ।

### ਪੰਜ ਦਿਨਾਂ 'ਚ ਲਵਾਇਆ ਆਸਟ੍ਰੇਲੀਆ ਦਾ ਸਟੱਡੀ ਵੀਜ਼ਾ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਇੰਗਲਿਸ਼ ਸਟੂਡੀਓ ਸੰਸਥਾ ਜੋ ਕਿ ਕੋਟਕਪੂਰਾ ਰੋਡ ਉੱਤੇ ਬਾਘਾ ਪੁਰਾਣਾ ਵਿਖੇ ਪੈਟ੍ਰੋਲ ਪੰਪ ਦੇ ਸਾਹਮਣੇ ਹੈ। ਇਥੇ ਵਿਦਿਆਰਥੀਆਂ ਨੂੰ ਸਾਰੀਆਂ ਆਧੁਨਿਕ ਤੇ ਬੁਨਿਆਦੀ ਸਹੂਲਤਾਂ ਪ੍ਰਧਾਨ ਕੀਤੀਆਂ ਜਾਂਦੀਆਂ ਹਨ। ਇਥੇ ਆਈਲਟਸ ਕਰਕੇ ਵਿਦਿਆਰਥੀ ਆਪਣੇ ਵਿਦੇਸ਼ ਜਾਣ ਦੇ ਸੁਪਨਿਆਂ ਨੂੰ ਸਾਕਾਰ ਕਰ ਰਹੇ ਹਨ, ਇਸ ਵਾਰ ਇਸ ਸੰਸਥਾ ਦੀ ਵਿਦਿਆਰਥਣ ਰਮਨਦੀਪ ਕੌਰ ਪੁੱਤਰੀ ਸੁਖਵਿੰਦਰ ਸਿੰਘ ਵਾਸੀ ਮਾਹਲਾ ਖੁਰਦ ਦਾ ਆਸਟ੍ਰੇਲੀਆ ਦਾ ਸਟੱਡੀ ਵੀਜ਼ਾ ਸਿਰਫ ਪੰਜ ਦਿਨਾਂ ਵਿੱਚ ਕੈਪਲਿਨ ਬਿਜ਼ਨੈੱਸ ਕਾਲਜ ਪਰਥ ਦਾ ਲਗਵਾਇਆ। ਸੰਸਥਾ ਦੇ ਮੁਖੀ ਪੰਕਜ ਬਾਂਸਲ ਤੇ ਗੌਰਵ ਕਾਲੜਾ ਨੇ ਵਿਦਿਆਰਥਣ ਨੂੰ ਵਧਾਈ ਦਿੰਦੇ ਉਸ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

# ਰਜਿੰਦਰ ਸਿੰਘ ਰਿਆੜ ਪ੍ਰਧਾਨ ਤੇ ਜਸਪ੍ਰੀਤ ਸਿੰਘ ਗਗਨ ਜਨਰਲ ਸਕੱਤਰ ਚੁਣੇ

**ਮੋਗਾ (ਅਮਰਜੀਤ ਬੱਬਰੀ)**-ਪੰਜਾਬ ਸੁਬਾਰਡੀਨੇਟ ਸਰਵਿਸਜ ਫੈਡਰੇਸ਼ਨ ਜ਼ਿਲ੍ਹਾ ਮੋਗਾ ਦਾ ਡੈਲੀਗੇਟ ਅਜਲਾਸ ਦਾਣਾ ਮੰਡੀ ਦਫ਼ਤਰ ਵਿਖੇ ਹੋਇਆ, ਜਿਸ ਦੀ ਪ੍ਰਧਾਨਗੀ ਸਰਬਜੀਤ ਸਿੰਘ ਦੌਧਰ, ਜਸਪ੍ਰੀਤ ਸਿੰਘ ਗਗਨ, ਸੁਖਮੰਦਰ ਸਿੰਘ, ਕੁਲਦੀਪ ਸਿੰਘ, ਜੱਜਪਾਲ ਸਿੰਘ, ਰਜਿੰਦਰ ਸਿੰਘ ਰਿਆੜ, ਸੱਤਿਅਮ ਪ੍ਰਕਾਸ਼ ਤੇ ਆਧਾਰਤ ਪ੍ਰਧਾਨਗੀ ਮੰਡਲ ਨੇ ਕੀਤੀ। ਪ.ਸ.ਸ.ਫ. ਦੇ ਸੂਬਾ ਜਨਰਲ ਸਕੱਤਰ ਤੀਰਥ ਸਿੰਘ ਬਾਸੀ ਨੇ ਕਿਹਾ ਕਿ ਕੇਂਦਰ ਤੇ ਰਾਜ ਸਰਕਾਰਾਂ ਵੱਲੋਂ ਸਾਮਰਾਜੀ ਨਿਰਦੇਸ਼ਤ ਨਵਉਦਾਰਵਾਦੀ ਨੀਤੀਆਂ ਲਾਗੂ ਕਰਦਿਆਂ ਆਮ ਲੋਕਾਂ ਨੂੰ ਸੇਵਾਵਾਂ ਦੇਣ ਤੇ ਨਵੀਂ ਪੀੜ੍ਹੀ ਨੂੰ ਰੁਜ਼ਗਾਰ ਦੇਣ ਵਾਲੇ ਜਨਤਕ ਖੇਤਰ ਦੇ ਅਦਾਰਿਆਂ ਨੂੰ ਲਗਾਤਾਰ ਖਤਮ ਕੀਤਾ ਜਾ ਰਿਹਾ ਹੈ, ਜਿਸ ਨਾਲ ਲੋਕਾਂ ਨੂੰ ਮਿਲਣ ਵਾਲੀਆਂ ਸੇਵਾਵਾਂ ਖਤਮ ਹੋ ਰਹੀਆਂ ਹਨ ਤੇ ਬੇਰੁਜ਼ਗਾਰੀ ਵਿੱਚ ਅਥਾਹ ਵਾਧਾ ਹੋ ਰਿਹਾ ਹੈ। ਲੋਕ ਵੱਡੀਆਂ ਰਕਮਾਂ ਖਰਚ ਕੇ ਆਪਣੇ ਬੱਚਿਆਂ ਨੂੰ ਵਿਦੇਸ਼ਾਂ ਵਿੱਚ ਮਜ਼ਦੂਰੀ ਕਰਨ ਲਈ ਭੇਜਣ ਲਈ ਮਜਬੂਰ ਹੋ ਰਹੇ ਹਨ। ਸੂਬਾਈ ਆਗੂ ਜੱਜਪਾਲ ਸਿੰਘ ਬਾਜੇ ਕੇ ਨੇ ਕਿਹਾ ਕਿ ਹਰ ਤਰ੍ਹਾਂ ਦੇ ਕੱਚੇ ਮੁਲਾਜ਼ਮ ਪੱਕੇ ਕਰਾਉਣ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਾਉਣ, ਛੇਵੇਂ ਪੇ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਨੂੰ ਸੋਧ ਕੇ ਮੁਲਾਜ਼ਮ ਹਿੱਤਾਂ ਵਿੱਚ ਲਾਗੂ ਕਰਵਾਉਣ, ਮਾਣ ਭੱਤਾ ਲੈ ਰਹੇ ਮੁਲਾਜ਼ਮਾਂ ਨੂੰ ਘੱਟੋ ਘੱਟ ਉਜਰਤ ਦੇ ਘੇਰੇ ਵਿੱਚ ਲਿਆਉਣ, ਰੈਗੂਲਰ ਭਰਤੀ ਤੇ ਪ੍ਰਮੋਸ਼ਨਾਂ ਕਰਾਉਣ, ਚੋਣਾਂ ਸਮੇਂ ਕੀਤੇ ਵਾਅਦਿਆਂ ਨੂੰ ਲਾਗੂ ਕਰਾਉਣ ਸਮੇਤ ਮੁਲਾਜ਼ਮ ਮੰਗਾਂ ਨੂੰ ਮਨਵਾਉਣ ਲਈ ਪਸਸਫ. ਵੱਲੋਂ ਤਿੱਖੇ ਸੰਘਰਸ਼ਾਂ ਦੀ ਲਾਮਬੰਦੀ ਕੀਤੀ ਜਾਵੇਗੀ। ਪਸਸਫ ਨੇ ਪੈਨਲ ਪੇਸ਼ ਕੀਤਾ, ਜਿਸ ਵਿੱਚ ਜ਼ਿਲ੍ਹਾ ਪ੍ਰਧਾਨ ਰਜਿੰਦਰ ਸਿੰਘ ਰਿਆੜ, ਜਰਨਲ ਸਕੱਤਰ ਜਸਪ੍ਰੀਤ ਸਿੰਘ ਗਗਨ, ਸੀਨੀਅਰ ਮੀਤ ਪ੍ਰਧਾਨ ਸਤਿਅਮ ਪ੍ਰਕਾਸ਼, ਸੀਨੀਅਰ ਮੀਤ ਪ੍ਰਧਾਨ ਸੁਰਿੰਦਰ ਕੁਮਾਰ, ਸੀਨੀਅਰ ਮੀਤ ਪ੍ਰਧਾਨ ਅੰਗਰੇਜ਼ ਸਿੰਘ, ਸੀਨੀਅਰ ਮੀਤ ਪ੍ਰਧਾਨ ਜੱਜਪਾਲ ਸਿੰਘ ਬੱਜੇ ਕੇ, ਜੁਆਇੰਟ ਸਕੱਤਰ ਹਰਦੀਪ ਕੌਰ, ਜੁਆਇੰਟ ਸਕੱਤਰ ਪਿਰਥੀ ਬਹਾਦਰ, ਖ਼ਜ਼ਾਨਚੀ ਕੁਲਦੀਪ ਸਿੰਘ, ਸਹਾਇਕ ਖ਼ਜ਼ਾਨਚੀ ਲਖਵਿੰਦਰ ਸਿੰਘ, ਪ੍ਰੈੱਸ ਸਕੱਤਰ ਦੀਤਾਰ ਸਿੰਘ, ਸਹਾਇਕ ਪ੍ਰੈੱਸ ਸਕੱਤਰ ਜਗਤਾਰ ਸਿੰਘ, ਜਥੇਬੰਦਕ ਸਕੱਤਰ ਗੁਰਪ੍ਰੀਤ ਸਿੰਘ ਅਮੀਂਵਾਲ, ਦਫ਼ਤਰ ਸਕੱਤਰ ਰਾਜਦੀਪ ਸਿੰਘ, ਪ੍ਰਚਾਰ ਸਕੱਤਰ ਰਾਜੂ ਸਿੰਘ, ਮੀਤ ਪ੍ਰਧਾਨ ਨਸੀਬ ਕੌਰ, ਮੀਤ ਪ੍ਰਧਾਨ ਜਗਤਾਰ ਕੌਰ, ਮੀਤ ਪ੍ਰਧਾਨ ਜਸਵਿੰਦਰ ਸਿੰਘ ਕਾਰਜਕਾਰਨੀ ਕਮੇਟੀ ਚੁਣੇ ਗਏ।

ਸਰਬਜੀਤ ਸਿੰਘ ਦੌਧਰ ਵੱਲੋਂ ਫੈਡਰੇਸ਼ਨ ਵਿੱਚ ਸੰਘਰਸ਼ੀ ਸੇਵਾ ਅਜਲਾਸ ਵਿੱਚ ਸ਼ਾਮਲ ਸਾਥੀਆਂ ਦਾ ਧੰਨਵਾਦ ਕੀਤਾ।

# ਸੰਕੇਤਕ ਭਾਸ਼ਾ ਸੰਵਾਦ ਰਚਾਉਣ ਦਾ ਇੱਕ ਵਿਸ਼ੇਸ਼ ਤਕਨੀਕੀ ਮਾਧਿਅਮ : ਡਾ. ਰਜਿੰਦਰ ਕੌਰ

**ਸਮਰਾਲਾ (ਸੁਰਜੀਤ ਸਿੰਘ)**-ਜੋ ਮਨੁੱਖ ਸੰਵਾਦ ਨਹੀਂ ਰਚਾ ਸਕਦੇ, ਉਨ੍ਹਾਂ ਨਾਲ ਆਮ ਲੋਕ ਸੰਕੇਤਕ ਭਾਸ਼ਾ ਨੂੰ ਸਮਝ ਕੇ ਆਪਣਾ ਸੰਵਾਦ ਰਚਾ ਸਕਦੇ ਹਨ। ਇਹ ਵਿਚਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਸਰਪ੍ਰਸਤੀ ਹੇਠ ਚੱਲ ਰਹੀ ਸਿੱਖਿਆ ਸੰਸਥਾ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ, ਝਾੜ ਸਾਹਿਬ ਵਿਖੇ 'ਅੰਤਰਰਾਸ਼ਟਰੀ ਸੰਕੇਤਕ ਭਾਸ਼ਾ ਦਿਵਸ-2022' ਮੌਕੇ ਸਾਂਝ ਕੇਂਦਰ ਖੰਨਾ, ਕਾਲਜ ਦੇ ਸੈਲਫ ਹੈਲਪ ਗਰੁੱਪ ਤੇ ਸਮਾਜ ਸੇਵੀ ਸ਼ਿਵ ਕੁਮਾਰ ਸਿਵਲੀ ਦੇ ਸਹਿਯੋਗ ਨਾਲ ਕਰਵਾਏ ਗਏ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਪ੍ਰਿੰਸੀਪਲ ਡਾ. ਰਜਿੰਦਰ ਕੌਰ ਨੇ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਇਹ ਦਿਵਸ ਚਾਰ ਸਾਲ ਪਹਿਲਾਂ ਇਸ ਮਨੋਰਥ ਨਾਲ ਮਨਾਉਣਾ ਸ਼ੁਰੂ ਕੀਤਾ ਗਿਆ ਸੀ ਤਾਂ ਜੋ ਡੈੱਫ ਵਿਅਕਤੀ ਬਾਰੇ ਸਾਰਾ ਸਮਾਜ ਜਾਣ ਸਕੇ। ਇਸ ਦਿਨ ਨੂੰ ਮਨਾਉਣ ਦਾ ਮਨੋਰਥ ਇਹੋ ਹੈ ਕਿ ਜੋ ਮਨੁੱਖ ਸੰਵਾਦ ਨਹੀਂ ਰਚਾ ਸਕਦੇ, ਉਨ੍ਹਾਂ ਨਾਲ ਆਮ ਲੋਕ ਸੰਕੇਤਕ ਭਾਸ਼ਾ ਨੂੰ ਸਮਝ ਕੇ ਆਪਣਾ ਸੰਵਾਦ ਰਚਾ ਸਕਣ। ਉਨ੍ਹਾਂ ਨੂੰ ਨਿੱਜੀ ਜੀਵਨ ਵਿੱਚ ਅਨੇਕਾਂ ਹੀ ਸੰਘਰਸ਼ ਕਰਨੇ ਪੈਂਦੇ ਹਨ, ਪਰ ਆਮ ਮਨੁੱਖ ਇਨ੍ਹਾਂ ਦੇ ਪੱਧਰ 'ਤੇ ਵਿਚਰ ਕੇ ਹੀ ਇਸ ਨੂੰ ਸਮਝ ਸਕਦਾ ਹੈ। ਕਾਲਜ ਪ੍ਰਿੰਸੀਪਲ ਡਾ. ਰਜਿੰਦਰ ਕੌਰ ਦੀ ਸਰਪ੍ਰਸਤੀ ਹੇਠ ਕਰਵਾਏ ਗਏ ਇਸ ਸੈਮੀਨਾਰ 'ਚ ਸਭ ਤੋਂ ਪਹਿਲਾਂ ਆਏ ਮਹਿਮਾਨਾਂ ਦਾ ਸਵਾਗਤ ਕੀਤਾ ਗਿਆ। ਉਪਰੰਤ ਜ਼ਿਲ੍ਹਾ ਸਾਂਝ ਕੇਂਦਰ ਦੇ ਇੰਚਾਰਜ ਕੁਲਜੀਤ ਸਿੰਘ ਐੱਸ ਆਈ ਨੇ ਸਾਈਨ ਲੈਂਗੂਏਜ ਯੂਨਿਟ 'ਅੱਸ' ਵਿਸ਼ੇ 'ਤੇ ਬੋਲਦਿਆਂ ਕਿਹਾ ਕਿ ਗੂੰਗੇ ਤੇ ਬੋਲੇ ਵਿਅਕਤੀਆਂ ਲਈ ਸੰਕੇਤਕ ਭਾਸ਼ਾ ਨੂੰ ਵਿਸ਼ੇਸ਼ ਤੌਰ 'ਤੇ ਤਿਆਰ ਕੀਤਾ ਗਿਆ ਹੈ, ਤਾਂ ਜੋ ਉਹ ਆਪਣੇ ਅੰਦਰੂਨੀ ਵਿਚਾਰਾਂ ਤੇ ਭਾਵਾਂ ਨੂੰ ਇੱਕ ਦੂਜੇ ਨਾਲ ਸਾਂਝੇ ਕਰ ਸਕਣ ਅਤੇ ਸਮਾਜ ਵਿੱਚ ਆਪਣਾ ਵਿਸ਼ੇਸ਼ ਸਥਾਨ ਬਣਾ ਕੇ ਆਪਣੇ ਜੀਵਨ ਪੱਧਰ ਨੂੰ ਉੱਚਾ ਚੁੱਕ ਸਕਣ। ਇਸ ਪ੍ਰੋਗਰਾਮ ਵਿੱਚ ਪਹੁੰਚੇ ਸ਼ਿਵਾ ਕੌਸ਼ਲ, ਜਵਾਲਾ ਕੌਸ਼ਲ ਤੇ ਅਵਤਾਰ ਸਿੰਘ ਝਾੜ ਸਾਹਿਬ ਨੇ ਸੰਕੇਤਕ ਚਿੰਨ੍ਹਾਂ ਦੀ ਵਰਤੋਂ ਕਰਕੇ ਆਮ ਬੋਲਚਾਲ ਦੇ ਸ਼ਬਦਾਂ ਬਾਰੇ ਦੱਸਿਆ। ਅੰਤ ਵਿੱਚ ਡਾ. ਸੁਨੀਤਾ ਕੌਸ਼ਲ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਸਟੇਜ ਦੀ ਭੂਮਿਕਾ ਡਾ. ਮਹੀਪਿੰਦਰ ਕੌਰ ਮੁਖੀ ਪੰਜਾਬੀ ਵਿਭਾਗ ਨੇ ਬਾਖ਼ੂਬੀ ਨਿਭਾਈ। ਇਸ ਮੌਕੇ ਬਲਦੀਪ ਸਿੰਘ, ਕਾਲਜ ਸਟਾਫ ਤੇ ਵਿਦਿਆਰਥਣਾਂ ਮੌਜੂਦ ਰਹੀਆਂ।

# ਡਿਗਰੀਆਂ ਲਈ ਨਹੀਂ, ਸਗੋਂ ਚੇਤਨਾ ਲਈ ਜ਼ਰੂਰੀ ਹੈ ਸਿੱਖਿਆ : ਬੂਟਾ ਸਿੰਘ

## ਕਰਮਚਾਰੀ ਸੰਗਠਨਾਂ ਵੱਲੋਂ ਸ਼ਹੀਦ ਭਗਤ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਤ ਸੈਮੀਨਾਰ

**ਸਿਰਸਾ (ਸੁਰਿੰਦਰ ਪਾਲ ਸਿੰਘ)** : ਸਿਰਸਾ ਦੇ ਪਟਵਾਰ ਭਵਨ ਵਿਖੇ ਰਿਟਾਇਰਡ ਇੰਪਲਾਈਜ਼ ਯੂਨੀਅਨ, ਮਕੈਨੀਕਲ ਵਰਕਰ ਯੂਨੀਅਨ ਤੇ ਇਕ ਡਫਲੀ ਇਕ ਰਾਗ ਕਲਾ ਮੰਚ ਸਿਰਸਾ ਵੱਲੋਂ ਸਾਂਝੇ ਤੌਰ 'ਤੇ ਜੰਗ-ਏ-ਆਜ਼ਾਦੀ ਦੇ ਮਹਾਨ ਯੋਧੇ ਸ਼ਹੀਦ ਭਗਤ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਤ ਸੈਮੀਨਾਰ ਤੇ ਨਾਟਕ ਮੰਚਨ ਪ੍ਰੋਗਰਾਮ ਕਰਵਾਇਆ ਗਿਆ। ਇਸ ਪ੍ਰੋਗਰਾਮ ਦੀ ਪ੍ਰਧਾਨਗੀ ਮਹਿੰਦਰ ਸ਼ਰਮਾ ਤੇ ਨਿਰਮਲ ਸਿੰਘ ਫੌਜੀ ਨੇ ਕੀਤੀ। ਆਲਮੀ ਸਾਮਰਾਜਵਾਦ ਤੇ ਭਗਤ ਸਿੰਘ ਦੀ ਵਿਚਾਰਧਾਰਾ ਵਿਸ਼ੇ 'ਤੇ ਬੋਲਦਿਆਂ ਮਾ: ਬੂਟਾ ਸਿੰਘ ਨੇ ਕਿਹਾ ਕਿ ਸਾਮਰਾਜਵਾਦ ਮਨੁੱਖਤਾ ਦੀ ਤਬਾਹੀ ਲਿਆਉਂਦਾ ਹੈ ਤੇ ਇਹ ਵਸੀਲਿਆਂ 'ਤੇ ਕਾਬਜ਼ ਹੋਣ ਅਤੇ ਮੁਨਾਫੇ ਦੀ ਲਾਲਸਾ ਦੇ ਸਾਮਰਾਜੀ ਮਨਸੂਬੇ ਸੰਸਾਰ ਤੇ ਮਨੁੱਖਤਾ ਲਈ ਹਮੇਸ਼ਾ ਖਤਰਾ ਬਣੇ ਹੋਏ ਹਨ। ਇਸੇ ਲਈ ਸ਼ਹੀਦ ਭਗਤ ਸਿੰਘ ਤੇ ਉਸ ਦੇ ਸਾਥੀਆਂ ਨੇ ਸਮਾਜਵਾਦ ਦਾ ਨਾਅਰਾ ਬੁਲੰਦ ਕੀਤਾ। ਮਾ: ਬੂਟਾ ਸਿੰਘ ਨੇ ਕਿਹਾ ਕਿ ਅਮਰੀਕਨ ਸਾਮਰਾਜਵਾਦ ਦੁਨੀਆ ਦੇ ਕਮਜ਼ੋਰ ਮੁਲਕਾਂ 'ਤੇ ਹਮਲਾ ਕਰਦਾ ਹੈ। ਇਰਾਕ ਤੇ ਈਰਾਨ ਇਸ ਦੀਆਂ ਸਭ ਤੋਂ ਵੱਡੀਆਂ ਉਦਾਹਰਣਾਂ ਹਨ। ਉਨ੍ਹਾ ਕਿਹਾ ਕਿ ਸਾਮਰਾਜਵਾਦ ਦੇ ਖਾਤਮੇ ਤੋਂ ਬਿਨਾਂ ਜੰਗਾਂ ਦਾ ਕੋਈ ਅੰਤ ਨਹੀਂ ਹੋਵੇਗਾ। ਪ੍ਰੋਗਰਾਮ ਦੇ ਦੂਜੇ ਭਾਗ ਵਿੱਚ ਸਿੱਖਿਆ ਸ਼ਾਸਤਰੀ ਮਾ: ਬੀਰ ਸਿੰਘ ਨੇ ਕਿਹਾ ਕਿ ਸਿੱਖਿਆ ਸਾਨੂੰ ਵੱਖ-ਵੱਖ ਤਰ੍ਹਾਂ ਦੇ ਗਿਆਨ ਤੇ ਹੁਨਰ ਪ੍ਰਦਾਨ ਕਰਦੀ ਹੈ, ਸਿੱਖਿਆ ਇੱਕ ਨਿਰੰਤਰ ਤੇ ਸੁਰੱਖਿਅਤ ਪ੍ਰਕਿਰਿਆ ਹੈ, ਜੋ ਮਨੁੱਖ ਨੂੰ ਵੱਖ-ਵੱਖ ਤਰੀਕਿਆਂ ਨਾਲ ਜੀਵ ਗਿਆਨ ਪ੍ਰਾਪਤ ਕਰਨ ਵਿੱਚ ਮਦਦ ਕਰਦੀ ਹੈ। ਉਨ੍ਹਾ ਕਿਹਾ ਕਿ ਵਿੱਦਿਆ ਜੀਵਨ ਦਾ ਸਾਧਨ ਹੈ, ਸਿੱਖਿਆ ਡਿਗਰੀਆਂ ਲਈ ਨਹੀਂ ਸਗੋਂ ਚੇਤਨਾ ਲਈ ਜ਼ਰੂਰੀ ਹੈ। ਉਨ੍ਹਾ ਕਿਹਾ ਕਿ ਉਦਾਰੀਕਰਨ ਕਾਰਨ ਸਿੱਖਿਆ ਤੇ ਰੋਜ਼ਗਾਰ ਦੇ ਮੌਕੇ ਸੁੰਗੜ ਰਹੇ ਹਨ। ਉਨ੍ਹਾ ਕਿਹਾ ਕਿ ਆਪਾਂ ਰਲ ਕੇ ਜਨਤਕ ਸਿੱਖਿਆ ਤੇ ਰੋਜ਼ਗਾਰ ਨੂੰ ਬਚਾਉਣ ਲਈ ਯਤਨ ਕਰੀਏ। ਇਸ ਪ੍ਰੋਗਰਾਮ ਦੇ ਆਖਰੀ ਪੜਾਅ ਵਿੱਚ ਇੱਕ ਡਫਲੀ ਇੱਕ ਰਾਗ ਕਲਾ ਮੰਚ ਦੇ ਕਲਾਕਾਰਾਂ ਨੇ ਜੰਗ ਦੀ ਭਿਆਨਕਤਾ 'ਤੇ ਨਾਟਕ "ਸਿਪਾਹੀ ਤੇ ਬੰਦੂਕ" ਦਾ ਮੰਚਨ ਕੀਤਾ। ਇਸ ਮੌਕੇ ਕਰਮਚਾਰੀ ਆਗੂ ਮਦਨ ਲਾਲ ਖੋਥ, ਰੋਹਤਾਸ ਸ਼ਰਮਾ, ਓਮ ਪ੍ਰਕਾਸ਼, ਰਾਜ ਕੁਮਾਰ ਸੇਖੂਪੁਰੀਆ, ਅਸ਼ੋਕ ਪਟਵਾਰੀ, ਰਵੀ ਕੁਮਾਰ, ਮਾਸਟਰ ਚਿਰੰਜੀ ਲਾਲ, ਸੁਰੇਸ਼ ਬਰਨਵਾਲ, ਵਰਿੰਦਰ ਭਾਟੀਆ, ਮੈਡਮ ਬਲਬੀਰ ਕੌਰ ਗਾਂਧੀ, ਘੀਸਾ ਰਾਮ ਨਾਗੋਕੀ, ਰਾਹੁਲ ਸ਼ਰਮਾ, ਗੁਰੂ ਦੱਤ ਵਾਜੇਕਾ ਸਮੇਤ ਸਿਰਸਾ ਖੇਤਰ ਦੇ ਬਹੁਤ ਸਾਰੇ ਬੁੱਧੀਜੀਵੀ ਤੇ ਹੋਰ ਲੋਕ ਹਾਜ਼ਰ ਸਨ।

## ਕੰਪਿਊਟਰ ਅਧਿਆਪਕਾਂ ਨੂੰ ਬਣਦਾ ਹੱਕ ਪਹਿਲ ਦੇ ਆਧਾਰ 'ਤੇ ਦੇਵੇ ਸਰਕਾਰ : ਡੀ ਟੀ ਐੱਫ

**ਲੌਂਗੋਵਾਲ, (ਪ੍ਰਦੀਪ ਸੱਪਲ/ਕੁਲਦੀਪ ਅੱਤਰੀ)** ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਪੰਜਾਬ ਦੇ ਸੂਬਾ ਪ੍ਰਧਾਨ ਦਿਗਵਿਜੇਪਾਲ ਸ਼ਰਮਾ, ਸੂਬਾ ਸਕੱਤਰ ਸਵਰਨ ਸਿੰਘ ਔਜਲਾ ਤੇ ਜ਼ਿਲ੍ਹਾ ਸੰਗਰੂਰ ਡੀਟੀਐਫ ਦੇ ਪ੍ਰਧਾਨ ਬਲਵੀਰ ਲੌਂਗੋਵਾਲ ਨੇ ਆਖਿਆ ਕਿ ਸਿੱਖਿਆ ਵਿਭਾਗ ਪੰਜਾਬ ਵੱਲੋਂ ਕੰਪਿਊਟਰ ਅਧਿਆਪਕਾਂ ਤੇ ਛੇਵਾਂ ਪੇ ਕਮਿਸ਼ਨ ਲਾਗੂ ਕਰਨ ਤੇ ਸੀ ਐੱਸ ਆਰ ਰੂਲ ਲਾਗੂ ਕਰਨ ਦੇ ਫ਼ੈਸਲੇ ਨੂੰ ਬਹੁਤ ਦੇਰੀ ਨਾਲ ਲਿਆ ਗਿਆ ਫ਼ੈਸਲਾ ਕਰਾਰ ਦਿੰਦਿਆਂ ਇਨ੍ਹਾਂ ਅਧਿਆਪਕਾਂ ਨੂੰ ਪੂਰੀ ਤਨਖਾਹ ਤੇ ਸਿੱਖਿਆ ਵਿਭਾਗ ਵਿੱਚ ਮਰਜ਼ ਕਰਨ ਦੀ ਮੰਗ ਕੀਤੀ ਹੈ।

ਕੰਪਿਊਟਰ ਅਧਿਆਪਕਾਂ ਦਾ ਬਣਦਾ ਹੱਕ ਪਹਿਲਾਂ ਹੀ ਦੇਣਾ ਬਣਦਾ ਸੀ। ਹੁਣ ਵੀ ਇਸ ਫ਼ੈਸਲੇ ਨੂੰ ਪਿੱਛੋਂ ਤੋਂ ਲਾਗੂ ਕਰਕੇ ਬਣਦਾ ਏਰੀਅਰ ਦੇਣਾ ਚਾਹੀਦਾ ਹੈ। ਪਿਛਲੇ ਸਮੇਂ ਵਿੱਚ ਕਿੰਨੇ ਹੀ ਕੰਪਿਊਟਰ ਅਧਿਆਪਕ ਅਚਨਚੇਤ ਮੌਤ ਹੋਣ ਕਾਰਨ ਇਸ ਹੱਕ ਤੋਂ ਵਾਂਝੇ ਰਹੇ ਹਨ। ਜਥੇਬੰਦੀ ਫ਼ੈਸਲੇ ਨੂੰ ਸੁਹਿਰਦਤਾ ਨਾਲ ਲਾਗੂ ਕਰਨ ਦੀ ਮੰਗ ਕਰਦੀ ਹੈ ਤਾਂ ਜੁ ਲਗਾਤਾਰ ਧੱਕੇ ਦਾ ਸ਼ਿਕਾਰ ਇਨ੍ਹਾਂ ਅਧਿਆਪਕਾਂ ਨੂੰ ਕੁਝ ਰਾਹਤ ਮਿਲ ਸਕੇ।

## ਜ਼ਿਲ੍ਹਾ ਪੱਧਰੀ ਖੇਡਾਂ 'ਚ ਮਾਤਾ ਸਾਹਿਬ ਕੌਰ ਪਬਲਿਕ ਸਕੂਲ ਨੇ ਓਵਰਆਲ ਟਰਾਫੀ ਜਿੱਤੀ

**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਜ਼ਿਲ੍ਹਾ ਸਿੱਖਿਆ ਅਫਸਰ ਫਿਰੋਜ਼ਪੁਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਰ ਕਿੱਕ ਬਾਕਸਿੰਗ ਦਾ ਜ਼ਿਲ੍ਹਾ ਪੱਧਰੀ ਟੂਰਨਾਮੈਂਟ ਸ਼ਹੀਦ ਗੁਰਦਾਸ ਰਾਮ ਮੈਮੋਰੀਅਲ ਸਰਕਾਰੀ ਸੀਨੀ. ਸੈਕੰ. ਸਮਾਰਟ ਸਕੂਲ ਜ਼ੀਰਾ (ਫਿਰੋਜ਼ਪੁਰ) ਵਿਖੇ ਕਰਵਾਇਆ ਗਿਆ। ਇਸ ਟੂਰਨਾਮੈਂਟ ਵਿੱਚ ਜ਼ਿਲ੍ਹਾ ਫਿਰੋਜ਼ਪੁਰ ਦੇ 8 ਸਕੂਲਾਂ ਦੇ ਲੱਗਭੱਗ 110 ਬੱਚਿਆਂ ਨੇ ਭਾਗ ਲਿਆ। ਇਹ ਟੂਰਨਾਮੈਂਟ ਵਿੱਚ ਅੰਡਰ-14, ਅੰਡਰ-17, ਅੰਡਰ-19 ਉਮਰ ਵਰਗ ਦੇ ਲੜਕੇ, ਲੜਕੀਆਂ ਨੇ ਭਾਗ ਲਿਆ। ਮਾਤਾ ਸਾਹਿਬ ਕੌਰ ਸੀਨੀ. ਸੈਕੰ. ਪਬਲਿਕ ਸਕੂਲ ਨੇ ਇਸ ਟੂਰਨਾਮੈਂਟ ਵਿੱਚ ਓਵਰਆਲ ਟਰਾਫੀ ਆਪਣੇ ਨਾਮ ਕੀਤੀ, ਜਿਸ ਵਿੱਚ ਮਾਤਾ ਸਾਹਿਬ ਕੌਰ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਗੁਰੂ ਹਰਸਹਾਏ ਦੇ ਖਿਡਾਰੀਆਂ ਨੇ 16 ਮੈਡਲ ਹਾਸਲ ਕੀਤੇ, ਜਿਨ੍ਹਾਂ ਵਿੱਚ ਅਭਿਜੋਤ ਸਿੰਘ, ਸਾਹਿਲਪ੍ਰੀਤ ਸਿੰਘ, ਵੰਸ਼, ਏਕਮਪ੍ਰੀਤ ਸਿੰਘ, ਰਾਜਪ੍ਰੀਤ ਸਿੰਘ, ਕਪਿਲ ਸ਼ਰਮਾ, ਅਰਮਾਨ ਨੇ ਸੋਨੇ ਦੇ ਤਮਗੇ ਹਾਸਲ ਕੀਤੇ ਅਤੇ ਰਾਹੁਲ, ਨਵਰੋਜ, ਅਭਿਜੀਤ ਸਿੰਘ, ਲਵਪ੍ਰੀਤ ਸਿੰਘ, ਸੌਰਵ, ਹਰਮਨ ਗਿੱਲ, ਦਿਲਜਾਨਪ੍ਰੀਤ ਨੇ ਚਾਂਦੀ ਦੇ ਤਮਗੇ ਹਾਸਲ ਕੀਤੇ ਅਤੇ ਨਵਿਤ ਤੇ ਮਾਨੁਸ਼ ਨੇ ਕਾਂਸੇ ਦੇ ਤਮਗੇ ਪ੍ਰਾਪਤ ਕੀਤੇ। ਖਿਡਾਰੀਆਂ ਦੀ ਇਸ ਉਪਲਬਧੀ 'ਤੇ ਸਕੂਲ ਦੇ ਪ੍ਰਿੰਸੀਪਲ ਡਾ. ਪੰਕਜ ਧਮੀਜਾ ਤੇ ਸਕੂਲ ਮੈਨੇਜਮੈਂਟ ਕਮੇਟੀ ਦੇ ਮੈਂਬਰ ਮਹੀਪਾਲ ਸਿੰਘ, ਕਮਲਪਾਲ ਸਿੰਘ, ਹਰਬੀਰ ਸਿੰਘ, ਗੁਰਿੰਦਰ ਸਿੰਘ ਤੇ ਮੈਡਮ ਸਿਮਰਨ, ਸਕੂਲ ਦੇ ਸਪੋਰਟਸ ਵਿਭਾਗ ਦੇ ਮੈਂਬਰ ਸਵਰਨ ਸਿੰਘ, ਵਿਕਰਮ ਸਿੰਘ, ਧਰਮਿੰਦਰ ਸਿੰਘ ਤੇ ਸਮੂਹ ਸਕੂਲ ਸਟਾਫ਼ ਨੇ ਖਿਡਾਰੀਆਂ ਨੂੰ ਵਧਾਈ ਦਿੰਦੇ ਹੋਏ ਉਨ੍ਹਾਂ ਨੂੰ ਸਟੇਟ ਪੱਧਰ 'ਤੇ ਚੰਗਾ ਪ੍ਰਦਰਸ਼ਨ ਕਰਨ ਦੀਆਂ ਸ਼ੁੱਭ-ਕਾਮਨਾਵਾਂ ਦਿੱਤੀਆਂ।

# ਸਾਈਕਲਿੰਗ ਕਲੱਬ ਦੇ ਦੋ ਮੈਂਬਰ ਵਾਪਸ ਪਰਤੇ

**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਸਾਈਕਲਿੰਗ ਕਲੱਬ ਦੇ ਦੋ ਸਾਈਕਲ ਚਾਲਕ ਹਰੀਸ਼ ਆਹੂਜਾ ਤੇ ਸ੍ਰੀ ਸਚਿਨ ਜੈਨ ਵੱਲੋਂ 600 ਕਿਲੋਮੀਟਰ ਐਸ ਆਰ ਰਾਈਟ ਪੂਰੀ ਕਰਕੇ ਵਾਪਸ ਪਰਤੇ। ਗਿੱਦੜਬਾਹਾ ਆਉਣ ਤੇ ਕਲੱਬ ਦੇ ਸੀਨੀਅਰ ਮੈਂਬਰ ਤੇ ਪਹਿਲਾਂ ਰਹਿ ਚੁੱਕੇ ਐਸ ਆਰ ਮੈਂਬਰਾਂ ਨੇ ਉਨ੍ਹਾਂ ਦਾ ਹਾਰ ਪਾ ਕੇ ਨਿੱਘਾ ਸਵਾਗਤ ਕੀਤਾ।

ਇਸ ਮੌਕੇ ਰੱਖੇ ਗਏ ਸਾਦੇ ਸਮਾਗਮ ਦੌਰਾਨ ਹਰੀਸ਼ ਆਹੂਜਾ ਅਤੇ ਸਚਿਨ ਜੈਨ ਨੂੰ ਕਲੱਬ ਵੱਲੋਂ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਵੀ ਕੀਤਾ ਗਿਆ। ਕਲੱਬ ਪ੍ਰਧਾਨ ਰਵਿੰਦਰ ਸਿੰਘ ਧਾਲੀਵਾਲ ਨੇ ਦੱਸਿਆ ਕਿ ਇਨ੍ਹਾਂ ਰਾਈਡਰਜ ਨੇ 600 ਕਿਲੋਮੀਟਰ 40 ਘੰਟਿਆਂ ਵਿੱਚ ਪੂਰੀ ਕਰਨੀ ਸੀ, ਜੋ ਇਨ੍ਹਾਂ ਦੋਹਾਂ ਰਾਈਡਰਜ਼ ਨੇ ਲਗਪਗ 25 ਘੰਟਿਆਂ ਵਿੱਚ ਪੂਰੀ ਕਰ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਗਿੱਦੜਬਾਹਾ ਸਾਈਕਲਿੰਗ ਕਲੱਬ ਦਾ ਮੁੱਖ ਉਦੇਸ਼ ਹੈ ਕਿ ਨੌਜਵਾਨਾਂ ਨੂੰ ਖੇਡਾਂ ਨਾਲ ਜੋੜ ਕੇ ਨਸ਼ਿਆਂ ਤੋਂ ਦੂਰ ਕਰਨਾ।

ਇਸ ਸਮੇਂ ਉਚੇਚੇ ਤੌਰ 'ਤੇ ਕਲੱਬ ਵੱਲੋਂ ਪ੍ਰਧਾਨ ਸ੍ਰੀ ਸੁਖਦੀਪ ਸਿੰਘ ਐੱਸ ਆਰ, ਜਗਸੀਰ ਸਿੰਘ ਸਮੱਧਰ ਐੱਸਆਰ, ਗੁਰਸੇਵਕ ਸਿੰਘ ਸੰਧੂ ਐੱਸ ਆਰ, ਰਾਮ ਸਿੰਘ, ਚਰਨਕਮਲਜੀਤ ਸਿੰਘ ਸਿੱਧੂ, ਰਾਹੁਲ ਗਰਗ, ਪ੍ਰਦੀਪ ਬਾਂਸਲ, ਨਿਰਮਲ ਸਿੰਘ, ਸ਼ਮਿੰਦਰ ਸਿੰਘ, ਰਵਿੰਦਰ ਗਿਲਹੋਤਰਾ ਸੀਨੀਅਰ ਰਾਈਡਰਜ ਤੋਂ ਇਲਾਵਾ ਕਲੱਬ ਦੇ ਮੈਂਬਰ ਪ੍ਰਤਾਪ ਸਿੰਘ ਜੀ ਆਰ ਵੀ ਵਿਸੇਸ ਤੌਰ 'ਤੇ ਹਾਜ਼ਰ ਸਨ।

# ਰਾਈਸੀਲਾ ਗਰੁੱਪ ਨੂੰ ਰਾਈਸ ਬਰਾਨ ਤੇਲ ਨਿਰਯਾਤ ਕਰਨ 'ਚ ਮਿਲਿਆ ਪਹਿਲਾ ਐਵਾਰਡ

**ਧੂਰੀ (ਬਿਨੀ ਗਰਗ)**-ਰਾਈਸੀਲਾ ਗਰੁੱਪ ਨੂੰ ਸਾਲ 2021-22 'ਚ ਰਿਫਾਇੰਡ ਰਾਈਸ ਬਰੈਨ ਆਇਲ ਦੀ ਸਭ ਤੋਂ ਵੱਧ ਮਾਤਰਾ ਨਿਰਯਾਤ ਕਰਨ ਲਈ ਪਹਿਲਾ ਤੇ ਦੂਜਾ ਐਵਾਰਡ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਰਾਈਸੀਲਾ ਗਰੁੱਪ ਨੂੰ ਪਿਛਲੇ ਸਾਲ 2021-22 ਵਿੱਚ ਸਭ ਤੋਂ ਵੱਧ ਮਾਤਰਾ 'ਚ ਰਿਫਾਇੰਡ ਰਾਈਸ ਬਰੈਨ ਆਇਲ ਦਾ ਉਤਪਾਦਨ ਕਰਨ ਲਈ ਪਹਿਲਾ ਐਵਾਰਡ ਦਿੱਤਾ ਗਿਆ ਹੈ।

ਰਾਈਸੀਲਾ ਗਰੁੱਪ ਦੇ ਚੇਅਰਮੈਨ ਕਮ ਮੈਨੇਜਿੰਗ ਡਾਇਰੈਕਟਰ ਡਾ. ਏ.ਆਰ. ਸ਼ਰਮਾ ਨੇ ਦੱਸਿਆ ਕਿ ਰਾਈਸੀਲਾ ਗਰੁੱਪ ਆਪਣੀ ਕੰਪਨੀ ਦੀ ਸਮੁੱਚੀ ਟੀਮ ਦੀ ਅਣਥੱਕ ਮਿਹਨਤ ਦੇ ਚੱਲਦਿਆਂ ਲਗਾਤਾਰ ਪਿਛਲੇ 21 ਸਾਲਾਂ ਤੋਂ ਰਾਈਸ ਬਰੈਨ ਆਇਲ ਦਾ ਉਤਪਾਦਨ ਕਰਨ ਵਿੱਚ ਪਹਿਲਾ ਇਨਾਮ ਪ੍ਰਾਪਤ ਕਰਦਾ ਆ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਰਾਈਸੀਲਾ ਗਰੁੱਪ ਦੇ ਸੀ.ਈ.ਓ. ਸ੍ਰੀ ਪੁਨੀਤ ਗੋਇਲ ਨੂੰ ਇਹ ਐਵਾਰਡ ਸ੍ਰੀ ਪਾਰਥਾ ਸਾਰਥੀ ਦਾਸ ਆਈ.ਏ.ਐਸ. ਸੰਯੁਕਤ ਸਕੱਤਰ ਤੇ ਸ੍ਰੀ ਸੁਧਾਕਰ ਪਾਂਡੇ ਆਈ.ਏ.ਐਸ. ਸਕੱਤਰ ਡਿਪਾਰਟਮੈਂਟ ਆਫ ਫ਼ੂਡ ਐਂਡ ਪਬਲਿਕ ਡਿਸਟ੍ਰੀਬਿਊਸ਼ਨ, ਭਾਰਤ ਸਰਕਾਰ ਤੋਂ ਆਗਰਾ ਵਿੱਚ ਆਯੋਜਤ ਸੋਲਵੈਂਟ ਐਕਸਟਰੈਕਟਰਜ਼ ਐਸੋਸੀਏਸ਼ਨ ਆਫ਼ ਇੰਡੀਆ ਦੀ 51ਵੀਂ ਸਾਲਾਨਾ ਮੀਟਿੰਗ ਤੇ ਪੁਰਸਕਾਰ ਸਮਾਰੋਹ ਦੌਰਾਨ ਦਿੱਤਾ ਗਿਆ ਹੈ ਤੇ ਇਸ ਸਮਾਰੋਹ ਵਿੱਚ ਇੰਡੋਨੇਸ਼ੀਆ ਤੇ ਅਰਜਨਟੀਨਾ ਦੇ ਉੱਚ ਅਧਿਕਾਰੀ ਵੀ ਮੌਜੂਦ ਸਨ। ਜ਼ਿਕਰਯੋਗ ਹੈ ਕਿ ਪੰਜਾਬ ਦੇ ਛੋਟੇ ਜਿਹੇ ਕਸਬੇ ਧੂਰੀ ਵਿੱਚ ਸਥਿਤ ਰਾਈਸੀਲਾ ਗਰੁੱਪ ਵੱਲੋਂ ਤਿਆਰ ਕੀਤਾ ਰਿਫਾਇੰਡ ਰਾਈਸ ਬਰੈਨ ਆਇਲ ਦੁਨੀਆ ਦੇ 30 ਤੋਂ ਵੱਧ ਦੇਸ਼ਾਂ ਵਿੱਚ ਵੱਡੀ ਮਾਤਰਾ ਵਿੱਚ ਨਿਰਯਾਤ ਕੀਤਾ ਜਾ ਰਿਹਾ ਹੈ, ਜਿਸ ਵਿੱਚ ਅਮਰੀਕਾ, ਆਸਟ੍ਰੇਲੀਆ, ਸਪੇਨ, ਇਟਲੀ, ਜਰਮਨੀ, ਨਿਊਜ਼ੀਲੈਂਡ, ਬਰਤਾਨੀਆ ਵਰਗੇ ਵਿਕਸਤ ਦੇਸ਼ ਵੀ ਸ਼ਾਮਲ ਹਨ। ਰਾਈਸੀਲਾ ਗਰੁੱਪ ਵੱਲੋਂ ਕੋਲੇਸਟ੍ਰੋਲ ਘੱਟ ਕਰਨ ਵਾਲਾ ਇੱਕ ਨਵਾਂ ਉਤਪਾਦ ਗਾਮਾ ਓਰੀਜ਼ਨੋਲ ਵੀ ਬਜ਼ਾਰ ਵਿੱਚ ਉਤਾਰਿਆ ਗਿਆ ਹੈ ਤੇ ਗਾਮਾ ਓਰੀਜ਼ਨੋਲ ਕੈਪਸੂਲ ਨੂੰ ਭਾਰਤ ਸਮੇਤ ਅੰਤਰਰਾਸ਼ਟਰੀ ਬਜ਼ਾਰ ਵਿੱਚ ਵੀ ਵੇਚਿਆ ਜਾ ਰਿਹਾ ਹੈ।

# ਨਸ਼ੀਲੀਆਂ ਗੋਲੀਆਂ ਵੇਚਣ ਵਾਲਾ ਕਾਬੂ

**ਜਗਰਾਓਂ (ਅਮਿਤ ਖੰਨਾ)** ਨਸ਼ੀਲੀਆਂ ਗੋਲੀਆਂ ਵੇਚਣ ਵਾਲੇ ਇੱਕ ਸਮੱਗਲਰ ਨੂੰ ਕਾਬੂ ਕਰਕੇ ਉਸਦੇ ਪਿੱਛੇ ਜੁੜੀ ਇੱਕ ਹੋਰ ਵੱਡੀ ਕੜੀ ਦਾ ਖੁਲਾਸਾ ਕੀਤਾ।

ਸੀ.ਆਈ.ਏ. ਸਟਾਫ਼ ਦੀ ਪੁਲਿਸ ਵੱਲੋਂ 320 ਨਸ਼ੀਲੀਆਂ ਗੋਲੀਆਂ ਨਾਲ ਕਾਬੂ ਕੀਤੇ ਸਮੱਗਲਰ ਵਰਿੰਦਰ ਕੁਮਾਰ ਦੀ ਪੁੱਛਗਿੱਛ ਤੋਂ ਬਾਅਦ ਉਸਦੇ ਕਾਬੂ ਕੀਤੇ ਇੱਕ ਹੋਰ ਸਾਥੀ ਗੁਰਪ੍ਰੀਤ ਸਿੰਘ ਵਾਸੀ ਈਸ਼ਰ ਨਗਰ ਲੁਧਿਆਣਾ ਪਾਸੋਂ 38 ਹਜ਼ਾਰ ਹੋਰ ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਗਈਆਂ। ਜ਼ਿਲ੍ਹਾ ਪੁਲਸ ਮੁਖੀ ਐੱਸ.ਐੱਸ.ਪੀ. ਹਰਜੀਤ ਸਿੰਘ ਨੇ ਦੱਸਿਆ ਕਿ ਸੀ.ਆਈ.ਏ. ਸਟਾਫ਼ ਦੀ ਪੁਲਸ ਵੱਲੋਂ ਇੰਸਪੈਕਟਰ ਦਲਬੀਰ ਸਿੰਘ ਦੀ ਅਗਵਾਈ 'ਚ ਵਰਿੰਦਰ ਕੁਮਾਰ ਵਾਸੀ ਸਤੀਸ ਕੁਮਾਰ ਵਾਸੀ ਮੁਹੱਲਾ ਲਾਹੌਰੀਆਂ ਨੂੰ ਨਸ਼ੀਲੀਆਂ ਗੋਲੀਆਂ ਸਮੇਤ ਕਾਬੂ ਕਰਕੇ ਉਸ ਖਿਲਾਫ਼ ਮਾਮਲਾ ਦਰਜ ਕੀਤਾ ਸੀ। ਉਨ੍ਹਾਂ ਦੱਸਿਆ ਕਿ ਪੁਲਸ ਵਲੋਂ ਉਕਤ ਦੋਸ਼ੀ ਪਾਸੋਂ ਪੁੱਛਗਿੱਛ ਤੋਂ ਬਾਅਦ ਇਸ ਸਮਗਲਰ ਦੀ ਅਗਲੀ ਕੜੀ ਗੁਰਪ੍ਰੀਤ ਸਿੰਘ ਵਾਸੀ ਲੁਧਿਆਣਾ ਨੂੰ ਮਹਿੰਗੀ ਅਰਬਨ ਕਰੂਜਰ 'ਚ ਹਜ਼ਾਰ ਨਸ਼ੀਲੀਆਂ ਗੋਲੀਆਂ ਨਾਲ ਕਾਬੂ ਕਰ ਲਿਆ ਤੇ ਇਸ ਤੋਂ ਬਾਅਦ ਉਕਤ ਕਥਿਤ ਦੋਸ਼ੀ ਪਾਸੋਂ ਪੁੱਛਗਿੱਛ ਦੇ ਅਧਾਰ 'ਤੇ 38 ਹਜ਼ਾਰ ਹੋਰ ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ।

# ਬਾਬਾ ਸ਼ੇਖ ਫਰੀਦ ਆਗਮਨ ਪੁਰਬ ਦੇ ਬੋਰਡ ਲੱਗੇ ਅੰਗਰੇਜ਼ੀ 'ਚ, ਪੰਜਾਬੀ ਪਿਆਰਿਆਂ 'ਚ ਰੋਸ

## ਮਾਂ ਬੋਲੀ ਪੰਜਾਬੀ ਦੇ ਮਾਣ-ਸਤਿਕਾਰ ਲਈ ਅਦਾਲਤ 'ਚ ਜਾਣ ਦੀ ਚਿਤਾਵਨੀ

**ਕੋਟਕਪੂਰਾ (ਰਛਪਾਲ ਭੁੱਲਰ)** : ਲਗਾਤਾਰ 10 ਸਾਲ ਅਕਾਲੀ-ਭਾਜਪਾ ਗੱਠਜੋੜ ਸਰਕਾਰ ਤੇ ਫਿਰ ਕਾਂਗਰਸ ਸਰਕਾਰ ਨੇ ਮਾਂ ਬੋਲੀ ਪੰਜਾਬੀ ਨੂੰ ਬਣਦਾ ਸਤਿਕਾਰ ਦੇਣ ਦੇ ਵੱਡੇ ਵੱਡੇ ਵਾਅਦੇ ਤੇ ਦਾਅਵੇ ਕੀਤੇ, ਪਰ ਆਮ ਆਦਮੀ ਪਾਰਟੀ ਨੇ ਉਕਤ ਸਰਕਾਰਾਂ ਦੀ ਮਾਂ ਬੋਲੀ ਪ੍ਰਤੀ ਬੇਰੁਖੀ ਕਾਰਨ ਬਹੁਤ ਆਲੋਚਨਾ ਕੀਤੀ ਤੇ ਹੁਣ ਬਾਬਾ ਫਰੀਦ ਆਗਮਨ ਪੁਰਬ ਮੌਕੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲਾਏ ਗਏ ਬੋਰਡਾਂ ਤੇ ਸੂਚਨਾਵਾਂ ਵਿੱਚ ਮਾਂ ਬੋਲੀ ਪੰਜਾਬੀ ਨੂੰ ਵਿਸਾਰ ਕੇ ਅੰਗਰੇਜ਼ੀ ਭਾਸ਼ਾ ਨੂੰ ਦਿੱਤੀ ਗਈ ਪ੍ਰਮੁੱਖਤਾ ਦਾ ਜਿੱਥੇ ਪੰਜਾਬੀ ਪਿਆਰੇ ਵਿਰੋਧ ਕਰ ਰਹੇ ਹਨ, ਉੱਥੇ ਕੁਝ ਸੁਹਿਰਦ ਪੰਜਾਬੀਆਂ ਨੇ ਅਦਾਲਤ ਦਾ ਦਰਵਾਜ਼ਾ ਖੜਕਾਉਣ ਦੀ ਚਿਤਾਵਨੀ ਵੀ ਦੇ ਦਿੱਤੀ ਹੈ, ਕਿਉਂਕਿ ਪੰਜਾਬੀ ਬੋਲੀ ਦੇ ਪਹਿਲੇ ਮਹਾਂਕਵੀ ਬਾਬਾ ਫਰੀਦ ਜੀ ਪ੍ਰਤੀ ਕੀਤਾ ਗਿਆ ਅੰਗਰੇਜ਼ੀ ਵਿੱਚ ਪ੍ਰਚਾਰ ਇਲਾਕਾ ਨਿਵਾਸੀਆਂ ਨੂੰ ਬਹੁਤ ਚੁੱਭ ਰਿਹਾ ਹੈ। ਉਕਤ ਮਾਮਲੇ ਦਾ ਹੈਰਾਨੀਜਨਕ ਪਹਿਲੂ ਇਹ ਵੀ ਹੈ ਕਿ ਜ਼ਿਲ੍ਹਾ ਪ੍ਰਸ਼ਾਸਨ 'ਚੋਂ ਕਿਸੇ ਵੀ ਅਧਿਕਾਰੀ ਜਾਂ ਕਰਮਚਾਰੀ ਨੂੰ ਐਨੀ ਹੋਸ਼ ਨਾ ਰਹੀ ਕਿ ਗੁਰੂ ਗ੍ਰੰਥ ਸਾਹਿਬ ਵਿਚਲੇ ਸਭ ਤੋਂ ਪੁਰਾਤਨ ਕਵੀ ਦੀਆਂ ਸਿੱਖਿਆਵਾਂ ਤੇ ਬਾਣੀ ਦਾ ਸਤਿਕਾਰ ਕਰਦੇ ਮਿੱਠੀ ਮਾਂ ਬੋਲੀ ਪੰਜਾਬੀ ਦੀ ਵਰਤੋਂ ਕੀਤੀ ਜਾਵੇ। ਫਰੀਦਕੋਟ ਵਿਖੇ ਪੰਜਾਬੀ ਭਾਸ਼ਾ ਦੇ ਪਿਤਾਮਾ 12ਵੀਂ ਸਦੀ ਦੇ ਮਹਾਨ ਸੂਫੀ ਸੰਤ ਬਾਬਾ ਸ਼ੇਖ ਫਰੀਦ ਦੇ ਆਗਮਨ ਵਿੱਚ ਮਨਾਏ ਜਾਂਦੇ ਮੇਲੇ ਦੌਰਾਨ ਇਸ ਵਾਰ ਮੇਲਾ ਪ੍ਰਸ਼ਾਸਨ ਨੇ ਪੰਜਾਬੀ ਮਾਂ ਬੋਲੀ ਨੂੰ ਵਿਸਾਰ ਦਿੱਤਾ ਹੈ ਤੇ ਸ਼ਹਿਰ 'ਚ ਪ੍ਰੋਗਰਾਮਾਂ ਦੇ ਬੋਰਡ ਅੰਗਰੇਜ਼ੀ ਭਾਸ਼ਾ 'ਚ ਲਾਏ ਗਏ ਸਨ। ਪੰਜਾਬੀ ਪ੍ਰੇਮੀਆਂ ਨੇ ਜ਼ਿਲ੍ਹਾ ਪ੍ਰਸ਼ਾਸਨ ਦੀ ਅਜਿਹੀ ਕਾਰਵਾਈ 'ਤੇ ਰੋਸ ਪ੍ਰਗਟ ਕੀਤਾ ਹੈ। ਪਿਛਲੇ ਤਿੰਨ ਦਹਾਕਿਆਂ ਤੋਂ ਲੱਗ ਰਹੇ ਇਸ ਮੇਲੇ ਵਿੱਚ ਇਹ ਪਹਿਲੀ ਵਾਰ ਹੋਇਆ ਹੈ ਕਿ ਲੋਕਾਂ ਨੂੰ ਮੇਰੇ ਬਾਰੇ ਜਾਣਕਾਰੀ ਦੇਣ ਲਈ ਪੰਜਾਬੀ ਦੀ ਥਾਂ ਅੰਗਰੇਜ਼ੀ ਵਿੱਚ ਬੋਰਡ ਲਟਕਾਏ ਗਏ ਸਨ। ਇਸ ਸਬੰਧੀ ਨਾ ਤਾਂ ਭਾਸ਼ਾ ਵਿਭਾਗ ਨੇ ਕੋਈ ਨੋਟਿਸ ਲਿਆ ਹੈ ਤੇ ਨਾ ਹੀ ਪੰਜਾਬ ਸਰਕਾਰ ਦੇ ਅਧਿਕਾਰੀਆਂ ਨੇ ਇਸ ਪਾਸੇ ਧਿਆਨ ਦਿੱਤਾ ਹੈ, ਜਦੋਂਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਇਹ ਵਾਅਦਾ ਕੀਤਾ ਸੀ ਕਿ ਸਾਰੇ ਪ੍ਰਸ਼ਾਸਨਕ ਕੰਮ ਤੇ ਪ੍ਰੋਗਰਾਮ ਪੰਜਾਬੀ ਭਾਸ਼ਾ 'ਚ ਹੋਣਗੇ। ਸ਼ਾਇਦ ਲੱਗਦਾ ਹੈ ਕਿ ਜ਼ਿਲ੍ਹਾ ਪ੍ਰਸ਼ਾਸਨ ਨੂੰ ਇਸ ਦਾ ਕੋਈ ਫਿਕਰ ਨਹੀਂ ਰਿਹਾ।

ਭਾਈ ਘਨ੍ਹੱਈਆ ਕੈਂਸਰ ਰੋਕੋ ਸੇਵਾ ਸੁਸਾਇਟੀ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਚੰਦਬਾਜਾ, ਗੁਰਸੇਵਕ ਸਿੰਘ ਭਾਣਾ, ਦਵਿੰਦਰ ਸਿੰਘ ਸੇਖੋਂ, ਜਗਤਾਰ ਸਿੰਘ ਗਿੱਲ, ਦਲੇਰ ਸਿੰਘ ਡੋਡ ਆਦਿ ਨੇ ਕਿਹਾ ਕਿ ਭਾਸ਼ਾ ਵਿਭਾਗ ਦੇ ਡਾਇਰੈਕਟਰ ਪਟਿਆਲੇ ਤੋਂ ਵਿਸ਼ੇਸ਼ ਤੌਰ 'ਤੇ ਕਵੀ ਦਰਬਾਰ 'ਚ ਸ਼ਾਮਲ ਹੋਣ ਲਈ ਆਏ ਸਨ, ਉਨ੍ਹਾਂ ਨੇ ਵੀ ਪੰਜਾਬੀ ਦੀ ਥਾਂ ਅੰਗਰੇਜ਼ੀ ਵਾਲੇ ਬੋਰਡਾਂ ਵੱਲ ਕੋਈ ਧਿਆਨ ਨਹੀਂ ਦਿੱਤਾ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਦੀ ਇਸ ਗਲਤੀ ਲਈ ਪੰਜਾਬ ਸਰਕਾਰ ਨੂੰ ਡਿਪਟੀ ਕਮਿਸ਼ਨਰ ਤੇ ਭਾਸ਼ਾ ਵਿਭਾਗ ਦੀ ਡਾਇਰੈਕਟਰ ਵਿਰੁੱਧ ਸਖਤ ਕਾਰਵਾਈ ਕਰਨੀ ਚਾਹੀਦੀ ਹੈ। ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਦੀ ਉਕਤ ਕਾਰਵਾਈ ਨੂੰ ਰਾਜ ਭਾਸ਼ਾ ਐਕਟ ਦੀ ਉਲੰਘਣਾ ਕਰਾਰ ਦਿੰਦਿਆਂ ਆਖਿਆ ਕਿ ਉਹ ਮਾਂ ਬੋਲੀ ਪੰਜਾਬੀ ਦੇ ਮਾਣ ਸਤਿਕਾਰ ਲਈ ਅਦਾਲਤ ਦਾ ਦਰਵਾਜ਼ਾ ਖੜਕਾਉਣ ਤੋਂ ਵੀ ਗੁਰੇਜ਼ ਨਹੀਂ ਕਰਨਗੇ।

# ਜੀ. ਹੋਲੀ ਹਾਰਟ ਸਕੂਲ ਨੇ ਪੰਜਾਬ ਖੇਡ ਮੇਲੇ 'ਚ ਰਚਿਆ ਇਤਿਹਾਸ

**ਮਹਿਲ ਕਲਾਂ (ਬਲਵਿੰਦਰ ਵਜੀਦਕੇ)**-ਸੰਸਥਾ ਗੁਰਪ੍ਰੀਤ ਹੋਲੀ ਹਾਰਟ ਪਬਲਿਕ ਸਕੂਲ ਦੇ ਖਿਡਾਰੀਆਂ ਨੇ ਪੰਜਾਬ ਖੇਡ ਮੇਲੇ ਦੇ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਹਾਸਲ ਕਰਕੇ ਰਾਜ ਪੱਧਰੀ ਮੁਕਾਬਲਿਆਂ ਵਿੱਚ ਆਪਣਾ ਸਥਾਨ ਪੱਕਾ ਕਰ ਲਿਆ ਹੈ। ਇਸ ਵਿਸੇਸ ਮੌਕੇ 'ਤੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਸ੍ਰੀ ਸੁਸ਼ੀਲ ਗੋਇਲ ਨੇ ਬੱਚਿਆਂ ਨੂੰ ਉਨ੍ਹਾਂ ਦੀ ਸ਼ਾਨਦਾਰ ਜਿੱਤ 'ਤੇ ਵਧਾਈ ਦਿੰਦੇ ਹੋਏ ਤੇ ਉਨ੍ਹਾਂ ਦੀ ਅਣਥੱਕ ਮਿਹਨਤ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਹੋਣਹਾਰ ਵਿਦਿਆਰਥੀਆਂ ਦੀਆਂ ਅਜਿਹੀਆਂ ਪ੍ਰਾਪਤੀਆਂ ਬਾਕੀ ਵਿਦਿਆਰਥੀਆਂ ਨੂੰ ਮਿਹਨਤ ਪ੍ਰਾਪਤ ਕਰਨ ਲਈ ਪ੍ਰੇਰਤ ਕਰਦੀਆਂ ਹਨ। ਗੁਰਪਰਗਟ ਸਿੰਘ (ਅੱਠਵੀਂ ਜਮਾਤ), ਦਰਸ਼ਪ੍ਰੀਤ ਸਿੰਘ (ਨੌਵੀਂ ਜਮਾਤ) ਨੇ ਸਕੇਟਿੰਗ ਵਿੱਚ ਗੋਲਡ ਮੈਡਲ ਤੇ ਭਵਨਪ੍ਰੀਤ ਸਿੰਘ (ਗਿਆਰ੍ਹਵੀਂ ਜਮਾਤ) ਨੇ ਸਕੇਟਿੰਗ ਵਿੱਚ ਸਿਲਵਰ ਮੈਡਲ ਜਿੱਤਿਆ। ਅਨਮੋਲਦੀਪ ਸਿੰਘ (ਗਿਆਰਵੀਂ ਜਮਾਤ) ਤੇ ਹਰਸਿਮਰਨਪਾਲ ਸਿੰਘ (ਅੱਠਵੀਂ ਜਮਾਤ) ਨੇ ਅਥਲੈਟਿਕਸ ਵਿੱਚ ਸਿਲਵਰ ਮੈਡਲ ਜਿੱਤਿਆ। ਮਿਹਨਤ ਨੂੰ ਆਪਣਾ ਲਕਸ਼ ਮੰਨਣ ਵਾਲੇ ਇਨ੍ਹਾਂ ਖਿਡਾਰੀਆਂ ਨੇ ਆਪਣੀ ਸਫ਼ਲਤਾ ਦਾ ਸਿਹਰਾ ਆਪਣੇ ਅਧਿਆਪਕਾਂ ਦੇ ਸਿਰ ਬੰਨ੍ਹਿਆ।

ਸਕੂਲ ਦੇ ਐਗਜ਼ੀਕਿਊਟਿਵ ਡਾਇਰੈਕਟਰ ਸ੍ਰੀ ਰਾਕੇਸ਼ ਬਾਂਸਲ ਤੇ ਪ੍ਰਿੰਸੀਪਲ ਮਿਸਿਜ਼ ਨਵਜੋਤ ਟੱਕਰ ਨੇ ਜੇਤੂ ਵਿਦਿਆਰਥੀਆਂ ਨੂੰ ਸ਼ੁਭਕਾਮਨਾਵਾਂ ਭੇਟ ਕਰਦੇ ਹੋਏ ਆਉਣ ਵਾਲੇ ਰਾਜ ਪੱਧਰੀ ਮੁਕਾਬਲਿਆਂ ਲਈ ਸਖ਼ਤ ਮਿਹਨਤ ਕਰਨ ਲਈ ਪ੍ਰੇਰਤ ਕੀਤਾ।

CMYK

# ਏ ਡੀ ਸੀ ਮਨਦੀਪ ਕੌਰ ਨੇ ਰਾਜ ਕੁਮਾਰ ਦੀ ਸੁਣੀ ਪੁਕਾਰ, ਮਦਦ ਦਾ ਭਰੋਸਾ

ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ, ਪੂਜਾ)- ਪੰਦਰਾਂ ਸਾਲ ਪਹਿਲਾਂ ਇੱਕ ਸੜਕ ਹਾਦਸੇ 'ਚ ਗੀੜ੍ਹ ਦੀ ਹੱਡੀ 'ਤੇ ਸੱਟ ਲੱਗਣ ਕਰਕੇ ਨਕਾਰਾ ਹੋਏ ਪਿੰਡ ਫੂਲੇਵਾਲਾ ਦੇ ਰਾਜ ਕੁਮਾਰ ਨੂੰ ਕਿਸੇ ਸਰਕਾਰੀ ਜਾਂ ਸਮਾਜ ਸੇਵੀ ਸੰਸਥਾ ਵੱਲੋਂ ਕੋਈ ਸਹਾਇਤਾ ਨਹੀਂ ਮਿਲੀ, ਜਿਸ ਕਰਕੇ ਉਸ ਦਾ ਇਕੋ-ਇਕ ਪੁੱਤਰ ਵੀ ਪੜ੍ਹਨੋਂ ਹੱਟ ਗਿਆ ਤੇ ਢਿੱਡ ਭਰਨਾ ਵੀ ਔਖਾ ਹੋ ਗਿਆ ਹੈ, ਉੱਤੋਂ ਇਲਾਜ ਦੇ ਖਰਚੇ ਦਾ ਕਰਜ਼ਾ ਵੱਖਰਾ। ਦੁਖੀ ਰਾਜ ਕੁਮਾਰ ਨੂੰ ਉਸ ਦੀ ਪਤਨੀ ਮੰਜੇ ਉੱਪਰ ਪਾ ਕੇ ਡੀ ਸੀ ਦਫਤਰ ਪੁੱਜੀ ਤਾਂ ਉਨ੍ਹਾਂ ਦੀ ਹਾਲਤ ਬਾਰੇ ਪਤਾ ਲੱਗਣ 'ਤੇ ਵਧੀਕ ਡਿਪਟੀ ਕਮਿਸ਼ਨਰ ਮਨਦੀਪ ਕੌਰ ਖੁਦ ਆਪਣੇ ਦਫਤਰ ਤੋਂ ਬਾਹਰ ਆ ਕੇ ਰਾਜ ਕੁਮਾਰ ਨੂੰ ਮਿਲੇ। ਰਾਜ ਕੁਮਾਰ ਨੇ ਦੱਸਿਆ ਕਿ 2007 ਵਿੱਚ ਇੱਕ ਸੜਕ ਦੁਰਘਟਨਾ 'ਚ ਗੀੜ੍ਹ ਦੀ ਹੱਡੀ ਟੁੱਟ ਗਈ ਸੀ ਤੇ ਉਹ ਉਦੋਂ ਤੋਂ ਹੀ ਸਰੀਰਕ ਤੌਰ 'ਤੇ ਨਕਾਰਾ ਹੋ ਕੇ ਮੰਜੇ ਉੱਪਰ ਪੈ ਗਿਆ। ਉਸ ਨੇ ਆਪਣਾ ਇਲਾਜ ਅੰਮ੍ਰਿਤਸਰ ਦੇ ਇੱਕ ਨਿੱਜੀ ਹਸਪਤਾਲ ਤੇ ਪੀ ਜੀ ਆਈ ਚੰਡੀਗੜ੍ਹ ਤੋਂ ਕਰਾਇਆ। ਇਲਾਜ ਵਾਸਤੇ ਕਿਸੇ ਸਮਾਜ ਸੇਵੀ ਜਾਂ ਸਰਕਾਰੀ ਸੰਸਥਾ ਨੇ ਕੋਈ ਸਹਾਇਤਾ ਨਹੀਂ ਦਿੱਤੀ। ਹੁਣ ਉਸ ਦਾ ਘਰ ਵੀ ਢਹਿ ਢੇਰੀ ਹੋ ਗਿਆ ਤੇ ਖਾਣ ਵਾਸਤੇ ਕੋਈ ਪ੍ਰਬੰਧ ਨਹੀਂ ਹੈ। ਉਸ ਦਾ ਇੱਕੋ-ਇੱਕ ਬੇਟਾ ਵੀ ਗਰੀਬੀ ਕਾਰਨ ਪੜ੍ਹਨ ਤੋਂ ਹਟ ਗਿਆ ਹੈ। ਉਸ ਨੇ 7 ਮਾਰਚ 2022 ਨੂੰ ਡਿਪਟੀ ਕਮਿਸ਼ਨਰ ਨੂੰ ਮਾਲੀ ਸਹਾਇਤਾ ਵਾਸਤੇ ਅਰਜ਼ੀ ਦਿੱਤੀ ਸੀ, ਪਰ ਅਜੇ ਤੱਕ ਉਸ ਦੀ ਕੋਈ ਸੁਣਵਾਈ ਨਹੀਂ ਹੋਈ। ਉਸ ਨੇ ਕਿਹਾ ਕਿ ਉਸ ਦਾ ਕਮਰ ਤੋਂ ਹੇਠਾਂ ਦਾ ਸਰੀਰ ਲੱਕੜ ਵਰਗਾ ਬਣ ਗਿਆ ਹੈ, ਜਿਸ ਕਰਕੇ ਉਹ ਵ੍ਹੀਲਚੇਅਰ ਵੀ ਨਹੀਂ ਚਲਾ ਸਕਦਾ ਤੇ ਮੰਜੇ 'ਤੇ ਵੀ ਨਹੀਂ ਬੈਠ ਸਕਦਾ, ਜਿਸ ਕਰਕੇ ਕੋਈ ਕੰਮ ਕਰਨ ਦੇ ਯੋਗ ਨਹੀਂ। ਇਸ ਮੌਕੇ ਉਸ ਦੀ ਪਤਨੀ ਵੀ ਮੌਜੂਦ ਸੀ। ਵਧੀਕ ਡਿਪਟੀ ਕਮਿਸ਼ਨਰ ਮਨਦੀਪ ਕੌਰ ਨੇ ਦੱਸਿਆ ਕਿ ਰਾਜ ਕੁਮਾਰ ਦੀ ਸਰੀਰਕ ਤੇ ਆਰਥਿਕ ਹਾਲਤ ਬਹੁਤ ਮਾੜੀ ਹੈ, ਇਸ ਲਈ ਉਸ ਦੀ ਮੱਦਦ ਵਾਸਤੇ ਮੁੱਖ ਮੰਤਰੀ ਨੂੰ ਲਿਖ ਦਿੱਤਾ ਹੈ ਅਤੇ ਨਾਲ ਹੀ ਰੈੱਡ ਕਰਾਸ ਵਿੱਚੋਂ ਸਹਾਇਤਾ ਦਿੱਤੀ ਜਾਵੇਗੀ। ਮਕਾਨ ਵਾਸਤੇ ਪ੍ਰਧਾਨ ਮੰਤਰੀ ਆਵਾਸ ਯੋਜਨਾ ਵਾਸਤੇ ਵੀ ਕਾਰਵਾਈ ਕੀਤੀ ਜਾ ਰਹੀ ਹੈ।

# ਸ਼ਹਿਰ ਦੇ ਵਿਕਾਸ ਲਈ 73 ਕੰਮ ਹਾਊਸ 'ਚ ਪ੍ਰਵਾਨ ਕਰਾਏ : ਪ੍ਰਧਾਨ ਰਾਣਾ

ਜਗਰਾਉਂ (ਅਮਿਤ ਖੰਨਾ) ਦਫ਼ਤਰ ਨਗਰ ਕੌਂਸਲ ਵੱਲੋਂ ਸ਼ਹਿਰੀ ਵਾਸੀਆਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਾਉਣ ਲਈ ਪਿਛਲੇ ਇੱਕ ਸਾਲ ਤੋਂ ਜੰਗੀ ਪੱਧਰ 'ਤੇ ਕੰਮ ਕਰਾਏ ਜਾ ਰਹੇ ਹਨ। ਪਿਛਲੇ ਸਮੇਂ ਦੌਰਾਨ ਨਗਰ ਕੌਂਸਲ ਵੱਲੋਂ ਬਰਸਾਤੀ ਸੀਜ਼ਨ ਨੂੰ ਧਿਆਨ ਵਿੱਚ ਰੱਖਦੇ ਹੋਏ ਪਿਛਲੇ ਕਈ ਦਹਾਕਿਆਂ ਤੋਂ ਸਫ਼ਾਈ ਲਈ ਤਰਸ ਰਹੇ ਛੱਪੜਾਂ ਤੇ ਨਾਲਿਆਂ ਦੀ ਸਫਾਈ ਦਾ ਕੰਮਕਾਜ ਅਰੰਭਿਆ ਗਿਆ ਸੀ, ਜਿਸ ਵਿੱਚ ਸੁਭਾਸ਼ ਗੇਟ ਪੁਲੀ ਤੋਂ ਲੈ ਕੇ ਡਿਸਪੋਜਲ ਤੱਕ ਨਾਲੇ ਦੀ ਸਫ਼ਾਈ ਮੈਨ ਪਾਵਰ ਤੇ ਮਸ਼ੀਨਰੀ ਰਾਹੀਂ ਕਰਾਈ ਗਈ।

ਗਾਂਧੀ ਮੁਹੱਲੇ ਦੀ ਸੀਵਰੇਜ਼ ਦੀ ਸਮੱਸਿਆ ਹੱਲ ਕਰਨ ਲਈ ਕੁਝ ਮਹੀਨੇ ਪਹਿਲਾਂ ਜੈਟਿੰਗ ਮਸ਼ੀਨ ਮਿਊਂਸਪਲ ਕਾਰਪੋਰੇਸ਼ਨ ਲੁਧਿਆਣਾ ਤੋਂ ਕਿਰਾਏ ਤੇ ਲਿਆ ਕੇ ਪਾਈਪਾਂ ਦੀ ਸਫ਼ਾਈ ਕਰਾਈ ਗਈ। ਅਗਵਾੜ ਪੋਨਾਂ ਤੇ ਅਗਵਾੜ ਲੋਪੋ-ਡਾਲੇ ਨੇੜੇ ਛੱਪੜਾਂ ਨੂੰ ਨਜਾਇਜ਼ ਕਬਜ਼ਿਆਂ ਤੋਂ ਮੁਕਤ ਕਰਾ ਕੇ ਪਾਣੀ ਦੇ ਨਾਲਿਆਂ ਨੂੰ ਚਾਲੂ ਕੀਤਾ ਗਿਆ। ਇਸ ਦੇ ਨਾਲ ਹੀ ਰਾਏਕੋਟ ਰੋਡ ਸਥਿਤ ਏਰੀਏ ਦੇ ਸੀਵਰੇਜ ਦੀ ਲਗਭਗ 2 ਕਿਲੋਮੀਟਰ ਲਾਈਨ ਦੀ ਸਫ਼ਾਈ ਦਾ ਕੰਮ ਸੁਪਰ ਸਕਸ਼ਨ ਮਸ਼ੀਨ ਨਾਲ ਅਰੰਭਿਆ ਗਿਆ ਸੀ। ਨਗਰ ਕੌਂਸਲ ਵੱਲੋਂ ਸੀਵਰੇਜ/ਨਾਲਿਆਂ ਦੀ ਸਫ਼ਾਈ ਦੇ ਕਰਾਏ ਗਏ ਇਨ੍ਹਾਂ ਕੰਮਾਂ ਦੇ ਸਾਰਥਕ ਨਤੀਜੇ ਬਰਸਾਤ ਦੌਰਾਨ ਦੇਖਣ ਲਈ ਮਿਲੇ। ਕੱਲ੍ਹ ਥੋੜ੍ਹੇ ਸਮੇਂ ਵਿੱਚ ਕਾਫੀ ਭਾਰੀ ਬਰਸਾਤ ਹੋਈ ਪ੍ਰੰਤੂ ਫਿਰ ਵੀ ਸ਼ਹਿਰ ਦੇ ਮੇਨ ਇਲਾਕੇ ਜਿਵੇਂ ਕਿ ਕਮਲ ਚੌਂਕ, ਖਾਨਗਾਹ ਰੋਡ, ਨਹਿਰੂ ਮਾਰਕੀਟ, ਪੁਰਾਣੀ ਦਾਣਾ, ਰਾਣੀ ਝਾਂਸੀ ਚੌਂਕ ਆਦਿ ਏਰੀਏ ਜਿਥੇ ਬਰਸਾਤ ਉਪਰੰਤ ਪਾਣੀ ਦੀ ਨਿਕਾਸੀ ਦੀ ਭਾਰੀ ਸਮੱਸਿਆ ਸੀ। ਇਨ੍ਹਾਂ ਥਾਂਵਾਂ 'ਤੇ ਬਰਸਾਤੀ ਪਾਣੀ ਦੀ ਨਿਕਾਸੀ ਬਹੁਤ ਹੀ ਘੱਟ ਸਮੇਂ ਵਿੱਚ ਤੇ ਬਿਨਾਂ ਕਿਸੇ ਦਿੱਕਤ ਤੋਂ ਹੋ ਗਈ।

# ਇੰਟਕ ਵੱਲੋਂ ਸਕੂਲ ਬੱਸਾਂ, ਆਟੋ ਰਿਕਸ਼ਾ ਤੇ ਭਾਰ ਢੋਣ ਵਾਲੇ ਮਿੰਨੀ ਕੈਂਟਰਾਂ ਨੂੰ ਟੈਕਸਾਂ ਤੋਂ ਛੋਟ ਦੀ ਮੰਗ

ਮੋਗਾ (ਅਮਰਜੀਤ ਬੱਬਰੀ)-ਦੇਸ ਵਿੱਚ 45 ਕਰੋੜ ਤੋਂ ਜ਼ਿਆਦਾ ਗੈਰ ਸੰਗਠਤ ਮਜ਼ਦੂਰਾਂ ਦੀ ਗਿਣਤੀ ਹੈ, ਜਿਨ੍ਹਾਂ ਵਿੱਚ ਜ਼ਿਆਦਾਤਰ ਦਿਹਾੜੀਦਾਰ ਮਜ਼ਦੂਰ ਤੇ ਇਲਾਵਾ ਸਵੈ ਰੁਜ਼ਗਾਰ ਕਮਾਉਣ ਵਾਲੇ ਮਜ਼ਦੂਰ ਹਨ, ਜਿਨ੍ਹਾਂ ਵਿੱਚ ਆਟੋ ਰਿਕਸਾ, ਸਕੂਲ ਬੱਸਾਂ ਅਤੇ ਭਾਰ ਢੋਣ ਵਾਲੇ ਮਿੰਨੀ ਕੈਂਟਰਾਂ ਨੂੰ ਅਪਰੇਟ ਕਰਨ ਵਾਲੇ ਸ਼ਾਮਲ ਹਨ। ਇੰਟਕ ਨਾਲ ਸਬੰਧਤ ਈ ਰਿਕਸ਼ਾ ਮਜ਼ਦੂਰ ਸੰਘ ਦੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਇੰਟਕ ਪ੍ਰਧਾਨ ਵਿਜੇ ਧੀਰ ਐਡਵੋਕੇਟ ਨੇ ਕਿਹਾ ਕਿ ਚਾਹੇ ਕੇਂਦਰ ਸਰਕਾਰ ਹੋਵੇ, ਚਾਹੇ ਸਾਡੀ ਪੰਜਾਬ ਦੀ ਸੂਬਾ ਸਰਕਾਰ ਹੋਵੇ, ਇਨ੍ਹਾਂ ਸਰਕਾਰਾਂ ਨੇ ਹਰ ਵਰਗ ਨੂੰ ਆਰਥਿਕ ਸਹਾਇਤਾ ਦਿੱਤੀਆਂ ਹਨ, ਪ੍ਰੰਤੂ ਜਿਸ ਮਜ਼ਦੂਰ ਵਰਗ ਦੀ ਦੇਸ ਵਿੱਚ ਅਬਾਦੀ 45 ਕਰੋੜ ਤੋਂ ਜ਼ਿਆਦਾ ਹੋਵੇ ਤੇ ਗਰੀਬੀ ਦੀ ਕੈਟਾਗਰੀ ਵਿੱਚ ਆਉਂਦਾ ਹੋਵੇ। ਉਸ ਮਜ਼ਦੂਰ ਵਰਗ ਨੂੰ ਅੱਜ ਤੱਕ ਕੋਈ ਆਰਥਿਕ ਸਹਾਇਤਾ ਨਹੀਂ ਦਿੱਤੀ ਗਈ।

ਇਸ ਮੌਕੇ ਉਨ੍ਹਾਂ ਨੇ ਸਵੈ ਰੁਜ਼ਗਾਰ ਕਮਾਉਣ ਵਾਲੇ ਮਜ਼ਦੂਰਾਂ ਦੀਆਂ ਸਕੂਲ ਬੱਸਾਂ ਆਟੋ ਰਿਕਸ਼ਾ, ਈ ਰਿਕਸ਼ਾ ਤੇ ਭਾਰ ਢੋਣ ਵਾਲੇ ਮਿੰਨੀ ਕੈਂਟਰਾਂ ਨੂੰ ਹਰ ਤਰ੍ਹਾਂ ਦੇ ਟੈਕਸਾਂ ਤੋਂ ਮੁਕਤ ਕਰਨ ਦੀ ਪੰਜਾਬ ਸਰਕਾਰ ਤੋਂ ਮੰਗ ਕੀਤੀ ਤੇ ਕਿਹਾ ਕਿ ਕੇਜਰੀਵਾਲ ਆਟੋ-ਰਿਕਸ਼ਾ ਤੇ ਈ ਰਿਕਸ਼ਾ ਵਾਲਿਆਂ ਨਾਲ ਵਿਸ਼ੇਸ਼ ਪਿਆਰ ਕਰਦੇ ਹਨ।

ਵਿਜੇ ਧੀਰ ਨੇ ਕਿਹਾ ਕਿ ਉਨ੍ਹਾਂ ਜ਼ਿਲ੍ਹਾ ਇੰਟਕ ਵੱਲੋਂ ਇਸ ਸਬੰਧੀ ਇੱਕ ਮੰਗ ਪੱਤਰ ਈ ਮੇਲ ਰਹੀਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਭੇਜਿਆ ਹੈ। ਧੀਰ ਨੇ ਕਿਹਾ ਕਿ ਉਨ੍ਹਾਂ ਆਪਣੇ ਮੰਗ ਪੱਤਰ ਵਿੱਚ ਪੰਜਾਬ ਸਰਕਾਰ ਨੂੰ ਲਿਖਿਆ ਹੈ ਕਿ ਇਨ੍ਹਾਂ ਦਿਹਾੜੀਦਾਰ ਈ ਰਿਕਸ਼ਾ ਚਾਲਕਾਂ ਨੂੰ ਰਾਹਤ ਦੇਣ ਲਈ ਪੰਜਾਬ ਸਰਕਾਰ ਈ ਰਿਕਸ਼ਾ ਨੂੰ ਰਜਿਸਟਰ ਕਰਾਉਣ ਅਤੇ ਡਰਾਈਵਿੰਗ ਲਾਇਸੈਂਸ ਦੀ ਸਰਤ ਖਤਮ ਕਰਨ ਦੀ ਖੇਚਲ ਕਰੇ ਵੱਧ ਤੋਂ ਵੱਧ ਇਨ੍ਹਾਂ ਈ ਰਿਕਸ਼ਾਵਾਂ ਤੇ ਨਗਰ ਨਿਗਮ, ਨਗਰ ਪਾਲਿਕਾ ਤੇ ਨਗਰ ਪੰਚਾਇਤ ਵੱਲੋਂ ਨੰਬਰ ਪਲੇਟਾਂ ਲਾਈਆਂ ਜਾਣ ਤੇ ਇਨ੍ਹਾਂ ਤੋਂ ਨੋਮੀਨਲ ਸਲਾਨਾ ਪਾਸਿੰਗ ਫ਼ੀਸ ਵਸੂਲੀ ਜਾ ਸਕਦੀ ਹੈ। ਜ਼ਿਲ੍ਹਾ ਇੰਟਕ ਵੀ ਮੰਗ ਕਰਦੀ ਹੈ ਕਿ ਉਕਤ ਗੁਆਂਢੀ ਰਾਜਾਂ ਦੀ ਤਰਜ਼ 'ਤੇ ਪੰਜਾਬ ਵਿਚ ਵੀ ਸਕੂਲ ਬੱਸਾਂ ਦੇ ਹਰ ਤਰ੍ਹਾਂ ਦੇ ਟੈਕਸ ਮਾਫ਼ ਕੀਤੇ ਜਾਣ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਦੇਸ ਇੰਟਕ ਜਨਰਲ ਸਕੱਤਰ ਦਵਿੰਦਰ ਸਿੰਘ ਜੋੜਾ, ਪ੍ਰਦੇਸ਼ ਯੂਥ ਇੰਟਕ ਜਨਰਲ ਸਕੱਤਰ ਪ੍ਰਵੀਨ ਕੁਮਾਰ ਸ਼ਰਮਾ, ਮਿਡ ਡੇਅ ਮੀਲ ਕੁੱਕ ਯੂਨੀਅਨ ਦੇ ਸੂਬਾ ਪ੍ਰਧਾਨ ਕਰਮ ਚੰਦ ਚੰਡਾਲੀਆ, ਈ ਰਿਕਸ਼ਾ ਮਜ਼ਦੂਰ ਸੰਘ ਦੇ ਪ੍ਰਧਾਨ ਜਸਵਿੰਦਰ ਸਿੰਘ ਡੱਡ, ਮੇਜਰ ਸਿੰਘ ਲੰਡੇ ਕੇ, ਸੇਵਕ ਸਿੰਘ, ਬੱਬੂ, ਕਰਨ ਕੁਮਾਰ, ਰਜਿੰਦਰ ਸਿੰਘ ਕਾਲਾ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਜ਼ਿਲ੍ਹਾ ਤੇ ਸੈਸ਼ਨ ਜੱਜ ਵੱਲੋਂ ਕੇਂਦਰੀ ਜੇਲ ਗੁਰਦਾਸਪੁਰ ਦਾ ਦੌਰਾ

ਗੁਰਦਾਸਪੁਰ, (ਜਨਕ ਮਹਾਜਨ)- ਰਜਿੰਦਰ ਅਗਰਵਾਲ, ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਕੇਂਦਰੀ ਜੇਲ ਗੁਰਦਾਸਪੁਰ ਦਾ ਦੌਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਮੈਡਮ ਨਵਦੀਪ ਕੌਰ ਗਿੱਲ, ਸਿਵਲ ਜੱਜ (ਸੀਨੀਅਰ ਡਵੀਜ਼ਨ)/ਸੀ.ਜੇ.ਐਮ.-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਅਤੇ ਰਛਪਾਲ ਸਿੰਘ, ਚੀਫ ਜੁਡੀਸ਼ੀਅਲ ਮੈਜਿਸਟਰੇਟ, ਗੁਰਦਾਸਪੁਰ ਅਤੇ ਸੁਪਰਡੈਂਟ ਜੇਲ ਅਤੇ ਆਰ. ਐੱਸ. ਹੁੰਦਲ ਵੀ ਮੌਜੂਦ ਸਨ। ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਕੇਂਦਰੀ ਜੇਲ ਦੇ ਦੌਰੇ ਦੌਰਾਨ ਕੈਦੀਆਂ ਅਤੇ ਹਵਾਲਾਤੀਆਂ ਨੂੰ ਮਿਲਿਆ ਗਿਆ ਅਤੇ ਉਨ੍ਹਾਂ ਦੀਆਂ ਮੁਸ਼ਕਿਲਾਂ ਨੂੰ ਸੁਣਿਆ। ਇਸ ਤੋਂ ਇਲਾਵਾ ਉਨ੍ਹਾਂ ਨੇ ਜੇਲ ਦੀਆਂ ਬੈਰਕਾਂ ਅਤੇ ਜੇਲ ਅੰਦਰ ਲੰਗਰ ਹਾਲ ਦਾ ਵੀ ਨਿਰੀਖਣ ਕੀਤਾ। ਇਸ ਮੌਕੇ ਉਨ੍ਹਾਂ ਦੁਆਰਾ ਕੈਦੀਆਂ ਅਤੇ ਹਵਾਲਾਤੀਆਂ ਨਾਲ ਗੱਲਬਾਤ ਕੀਤੀ ਗਈ ਅਤੇ ਉਨ੍ਹਾਂ ਨੂੰ ਮੁਫ਼ਤ ਕਾਨੂੰਨੀ ਸਹਾਇਤਾ ਅਤੇ ਲੀਗਲ ਏਡ ਬਾਰੇ ਜਾਗਰੂਕ ਕਰਵਾਇਆ।

# ਨਾਜਾਇਜ਼ ਸ਼ਰਾਬ ਤੇ ਮੋਟਰਸਾਈਕਲ ਸਮੇਤ ਮੁਲਜ਼ਮ ਕਾਬੂ

ਗੁਰਦਾਸਪੁਰ (ਜਨਕ ਮਹਾਜਨ)-ਥਾਣਾ ਪੁਰਾਣਾ ਸ਼ਾਲਾ ਪੁਲਸ ਵਲੋਂ ਨਸ਼ਿਆਂ ਵਿਰੁੱਧ ਛੇੜੀ ਮੁਹਿਮ ਤਹਿਤ ਦਰਿਆ ਬਿਆਸ ਦੀ ਧੁੱਸੀ ਬੰਨ੍ਹ ਨੇੜੇ ਪੈਂਦੇ ਪਿੰਡ ਭੈਣੀ ਮੀਲਮਾਂ ਕੋਲ ਨਾਕਾਬੰਦੀ ਕਰਕੇ ਇਕ ਵਿਅਕਤੀ ਕੋਲੋਂ 60000 ਮਿਲੀ ਲੀਟਰ ਸ਼ਰਾਬ ਮੋਟਰਸਾਈਕਲ ਸਮੇਤ ਕਾਬੂ ਕੀਤੇ ਜਾਣ ਦੀ ਖਬਰ ਮਿਲੀ ਹੈ। ਮਿਲੀ ਜਾਣਕਾਰੀ ਅਨੁਸਾਰ ਐੱਸਐੱਚਓ ਹਰਮਿੰਦਰ ਸਿੰਘ ਅਤੇ ਏਐੱਸਆਈ ਸਤਨਾਮ ਸਿੰਘ ਸਮੇਤ ਪੁਲਸ ਪਾਰਟੀ ਵਾਹਨਾਂ ਦੀ ਚੈਕਿੰਗ ਕਰ ਰਹੇ ਸਨ ਕਿ ਮੁਖਬਰ ਖਾਸ ਦੀ ਇਤਲਾਹ ਤੇ ਪ੍ਰੇਮ ਸਿੰਘ ਪੁੱਤਰ ਬਲਵੰਤ ਸਿੰਘ ਵਾਸੀ ਕਠਾਣਾਂ ਜ਼ਿਲਾ ਸ੍ਰੀ ਹਰਗੋਬਿੰਦਪੁਰ ਨੂੰ ਰੋਕਿਆਂ ਤਾਂ ਉਸ ਨੇ ਮੋਟਰਸਾਈਕਲ ਪਲਟੀਨਾ ਨੰਬਰ ਪੀਬੀ 18ਐਸ 0388 ਪਿੱਛੇ 2 ਕੈਨ ਪਲਾਸਟਿਕ ਦੇ ਬੰਨ੍ਹੇ ਹੋਏ ਸਨ ਅਤੇ ਤਲਾਸ਼ੀ ਦੌਰਾਨ 60 ਹਜ਼ਾਰ ਮਿਲੀਲੀਟਰ ਲਾਹਣ ਸਮੇਤ ਮੁਲਜ਼ਮ ਨੂੰ ਕਾਬੂ ਕਰਕੇ ਆਬਕਾਰੀ ਐਕਟ ਅਧੀਨ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਨੂੰ ਸਮਰਪਤ ਵਿੱਦਿਅਕ ਮੁਕਾਬਲੇ ਕਰਵਾਏ

## ਸ਼ਹੀਦ ਭਗਤ ਸਿੰਘ ਨੌਜਵਾਨਾਂ ਲਈ ਪ੍ਰੇਰਨਾ-ਸਰੋਤ : ਸਾਗਰ ਸੇਤੀਆ

ਫਿਰੋਜ਼ਪੁਰ (ਅਸ਼ੋਕ ਸ਼ਰਮਾ) : ਸ਼ਹੀਦੇ-ਆਜ਼ਮ ਭਗਤ ਸਿੰਘ ਦੇ ਜੀਵਨ ਤੇ ਉਨ੍ਹਾਂ ਦੀ ਸ਼ਹਾਦਤ ਤੋਂ ਨਵੀਂ ਪੀੜ੍ਹੀ ਨਾਲ ਜਾਣੂ ਕਰਵਾਉਣ ਦੇ ਮੰਤਵ ਨਾਲ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਅਮ੍ਰਿਤ ਸਿੰਘ ਆਈਏਐੱਸ ਤੇ ਵਧੀਕ ਡਿਪਟੀ ਕਮਿਸ਼ਨਰ (ਜ) ਸਾਗਰ ਸੇਤੀਆ ਦੀ ਅਗਵਾਈ ਵਿੱਚ ਸਿੱਖਿਆ ਵਿਭਾਗ ਫਿਰੋਜ਼ਪੁਰ ਵੱਲੋਂ ਸ਼ਹੀਦ ਭਗਤ ਸਿੰਘ ਦੇ ਜਨਮ ਦਿਵਸ ਨੂੰ ਸਮਰਪਤ ਜ਼ਿਲ੍ਹਾ ਪੱਧਰੀ ਵਿੱਦਿਅਕ ਮੁਕਾਬਲੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਾਰੇ ਕੇ ਵਿੱਚ ਕਰਵਾਏ ਗਏ, ਜਿਸ ਵਿੱਚ ਤਹਿਸੀਲ ਪੱਧਰ ਦੇ ਜੇਤੂ ਵਿਦਿਆਰਥੀਆਂ ਨੇ ਵੱਡੀ ਗਿਣਤੀ 'ਚ ਪੂਰੇ ਉਤਸ਼ਾਹ ਨਾਲ ਭਾਗ ਲਿਆ। ਇਸ ਸਮਾਗਮ ਵਿੱਚ ਵਧੀਕ ਡਿਪਟੀ ਕਮਿਸ਼ਨਰ (ਜ) ਸਾਗਰ ਸੇਤੀਆ ਆਈਏਐੱਸ ਮੁੱਖ ਮਹਿਮਾਨ ਦੇ ਰੂਪ ਵਿੱਚ ਪਹੁੰਚੇ। ਉਨ੍ਹਾ ਆਪਣੇ ਸੰਬੋਧਨ ਵਿੱਚ ਸ਼ਹੀਦ ਭਗਤ ਸਿੰਘ ਨੂੰ ਨੌਜਵਾਨਾਂ ਲਈ ਪ੍ਰੇਰਨਾ ਸਰੋਤ ਦੱਸਿਆ ਤੇ ਵਿਦਿਆਰਥੀਆਂ ਨੂੰ ਸ਼ਹੀਦਾਂ ਦੇ ਰਾਹ 'ਤੇ ਚੱਲਣ ਲਈ ਪ੍ਰੇਰਿਤ ਕੀਤਾ। ਵਿਦਿਆਰਥੀਆਂ ਦੁਆਰਾ ਸ਼ਹੀਦ ਭਗਤ ਸਿੰਘ ਦੀਆਂ ਬਣਾਈਆਂ ਪੇਂਟਿੰਗਾਂ ਤੋਂ ਬਹੁਤ ਪ੍ਰਭਾਵਿਤ ਹੋਏ ਤੇ ਉਨ੍ਹਾ ਸਿੱਖਿਆ ਵਿਭਾਗ ਦੇ ਇਸ ਉਪਰਾਲੇ ਦੀ ਪ੍ਰਸੰਸਾ ਕੀਤੀ। ਪ੍ਰੋਗਰਾਮ ਨੂੰ ਸਫਲ ਬਣਾਉਣ ਵਿੱਚ ਪ੍ਰਿੰਸੀਪਲ ਕਰਮਜੀਤ ਸਿੰਘ ਜ਼ੀਰਾ, ਪਵਨ ਕੁਮਾਰ ਐੱਮਆਈਐੱਸ ਕੋਆਰਡੀਨੇਟਰ, ਡੀਐੱਮ ਪੰਜਾਬੀ ਲੈਕ. ਸਰਬਜੀਤ ਕੌਰ, ਲੈਕ. ਕੁਲਵੰਤ ਕੌਰ, ਰਵਿੰਦਰ ਕੌਰ, ਕਮਲ ਸ਼ਰਮਾ, ਸੰਦੀਪ ਬੱਬਰ, ਰਵੀ ਇੰਦਰ ਸਿੰਘ, ਦਿਨੇਸ਼ ਕੁਮਾਰ ਤੋਂ ਇਲਾਵਾ ਬਾਰੇ ਕੇ ਸਕੂਲ ਦੇ ਸਮੂਹ ਸਟਾਫ ਨੇ ਸ਼ਲਾਘਾਯੋਗ ਭੂਮਿਕਾ ਨਿਭਾਈ। ਅੰਤ ਵਿੱਚ ਮੁੱਖ ਮਹਿਮਾਨ ਨੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਵੰਡ ਕੇ ਸਨਮਾਨਤ ਕੀਤਾ ਤੇ ਮੁਬਾਰਕਬਾਦ ਦਿੱਤੀ।

# ਬਲਾਕ ਗਿੱਦੜਬਾਹਾ ਦੇ ਸਰਪੰਚਾਂ ਵੱਲੋਂ ਯੂਨੀਅਨ ਦਾ ਗਠਨ

ਦੋਦਾ, (ਵਕੀਲ ਸਿੰਘ)-ਬਲਾਕ ਗਿੱਦੜਬਾਹਾ ਦੇ ਪਿੰਡਾਂ ਦੇ ਸਰਪੰਚਾਂ ਦੀ ਇੱਕ ਮੀਟਿੰਗ ਹੋਈ, ਜਿਸ ਵਿੱਚ ਸਰਪੰਚਾਂ ਨੂੰ ਦਰਪੇਸ਼ ਆ ਰਹੀਆਂ ਮੁਸ਼ਕਲਾਂ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਯੂਨੀਅਨ ਬਣਾਉਣ ਦਾ ਫੈਸਲਾ ਕੀਤਾ ਤੇ ਸਰਬਸੰਮਤੀ ਨਾਲ ਦਲਜੀਤ ਸਿੰਘ ਮਾਨ ਚੱਕ ਗਿਲਜੇਵਾਲਾ ਨੂੰ ਪ੍ਰਧਾਨ, ਬਿੰਦਰ ਸਿੰਘ ਗੁੜੀਸੰਘਰ ਨੂੰ ਮੀਤ ਪ੍ਰਧਾਨ, ਰਾਜੂ ਕੋਠੇ ਅਮਨਗੜ੍ਹ ਜਨਰਲ ਸਕੱਤਰ, ਬੇਅੰਤ ਸਿੰਘ ਗੁਰੂਸਰ ਖਜ਼ਾਨਚੀ, ਵਜ਼ੀਰ ਸਿੰਘ ਲੁੰਡੇਵਾਲਾ ਸਕੱਤਰ, ਜਸਵਿੰਦਰ ਸਿੰਘ ਚੋਟੀਆਂ ਪ੍ਰੈੱਸ ਸਕੱਤਰ ਤੇ ਸੰਦੀਪ ਭਾਰੂ ਨੂੰ ਸੰਯੁਕਤ ਸਕੱਤਰ ਨਿਯੁਕਤ ਕੀਤਾ ਗਿਆ ਹੈ। ਇਸ ਮੌਕੇ ਪਾਲਾ ਬਰਾੜ ਕਾਉਣੀ, ਜਸਮੇਲ ਸਿੰਘ ਆਸਾ ਬੁੱਟਰ, ਗੁਰਪ੍ਰੀਤ ਸਿੰਘ ਭਲਾਈਆਣਾ, ਹਰਦੇਵ ਸਿੰਘ ਸੂਰੇਵਾਲਾ ਆਦਿ ਮੌਜੂਦ ਸਨ।

# ਸਰਕਾਰ ਰੇਤ ਤੇ ਬੱਜਰੀ ਦੀਆਂ ਕੀਮਤਾਂ 'ਚ ਕਟੌਤੀ ਕਰੇ : ਮਨਜੋਤ ਮਾਨ

ਦੋਰਾਹਾ (ਹਰਮਿੰਦਰ ਸੇਠ)- ਆਰ ਐੱਮ ਸੀ ਪਲਾਂਟ ਮਾਰਕੀਟਿੰਗ ਵਾਲਿਆਂ ਦੀ ਵਿਸ਼ੇਸ਼ ਮੀਟਿੰਗ ਮਨਜੋਤ ਸਿੰਘ ਮਾਨ ਦੀ ਅਗਵਾਈ ਹੇਠ ਦੋਰਾਹਾ ਵਿਖੇ ਹੋਈ। ਮੀਟਿੰਗ ਵਿੱਚ ਕੱਚੇ ਮਾਲ ਜਿਵੇਂ ਕਿ ਰੇਤਾ, ਬਜਰੀ ਤੇ ਐਗਰੀਗੇਟ ਦੀਆਂ ਦਿਨੋਂ ਦਿਨ ਵਧ ਰਹੀਆਂ ਕੀਮਤਾਂ 'ਤੇ ਚਿੰਤਾ ਪ੍ਰਗਟ ਕਰਦੇ ਹੋਏ ਕਿਹਾ ਕਿ ਸਰਕਾਰ ਨੂੰ ਇਸ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਆਮ ਲੋਕਾਂ ਨੂੰ ਮਕਾਨ ਆਦਿ ਪਾਉਣ ਵਿੱਚ ਬਹੁਤ ਦਿੱਕਤ ਆ ਰਹੀ ਹੈ, ਕਿਉਂਕਿ ਰੇਤਾ, ਬਜਰੀ ਦੇ ਰੇਟ ਅਸਮਾਨ ਛੂਹ ਰਹੇ ਹਨ, ਜੋ ਕਿ ਦਿਨੋਂ ਦਿਨ ਆਮ ਆਦਮੀ ਦੀ ਪਹੁੰਚ ਤੋਂ ਬਾਹਰ ਹੁੰਦੇ ਜਾ ਰਹੇ ਹਨ। ਪੰਜਾਬ ਸਰਕਾਰ ਨੂੰ ਨਵੀਂ ਮਾਈਨਿੰਗ ਨੀਤੀ ਲਾਗੂ ਕਰਕੇ ਕੀਮਤਾਂ ਵਿੱਚ ਭਾਰੀ ਕਟੌਤੀ ਕਰਨੀ ਚਾਹੀਦੀ ਹੈ, ਤਾਂ ਜੋ ਹਰ ਵਰਗ ਦਾ ਕੰਮ ਚੱਲ ਸਕੇ। ਉਨ੍ਹਾ ਦੱਸਿਆ ਕਿ ਸਾਨੂੰ ਪੂਰਨ ਆਸ ਹੈ ਕਿ ਪੰਜਾਬ ਸਰਕਾਰ ਜਲਦੀ ਹੀ ਨਵੀਂ ਮਾਈਨਿਗ ਨੀਤੀ ਲਾਗੂ ਕਰੇਗੀ, ਜਿਸ ਨਾਲ ਸਾਰੇ ਕੰਸਟ੍ਰਕਸ਼ਨ ਕਾਰੋਬਾਰੀਆਂ ਤੇ ਆਮ ਜਨਤਾ ਨੂੰ ਰਾਹਤ ਮਿਲੇਗੀ। ਇਸ ਮੌਕੇ ਸੀਨੀਅਰ ਮਾਰਕੀਟਿੰਗ ਮੈਨੇਜਰ ਸੁਭਾਸ਼, ਅਮਰਜੋਤ ਲੁਧਿਆਣਾ ਤੇ ਗੁਰਪ੍ਰੀਤ ਲੁਧਿਆਣਾ ਆਦਿ ਹਾਜ਼ਰ ਸਨ।

# ਅੰਗਰੇਜ਼ੀ ਬੋਲਣ ਮੁਕਾਬਲੇ 'ਚ ਸ਼ਬਨਮ ਜ਼ਿਲ੍ਹੇ 'ਚੋਂ ਅੱਵਲ

ਲੌਂਗੋਵਾਲ, (ਪ੍ਰਦੀਪ ਸੱਪਲ/ਕੁਲਦੀਪ ਅੱਤਰੀ) : ਪੰਜਾਬ ਸਕੂਲ ਸਿੱਖਿਆ ਵਿਭਾਗ ਸਰਕਾਰੀ ਸਕੂਲਾਂ ਵਿੱਚ ਪੜ੍ਹਾਈ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਲਗਾਤਾਰ ਯਤਨ ਕਰ ਰਿਹਾ ਹੈ। ਇਸ ਲਈ ਸਕੂਲਾਂ ਵਿੱਚ ਇੰਗਲਿਸ ਬੂਸਟਰ ਕਲੱਬ ਬਣਾਏ ਗਏ ਹਨ। ਆਏ ਦਿਨ ਵੱਖ-ਵੱਖ ਸਕੂਲਾਂ ਦੇ ਇੰਗਲਿਸ਼ ਬੋਲਣ, ਲਿਖਣ ਦੇ ਮੁਕਬਲੇ ਕਰਾਏ ਜਾਂਦੇ ਹਨ। ਉਸੇ ਲੜੀ ਵਿਚ ਸਰਕਾਰੀ ਐਲੀਮੈਂਟਰੀ ਸਕੂਲ ਰੱਤੋਕੇ ਦੀ ਹੋਣਹਾਰ ਵਿਦਿਆਰਥਣ ਸਬਨਮ ਪੁੱਤਰੀ ਬੀਰਬਲ ਖਾਂ ਨੇ ਜ਼ਿਲ੍ਹਾ ਸੰਗਰੂਰ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ ਹੈ।

ਇੰਚਾਰਜ ਅਧਿਆਪਕ ਸੁਖਪਾਲ ਸਿੰਘ ਨੂੰ ਵਧਾਈ ਦਿੰਦਿਆਂ ਸਰਪੰਚ ਕੁਲਦੀਪ ਕੌਰ ਨੇ ਉਨ੍ਹਾਂ ਦੀ ਮਿਹਨਤ ਤੇ ਅਗਵਾਈ ਦੀ ਪ੍ਰਸੰਸਾ ਕੀਤੀ। ਬਲਜੀਤ ਸਿੰਘ ਬੱਲੀ ਨੇ ਇਸ ਪ੍ਰਾਪਤੀ ਤੇ ਸਬਨਮ, ਸਕੂਲ ਸਟਾਫ਼ ਤੇ ਉਸ ਦੇ ਮਾਪਿਆਂ ਨੂੰ ਵਧਾਈ ਦਿੱਤੀ। ਇੰਚਾਰਜ ਸੁਰਿੰਦਰ ਸਿੰਘ ਰੱਤੋਕੇ ਨੇ ਇਸ ਪ੍ਰਾਪਤੀ ਨੂੰ ਬੱਚਿਆਂ, ਸਮੂਹ ਸਟਾਫ਼ ਤੇ ਅੰਗਰੇਜ਼ੀ ਅਧਿਆਪਕ ਸੁਖਪਾਲ ਸਿੰਘ ਦੀ ਇੱਕ ਵਿਲੱਖਣ ਪ੍ਰਾਪਤੀ ਦੱਸਿਆ। ਇਹ ਜਾਣਕਾਰੀ ਅਧਿਆਪਕ ਪਰਦੀਪ ਸਿੰਘ ਤੇ ਸਤਪਾਲ ਕੌਰ ਨੇ ਸਾਂਝੀ ਕੀਤੀ।

# ਰੇਲਵੇ ਡਵੀਜ਼ਨ ਫਿਰੋਜ਼ਪੁਰ ਦੇ ਮੁੱਖ ਦਫਤਰ ਵਿਖੇ ਮੀਟਿੰਗ

ਫਿਰੋਜ਼ਪੁਰ (ਅਸ਼ੋਕ ਸ਼ਰਮਾ) : ਫਿਰੋਜ਼ਪੁਰ ਰੇਲਵੇ ਡਵੀਜ਼ਨ ਦੇ ਮੁੱਖ ਦਫਤਰ ਦੇ ਆਡੀਟੋਰੀਅਮ ਵਿੱਚ ਅਧਿਕਾਰੀਆਂ ਤੇ ਕਰਮਚਾਰੀਆਂ ਦੀ ਅਹਿਮ ਮੀਟਿੰਗ ਹੋਈ, ਜਿਸ ਵਿੱਚ ਉੱਤਰੀ ਰੇਲਵੇ, ਨਵੀਂ ਦਿੱਲੀ ਦੇ ਮੁੱਖ ਦਫਤਰ ਤੋਂ ਐੱਸ ਡੀ ਜੀ ਐੱਮ ਸੁਨੀਲ ਕੁਮਾਰ ਝਾਅ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਉਨ੍ਹਾ ਨਾਲ ਵਿਜੀਲੈਂਸ ਵਿਭਾਗ ਦੀ ਟੀਮ ਵੀ ਸੀ, ਜਿਸ ਵਿੱਚ ਵੱਖ-ਵੱਖ ਵਿਭਾਗਾਂ ਦੇ ਵਿਜੀਲੈਂਸ ਅਧਿਕਾਰੀ ਸ਼ਾਮਲ ਸਨ। ਮੀਟਿੰਗ ਵਿੱਚ ਡਵੀਜ਼ਨਲ ਰੇਲਵੇ ਮੈਨੇਜਰ ਡਾ. ਸੀਮਾ ਸ਼ਰਮਾ, ਚੀਫ ਮੈਡੀਕਲ ਸੁਪਰਡੈਂਟ ਡਾ. ਊਸ਼ਾ ਕਿਰਨ, ਵਧੀਕ ਡਵੀਜ਼ਨਲ ਰੇਲਵੇ ਮੈਨੇਜਰ ਬੀ ਪੀ ਸਿੰਘ ਤੇ ਬਲਬੀਰ ਸਿੰਘ ਅਤੇ ਹੋਰ ਅਧਿਕਾਰੀ ਮੀਟਿੰਗ ਵਿੱਚ ਹਾਜ਼ਰ ਹੋਏ। ਮੀਟਿੰਗ ਦੌਰਾਨ ਰੇਲਵੇ ਦੇ ਕੰਮਕਾਜ 'ਚ ਸੁਧਾਰ ਤੇ ਪਾਰਦਰਸ਼ਤਾ ਲਿਆਉਣ ਦੇ ਉਪਾਵਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਉਨ੍ਹਾਂ ਵਿਜੀਲੈਂਸ ਅਧਿਕਾਰੀਆਂ ਦੀਆਂ ਸਮੱਸਿਆਵਾਂ ਸੁਣੀਆਂ ਤੇ ਉਨ੍ਹਾਂ ਦਾ ਮਾਰਗਦਰਸ਼ਨ ਕੀਤਾ। ਵਧੀਕ ਡਵੀਜ਼ਨਲ ਰੇਲਵੇ ਮੈਨੇਜਰ ਬੀ ਪੀ ਸਿੰਘ ਨੇ ਮੁੱਖ ਦਫਤਰ ਤੋਂ ਆਈ ਟੀਮ ਨੂੰ ਪ੍ਰੈਜ਼ੈਂਟੇਸ਼ਨ ਰਾਹੀਂ ਦੱਸਿਆ ਕਿ ਰੇਲਵੇ ਦੇ ਕੰਮਕਾਜ ਵਿੱਚ ਪਾਰਦਰਸ਼ਤਾ ਲਿਆਉਣ ਲਈ ਡਵੀਜ਼ਨ ਵੱਲੋਂ ਜ਼ਿਆਦਾਤਰ ਕਾਰਜ ਪ੍ਰਣਾਲੀਆਂ ਨੂੰ ਆਨਲਾਈਨ ਕਰ ਦਿੱਤਾ ਗਿਆ ਹੈ। ਬੋਰਡ ਵਿੱਚ ਈ-ਆਫਿਸ, ਈ-ਟੈਂਡਰਿੰਗ, ਈ-ਪ੍ਰੋਕਿਊਰਮੈਂਟ ਆਦਿ ਦਾ ਕੰਮ ਪੂਰੀ ਤਰ੍ਹਾਂ ਨਾਲ ਲਾਗੂ ਕੀਤਾ ਗਿਆ ਹੈ। ਸਾਰੇ ਟੈਂਡਰ ਈ-ਨਿਲਾਮੀ ਰਾਹੀਂ ਦਿੱਤੇ ਜਾ ਰਹੇ ਹਨ, ਸਾਰੇ ਦਸਤਾਵੇਜ਼ਾਂ ਦਾ ਡਿਜੀਟਾਈਜੇਸ਼ਨ, ਹੈਂਡ ਹੋਲਡ ਟਰਮੀਨਲ ਟਿਕਟ ਚੈਕਿੰਗ ਸਟਾਫ ਨੂੰ ਪ੍ਰਦਾਨ ਕੀਤੇ ਜਾ ਰਹੇ ਹਨ ਤਾਂ ਜੋ ਕੋਈ ਰਿਜ਼ਰਵ ਟਿਕਟ ਵਾਲਾ ਯਾਤਰੀ ਆਖਰੀ ਸਮੇਂ 'ਤੇ ਆਪਣੀ ਯਾਤਰਾ ਰੱਦ ਕਰਦਾ ਹੈ ਜਾਂ ਨਹੀਂ ਪਹੁੰਚਦਾ ਹੈ ਤਾਂ ਉਸ ਦੇ ਵੇਰਵੇ ਇਸ ਡਿਵਾਈਸ ਵਿੱਚ ਖਾਲੀ ਸੀਟ ਦਿਖਾਈ ਗਈ ਹੈ, ਨੂੰ ਟੀ ਟੀ ਉਡੀਕ ਸੂਚੀ ਜਾਂ ਆਰ ਏ ਸੀ ਯਾਤਰੀ ਨੂੰ ਸੀਟ ਅਲਾਟ ਕਰ ਸਕੇ। ਉਨ੍ਹਾ ਕਿਹਾ ਕਿ ਫਿਰੋਜ਼ਪੁਰ ਡਵੀਜ਼ਨ ਯਾਤਰੀਆਂ ਨੂੰ ਇਕ ਸੁਹਾਵਣੀ ਤੇ ਆਰਾਮਦਾਇਕ ਯਾਤਰਾ ਪ੍ਰਦਾਨ ਕਰਨ ਲਈ ਤਿਆਰ ਹੈ।

# ਪਰਾਲੀ ਨੂੰ ਨਾ ਸਾੜਨ ਸੰਬੰਧੀ ਕਿਸਾਨਾਂ ਨੂੰ ਪਿੰਡ-ਪਿੰਡ ਕੀਤਾ ਜਾਗਰੂਕ

ਮਜੀਠਾ (ਸੋਇਮ ਆਨੰਦ)-ਮਾਨਯੋਗ ਖੇਤੀਬਾੜੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਦੇ ਆਦੇਸ਼ਾਂ ਅਤੇ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਹਰਪ੍ਰੀਤ ਸਿੰਘ ਸੂਦਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾਉਣ ਸਬੰਧੀ ਮੁੱਖ ਖੇਤੀਬਾੜੀ ਅਫਸਰ ਡਾ. ਜਤਿੰਦਰ ਸਿੰਘ ਗਿੱਲ ਦੀ ਅਗਵਾਈ ਹੇਠ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਵੱਲੋਂ ਬਲਾਕ ਮਜੀਠਾ ਦੇ ਪਿੰਡਾਂ ਵਿਚ ਜਾ ਕੇ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਗਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਪਿੰਡ ਕੋਟਲਾ ਤਰਖਾਣਾਂ ਅਤੇ ਕੱਥੂਨੰਗਲ ਦੇ ਕਿਸਾਨ ਜੁਝਾਰ ਸਿੰਘ ਪੁੱਤਰ ਤੀਰਥ ਸਿੰਘ ਆਪਣੇ ਖੇਤਾਂ ਵਿੱਚ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੀਆਂ ਪ੍ਰੇਰਨਾ ਸਦਕਾ ਬੇਲਰ ਨਾਲ ਪਰਾਲੀ ਦੀਆਂ ਗੰਢਾਂ ਬਣਵਾ ਰਿਹਾ ਸੀ। ਡਾ. ਜਤਿੰਦਰ ਸਿੰਘ ਗਿੱਲ ਅਤੇ ਖੇਤੀਬਾੜੀ ਅਫਸਰ ਮਜੀਠਾ ਡਾ. ਤਜਿੰਦਰ ਸਿੰਘ ਨੇ ਕਿਸਾਨ ਦੀ ਇਸ ਉਪਰਾਲੇ ਲਈ ਹੌਸਲਾ ਅਫਜ਼ਾਈ ਕੀਤੀ ਅਤੇ ਹੋਰਨਾਂ ਕਿਸਾਨਾਂ ਨੂੰ ਵੀ ਇਸ ਉੱਦਮੀ ਕਿਸਾਨ ਤੋਂ ਪ੍ਰੇਰਨਾ ਲੈਣ ਲਈ ਕਿਹਾ। ਕਿਸਾਨ ਜੁਝਾਰ ਸਿੰਘ ਨੇ ਦੱਸਿਆ ਕਿ ਉਹ ਲੱਗਭਗ 100 ਏਕੜ ਰਕਬੇ ਵਿੱਚ ਖੇਤੀ ਕਰਦਾ ਹੈ। ਇਸ ਵਿੱਚੋਂ ਅੱਧੇ ਰਕਬੇ ਵਿੱਚ ਪਰਾਲੀ ਦੀਆਂ ਗੰਢਾਂ ਬਣਵਾ ਕੇ ਮਟਰਾਂ ਦੀ ਖੇਤੀ ਕਰਨੀ ਅਤੇ ਬਾਕੀ ਰਕਬੇ ਵਿੱਚ ਹੈਪੀ ਸੀਡਰ ਅਤੇ ਸੁਪਰ ਸੀਡਰ ਨਾਲ ਕਣਕ ਦੀ ਬਿਜਾਈ ਕਰਨੀ ਹੈ। ਇਸ ਮੌਕੇ ਸੁਖਰਾਜਬੀਰ ਸਿੰਘ, ਰਮਨ ਕੁਮਾਰ ਖੇਤੀਬਾੜੀ ਅਫਸਰ, ਹਰਜਿੰਦਰ ਸਿੰਘ, ਅਮਨਪ੍ਰੀਤ ਸਿੰਘ ਖੇਤੀਬਾੜੀ ਵਿਕਾਸ ਅਫਸਰ, ਏਈਓ ਅਮਰਦੀਪ ਸਿੰਘ, ਲਵਪ੍ਰੀਤ ਸਿੰਘ, ਬਲਵਿੰਦਰ ਸਿੰਘ, ਗੁਰਮੀਤ ਸਿੰਘ ਦੋਵੇਂ ਏਐੱਸਆਈ, ਜਗਜੀਤ ਸਿੰਘ ਅਤੇ ਗੁਰਿੰਦਰਜੀਤ ਸਿੰਘ ਆਦਿ ਕਿਸਾਨ ਹਾਜ਼ਰ ਸਨ।

# ਨਵਾਂ ਪਿੰਡ 'ਚ ਨਵੀਂ ਛਿੰਝ ਮੇਲਾ ਕਮੇਟੀ ਸਥਾਪਤ

ਗੁਰਦਾਸਪੁਰ (ਜਨਕ ਮਹਾਜਨ)-ਛਿੰਝ ਮੇਲਾ ਸ਼ਹੀਦ ਬੀਬੀ ਸੁੰਦਰੀ ਐੱਨਆਰਆਈ ਯੂਥ ਕਲੱਬ ਨਵਾਂ ਪਿੰਡ ਦੀ ਸਥਾਪਨਾ ਚੈਅਰਮੇਨ ਸੁਰਿੰਦਰ ਸਿੰਘ ਜੱਜ ਦੀ ਰਹਿਨੁਮਾਈ ਹੇਠ ਕੀਤੀ ਗਈ ਜਿਸ ਵਿਚ ਪਹਿਲੀ ਆਰਜ਼ੀ ਕਮੇਟੀ ਨੂੰ ਭੰਗ ਕੀਤਾ ਗਿਆ ਅਤੇ ਨਵੀਂ ਕਮੇਟੀ ਵਿਚ ਨੌਜਵਾਨ ਪੀੜ੍ਹੀ ਅਤੇ ਪੁਰਾਣੇ ਮੋਹਤਬਰ ਵਿਅਕਤੀਆਂ ਦਾ ਸਹਿਯੋਗ ਲਿਆ ਗਿਆ ਜਿਸ ਵਿਚ ਕਮੇਟੀ ਪ੍ਰਧਾਨ ਮਨਿੰਦਰ ਸਿੰਘ, ਮੀਤ ਪ੍ਰਧਾਨ ਮਨਜਿੰਦਰ ਸਿੰਘ, ਜਨਰਲ ਸਕੱਤਰ ਸੁਰਿੰਦਰ ਸਿੰਘ, ਉਪ ਪ੍ਰਧਾਨ ਸੁਖਦੇਵ ਸਿੰਘ, ਖਜਾਨਚੀ ਹਰਜਿੰਦਰ ਸਿੰਘ, ਸਲਾਹਕਾਰ ਬਲਵੀਰ ਸਿੰਘ ਤੋਂ ਇਲਾਵਾ ਕਮੇਟੀ ਮੈਂਬਰਾਂ ਵਿਚ ਸਤਨਾਮ ਸਿੰਘ, ਲਖਵਿੰਦਰ ਸਿੰਘ, ਦੀਪਕ ਕੁਮਾਰ, ਬਲਵਿੰਦਰ ਸਿੰਘ, ਹਰਜਿੰਦਰ ਸਿੰਘ, ਰਮਨਦੀਪ ਸਿੰਘ, ਪ੍ਰਭਦੀਪ ਸਿੰਘ, ਗੁਰਮੇਜ ਸਿੰਘ, ਬਲਕਾਰ ਸਿੰਘ, ਦਲਜੀਤ ਸਿੰਘ , ਲਖਵੀਰ ਸਿੰਘ, ਪਰਮਿੰਦਰ ਸਿੰਘ ਹੀਰਾ ਲਾਲ, ਰਾਕੇਸ਼ ਕੁਮਾਰ, ਤਰਸੇਮ ਸਿੰਘ ਅਤੇ ਸਵਰਨ ਆਦਿ ਸ਼ਾਮਿਲ ਹਨ। ਉਨ੍ਹਾਂ ਦੱਸਿਆ ਕਿ ਸਾਡਾ ਮੁੱਖ ਕਾਰਜ ਇਲਾਕੇ ਅੰਦਰ ਗਰੀਬ ਲੋਕਾਂ ਵਾਸਤੇ ਕੰਮ ਅਤੇ ਪਿੰਡ ਦੀ ਬਿਹਤਰੀ ਲਈ ਅਗਾਂਹਵਧੂ ਕੰਮਾਂ ਨੂੰ ਪਹਿਲ ਦੇਣਾ ਹੈ ਅਤੇ ਇਸ ਪ੍ਰਵਾਸੀ ਭਾਰਤੀਆਂ ਦਾ ਵੱਡਾ ਸਹਿਯੋਗ ਦਿੱਤਾ ਜਾਵੇਗਾ।

## ...ਸ.ਫ਼ਾ 5 ਦੇ ਬਾਕੀ

### ਮੋਦੀ ਸਰਕਾਰ ਲੋਕਾਂ...

ਸਰਕਾਰ ਵਿਰੁੱਧ ਨਾਅਰੇ ਮਾਰਦੇ ਹੋਏ ਮੰਗ ਕਰ ਰਹੇ ਸਨ ਕਿ ਵਧ ਰਹੀ ਮਹਿੰਗਾਈ ਨੂੰ ਰੋਕਿਆ ਜਾਵੇ, ਖਾਣ-ਪੀਣ ਵਾਲੀਆਂ ਵਸਤੂਆਂ 'ਤੇ ਲਗਾਏ ਟੈਕਸ, ਪੈਟਰੋਲ, ਰਸੋਈ ਗੈਸ ਦੀਆਂ ਕੀਮਤਾਂ ਵਿੱਚ ਕੀਤਾ ਵਾਧਾ ਵਾਪਸ ਲਿਆ ਜਾਵੇ, ਸਭ ਲਈ ਸਸਤੀ ਵਿਦਿਆ ਤੇ ਸਿਹਤ ਸਹੂਲਤਾਂ ਦਾ ਪ੍ਰਬੰਧ ਕੀਤਾ ਜਾਵੇ, ਮਨਰੇਗਾ ਮਜ਼ਦੂਰਾਂ ਨੂੰ ਸਾਲ ਵਿੱਚ 200 ਦਿਨ ਦਾ ਕੰਮ ਤੇ ਦਿਹਾੜੀ 600 ਰੁਪਏ ਦਿੱਤੀ ਜਾਵੇ, ਮਨਰੇਗਾ ਦੇ ਬਜਟ ਵਿੱਚ ਕਟੌਤੀ ਕਰਨੀ ਬੰਦ ਕੀਤੀ ਜਾਵੇ। ਰੈਲੀ ਅਤੇ ਮੁਜ਼ਾਹਰੇ ਵਿੱਚ ਪਾਰਟੀ ਦੇ ਸੂਬਾਈ ਆਗੂਆਂ ਤੋਂ ਇਲਾਵਾ ਸੀ ਪੀ ਐੱਮ ਦੇ ਕੇਂਦਰੀ ਕਮੇਟੀ ਤੇ ਪੋਲਿਟ ਬਿਊਰੋ ਮੈਂਬਰ ਨਿਲੋਤਪਾਲ ਬਾਸੂ ਸਾਬਕਾ ਮੈਂਬਰ ਪਾਰਲੀਮੈਂਟ, ਸੂਬਾ ਸਕੱਤਰ ਸੁਖਵਿੰਦਰ ਸਿੰਘ ਸੇਖੋਂ ਸਮੇਤ ਪਾਰਟੀ ਦੇ ਸੂਬਾ ਸਕੱਤਰੇਤ ਮੈਂਬਰ ਭੂਪ ਚੰਦ ਚੰਨੋ, ਰਾਮ ਸਿੰਘ ਨੂਰਪੁਰੀ, ਮੇਜਰ ਸਿੰਘ ਭਿੱਖੀਵਿੰਡ, ਗੁਰਦਰਸ਼ਨ ਸਿੰਘ ਖਾਸਪੁਰ, ਬਲਵੀਰ ਸਿੰਘ ਜਾਡਲਾ, ਰੂਪ ਬਸੰਤ ਸਿੰਘ ਬੜੈਚ, ਗੁਰਨੇਕ ਸਿੰਘ ਭੱਜਲ, ਅਬਦੁਲ ਸਤਾਰ, ਸੁਖਪ੍ਰੀਤ ਸਿੰਘ ਜੌਹਲ ਤੇ ਸੁੱਚਾ ਸਿੰਘ ਅਜਨਾਲਾ ਵੀ ਹਾਜ਼ਰ ਸਨ।

### ਰਿਸੈਪਸ਼ਨਿਸਟ ਕਤਲ...

ਦੀ ਹੱਤਿਆ ਦੇ ਮਾਮਲੇ 'ਚ ਭਾਜਪਾ ਨੇ ਪਾਰਟੀ ਦੇ ਆਗੂ ਵਿਨੋਦ ਆਰੀਆ ਨੂੰ ਪਾਰਟੀ 'ਚੋਂ ਕੱਢ ਦਿੱਤਾ। ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਦੇ ਆਦੇਸ਼ 'ਤੇ ਅੰਕਿਤ ਆਰਿਆ ਨੂੰ ਉਤਰਾਖੰਡ ਅਤੇ ਪੱਛੜਾ ਵਰਗ ਕਮਿਸ਼ਨ ਦੀ ਪ੍ਰਧਾਨਗੀ ਦੇ ਅਹੁਦੇ ਤੋਂ ਵੀ ਹਟਾ ਦਿੱਤਾ ਗਿਆ।

ਅੰਕਿਤਾ ਭਾਜਪਾ ਆਗੂ ਵਿਨੋਦ ਆਰੀਆ ਦੇ ਲੜਕੇ ਪੁਲਕਿਤ ਆਰੀਆ ਦੇ ਰਿਜ਼ੋਰਟ ਵਿੱਚ ਨੌਕਰੀ ਕਰਦੀ ਸੀ, ਜਿਸ ਦੀ ਹੱਤਿਆ ਦੇ ਦੋਸ਼ ਭਾਜਪਾ ਆਗੂ ਦੇ ਲੜਕੇ 'ਤੇ ਲੱਗੇ ਹਨ।

### ਵਿਰੋਧੀ ਪਾਰਟੀਆਂ ਨੂੰ...

ਬਾਬਾ ਜੀ ਦਾ ਮਾਨਵਤਾਵਾਦੀ ਦਰਸ਼ਨ ਤੇ ਰੂਹਾਨੀਅਤ, ਪਿਆਰ, ਹਮਦਰਦੀ, ਬਰਾਬਰੀ, ਨਿਮਰਤਾ, ਭਾਈਚਾਰੇ ਤੇ ਆਜ਼ਾਦੀ ਦੇ ਸਿਧਾਂਤਾਂ ਦੀ ਸਰਬਉੱਚਤਾ ਅਤੇ ਵਿਆਪਕਤਾ ਉਤੇ ਆਧਾਰਤ ਹੈ। ਉਹਨਾ ਕਿਹਾ ਕਿ ਬਾਬਾ ਫ਼ਰੀਦ ਜੀ ਦਾ ਜੀਵਨ ਤੇ ਫਲਸਫ਼ਾ ਅਜੋਕੇ ਪਦਾਰਥਵਾਦੀ ਸਮਾਜ ਵਿੱਚ ਬਹੁਤ ਜ਼ਿਆਦਾ ਪ੍ਰਸੰਗਕ ਹੈ।

ਮੁੱਖ ਮੰਤਰੀ ਨੇ ਇਹ ਵੀ ਆਖਿਆ ਕਿ ਬਾਬਾ ਫ਼ਰੀਦ ਜੀ ਦੀਆਂ ਸਿੱਖਿਆਵਾਂ ਆਉਣ ਵਾਲੀਆਂ ਨਸਲਾਂ ਨੂੰ ਪੂਰੇ ਉਤਸ਼ਾਹ, ਸਮਰਪਣ ਤੇ ਨਿਮਰਤਾ ਨਾਲ ਲੋਕਾਈ ਦੀ ਸੇਵਾ ਕਰਨ ਲਈ ਪ੍ਰੇਰਨਾ ਦਾ ਸਰੋਤ ਬਣੀਆਂ ਰਹਿਣਗੀਆਂ। ਲੋਕਾਂ ਨੂੰ ਬਾਬਾ ਜੀ ਦੇ ਨਕਸ਼-ਏ-ਕਦਮ ਉਤੇ ਚੱਲਣ ਦੀ ਪ੍ਰੇਰਨਾ ਦਿੰਦਿਆਂ ਉਨ੍ਹਾ ਕਿਹਾ ਕਿ ਇਸ ਨਾਲ ਸਮਾਜ ਵਿੱਚ ਫਿਰਕੂ ਸਦਭਾਵਨਾ, ਅਮਨ ਤੇ ਭਾਈਚਾਰਕ ਕਦਰਾਂ-ਕੀਮਤਾਂ ਨੂੰ ਮਜ਼ਬੂਤ ਕਰਨ ਵਿੱਚ ਮਦਦ ਮਿਲੇਗੀ। ਭਗਵੰਤ ਮਾਨ ਨੇ ਐਲਾਨ ਕੀਤਾ ਕਿ ਫ਼ਰੀਦਕੋਟ ਜ਼ਿਲ੍ਹੇ ਦੇ ਵਿਕਾਸ ਨੂੰ ਵੱਡੀ ਗਤੀ ਦੇਣ ਲਈ ਹਰੇਕ ਕੋਸ਼ਿਸ਼ ਕੀਤੀ ਜਾਵੇਗੀ।

ਇਸ ਤੋਂ ਪਹਿਲਾਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਜ਼ਿਲ੍ਹੇ ਵਿੱਚ ਪੁੱਜਣ ਉੱਤੇ ਮੁੱਖ ਮੰਤਰੀ ਦਾ ਸਵਾਗਤ ਕੀਤਾ।

ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਇਸ ਸ਼ੁੱਭ ਮੌਕੇ ਉਤੇ ਲੋਕਾਂ ਨੂੰ ਵਧਾਈ ਦਿੱਤੀ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਦੀ ਅਗਵਾਈ ਹੇਠ ਸੂਬਾ ਸਰਕਾਰ ਲੋਕਾਂ ਦੀ ਭਲਾਈ ਲਈ ਅਣਥੱਕ ਮਿਹਨਤ ਕਰ ਰਹੀ ਹੈ।

ਸਮਾਗਮ ਦੌਰਾਨ ਲੋਕ ਸਭਾ ਮੈਂਬਰ ਮੁਹੰਮਦ ਸਦੀਕ, ਵਿਧਾਇਕ ਗੁਰਦਿੱਤ ਸਿੰਘ, ਅਮੋਲਕ ਸਿੰਘ, ਰਣਬੀਰ ਸਿੰਘ ਭੁੱਲਰ ਤੇ ਕਾਕਾ ਬਰਾੜ, ਸਾਬਕਾ ਸੰਸਦ ਮੈਂਬਰ ਪ੍ਰੋ. ਸਾਧੂ ਸਿੰਘ, ਮੁੱਖ ਮੰਤਰੀ ਦੇ ਵਧੀਕ ਮੁੱਖ ਸਕੱਤਰ ਏ ਵੇਨੂ ਪ੍ਰਸਾਦ ਤੇ ਹੋਰ ਹਾਜ਼ਰ ਸਨ।

### ਜਾਂਦੀ ਹੋਈ...

21 ਡਿਗਰੀ ਦੇ ਕਰੀਬ ਦੇਖਿਆ ਗਿਆ।

ਦੇਸ਼ ਦੀ ਰਾਜਧਾਨੀ ਦਿੱਲੀ, ਯੂ ਪੀ, ਬਿਹਾਰ, ਉਤਰਾਖੰਡ ਸਮੇਤ ਕਈ ਸੂਬਿਆਂ 'ਚ ਸ਼ਨੀਵਾਰ ਮੀਂਹ ਪਿਆ। ਮੌਸਮ ਵਿਭਾਗ ਨੇ ਪੀਲਾ ਅਲਰਟ ਕਰਦੇ ਹੋਏ ਚੇਤਾਵਨੀ ਜਾਰੀ ਕੀਤੀ ਹੈ। ਇਸ ਦੌਰਾਨ ਗੰਗਾ, ਯਮੁਨਾ ਦੇ ਨਾਲ ਕਈ ਸਹਾਇਕ ਨਦੀਆਂ 'ਚ ਪਾਣੀ ਦਾ ਪੱਧਰ ਵਧ ਗਿਆ ਹੈ। ਚਾਰ ਧਾਮ ਯਾਤਰਾ ਰੂਟ ਸਮੇਤ ਹਾਈਵੇ ਬੰਦ ਹੋਣ ਕਾਰਨ ਥਾਂ-ਥਾਂ ਯਾਤਰੀ ਫਸੇ ਹੋਏ ਹਨ। ਨੀਵਿਆਂ ਇਲਾਕਿਆਂ 'ਚ ਪਾਣੀ ਭਰਨ ਲੱਗਾ ਹੈ। ਪ੍ਰਸ਼ਾਸਨ ਨੇ ਇਸ ਤਰ੍ਹਾਂ ਦੇ ਸਾਰੇ ਇਲਾਕਿਆਂ ਨੂੰ ਖਾਲੀ ਕਰਵਾ ਲਿਆ ਹੈ।

### ਸਰਕਾਰ ਦੇ ਭਰੋਸੇ ...

ਹੋਵੇਗੀ, ਜਿਸ ਦਾ ਐਲਾਨ ਸਰਕਾਰ ਨੇ ਪਹਿਲਾਂ ਹੀ ਕਰ ਦਿੱਤਾ ਸੀ। ਉਨ੍ਹਾ ਕਿਹਾ ਕਿ ਹੁਣ ਇਹ ਉਨ੍ਹਾਂ ਦੀ ਪ੍ਰੇਸ਼ਾਨੀ ਹੈ ਕਿ ਇਸ ਨੂੰ ਉਹ ਕਿੱਥੇ ਸਟੋਰ ਕਰਦੇ ਹਨ।

ਉਨ੍ਹਾ ਕਿਹਾ ਕਿ ਸਰਕਾਰ ਨੇ ਪੰਜ ਜ਼ਿਲ੍ਹਿਆਂ 'ਚ ਜਿੱਥੇ ਉਪਜ ਜ਼ਿਆਦਾ ਹੋਈ ਹੈ, ਉਥੇ ਖਰੀਦ ਵਧਾ ਕੇ 22 ਤੋਂ 30 ਕੁਇੰਟਲ ਪ੍ਰਤੀ ਏਕੜ ਕਰ ਦਿੱਤੀ ਹੈ। ਕਈ ਹੋਰ ਜ਼ਿਲ੍ਹਿਆਂ 'ਚ ਇਸ ਨੂੰ ਵਧਾ ਕੇ 28 ਕੁਇੰਟਲ ਪ੍ਰਤੀ ਏਕੜ ਕਰ ਦਿੱਤਾ ਗਿਆ ਹੈ। ਹਰਿਆਣਾ ਸਰਕਾਰ ਨੂੰ ਕੋਰਟ ਨੇ ਕਿਹਾ ਕਿ ਸੀ ਕਿ ਹਾਈਵੇ ਤੁਰੰਤ ਖੁੱਲ੍ਹਵਾਇਆ ਜਾਵੇ, ਤਾਂ ਜੋ ਲੋਕਾਂ ਨੂੰ ਕੋਈ ਪ੍ਰੇਸ਼ਾਨੀ ਨਾ ਆਵੇ।

# ਧੂਮ-ਧਾਮ ਨਾਲ ਮਨਾਇਆ ਜਾਵੇਗਾ ਭਗਵਾਨ ਵਾਲਮੀਕਿ ਦਾ ਪ੍ਰਗਟ ਦਿਵਸ : ਈ ਟੀ ਓ

ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)- ਭਗਵਾਨ ਵਾਲਮੀਕਿ ਦੇ ਪ੍ਰਗਟ ਦਿਵਸ ਨੂੰ ਸਮਰਪਿਤ ਵਿਸ਼ਾਲ ਸ਼ੋਭਾ ਯਾਤਰਾ 1 ਅਕਤੂਬਰ ਨੂੰ ਜਲੰਧਰ ਤੋਂ ਸ਼੍ਰੀ ਵਾਲਮੀਕਿ ਤੀਰਥ ਵਿਖੇ ਪਹੁੰਚੇਗੀ, ਜਿਸ ਵਿੱਚ ਵੱਡੀ ਗਿਣਤੀ ਵਿੱਚ ਸ਼ਰਧਾਲੂ ਸਾਮਲ ਹੋਣਗੇ ਅਤੇ ਉਨਾਂ ਦੀ ਆਮਦ ਨੂੰ ਧਿਆਨ ਵਿਚ ਰਖਦੇ ਹੋਏ ਹਰਭਜਨ ਸਿੰਘ ਈ.ਟੀ.ਓ. ਬਿਜਲੀ ਮੰਤਰੀ ਪੰਜਾਬ ਵਲੋਂ ਸ਼੍ਰੀ ਵਾਲਮੀਕਿ ਤੀਰਥ ਦਾ ਦੌਰਾ ਕੀਤਾ ਗਿਆ ਅਤੇ ਉਥੇ ਚਲ ਰਹੇ ਕੰਮਾਂ ਦਾ ਜਾਇਜ਼ਾ ਲਿਆ ਗਿਆ।

ਇਸ ਤੋਂ ਪਹਿਲਾਂ ਈ.ਟੀ.ਓ. ਭਗਵਾਨ ਵਾਲਮੀਕਿ ਮੰਦਰ ਵਿਖੇ ਪਹੁੰਚੇ ਅਤੇ ਮੱਥਾ ਟੇਕਿਆ ਜਿਥੇ ਮੰਦਰ ਕਮੇਟੀ ਵਲੋਂ ਉਨ੍ਹਾਂ ਨੂੰ ਸਿਰੋਪਾ ਦੇ ਕੇ ਸਨਮਾਨਤ ਕੀਤਾ ਗਿਆ। ਉਨ੍ਹਾਂ ਦੱਸਿਆ ਕਿ 9 ਅਕਤੂਬਰ ਨੂੰ ਭਗਵਾਨ ਵਾਲਮੀਕਿ ਜੀ ਦਾ ਪ੍ਰਗਟ ਦਿਹਾੜਾ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਉਨ੍ਹਾਂ ਭਗਵਾਨ ਵਾਲਮੀਕਿ ਤੀਰਥ ਦਾ ਦੌਰਾ ਕਰਕੇ ਪੀਡਬਲਯੂਡੀ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਚਲ ਰਹੇ ਵਿਕਾਸ ਕਾਰਜਾਂ ਨੂੰ ਸਮੇਂ ਸਿਰ ਮੁਕੰਮਲ ਕੀਤਾ ਜਾਵੇ ਅਤੇ ਸਰੋਵਰ ਦੇ ਔਰਤਾਂ ਦੇ ਨਹਾਉਣ ਵਾਲੇ ਸਥਾਨ 'ਤੇ ਵਿਊ ਕਟਰ ਲਗਾਏ ਜਾਣ।

ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਮੰਦਰ ਦੀ ਮੁਰੰਮਤ ਦਾ ਕੰਮ ਜਲਦ ਤੋਂ ਜਲਦ ਮੁਕੰਮਲ ਕੀਤਾ ਜਾਵੇ। ਮੰਡੀ ਬੋਰਡ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸੜਕਾਂ ਦੀ ਮੁਰੰਮਤ ਕੀਤੀ ਜਾਵੇ। ਉਨ੍ਹਾਂ ਬਿਜਲੀ ਅਧਿਕਾਰੀਆਂ ਨੂੰ ਵੀ ਹਦਾਇਤ ਕੀਤੀ ਕਿ ਮੰਦਰ ਵਿਚ ਨਿਰਵਿਘਨ ਬਿਜਲੀ ਸਪਲਾਈ ਨੂੰ ਯਕੀਨੀ ਬਣਾਇਆ ਜਾਵੇ।

ਜਨਰਲ ਮੈਨੇਜਰ ਨੂੰ ਮੰਦਰ ਦੇ ਅੰਦਰ ਤੇ ਬਾਹਰ ਸਫਾਈ ਵਿਵਸਥਾ ਸੁਚਾਰੂ ਰੱਖਣ ਲਈ ਕਿਹਾ। ਇਸ ਮੌਕੇ ਐਸ. ਡੀ. ਐਮ. ਅਜਨਾਲਾ ਅਮਨਪ੍ਰੀਤ ਸਿੰਘ, ਐਸ. ਈ. ਪੀ. ਡਬਲਯੂ. ਡੀ ਇੰਦਰਜੀਤ ਸਿੰਘ, ਸੁਹਿੰਦਰ ਕੌਰ ਪਤਨੀ ਹਰਭਜਨ ਸਿੰਘ ਈ.ਟੀ.ਓ.,ਸੁਨੈਨਾ ਰੰਧਾਵਾ ਪ੍ਰਧਾਨ ਮਹਿਲਾ ਵਿੰਗ ਜੰਡਿਆਲਾ, ਸਤਪਾਲ ਸੋਖੀ, ਡਾ. ਇੰਦਰਪਾਲ, ਸਤਿੰਦਰ ਜੌਹਲ, ਵਰੁਣ ਕੁਮਾਰ, ਪੀ. ਕੁਮਾਰ ਜਨਰਲ ਮੈਨੇਜਰ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# ਨੌਜਵਾਨਾਂ ਨੂੰ ਵਾਲੀਬਾਲ ਕਿੱਟਾਂ ਵੰਡੀਆਂ

ਵਲਟੋਹਾ (ਰਣਜੀਤ ਸਿੰਘ ਵਲਟੋਹਾ)-ਐੱਸ. ਐੱਸ. ਪੀ. ਤਰਨਤਾਰਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਡੀ. ਐੱਸ. ਪੀ. ਜੋਗਿੰਦਰ ਸਿੰਘ ਐੱਸ. ਆਈ. ਜਗਦੀਪ ਸਿੰਘ ਮੁੱਖ ਅਫਸਰ ਥਾਣਾ ਵਲਟੋਹਾ ਨੇ ਪਿੰਡ ਆਸਲ ਵਿਖੇ ਆ ਕੇ ਨੌਜਵਾਨਾਂ ਨੂੰ ਵਾਲੀਬਾਲ ਕਿੱਟਾਂ ਵੰਡੀਆਂ।

ਮੁੱਖ ਅਫਸਰ ਥਾਣਾ ਵਲਟੋਹਾ ਨੇ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਖੇਡਾਂ ਵੱਲ ਪ੍ਰੇਰਤ ਕਰਨ ਲਈ ਅਸੀਂ ਨੌਜਵਾਨਾਂ ਨੂੰ ਖੇਡਾਂ ਦਾ ਸਾਮਾਨ ਅਸੀਂ ਦੇ ਰਹੇ ਹਾਂ ਅਤੇ ਪਿੰਡਾਂ ਦੇ ਮੋਹਤਬਰ ਵਿਅਕਤੀਆਂ ਨੂੰ ਅਸੀਂ ਅਪੀਲ ਕਰਦੇ ਹਾਂ ਕਿ ਨਸ਼ਾ ਖਤਮ ਕਰਨ ਲਈ ਤੁਸੀਂ ਸਾਡਾ ਸਾਥ ਜ਼ਰੂਰ ਦਿਓ। ਨੌਜਵਾਨਾਂ ਨੂੰ ਕਿਹਾ ਕਿ ਤੁਸੀਂ ਖੇਡਾਂ ਵੱਲ ਧਿਆਨ ਦਿਆ ਕਰੋ।

# ਬਲਾਕ ਪੱਧਰੀ ਖੇਡਾਂ ਸ਼ਾਨੋ-ਸ਼ੌਕਤ ਨਾਲ ਸੰਪੰਨ

ਫਿਰੋਜ਼ਪੁਰ (ਅਸ਼ੋਕ ਸ਼ਰਮਾ) : ਜ਼ਿਲ੍ਹਾ ਸਿੱਖਿਆ ਅਫਸਰ (ਐਲੀ.) ਰਾਜੀਵ ਛਾਬੜਾ ਤੇ ਉੱਪ ਜ਼ਿਲ੍ਹਾ ਸਿੱਖਿਆ ਅਫਸਰ (ਐਲੀ) ਸੁਖਵਿੰਦਰ ਸਿੰਘ ਦੀ ਅਗਵਾਈ ਵਿੱਚ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਫਿਰੋਜ਼ਪੁਰ-1 ਸੁਮਨਦੀਪ ਕੌਰ ਦੀ ਰਹਿਨੁਮਾਈ ਵਿੱਚ ਖੇਡ ਸਟੇਡੀਅਮ ਝੋਕ ਹਰੀਹਰ ਵਿਖੇ ਬਲਾਕ ਫਿਰੋਜ਼ਪੁਰ-1 ਦੀਆਂ ਬਲਾਕ ਪੱਧਰੀ ਖੇਡਾਂ ਸ਼ਾਨੋ ਸ਼ੌਕਤ ਨਾਲ ਸੰਪੰਨ ਹੋਈਆਂ। ਇਨ੍ਹਾਂ ਦੋ ਰੋਜ਼ਾ ਬਲਾਕ ਪੱਧਰੀ ਪ੍ਰਾਇਮਰੀ ਸਕੂਲੀ ਖੇਡਾਂ ਵਿੱਚ ਵਿਦਿਆਰਥੀਆਂ ਖੇਡ ਭਾਵਨਾ ਤੇ ਆਪਣੀ ਖੇਡ ਦਾ ਹੁਨਰ ਸਭ ਦੇ ਸਾਹਮਣੇ ਪੇਸ਼ ਕੀਤਾ। ਇਸ ਮੌਕੇ ਮੁੱਖ ਮਹਿਮਾਨ ਵਜੋਂ ਜ਼ਿਲ੍ਹਾ ਸਿੱਖਿਆ ਅਫਸਰ (ਐ ਸਿ.) ਰਾਜੀਵ ਛਾਬੜਾ ਵੱਲੋਂ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਕੇ ਵਿਦਿਆਰਥੀਆਂ ਤੇ ਅਧਿਆਪਕਾਂ ਦੀ ਹੌਸਲਾ ਅਫਜ਼ਾਈ ਕੀਤੀ ਗਈ ਤੇ ਬਲਾਕ ਵਿੱਚੋਂ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਬੱਚਿਆਂ ਨੂੰ ਮੈਡਲ ਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਬੋਲਦਿਆਂ ਰਾਜੀਵ ਛਾਬੜਾ ਨੇ ਕਿਹਾ ਕਿ ਖੇਡਾਂ ਮਨੁੱਖ ਦਾ ਅਨਿੱਖੜਵਾਂ ਅੰਗ ਹਨ ਤੇ ਸਰੀਰ ਨੂੰ ਤੰਦਰੁਸਤ ਤੇ ਨਿਰੋਗ ਰੱਖਣ ਲਈ ਹਰ ਮਨੁੱਖ ਨੂੰ ਖੇਡਾਂ ਵਿੱਚ ਭਾਗ ਲੈਣਾ ਚਾਹੀਦਾ ਹੈ। ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਸੁਮਨਦੀਪ ਕੌਰ ਨੇ ਸਮੂਹ ਅਧਿਆਪਕਾਂ ਦੀ ਇਸ ਖੇਡ ਮੇਲੇ ਵਿੱਚ ਕੀਤੀ ਮਿਹਨਤ ਦੀ ਸ਼ਲਾਘਾ ਕੀਤੀ। ਉਨ੍ਹਾ ਕਿਹਾ ਕਿ ਦਫਤਰ ਵੱਲੋਂ ਬਣਾਈਆਂ ਗਈਆਂ ਕਮੇਟੀਆਂ ਨੇ ਆਪਣਾ ਕੰਮ ਬੜੀ ਲਗਨ ਨਾਲ ਪੂਰਾ ਕੀਤਾ। ਉਨ੍ਹਾ ਜਾਣਕਾਰੀ ਦਿੱਤੀ ਕਿ ਇਨ੍ਹਾਂ ਖੇਡਾਂ 'ਚ ਜੇਤੂ ਰਹਿਣ ਵਾਲੇ ਵਿਦਿਆਰਥੀ ਜ਼ਿਲ੍ਹਾ ਪੱਧਰੀ ਖੇਡ ਮੁਕਾਬਲਿਆਂ ਵਿੱਚ ਭਾਗ ਲੈਣਗੇ। ਇਸ ਮੌਕੇ ਮੀਡੀਆ ਕਵਰੇਜ ਦਾ ਪੂਰਾ ਕੰਮ ਹਨੁਤ ਕੁਮਾਰ ਤੇ ਵਰੁਣ ਕੁਮਾਰ ਵੱਲੋਂ ਅਤੇ ਸਟੇਜ ਦੀ ਭੂਮਿਕਾ ਕੁਲਦੀਪ ਸਿੰਘ ਵੱਲੋਂ ਬਾਖੂਬੀ ਨਿਭਾਈ ਗਈ।

# ਜੂਨੀਅਰ ਸਹਾਇਕ (ਕਲਰਕ) ਨੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਨਾਲ ਕੀਤੀ ਵਧੀਕੀ



ਧਾਰੀਵਾਲ, (ਮਨਦੀਪ ਵਿੱਕੀ)-ਬਲਾਕ ਪ੍ਰਾਇਮਰੀ ਸਿੱਖਿਆ ਦਫਤਰ ਧਾਰੀਵਾਲ-2 ਦੇ ਜੂਨੀਅਰ ਸਹਾਇਕ (ਕਲਰਕ) ਅਨੂੰਦੀਪ ਕੁਮਾਰ ਸ਼ਰਮਾ ਵਲੋਂ ਆਪਣੇ ਸੀਨੀਅਰ ਅਧਿਕਾਰੀ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਭਾਰਤ ਰਤਨ ਨਾਲ ਹੱਥੋਪਾਈ ਹੋਣ ਅਤੇ ਗਾਲੀ ਗਲੋਚ ਕਰਨ ਦਾ ਮਾਮਲਾ ਸਾਹਮਣਾ ਆਇਆ ਹੈ। ਇਸ ਸਬੰਧੀ ਬਲਾਕ ਪ੍ਰਾਇਮਰੀ ਸਿੱਖਿਆ ਦਫਤਰ ਧਾਰੀਵਾਲ-2 ਦੇ ਬੀਪੀਈਓ ਭਾਰਤ ਰਤਨ ਨੇ ਉੱਚ ਅਧਿਕਾਰੀਆਂ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਗੁਰਦਾਸਪੁਰ, ਡੀ. ਜੀ. ਐਸ. ਸੀ. ਚੰਡੀਗੜ੍ਹ, ਡਿਪਟੀ ਕਮਿਸ਼ਨਰ ਗੁਰਦਾਸਪੁਰ ਅਤੇ ਪੁਲਸ ਥਾਣਾ ਧਾਰੀਵਾਲ ਵਿੱਚ ਇਨਸਾਫ਼ ਦੀ ਮੰਗ ਲਈ ਭੇਜੇ ਗਏ ਸ਼ਿਕਾਇਤ ਪੱਤਰ ਵਿੱਚ ਦੱਸਿਆ ਕਿ 21 ਸਤੰਬਰ ਨੂੰ ਜੂਨੀਅਰ ਸਹਾਇਕ ਅਨੂੰਦੀਪ ਕੁਮਾਰ ਸ਼ਰਮਾ ਆਪਣੀ ਡਿਊਟੀ ਤੇ ਕਰੀਬ ਸਵਾ ਗਿਆਰਾਂ ਵਜੇ ਆਇਆ ਅਤੇ ਆਪਣੇ ਕਮਰੇ ਵਿੱਚ ਚਲਾ ਗਿਆ। ਥੋੜ੍ਹੇ ਸਮੇਂ ਬਾਅਦ ਉਹ (ਅਨੂੰਦੀਪ ਕੁਮਾਰ ਸ਼ਰਮਾ) ਮੇਰੇ ਕਮਰੇ ਵਿੱਚ ਆਇਆ ਤਾਂ ਮੈਂ ਉਸ ਨਾਲ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਗੁਰਦਾਸਪੁਰ ਵਲੋਂ ਆਏ ਮੈਸੇਜ ਬਾਰੇ ਗੱਲਬਾਤ ਕੀਤੀ ਤਾਂ ਉਸ ਨੇ ਮੇਰੇ ਨਾਲ ਗਲਤ ਵਿਵਹਾਰ ਕਰਦਿਆਂ ਮੇਰੇ ਉਪਰ ਹੱਥ ਚੁੱਕਿਆ ਅਤੇ ਗਾਲੀ-ਗਲੋਚ ਕੀਤਾ। ਇਹ ਜੂਨੀਅਰ ਸਹਾਇਕ ਅਕਸਰ ਹੀ ਦਫਤਰ ਵਿੱਚ ਲੇਟ ਆਉਂਦਾ ਹੈ ਅਤੇ ਦਫਤਰ ਦੇ ਬਾਕੀ ਸਟਾਫ 'ਤੇ ਵੀ ਦਬਾਅ ਪਾ ਕੇ ਰੱਖਦਾ ਹੈ। ਇਸ ਕੋਲ ਲਾਇਸੰਸੀ ਹਥਿਆਰ ਵੀ ਹੈ ਅਤੇ ਇਸ ਬਾਰੇ ਮੈਨੂੰ ਧਮਕੀ ਦਿੰਦਾ ਹੈ। ਉਨ੍ਹਾਂ ਨੇ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਗੁਰਦਾਸਪੁਰ, ਡੀ. ਜੀ. ਐਸ. ਸੀ. ਚੰਡੀਗੜ੍ਹ, ਡਿਪਟੀ ਕਮਿਸ਼ਨਰ ਗੁਰਦਾਸਪੁਰ ਅਤੇ ਪੁਲਸ ਪ੍ਰਸ਼ਾਸਨ ਕੋਲੋਂ ਮੰਗ ਕੀਤੀ ਹੈ ਕਿ ਉਕਤ ਜੂਨੀਅਰ ਸਹਾਇਕ ਖਿਲਾਫ ਬਣਦੀ ਕਾਰਵਾਈ ਕਰਕੇ ਮੈਨੂੰ ਇਨਸਾਫ ਦਿਵਾਇਆ ਜਾਵੇ। ਇਸ ਸਬੰਧੀ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਗੁਰਦਾਸਪੁਰ ਅਮਰਜੀਤ ਸਿੰਘ ਭਾਟੀਆ ਨੇ ਕਿਹਾ ਬਲਾਕ ਪ੍ਰਾਇਮਰੀ ਸਿੱਖਿਆ ਦਫਤਰਾਂ ਵਿੱਚ ਡਿਊਟੀ ਕਰਦੇ ਜੂਨੀਅਰ ਸਹਾਇਕ (ਕਲਰਕ) ਸੈਕੰਡਰੀ ਸਿੱਖਿਆ ਵਿਭਾਗ ਦੇ ਅਧੀਨ ਆਉਂਦੇ ਹਨ। ਇਸ ਸਬੰਧੀ ਮਿਲੀ ਸ਼ਿਕਾਇਤ ਕਾਰਵਾਈ ਲਈ ਸੈਕੰਡਰੀ ਸਿੱਖਿਆ ਵਿਭਾਗ ਨੂੰ ਭੇਜ ਦਿੱਤੀ ਜਾਵੇਗੀ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri

ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

CMYK

## ਛੱਬੀ ਦੀ ਬਜਾਏ ਡੀਸੀ ਦਫਤਰ ਅੱਗੇ ਧਰਨਾ ਸਤਾਈ ਨੂੰ : ਜਸਬੀਰ ਗੰਡੀਵਿੰਡ

ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)-ਸਬ-ਡਵੀਜ਼ਨ ਝਬਾਲ ਵਿੱਖੇ ਚੱਲ ਰਹੇ ਮੋਰਚੇ ਦੇ ਦੌਰਾਨ ਅੱਜ ਬੀ ਕੇ ਯੂ ਏਕਤਾ ਡਕੌਂਦਾ ਕਿਸਾਨ ਜਥੇਬੰਦੀ ਦੇ ਝੰਡੇ ਹੇਠ ਬਲਾਕ ਗੰਡੀਵਿੰਡ ਦੀ ਮੀਟਿੰਗ ਬਲਾਕ ਪ੍ਰਧਾਨ ਬਲਕਾਰ ਸਿੰਘ ਬਿੱਟਾ ਗੰਡੀਵਿੰਡ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਬੀਤੇ ਦਿਨੀਂ ਸੂਬਾ ਕਮੇਟੀ ਵੱਲੋਂ ਮੋਰਚੇ ਸਬੰਧੀ ਲਏ ਗਏ ਫੈਸਲੇ ਨੂੰ ਲਾਗੂ ਕਰਵਾਉਣ ਲਈ ਕੱਲ ਜ਼ਿਲ੍ਹਾ ਕਮੇਟੀ ਦੀ ਮੀਟਿੰਗ ਵਿੱਚ ਪ੍ਰਧਾਨ ਨਿਰਪਾਲ ਸਿੰਘ ਜਾਉਣੇਕੇ ਵੱਲੋਂ ਸੂਬਾ ਕਮੇਟੀ ਦੇ ਫੈਸਲੇ ਨੂੰ ਲਾਗੂ ਕਰਨ ਦੇ ਸਾਰੇ ਬਲਾਕ ਕਮੇਟੀਆਂ ਨੂੰ ਨਿਰਦੇਸ਼ ਦਿੱਤੇ ਗਏ ਹਨ।

ਪ੍ਰੈੱਸ ਨੋਟ ਰਾਹੀਂ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਕੱਤਰੇਤ ਦੇ ਆਗੂ ਜਸਬੀਰ ਸਿੰਘ ਗੰਡੀਵਿੰਡ ਨੇ ਕਿਹਾ ਕਿ ਡੀ ਸੀ ਦਫਤਰ ਛੱਬੀ ਸਤੰਬਰ ਨੂੰ ਧਰਨਾ ਦੇਣ ਦਾ ਐਲਾਨ ਕੀਤਾ ਗਿਆ ਸੀ ਪਰੰਤੂ ਇਹ ਧਰਨਾ ਛੱਬੀ ਸਤੰਬਰ ਨੂੰ ਸਰਕਾਰੀ ਛੁੱਟੀ ਹੋਣ ਕਰਕੇ ਛੱਬੀ ਦੀ ਬਜਾਏ ਇੱਕ ਦਿਨ ਅੱਗੇ ਪਾ ਕੇ ਇਹ ਧਰਨਾ ਸਤਾਈ ਸਤੰਬਰ ਨੂੰ ਦਿੱਤਾ ਜਾਵੇਗਾ। ਜਥੇਬੰਦੀ ਨਾਲ ਸਬੰਧਤਾਂ ਨੂੰ ਬੇਨਤੀ ਹੈ ਕਿ ਨੋਟ ਕਰ ਲੈਣ। ਮੀਟਿੰਗ ਵਿੱਚ ਬਲਾਕ ਪ੍ਰਧਾਨ ਬਲਕਾਰ ਸਿੰਘ ਬਿੱਟਾ ਗੰਡੀਵਿੰਡ ਵੱਲੋਂ ਸਤਾਈ ਸਤੰਬਰ ਨੂੰ ਡੀ ਸੀ ਦਫਤਰ ਅੱਗੇ ਦਿੱਤੇ ਜਾ ਰਹੇ ਧਰਨੇ ਵਿੱਚ ਵੱਡੀ ਗਿਣਤੀ ਵਿਚ ਕਿਸਾਨਾਂ ਨੂੰ ਪਹੁੰਚਣ ਦੀ ਅਪੀਲ ਕੀਤੀ ਗਈ ਹੈ।

## ਰੇਤਾ-ਬਜਰੀ ਲੋਕਾਂ ਦੀ ਪਹੁੰਚ ਤੋਂ ਹੋਈ ਦੂਰ, ਮਜ਼ਦੂਰ ਤੇ ਦੁਕਾਨਦਾਰ ਬੈਠੇ ਵਿਹਲੇ: ਕੱਕੜ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਆਪਣੇ ਚੋਣ ਪ੍ਰਚਾਰ ਵਿੱਚ ਪੰਜਾਬ ਦੀ ਜਨਤਾ ਨਾਲ ਬੜੇ ਵੱਡੇ-ਵੱਡੇ ਵਾਅਦੇ ਕੀਤੇ ਸਨ ਕਿ ਆਪ ਦੀ ਸਰਕਾਰ ਬਣਨ 'ਤੇ ਲੋਕ ਹਿੱਤ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ, ਪਰ ਸਰਕਾਰ ਬਣਨ ਤੋਂ ਬਾਅਦ ਆਪਣੇ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਵਿੱਚ ਨਾਕਾਮ ਰਹੀ। ਪੰਜਾਬ ਵਿੱਚ ਨਸ਼ਾ ਪਹਿਲਾਂ ਨਾਲੋਂ ਵੀ ਜ਼ਿਆਦਾ ਵਧ ਗਿਆ, ਬੇਰੁਜ਼ਗਾਰੀ ਵੀ ਵਧੀ ਹੈ, ਅਧਿਆਪਕ, ਕਿਸਾਨ, ਡਾਕਟਰ ਸਭ ਧਰਨਿਆਂ 'ਤੇ ਬੈਠੇ ਹਨ। ਆਪ ਦੀ ਸਰਕਾਰ ਪੂਰੀ ਤਰ੍ਹਾਂ ਫੇਲ ਹੋ ਚੁੱਕੀ ਹੈ। ਉਕਤ ਵਿਚਾਰਾਂ ਦਾ ਪ੍ਰਗਟਾਵਾ ਅਮਨਦੀਪ ਸਿੰਘ ਕੱਕੜ ਮੀਡੀਆ ਸਲਾਹਕਾਰ ਸਾਬਕਾ ਮੰਤਰੀ ਅਤੇ ਵਿਧਾਇਕ ਸੁਖਬਿੰਦਰ ਸਿੰਘ ਸਰਕਾਰੀਆ ਅਤੇ ਮੀਤ ਪ੍ਰਧਾਨ ਜ਼ਿਲ੍ਹਾ ਕਾਂਗਰਸ ਕਮੇਟੀ ਅੰਮ੍ਰਿਤਸਰ ਦਿਹਾਤੀ ਨੇ ਕੀਤਾ। ਉਨ੍ਹਾਂ ਕਿਹਾ ਕਿ ਰੇਤ ਤੇ ਬਜਰੀ ਲੋਕਾਂ ਦੀ ਪਹੁੰਚ ਤੋਂ ਦੂਰ ਹੋ ਗਈ ਹੈ, ਮਜ਼ਦੂਰ ਅਤੇ ਦੁਕਾਨਦਾਰ ਵਿਹਲੇ ਬੈਠਣ ਲਈ ਮਜਬੂਰ ਹਨ। ਲੋਕਾਂ ਨੂੰ ਰੇਤ ਬੱਜਰੀ ਮਹਿੰਗੇ ਮੁੱਲ ਅਤੇ ਬਲੈਕ ਵਿੱਚ ਲੈਣੀ ਪੈ ਰਹੀ ਹੈ। ਉਨ੍ਹਾਂ ਕਿਹਾ ਕਿ ਆਪ ਸਰਕਾਰ ਦੇ ਰਾਜ ਵਿੱਚ ਪ੍ਰਸ਼ਾਸਨ ਅਤੇ ਪੁਲਸ ਅਧਿਕਾਰੀਆਂ ਨੂੰ ਆਪ ਦੇ ਆਗੂਆਂ ਵੱਲੋਂ ਰੋਜ਼ਾਨਾ ਬੇਇਜ਼ਤ ਕੀਤਾ ਜਾ ਰਿਹਾ ਹੈ। ਕੱਕੜ ਨੇ ਕਿਹਾ ਆਪ ਦੀ ਸਰਕਾਰ ਤੋਂ 6 ਮਹੀਨਿਆਂ ਵਿੱਚ ਹੀ ਪੂਰਾ ਪੰਜਾਬ ਤੰਗ ਆ ਚੁੱਕਿਆ ਹੈ। ਉਨ੍ਹਾਂ ਦਾਅਵੇ ਨਾਲ ਕਿਹਾ ਕਿ ਜੇਕਰ ਅੱਜ ਚੋਣਾਂ ਹੋਣ ਤਾਂ ਆਪ ਦਾ ਇੱਕ ਵੀ ਵਿਧਾਇਕ ਜਿੱਤ ਹਾਸਲ ਨਹੀਂ ਕਰ ਸਕਦਾ। ਇਸ ਮੌਕੇ ਉਨ੍ਹਾਂ ਨਾਲ ਬੂਆ ਸਿੰਘ ਓਐਸਡੀ ਸਰਕਾਰੀਆ, ਰਵੀ ਕੁਮਾਰ ਪੀਏ ਸਰਕਾਰੀਆ, ਐਡਵੋਕੇਟ ਮਨਦੀਪ ਸਿੰਘ ਮੁਹਾਰ, ਗੁਰਦੇਵ ਸਿੰਘ ਸ਼ੂਹਰਾ ਮੈਂਬਰ ਜ਼ਿਲ੍ਹਾ ਪ੍ਰੀਸ਼ਦ, ਹਰਭੇਜ ਸਿੰਘ ਵਣੀਏਕੇ ਬਲਾਕ ਪ੍ਰਧਾਨ ਚੋਗਾਵਾਂ, ਸਰਪੰਚ ਲਖਵਿੰਦਰ ਸਿੰਘ ਇੰਜੋਟੀ ਬਲਾਕ ਪ੍ਰਧਾਨ ਹਰਸਾ ਛੀਨਾ, ਲਾਲੀ ਪ੍ਰਧਾਨ ਰਾਜਾਸਾਂਸੀ, ਸਰਪੰਚ ਸ਼ਮਸ਼ੇਰ ਸਿੰਘ ਸ਼ੂਹਰਾ, ਸਰਪੰਚ ਗੈਵੀ ਲੋਪੋਕੇ, ਬਲਜਿੰਦਰ ਸਿੰਘ ਧਾਰੀਵਾਲ ਜਨਰਲ ਸਕੱਤਰ ਦਿਹਾਤੀ,ਸਰਪੰਚ ਨਿਰਵੈਲ ਸਿੰਘ ਚੋਗਾਵਾਂ, ਸਰਪੰਚ ਨਿਸ਼ਾਨ ਸਿੰਘ ਮੰਝ, ਸਰਪੰਚ ਮਿੰਟੂ ਪੰਡੋਰੀ, ਸਰਪੰਚ ਰੇਸ਼ਮ ਸਿੰਘ ਬੱਚੀਵਿੰਡ, ਸਰਪੰਚ ਸ਼ਮਸ਼ੇਰ ਸਿੰਘ ਸਾਰੰਗੜਾ, ਸਰਪੰਚ ਲਖਵਿੰਦਰ ਸਿੰਘ ਭਿੱਟੇਵੱਢ, ਸਰਪੰਚ ਲਖਬੀਰ ਸਿੰਘ ਕੋਹਾਲੀ, ਸਰਪੰਚ ਪ੍ਰਗਟ ਸਿੰਘ ਬਰਾੜ,ਸਰਪੰਚ ਦਲਬੀਰ ਸਿੰਘ ਬਹਿੜਵਾਲ,ਸਰਪੰਚ ਸੋਨਾ ਬਲਗਣ ਸਿੱਧੂ,ਸਰਪੰਚ ਅਮਨ ਕੁਹਾਲਾ, ਸਰਪੰਚ ਸੁਰਜੀਤ ਸਿੰਘ ਰਾਣੀਆਂ, ਜਸਪਾਲ ਸਿੰਘ ਭੱਟੀ ਰਾਜਾਸਾਂਸੀ,ਸਰਪੰਚ ਮੇਜਰ ਸਿੰਘ ਕੱਕੜ, ਸਰਪੰਚ ਗੁਰਮੀਤ ਸਿੰਘ ਡਾਲਾ,ਕੁਲਦੀਪ ਸਿੰਘ ਔਲਖ ਚੋਗਾਵਾਂ, ਡਾ ਪ੍ਰਗਟ ਸਿੰਘ ਭੁੱਲਰ, ਸੁਖਦੇਵ ਸਿੰਘ ਨੱਥੂਪੁਰ, ਗੁਰਪ੍ਰੀਤ ਸਿੰਘ ਪੰਜੂ ਰਾਏ, ਸ਼ਮਸ਼ੇਰ ਸਿੰਘ ਚੋਗਾਵਾਂ, ਸ਼ਮਸ਼ੇਰ ਸਿੰਘ ਕੋਹਰੀ, ਜਸਕਰਨ ਸਿੰਘ ਕੋਹਰੀ, ਸੂਬਾ ਸਿੰਘ ਹੇਤਮਪੁਰਾ,ਸੁਖਦੇਵ ਸਿੰਘ ਵਣੀਏਕੇ, ਅਜੇਬੀਰ ਲੋਪੋਕੇ ਅਤੇ ਮੇਜਰ ਸਿੰਘ ਆਦਿ ਹਾਜ਼ਰ ਸਨ।

## ਸ਼ਹੀਦ ਭਗਤ ਸਿੰਘ ਦੀ ਤਸਵੀਰ ਰਾਸ਼ਟਰਪਤੀ ਭਵਨ 'ਚ ਲਗਾਉਣ ਦੀ ਮੰਗ

ਤਰਨ ਤਾਰਨ (ਨਜ਼ਸ)-ਸ਼ਹੀਦ ਭਗਤ ਸਿੰਘ ਦੇ ਜਨਮ ਦਿਵਸ ਨੂੰ ਮਨਾਉਣ ਦੀਆਂ ਤਿਆਰੀਆਂ ਜ਼ੋਰਾਂ 'ਤੇ ਹਨ। ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਸਰਬ ਭਾਰਤ ਨੌਜਵਾਨ ਸਭਾ ਦੇ ਸਾਬਕਾ ਆਗੂ ਬਲਵਿੰਦਰ ਸਿੰਘ ਦਦੇਹਰ ਸਾਹਿਬ ਨੇ ਦੱਸਿਆ ਕਿ ਸ਼ਹੀਦ ਭਗਤ ਸਿੰਘ ਦਾ ਜਨਮ ਦਿਨ 28 ਸਤੰਬਰ ਨੂੰ ਜਲੰਧਰ ਯਾਦਗਾਰ ਹਾਲ ਵਿੱਚ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਪੰਜਾਬ ਭਰ ਵਿੱਚ ਤਿਆਰੀਆਂ ਪੂਰੇ ਜ਼ੋਰਾਂ-ਸ਼ੋਰਾਂ ਨਾਲ ਚਲ ਰਹੀਆਂ ਹਨ। ਸ਼ਹੀਦ ਭਗਤ ਸਿੰਘ ਨੇ ਦੇਸ਼ ਵਿੱਚ ਭੁੱਖ-ਮਰੀ ਨਾ ਰਹੇ, ਮਨੁੱਖ ਹੱਥੋਂ ਮਨੁੱਖ ਦੀ ਲੁੱਟ ਨਾ ਹੋਵੇ, ਕਰਕੇ ਕੁਰਬਾਨੀ ਦਿੱਤੀ ਸੀ। ਕਾਮਰੇਡ ਨੇ ਕੇਂਦਰ ਅਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਹਰ ਇਕ ਨੌਜਵਾਨ ਨੂੰ ਰੋਜ਼ਗਾਰ ਦਿੱਤਾ ਜਾਵੇ। ਠੇਕੇ 'ਤੇ ਕੰਮ ਕਰ ਰਹੇ ਨੌਜਵਾਨਾਂ ਨੂੰ ਪੱਕਾ ਕੀਤਾ ਜਾਵੇ ਅਤੇ ਸ਼ਹੀਦ ਭਗਤ ਸਿੰਘ ਦੀ ਤਸਵੀਰ ਰਾਸ਼ਟਰਪਤੀ ਭਵਨ ਵਿੱਚ ਲਾਈ ਜਾਵੇ।

## ਮੋਹਾਲੀ ਦੀ ਰੋਸ ਰੈਲੀ 'ਚ ਜ਼ਿਲ੍ਹਾ ਅੰਮ੍ਰਿਤਸਰ ਤੋਂ ਸੈਂਕੜੇ ਮੁਲਾਜ਼ਮ ਕਰਨਗੇ ਸ਼ਮੂਲੀਅਤ : ਜਤਿੰਦਰ ਔਲਖ

ਮਜੀਠਾ (ਮਨਮੋਹਨ ਸਿੰਘ ਢਿੱਲੋਂ)-ਮੁਲਾਜ਼ਮਾਂ ਦੀ ਸਿਰਮੌਰ ਜਥੇਬੰਦੀ ਪੀਡਬਲਯੂਡੀ ਫੀਲਡ ਵਰਕਸ਼ਾਪ ਵਰਕਰ ਯੂਨੀਅਨ ਜ਼ਿਲ੍ਹਾ ਅੰਮ੍ਰਿਤਸਰ ਦੀ ਹੰਗਾਮੀ ਮੀਟਿੰਗ ਯੂਨੀਅਨ ਦੇ ਸੂਬਾਈ ਆਗੂ ਜਤਿੰਦਰ ਸਿੰਘ ਔਲਖ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੇ ਮੁੱਖੀ ਦੇ ਦਫਤਰ ਮੋਹਾਲੀ ਵਿਖੇ ਸੂਬਾ ਪੱਧਰੀ ਰੈਲੀ ਦੀ ਕਾਮਯਾਬੀ ਸੰਬੰਧੀ ਜ਼ਿਲ੍ਹਾ ਅੰਮ੍ਰਿਤਸਰ ਦੀਆਂ ਵੱਖ-ਵੱਖ ਬ੍ਰਾਂਚਾਂ ਦੀਆਂ ਡਿਊਟੀਆਂ ਲਗਾਈਆਂ ਗਈਆਂ ।

ਇਸ ਮੌਕੇ ਯੂਨੀਅਨ ਦੇ ਜਨਲਲ ਸੱਕਤਰ ਅਵਤਾਰ ਸਿੰਘ ਗੁਰਾਇਆ, ਸਰਬਜੀਤ ਸਿੰਘ ਤਰਸਿੱਕਾ ਅਤੇ ਅੰਗਰੇਜ ਸਿੰਘ ਨੇ ਕਿਹਾ ਕਿ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੇ ਮੁੱਖੀ ਦਾ ਮੁਲਾਜ਼ਮਾਂ ਪ੍ਰਤੀ ਮਾੜਾ ਅਤੇ ਅੜੀਅਲ ਵਤੀਰਾ ਹੋਣ ਕਰਕੇ ਇਹ ਰੈਲੀ ਕੀਤੀ ਜਾ ਰਹੀ ਹੈ। ਉਹਨਾਂ ਕਿਹਾ ਕਿ ਮੁਲਾਜ਼ਮਾਂ ਦੀਆਂ ਮੰਗਾਂ ਦੇ ਪੁਖਤਾ ਹੱਲ ਲਈ ਸੂਬਾ ਕਮੇਟੀ ਵੱਲੋਂ 29 ਸਤੰਬਰ ਨੂੰ ਮੁਹਾਲੀ ਵਿਖੇ ਵੱਡੇ ਪੱਧਰ 'ਤੇ ਰੋਸ ਰੈਲੀ ਕਰਨ ਦਾ ਫੈਸਲਾ ਕੀਤਾ ਹੈ ਜਿਸ ਵਿੱਚ ਜ਼ਿਲ੍ਹਾ ਅੰਮ੍ਰਿਤਸਰ ਦੀਆਂ ਸਾਰੀਆਂ ਬਰਾਂਚਾਂ ਤੋਂ ਵੱਡੀ ਗਿਣਤੀ ਵਿੱਚ ਮੁਲਾਜ਼ਮ ਸ਼ਾਮਲ ਹੋਣਗੇ।

ਹੋਰਨਾਂ ਤੋਂ ਇਲਾਵਾ ਮੀਟਿੰਗ ਵਿੱਚ ਇੰਦਰਜੀਤ ਰਿਸ਼ੀ, ਤਿਰਲੋਚਨ ਸਿੰਘ, ਰਸਾਲ ਸਿੰਘ, ਦਲਬੀਰ ਸਿੰਘ ਔਲਖ, ਗੁਰਮੀਤ ਸਿੰਘ, ਪਵਣ ਕੁਮਾਰ ਬੇਅੰਤ ਸਿੰਘ, ਪ੍ਰਗਟ ਸਿੰਘ, ਗੁਰਸਹਿਬ ਸਿੰਘ ਆਦਿ ਵੀ ਹਾਜ਼ਰ ਸਨ।

## ਪੀ ਐੱਸ ਈ ਬੀ ਇਪਲਾਈਜ਼ ਫੈਡਰੇਸ਼ਨ ਵੱਲੋਂ ਸਰਕਲ ਕਮੇਟੀ ਦੀ ਜਥੇਬੰਦਕ ਚੋਣ

ਗੁਰਦਾਸਪੁਰ (ਜਨਕ ਮਹਾਜਨ)-ਪੀਐਸਈਬੀ ਇਪਲਾਈਜ਼ ਫੈਡਰੇਸ਼ਨ ਏਟਕ ਸੂਬਾ ਕਮੇਟੀ ਦੇ ਫੈਸਲੇ 'ਤੇ ਸਰਕਲ ਯੂਨਿਟ ਗੁਰਦਾਸਪੁਰ ਦੀ ਕਾਨਫਰੰਸ ਰਾਮ ਸਿੰਘ ਦੱਤ ਹਾਲ ਗੁਰਦਾਸਪੁਰ ਵਿਖੇ ਹੋਈ ਜਿਸ ਵਿਚ ਬਤੌਰ ਨਿਗਰਾਨ ਸੂਬਾ ਪ੍ਰਧਾਨ ਸਾਥੀ ਹਰਜਭਨ ਸਿੰਘ, ਮੀਤ ਪ੍ਰਧਾਨ ਬਲਵਿੰਦਰ ਸਿੰਘ ਉਦੀਪੁਰ, ਵਿੱਤ ਸਕੱਤਰ ਨਰਿੰਦਰ ਬਲ ਸ਼ਾਮਿਲ ਹੋਏ। ਇਸ ਕਾਨਫਰੰਸ ਵਿਚ ਪਿਛਲੇ ਸਮੇਂ ਦੌਰਾਨ ਕੀਤੀਆਂ ਜਥੇਬੰਦਕ ਸਰਗਰਮੀਆਂ ਦੀ ਰਿਪੋਰਟ ਸਕੱਤਰ ਵਲੋਂ ਪੇਸ਼ ਕੀਤੀ ਗਈ। ਸੰਬੋਧਨ ਕਰਦਿਆਂ ਸੂਬਾਈ ਪ੍ਰਧਾਨ ਨੇ ਦੱਸਿਆ ਕਿ ਕੇਂਦਰ ਸਰਕਾਰ ਪਾਵਰ ਸੈਕਟਰ ਦਾ ਸਾਰਾ ਕੰਮ ਨਿੱਜੀ ਹੱਥਾਂ ਵਿਚ ਦੇ ਕੇ ਬਿਜਲੀ ਸੈਕਟਰ ਦਾ ਨਿੱਜੀਕਰਣ ਕਰਨਾ ਚਾਹੁੰਦੀ ਹੈ। ਪੰਜਾਬ ਸਰਕਾਰ ਵੀ ਚੋਣ ਪ੍ਰਚਾਰ ਦੌਰਾਨ ਮੁਲਾਜ਼ਮਾਂ ਨਾਲ ਕੀਤੇ ਵਾਅਦਿਆਂ ਤੋਂ ਮੁੱਕਰ ਰਹੀ ਹੈ ਅਤੇ ਪਾਵਰ ਕਾਰਪੋਰੇਸ਼ਨ ਦੀ ਮੈਨੇਜਮੈਂਟ ਵੀ ਮੁਲਾਜ਼ਮ ਮੰਗਾਂ ਨੂੰ ਨਜ਼ਰਅੰਦਾਜ਼ ਕਰ ਰਹੀ ਹੈ ਜਿਸ ਦੇ ਖਿਲਾਫ ਸਮੁੱਚੇ ਪੰਜਾਬ ਵਿਚ ਬਿਜਲੀ ਮੁਲਾਜ਼ਮ ਮੈਨੇਜਮੈਂਟ ਵਿਰੁੱਧ 30 ਸਤੰਬਰ ਤਕ ਰੋਸ ਰੈਲੀਆਂ ਕਰਨਗੇ ਅਤੇ 18 ਅਕਤੂਬਰ ਨੂੰ ਮੁੱਖ ਦਫਤਰ ਪਟਿਆਲਾ ਵਿਖੇ ਪ੍ਰਦਰਸ਼ਨ ਕਰਨਗੇ। ਕਾਨਫਰੰਸ ਦੇ ਅੰਤ ਵਿਚ ਸਰਕਲ ਕਮੇਟੀ ਦੀ ਜਥੇਬੰਦਕ ਚੋਣ ਕੀਤੀ ਗਈ ਜਿਸ ਵਿਚ ਬਲਵਿੰਦਰ ਸਿੰਘ ਉਦੀਪੁਰ ਪ੍ਰਧਾਨ ਅਤੇ ਸੀਨੀਅਰ ਮੀਤ ਪ੍ਰਧਾਨ ਪਿਆਰਾ ਸਿੰਘ, ਮੀਤ ਪ੍ਰਧਾਂਨ ਸਾਹਿਬ ਸਿੰਘ, ਕੁਲਦੀਪ ਸਿੰਘ, ਲਖਵੀਰ ਸਿੰਘ, ਜਸਵੀਰ ਸਿੰਘ, ਸਕੱਤਰ ਰਣਧੀਰ ਸਿੰਘ ਸਾਹਇਕ ਸਕੱਤਰ ਰਾਮ ਲਭਾਇਆ ਜੇ. ਪੀ. ਜੰਜੂਆ, ਕੈਸ਼ੀਅਰ ਦਲਜੀਤ ਸਿੰਘ ਐਡੀਟਰ ਸਾਥੀ ਜਸਵਿੰਦਰ ਸਿੰਘ ਬਾਊਪੁਰ, ਪ੍ਰਚਾਰ ਸਕੱਤਰ ਸਾਥੀ ਕੁਲਵਿੰਦਰ ਸਿੰਘ ਬਿੱਲਾ, ਸੁਰਿੰਦਰ ਕੁਮਾਰ, ਮਨੋਜ ਸ਼ਰਮਾ, ਮੁੱਖ ਸਲਾਹਕਾਰ ਸਾਥੀ ਦਵਿੰਦਰ ਸਿੰਘ ਸੈਣੀ ਆਦਿ ਸਰਬਸੰਮਤੀ ਨਾਲ ਚੁਣੇ ਗਏ। ਅੰਤ ਵਿਚ ਸਰਕਲ ਪ੍ਰਧਾਨ ਬਲਵਿੰਦਰ ਸਿੰਘ ਉਦੀਪੁਰ ਨੇ ਸਾਰੇ ਸਾਥੀਆਂ ਦਾ ਧੰਨਵਾਦ ਕੀਤਾ।

## ਕਿਰਤੀ ਸਿੱਖ ਭਾਈ ਲਾਲੋ ਦਾ ਜਨਮ ਦਿਹਾੜਾ ਮਨਾਇਆ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਅਸਥਾਨ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਕਿਰਤੀ ਸਿੱਖ ਭਾਈ ਲਾਲੋ ਜੀ ਦਾ ਜਨਮ ਦਿਹਾੜਾ ਮਨਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਨਵਨੀਤ ਸਿੰਘ ਦੇ ਜਥੇ ਵੱਲੋਂ ਗੁਰਬਾਣੀ ਕੀਰਤਨ ਕੀਤਾ ਗਿਆ।

ਅਰਦਾਸ ਭਾਈ ਸਲਵਿੰਦਰ ਸਿੰਘ ਨੇ ਕੀਤੀ ਅਤੇ ਸੰਗਤ ਨੂੰ ਪਾਵਨ ਹੁਕਮਨਾਮਾ ਕਥਾਵਾਚਕ ਭਾਈ ਸੁਖਵਿੰਦਰ ਸਿੰਘ ਨੇ ਸਰਵਣ ਕਰਵਾਇਆ। ਭਾਈ ਸੁਖਵਿੰਦਰ ਸਿੰਘ ਨੇ ਭਾਈ ਲਾਲੋ ਜੀ ਦੇ ਜੀਵਨ ਤੇ ਘਾਲਣਾ ਸਬੰਧੀ ਚਾਨਣਾ ਪਾਉਂਦਿਆਂ ਕਿਹਾ ਕਿ ਉਨ੍ਹਾਂ ਦਾ ਜੀਵਨ ਸਮਾਜ ਲਈ ਇਕ ਸੁਚੱਜਾ ਮਾਰਗ ਦਰਸ਼ਨ ਹੈ, ਜਿਸ ਤੋਂ ਅਗਵਾਈ ਲੈ ਕੇ ਧਰਮ ਦੀ ਕਿਰਤ ਕਰਦਿਆਂ ਕਰਤਾ ਪੁਰਖ ਨਾਲ ਜੁੜਨ ਦੀ ਪ੍ਰੇਰਣਾ ਮਿਲਦੀ ਹੈ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਪ੍ਰਤਾਪ ਸਿੰਘ, ਮੀਤ ਸਕੱਤਰ ਗੁਰਮੀਤ ਸਿੰਘ ਬੁੱਟਰ, ਗੁਰਚਰਨ ਸਿੰਘ ਕੁਹਾਲਾ, ਲਖਬੀਰ ਸਿੰਘ, ਮੈਨੇਜਰ ਬਘੇਲ ਸਿੰਘ, ਵਧੀਕ ਮੈਨੇਜਰ ਨਿਸ਼ਾਨ ਸਿੰਘ, ਇਕਬਾਲ ਸਿੰਘ ਮੁਖੀ, ਹਰਿੰਦਰ ਸਿੰਘ, ਨਰਿੰਦਰ ਸਿੰਘ, ਜਸਵਿੰਦਰ ਸਿੰਘ, ਸੁਖਪਾਲ ਸਿੰਘ ਅਤੇ ਸੰਗਤਾਂ ਹਾਜ਼ਰ ਸਨ।

## ਤੇਲੇ ਤੇ ਝੁਲਸ ਰੋਗ ਨਾਲ ਕਿਸਾਨ ਦੀ ਢਾਈ ਏਕੜ ਫਸਲ ਹੋਈ ਖਰਾਬ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ ਰਣਬੀਰ ਸਿੰਘ ਗੋਲਣ)-ਜ਼ਿਲ੍ਹਾ ਤਰਨਤਾਰਨ ਅਧੀਨ ਪੈਂਦੇ ਪਿੰਡ ਕੰਬੋਕੇ ਦੇ ਕਿਸਾਨ ਦੀ ਢਾਈ ਏਕੜ ਝੋਨੇ ਦੀ ਫਸਲ ਤੇਲੇ ਤੇ ਝੁਲਸ ਬਿਮਾਰੀ ਕਾਰਨ ਖ਼ਰਾਬ ਹੋਣ ਜਾਣ ਦੀ ਖ਼ਬਰ ਸਾਹਮਣੇ ਆਈ ਹੈ। ਖਰਾਬ ਹੋਈ ਫ਼ਸਲ ਸੰਬੰਧੀ ਜਾਣਕਾਰੀ ਦਿੰਦਿਆਂ ਪੀੜਤ ਕਿਸਾਨ ਸੁਖਦੇਵ ਸਿੰਘ ਨੇ ਦੱਸਿਆ ਕਿ ਤੇਲਾ ਅਤੇ ਝੁਲਸ ਬੀਮਾਰੀ ਕਾਰਨ ਉਨ੍ਹਾਂ ਦੀ ਕਰੀਬ ਢਾਈ ਏਕੜ ਫਸਲ ਖ਼ਰਾਬ ਹੋ ਗਈ ਹੈ। ਉਨ੍ਹਾਂ ਦੱਸਿਆ ਕਿ ਫਸਲ ਖਰਾਬ ਹੋਣ ਨਾਲ ਉਨ੍ਹਾਂ ਨੂੰ ਭਾਰੀ ਆਰਥਿਕ ਨੁਕਸਾਨ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਇਸ ਮੌਕੇ ਜ਼ਿਲ੍ਹਾ ਪ੍ਰਧਾਨ ਪੰਜਾਬ ਸਿੰਘ ਕੰਬੋਕੇ ਨੇ ਦੱਸਿਆ ਕਿ ਕਿਸਾਨ ਸੁਖਦੇਵ ਸਿੰਘ ਵੱਲੋਂ ਆਪਣੀ ਫਸਲ ਨੂੰ ਤੇਲੇ ਤੇ ਝੁਲਸ ਰੋਗ ਤੋਂ ਬਚਾਉਣ ਲਈ ਮਾਰਕੀਟ ਚੋਂ ਕਰੀਬ ਪੰਜ ਹਜਾਰ ਰੁਪਏ ਦੀ ਕੀਟਨਾਸ਼ਕ ਦਵਾਈ ਲਿਆ ਕੇ ਫ਼ਸਲ 'ਤੇ ਛਿੜਕੀ ਗਈ ਸੀ, ਪ੍ਰੰਤੂ ਕੀਟਨਾਸਕ ਦਵਾਈ ਨੇ ਵੀ ਬੀਮਾਰੀ 'ਤੇ ਕੋਈ ਅਸਰ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਭਾਵੇਂ ਮਾਰਕੀਟ ਵਿੱਚ ਖੇਤੀਬਾੜੀ ਸਟੋਰਾਂ ਵਾਲੇ ਅਸਲੀ ਕੀਟਨਾਸਕ ਦਵਾਈਆਂ ਵੇਚਣ ਦੇ ਲੱਖਾਂ ਦਾਅਵੇ ਕਰਦੇ ਹਨ। ਪ੍ਰੰਤੂ ਮਾਰਕੀਟ 'ਚ ਨਕਲੀ ਦਵਾਈਆਂ ਵੇਚਣ ਦਾ ਧੰਦਾ ਜ਼ੋਰਾਂ-ਜ਼ੋਰਾਂ 'ਤੇ ਚਲ ਰਿਹਾ ਹੈ। ਉਨ੍ਹਾਂ ਕਿਹਾ ਕਿ ਨਕਲੀ ਕੀਟਨਾਸ਼ਕ ਦਵਾਈਆਂ ਵੇਚਣ ਵਾਲੇ ਦੁਕਾਨਦਾਰ ਕਿਸਾਨਾਂ ਦਾ ਸ਼ੋਸ਼ਣ ਕਰ ਰਹੇ ਹਨ।

ਇਸ ਮੌਕੇ ਪੰਜਾਬ ਸਿੰਘ ਕੰਬੋਕੇ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਨਕਲੀ ਦਵਾਈਆਂ ਵੇਚਣ ਵਾਲੇ ਦੁਕਾਨਦਾਰਾਂ 'ਤੇ ਸਖ਼ਤ ਕਾਰਵਾਈ ਕੀਤੀ ਜਾਵੇ ਅਤੇ ਖਰਾਬ ਹੋਈਆਂ ਫਸਲਾਂ ਸੰਬੰਧੀ ਕਿਸਾਨਾਂ ਨੂੰ ਮੁਆਵਜ਼ਾ ਦਿੱਤਾ ਜਾਵੇ।

## ਮਪਹਵ ਮੇਲ ਯੂਨੀਅਨ ਦੇ ਬਲਾਕ ਪ੍ਰਧਾਨ ਦਾਲਮ ਵੱਲੋਂ ਪ੍ਰਧਾਨਗੀ ਤੋਂ ਅਸਤੀਫਾ

ਕਲਾਨੌਰ (ਕੋਹਲੀ)-ਬਲਾਕ ਕਲਾਨੌਰ ਤੋਂ ਮਲਟੀਪਰਪਜ਼ ਹੈਲਥ ਵਰਕਰ ਮੇਲ ਯੂਨੀਅਨ ਦੇ ਬਲਾਕ ਪ੍ਰਧਾਨ ਨਿਰਮਲ ਸਿੰਘ ਵੱਲੋਂ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਗਿਆ ਹੈ। ਅਸਤੀਫਾ ਦੇਣ ਮਗਰੋਂ ਬਲਾਕ ਪ੍ਰਧਾਨ ਨਿਰਮਲ ਸਿੰਘ ਦਾਲਮ ਨੇ ਕਿਹਾ ਕਿ ਮੈਂ ਪਿਛਲੇ ਕਰੀਬ ਦੋ ਸਾਲਾਂ ਤੋਂ ਪ੍ਰਧਾਨਗੀ ਦੇ ਅਹੁਦੇ 'ਤੇ ਬਰਕਰਾਰ ਸੀ ਅਤੇ ਮਲਟੀਪਰਪਜ਼ ਹੈਲਥ ਵਰਕਰ ਮੇਲ ਵਜੋਂ ਆਪਣੇ ਸਾਥੀਆਂ ਦੀ ਕੋਈ ਵੀ ਗੱਲਬਾਤ ਜਾਂ ਉਨ੍ਹਾਂ ਨੂੰ ਆਉਣ ਵਾਲੀਆਂ ਮੁਸ਼ਕਲਾਂ ਨੂੰ ਉੱਚ ਅਧਿਕਾਰੀਆਂ ਤੱਕ ਪਹੁੰਚਾਉਣਾ ਮੇਰੀ ਜ਼ਿੰਮੇਵਾਰੀ ਸੀ ਅਤੇ ਉਹ ਮੈਂ ਨਿਭਾਉਂਦਾ ਵੀ ਰਿਹਾ ਹਾਂ ਪਰ ਮੈਂ ਅੱਜ ਸ਼ਨੀਵਾਰ ਤੋਂ ਫ਼ੈਸਲਾ ਲਿਆ ਹੈ ਕਿ ਮੈਂ ਬਲਾਕ ਪ੍ਰਧਾਨ ਪੀਐੱਚਸੀ ਕਲਾਨੌਰ ਮਲਟੀਪਰਪਜ਼ ਹੈਲਥ ਵਰਕਰ ਯੂਨੀਅਨ ਦੀ ਪ੍ਰਧਾਨਗੀ ਤੋਂ ਅਸਤੀਫਾ ਦੇ ਰਿਹਾ ਹਾਂ ਅਤੇ ਇਹ ਅਸਤੀਫਾ ਮੈਂ ਆਪਣੀਆਂ ਘਰੇਲੂ ਮਜਬੂਰੀਆਂ ਦੇ ਚਲਦੇ ਦੇ ਰਿਹਾ ਹਾਂ।

ਮੇਰਾ ਯੂਨੀਅਨ ਨੂੰ ਸੁਝਾਅ ਹੈ ਕਿ ਉਹ ਆਪਣਾ ਅਗਲਾ ਪ੍ਰਧਾਨ ਚੁਣ ਲੈਣ, ਮੈਨੂੰ ਇਸ ਵਿੱਚ ਕੋਈ ਵੀ ਇਤਰਾਜ਼ ਨਹੀਂ ਹੋਵੇਗਾ ਕਿਉਂਕਿ ਯੂਨੀਅਨ ਦੇ ਕੰਮਾਂ ਵਿਚ ਕੋਈ ਵੀ ਰੁਕਾਵਟ ਨਹੀਂ ਆਉਣੀ ਚਾਹੀਦੀ।

## ਗੁਰੂ ਨਾਨਕ ਦੇਵ ਯੂਨੀਵਰਸਿਟੀ 'ਚ ਐੱਨ ਐੱਸ ਐੱਸ ਸਥਾਪਨਾ ਦਿਵਸ ਮਨਾਇਆ

ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ ਪੱਟੀ ਵਿਖੇ ਐੱਨ ਐੱਸ ਐੱਸ ਦਾ ਸਥਾਪਨਾ ਦਿਵਸ ਮਨਾਇਆ ਗਿਆ।

ਇਸ ਮੌਕੇ ਕਾਲਜ ਵਿੱਚ ਇੱਕ ਸਮਾਗਮ ਕੀਤਾ ਗਿਆ। ਐੱਨ ਐੱਸ ਐੱਸ ਵਲੰਟੀਅਰਾਂ ਨੇ ਕਾਲਜ ਕੈਂਪਸ ਦੀ ਸਫਾਈ ਕੀਤੀ ਅਤੇ ਵਾਤਾਵਰਨ ਨੂੰ ਸਾਫ-ਸੁਥਰਾ ਰੱਖਣ ਦਾ ਪ੍ਰਣ ਲਿਆ। ਸਮਾਗਮ ਦੀ ਪ੍ਰਧਾਨਗੀ ਕਰਦਿਆਂ ਹੋਇਆਂ ਕਾਲਜ ਦੇ ਪ੍ਰਿੰਸੀਪਲ ਡਾ. ਰਜਿੰਦਰ ਕੁਮਾਰ ਮਰਵਾਹਾ ਨੇ ਐੱਨ ਐੱਸ ਐੱਸ ਦੇ ਬਾਰੇ ਜਾਣਕਾਰੀ ਦਿੱਤੀ ਅਤੇ ਵਲੰਟੀਅਰਾਂ ਨੂੰ ਤਨ ਤੇ ਮਨ ਨਾਲ ਸਮਾਜ ਅਤੇ ਦੇਸ਼ ਹਿੱਤ ਵਿੱਚ ਕੰਮ ਕਰਨ ਦਾ ਸੰਦੇਸ਼ ਦਿੱਤਾ। ਐੱਨ ਐੱਸ ਐੱਸ ਯੂਨਿਟ ਦੇ ਇੰਚਾਰਜ ਜਸਦੇਵ ਸਿੰਘ ਤੇ ਪ੍ਰੋ. ਰਵਿੰਦਰ ਸਿੰਘ ਨੇ ਇਸ ਦਿਨ ਦੇ ਉਦੇਸ਼ ਅਤੇ ਮਹੱਤਵ ਦੇ ਬਾਰੇ ਵਿੱਚ ਦੱਸਿਆ। ਇਸ ਮੌਕੇ ਵਲੰਟੀਅਰਾਂ ਵੱਲੋਂ ਵੀ ਸਮਾਜ ਅਤੇ ਦੇਸ਼ ਹਿੱਤ ਦੇ ਵਿਸ਼ਿਆਂ ਉੱਪਰ ਆਪਣੇ ਵਿਚਾਰ ਪ੍ਰਗਟ ਕੀਤੇ ਗਏ।

ਇਸ ਮੌਕੇ ਪ੍ਰੋ. ਅਵਤਾਰ ਸਿੰਘ, ਪ੍ਰੋ. ਹੇਮਰਾਜ, ਪ੍ਰੋ. ਪ੍ਰਿਤਪਾਲ ਸਿੰਘ, ਪ੍ਰੋ. ਕਾਜਲ ਚੌਧਰੀ, ਪ੍ਰੋ. ਕਿਰਨਪ੍ਰੀਤ ਕੌਰ, ਪ੍ਰੋ. ਸਿਮਰਨਜੀਤ ਕੌਰ, ਪ੍ਰੋ. ਪੂਨਮ ਸ਼ਰਮਾ, ਪ੍ਰੋ. ਕੁਲਬੀਰ ਕੌਰ, ਪ੍ਰੋ. ਗੁਰਜੀਤ, ਪ੍ਰੋ. ਨਿਸ਼ਾ ਸ਼ਰਮਾ, ਪ੍ਰੋ. ਸਤਬੀਰ ਸਿੰਘ, ਪ੍ਰੋ. ਗਗਨਦੀਪ ਸਿੰਘ, ਗੁਰਵਿੰਦਰ ਸਿੰਘ, ਹਰਪ੍ਰੀਤ ਸਿੰਘ ਅਤੇ ਹੋਰ ਹਾਜ਼ਰ ਸਨ।

## ਸੋਨਾਲੀਕਾ ਵੱਲੋਂ ਪੀਏਯੂ ਕਿਸਾਨ ਮੇਲੇ 'ਚ ਖੇਤੀ ਹਲਾਂ ਦਾ ਦਮਦਾਰ ਪ੍ਰਦਰਸ਼ਨ

ਲੁਧਿਆਣਾ ਭਾਰਤ ਦੀ ਨੰਬਰ ਵਨ ਟਰੈਕਟਰ ਨਿਰਮਾਤਾ ਬਰਾਂਡ ਸੋਨਾਲੀਕਾ ਟਰੈਕਟਰ ਹਮੇਸ਼ਾ ਆਪਣੇ ਨਵੇਂ ਅਵਿਸ਼ਕਾਰਾਂ ਲਈ ਕਿਸਾਨਾਂ ਦੀਆਂ ਜ਼ਰੂਰਤਾਂ ਨੂੰ ਸਭ ਤੋਂ ਅੱਗੇ ਰੱਖਦਾ ਹੈ। ਪੀਏਯੂ ਕਿਸਾਨ ਮੇਲਾ 2022 ਵਿੱਚ ਕੰਪਨੀ ਨੇ ਕਿਸਾਨਾਂ ਲਈ ਆਪਣੇ ਵਾਤਾਵਰਨ ਅਨੁਕੂਲ ਉੱਤਮ ਵਿਚਾਰ ਪੇਸ਼ ਕੀਤੇ ਹਨ ਅਤੇ ਸੋਨਾਲੀਕਾ ਟਰੈਕਟਰ 75 4 ਲਾਂਚ ਕੀਤਾ ਹੈ ਇਹ ਅਤਿ ਆਧੁਨਿਕ ਟਰੈਕਟਰ ਟ੍ਰੇਲ ਬਲੀਡਿੰਗ ਸੀਆਰ ਡੀ ਐਸ ਤਕਨੀਕ ਨਾਲ ਲੈਸ ਹੈ ਅਤੇ ਵਾਤਾਵਰਣ ਦੇ ਅਨੁਕੂਲ ਹੈ। ਇਹ ਟਰੈਕਟਰ ਦਮਦਾਰ ਪਾਵਰ ਅਤੇ ਦਸ ਫੀਸਦੀ ਬਿਹਤਰ ਤੇਲ ਖਪਤ ਉੱਤੇ ਦੂਹਰੇ ਲਾਭ ਨਾਲ ਆਉਂਦਾ ਹੈ ਅਤੇ ਕੰਪਨੀ ਨੇ ਆਪਣੀ ਅਤਿ ਆਧੁਨਿਕ ਤਕਨੀਕ ਨਾਲ ਲੈਸ ਬੇਲਰ ਵੀ ਲਾਂਚ ਕੀਤਾ ਹੈ ਜੋ ਕਿਸਾਨਾਂ ਲਈ ਭਵਿੱਖ ਵਿਚ ਲਾਭਦਾਇਕ ਸਿੱਧ ਹੋਵੇਗਾ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਕੈਂਪਸ ਵਿੱਚ 23 ਤੇ 24 ਸਤੰਬਰ ਨੂੰ ਪੀਏਯੂ ਕਿਸਾਨ ਮੇਲੇ ਦਾ ਆਯੋਜਨ ਕੀਤਾ ਜਾ ਰਿਹਾ ਹੈ ਅਤੇ ਸੋਨਾਲੀਕਾ ਨੇ ਕਿਸਾਨ ਮੇਲੇ ਵਿੱਚ ਛੇ ਨਵੇਂ ਟਰੈਕਟਰਾਂ ਦੇ ਨਾਲ ਛੇ ਇੰਪਲੀਮੈਂਟਸ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਆਪਣੇ ਵਿਚਾਰ ਸਾਂਝੇ ਕਰਦੇ ਹੋਏ ਸ੍ਰੀ ਵਿਵੇਕ ਗੋਇਲ ਪ੍ਰੈਜ਼ੀਡੈਂਟ ਐਂਡ ਚੀਫ ਸੇਲਜ਼ ਐਂਡ ਮਾਰਕੀਟਿੰਗ ਸੋਨਾਲੀਕਾ ਟਰੈਕਟਰਜ਼ ਨੇ ਕਿਹਾ ਕਿ ਪੀਏਯੂ ਕਿਸਾਨ ਮੇਲੇ ਪੰਜਾਬ ਵਿੱਚ ਇੱਕ ਪ੍ਰੀਮੀਅਰ ਪ੍ਰਦਰਸ਼ਨੀਆਂ ਜਿੱਥੇ ਅਸੀਂ ਨਾ ਕੇਵਲ ਆਪਣੇ ਨਵੇਂ ਵਾਤਾਵਰਣ ਦੇ ਅਨੁਕੂਲ ਖੇਤੀ ਸਾਧਨਾਂ ਨੂੰ ਪ੍ਰਦਰਸ਼ਿਤ ਕੀਤਾ ਹੈ ਬਲਕਿ ਕਿਸਾਨਾਂ ਦੀ ਕੀਮਤੀ ਰਾਏ ਵੀ ਪ੍ਰਾਪਤ ਕੀਤੀ ਹੈ।

## ਨਿਹਾਲ ਸਿੰਘ ਨੇ ਕੀਤੀ ਘਰ ਵਾਪਸੀ, ਮੁੜ ਕੋਟਬੁੱਢਾ ਜਥੇਬੰਦੀ 'ਚ ਸ਼ਾਮਲ

ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਕਿਸਾਨ ਸੰਘਰਸ਼ ਕਮੇਟੀ ਪੰਜਾਬ ਕੋਟ ਬੁੱਢਾ ਦੀ ਅਹਿਮ ਮੀਟਿੰਗ ਸੁਖਦੇਵ ਸਿੰਘ ਸੀਤੋ ਦੇ ਗ੍ਰਹਿ ਵਿਖੇ ਹੋਈ। ਬੀਤੇ ਲੰਮੇ ਸਮੇਂ ਤੋਂ ਕਿਸਾਨ ਸੰਘਰਸ਼ ਕਮੇਟੀ ਪੰਜਾਬ ਕੋਟ ਬੁੱਢਾ 'ਚ ਵਧੀਆ ਜ਼ੁੰਮੇਵਾਰੀ ਨਿਭਾਉਂਦੇ ਰਹੇ ਕਿਸਾਨ ਆਗੂ ਨਿਹਾਲ ਸਿੰਘ ਸੀਤੋ ਕੁਝ ਜਥੇਬੰਦੀ ਦੇ ਆਗੂਆਂ ਨਾਲ ਨਰਾਜ਼ ਹੋਣ ਕਾਰਨ ਜਥੇਬੰਦੀ ਨੂੰ ਅਲਵਿਦਾ ਕਹਿ ਕੇ ਭਾਰਤੀ ਕਿਸਾਨ ਯੂਨੀਅਨ ਪੰਜਾਬ ਵਿਚ ਸ਼ਾਮਲ ਹੋ ਗਏ ਸਨ। ਨਿਹਾਲ ਸਿੰਘ ਦੇ ਜਥੇਬੰਦੀ ਦੇ ਆਗੂਆਂ ਨਾਲ ਮੱਤਭੇਦ ਦੂਰ ਹੋਣ ਕਾਰਨ ਉਹ ਕਿਸਾਨ ਸੰਘਰਸ਼ ਕਮੇਟੀ ਪੰਜਾਬ ਕੋਟ ਬੁੱਢਾ ਦੇ ਸੂਬਾ ਆਗੂ ਸੁਖਦੇਵ ਸਿੰਘ ਦੀ ਅਗਵਾਈ ਹੇਠ ਦੁਬਾਰਾ ਜਥੇਬੰਦੀ ਵਿਚ ਸ਼ਾਮਲ ਹੋਣ 'ਤੇ ਉਨ੍ਹਾਂ ਘਰ ਵਾਪਸੀ ਕੀਤੀ। ਉਨ੍ਹਾਂ ਨੂੰ ਸਿਰੋਪਾਓ ਪਾ ਕੇ ਜਥੇਬੰਦੀ ਦੇ ਆਗੂਆਂ ਵੱਲੋਂ ਉਹਨਾਂ ਨੂੰ ਜੀ ਆਇਆਂ ਕਿਹਾ ਤੇ ਨਿਹਾਲ ਸਿੰਘ ਸੀਤੋ ਨੇ ਆਗੂਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਜਥੇਬੰਦੀ ਵੱਲੋਂ ਜਿਹੜੀ ਜ਼ੁੰਮੇਵਾਰੀ ਉਹਨਾਂ ਨੂੰ ਸੌਂਪੀ ਜਾਵੇਗੀ ਉਹ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਣਗੇ। ਇਸ ਮੌਕੇ ਸੁਖਵਿੰਦਰ ਸਿੰਘ ਲਾਟੀ ਮਰੜ, ਰਣਜੀਤ ਸਿੰਘ ਬੋਹੜਵਾਲਾ, ਰਣਜੀਤ ਸਿੰਘ, ਮਹਿਲ ਸਿੰਘ, ਅਨੋਖ ਸਿੰਘ ਸਰਪੰਚ ਅਜੀਤ ਸਿੰਘ ਪੂਨੀਆ, ਕਾਬਲ ਸਿੰਘ ਬਾਕੀਪੁਰ ਅਤੇ ਜਸਵੰਤ ਸਿੰਘ ਜੱਸਾ ਸਿੰਘ ਆਦਿ ਹਾਜ਼ਰ ਸਨ।

## ਪਰਾਲੀ ਪ੍ਰਬੰਧਨ ਬਾਰੇ ਕਿਸਾਨ ਜਾਗਰੂਕਤਾ ਕੈਂਪ ਲਗਾਇਆ

ਡੇਰਾ ਬਾਬਾ ਨਾਨਕ 24 ਸਤੰਬਰ (ਰਮੇਸ਼ ਸ਼ਰਮਾ)-ਮੁੱਖ ਖੇਤੀਬਾੜੀ ਅਫ਼ਸਰ ਗੁਰਦਾਸਪੁਰ ਡਾ. ਕੰਵਲਪ੍ਰੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਡਾ. ਬਰਜਿੰਦਰ ਸਿੰਘ ਭੁੱਲਰ ਬਲਾਕ ਖੇਤੀਬਾੜੀ ਅਫਸਰ ਡੇਰਾ ਬਾਬਾ ਨਾਨਕ ਦੀ ਯੋਗ ਅਗਵਾਈ ਹੇਠ ਪਿੰਡ ਹਰੂਵਾਲ ਵਿਖੇ ਕਿਸਾਨ ਜਾਗਰੂਕਤਾ ਕੈਂਪ ਲਗਾਇਆ ਗਿਆ । ਇਸ ਕੈਂਪ ਵਿਚ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਦੀ ਸੁਚੱਜੀ ਸਾਂਭ ਸੰਭਾਲ ਕਰਨ ਲਈ ਜ਼ਰੂਰੀ ਨੁਕਤੇ ਦੱਸੇ ਗਏ। ਇਸ ਮੌਕੇ ਡਾ. ਗੁਰਪ੍ਰਤਾਪ ਸਿੰਘ ਖੇਤੀਬਾੜੀ ਵਿਕਾਸ ਅਫਸਰ ਨੇ ਕਿਸਾਨਾਂ ਨੂੰ ਦੱਸਿਆ ਕਿ 10 ਕੁਇੰਟਲ ਝੋਨੇ ਦੀ ਪਰਾਲੀ ਵਿੱਚੋਂ ਤਕਰੀਬਨ 400 ਕਿਲੋ ਜੈਵਿਕ ਕਾਰਬਨ, 55 ਕਿੱਲੋ ਨਾਈਟਰੋਜਨ, 23 ਕਿੱਲੋ ਫਾਸਫੋਰਸ, 25 ਕਿਲੋ ਪੋਟਾਸ਼ ਅਤੇ 12 ਕਿਲੋ ਸਲਫਰ ਤੱਤ ਮਿਲਦੇ ਹਨ ਜਿਸ ਨੂੰ ਅਸੀਂ ਅੱਗ ਲਗਾ ਕੇ ਗਵਾ ਦਿੰਦੇ ਹਾਂ। ਉਨ੍ਹਾਂ ਕਿਸਾਨਾਂ ਨੂੰ ਝੋਨੇ ਦੀ ਕਟਾਈ ਸੁਪਰ ਐੱਸ ਐੱਮ. ਐੱਸ. ਜੰਗੀ ਕੰਬਾਇਨ ਨਾਲ ਕਰਾਉਣ ਲਈ ਪ੍ਰੇਰਿਆ। ਇਸ ਨਾਲ ਝੋਨੇ ਦੀ ਪਰਾਲੀ ਦੇ ਛੋਟੇ ਛੋਟੇ ਟੁਕੜੇ ਹੋ ਜਾਂਦੇ ਹਨ ਜਿਸ ਉਪਰੰਤ ਹੈਪੀ ਸੀਡਰ ਅਤੇ ਸੁਪਰ ਸੀਡਰ ਨਾਲ ਕਣਕ ਦੀ ਬਿਜਾਈ ਸੁਖਾਲੀ ਹੋ ਜਾਂਦੀ ਹੈ ।ਇਸ ਮੌਕੇ ਡਾ. ਅਰਪਣ ਪ੍ਰੀਤ ਸਿੰਘ ਖੇਤੀਬਾੜੀ ਵਿਕਾਸ ਅਫਸਰ ਨੇ ਕਿਸਾਨਾਂ ਨੂੰ ਪੀ ਏ ਯੂ ਲੁਧਿਆਣਾ ਵੱਲੋਂ ਸਿਫ਼ਾਰਸ਼ ਕੀਤੀਆਂ ਕਿਸਮਾਂ ਬਾਰੇ ਜਾਣਕਾਰੀ ਮੁਹੱਈਆ ਕਰਵਾਈ। ਉਨ੍ਹਾਂ ਕਿਸਾਨਾਂ ਨੂੰ ਪਰਾਲੀ ਖੇਤਾਂ ਵਿੱਚ ਮਿਲਾ ਕੇ ਜ਼ਮੀਨ ਦੀ ਉਪਜਾਊ ਸ਼ਕਤੀ ਵਧਾਉਣ ਲਈ ਪ੍ਰੇਰਿਆ। ਇਸ ਮੌਕੇ ਖੇਤੀਬਾੜੀ ਉਪ ਨਿਰੀਖਣ ਪੁਨੀਤ ਢਿੱਲੋਂ ,ਸਰਪੰਚ ਸੁਰਜੀਤ ਸਿੰਘ , ਚੰਦਾ ਸਿੰਘ ਸਰਪੰਚ,ਬਲਦੇਵ ਸਿੰਘ ਆਪ ਆਗੂ ,ਹਰਦੇਵ ਸਿੰਘ, ਜਸਵਿੰਦਰ ਸਿੰਘ ਬਿੱਲੂ ,ਕਰਮਜੀਤ ਸਿੰਘ , ਹਰਪ੍ਰੀਤ ਸਿੰਘ ,ਬਿਕਰਮਜੀਤ ਸਿੰਘ ,ਜਰਮਨ ਸਿੰਘ , ਬੀਰ ਸਿੰਘ ਫੌਜੀ, ਬਖਸ਼ੀਸ਼ ਸਿੰਘ , ਜਸਵੰਤ ਸਿੰਘ, ਜਸਵਿੰਦਰ ਸਿੰਘ ,ਹਰਦੇਵ ਸਿੰਘ, ਨੰਬਰਦਾਰ ਸਤਨਾਮ ਸਿੰਘ ,ਬਖਸ਼ੀਸ਼ ਸਿੰਘ, ਸਿਮਰਤ ਪਾਲ ਸਿੰਘ ਆਦਿ ਕਿਸਾਨ ਹਾਜ਼ਰ ਸਨ।

## 'ਆਪ' ਦੇ ਆਗੂ ਨਸ਼ਾ ਸਮੱਗਲਰਾਂ ਦਾ ਪੱਖ ਪੂਰਨ ਤੋਂ ਗੁਰੇਜ਼ ਕਰਨ: ਰਸੂਲਪੁਰੀ, ਸੇਰੋਂ



ਨੌਸ਼ਹਿਰਾ ਪੰਨੂੰਆਂ (ਗੁਰਪ੍ਰੀਤ ਸਿੰਘ ਭਗਤ)-ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਤੋਂ ਪੰਜਾਬ 'ਚੋਂ ਨਸ਼ਾ ਖਤਮ ਕਰ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸੰਦੀਪ ਸਿੰਘ ਸੇਰੋਂ ਤੇ ਰਣਜੀਤ ਸਿੰਘ ਰਸੂਲਪੁਰੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਹਲਕਾ ਪੱਟੀ ਤੋਂ ਵਿਧਾਇਕ ਅਤੇ ਟਰਾਂਸਪੋਰਟ ਮੰਤਰੀ ਸਰਦਾਰ ਲਾਲਜੀਤ ਸਿੰਘ ਭੁੱਲਰ ਇਲੈਕਸ਼ਨ ਤੋਂ ਪਹਿਲਾਂ ਵੀ ਸਟੇਜ ਤੋਂ ਇਹੀ ਬੋਲਦੇ ਰਹੇ ਹਨ ਕਿ ਨਸ਼ਾ ਵੇਚਣ ਵਾਲੇ ਨਸ਼ਾ ਤਸਕਰ ਨੂੰ ਵੋਟਾਂ ਨਾ ਪਾਓ ਤੇ ਹੁਣ ਵੀ ਉਨ੍ਹਾਂ ਆਪਣੀ ਆਮ ਆਦਮੀ ਪਾਰਟੀ ਦੇ ਸੀਨੀਅਰ ਅਧਿਕਾਰੀਆਂ ਤੇ ਪੁਲਸ ਨੂੰ ਨਿਰਦੇਸ਼ ਕੀਤੇ ਹਨ ਕਿ ਜੋ ਵੀ ਆਗੂ ਨਸ਼ਾ ਤਸਕਰਾਂ ਦੇ ਮਗਰ ਨਸ਼ਾ ਤਸਕਰ ਨੂੰ ਛੁਡਾਉਣ ਥਾਣੇ ਆਉਂਦਾ ਹੈ ਉਸ ਖਿਲਾਫ ਮਾਮਲਾ ਦਰਜ ਕੀਤਾ ਜਾਵੇ। ਸੰਦੀਪ ਸਿੰਘ ਸੇਰੋਂ ਤੇ ਰਣਜੀਤ ਸਿੰਘ ਰਸੂਲਪੁਰੀ ਨੇ ਸਮੂਹ ਆਮ ਆਦਮੀ ਪਾਰਟੀ ਦੇ ਆਗੂਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਕਿਸੇ ਵੀ ਮਾੜੇ ਅਨਸਰ ਤੇ ਨਸ਼ਾ ਤਸਕਰ ਦੇ ਮਗਰ ਨਾ ਜਾਣ।

## ਸ਼ਤਰੰਜ ਖੇਡੋ ਤੇ 10,000 ਰੁਪਏ ਜਿੱਤੋ

**ਬਟਾਲਾ, (ਸਰਵਣ ਸਿੰਘ)**-ਬੱਚਿਆਂ ਦੇ ਦਿਮਾਗੀ ਪੱਧਰ ਨੂੰ ਬੁਲੰਦੀਆਂ ਤੱਕ ਪਹੁੰਚਾਉਣ ਲਈ ਚੈੱਸ (ਸ਼ਤਰੰਜ) ਇੱਕ ਖੇਡ ਦੇ ਨਾਲ-ਨਾਲ ਵਧੀਆ ਮਨੋਰੰਜਨ ਦਾ ਸਾਧਨ ਵੀ ਹੈ। ਇਸੇ ਤਰਜ਼ 'ਤੇ ਬਟਾਲਾ ਵਿਚ ਚੈੱਸ (ਸ਼ਤਰੰਜ) ਮੁਕਾਬਲਾ ਕਰਵਾਇਆ ਜਾ ਰਿਹਾ ਹੈ ਜਿਸ ਵਿੱਚ ਵੱਖ-ਵੱਖ ਸਕੂਲਾਂ, ਕਾਲਜਾਂ ਜਾਂ ਓਪਨ ਖਿਡਾਰੀਆਂ ਨੂੰ ਹਿੱਸਾ ਲੈਣ ਲਈ ਖੁੱਲਾ ਸੱਦਾ ਦਿੱਤਾ ਜਾਂਦਾ ਹੈ। ਮਿਤੀ ਇੱਕ ਅਕਤੂਬਰ 2022 ਤੋਂ ਸ਼ੁਰੂ ਹੋ ਕੇ ਇਹ ਮੁਕਾਬਲਾ 9 ਅਕਤੂਬਰ ਤੱਕ ਚੱਲੇਗਾ। ਫਾਈਨਲ ਮੁਕਾਬਲਾ 9 ਅਕਤੂਬਰ ਨੂੰ ਬੇਰਿੰਗ ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ, ਬਟਾਲਾ ਵਿਚ ਕਰਵਾਇਆ ਜਾਵੇਗਾ। ਜੇਤੂ ਟੀਮ ਨੂੰ 10,000 ਰੁਪਏ ਇਨਾਮ ਦਿੱਤਾ ਜਾਵੇਗਾ। ਇਸ ਪ੍ਰੋਗਰਾਮ ਦੇ ਪੇਸ਼ਕਰਤਾ ਸੁਖਦੇਵ ਐਂਡ ਅਹਿਮਦ ਮਾਈਗ੍ਰੇਸ਼ਨ ਤੇ ਆਰਗੇਨਾਈਜ਼ਰ ਹਨ। ਪ੍ਰੋਗਰਾਮ ਗੀਨਿਊ ਕੋਡਰ ਪ੍ਰਾਈਵੇਟ ਲਿਮਟਿਡ ਬਟਾਲਾ ਵਾਲੇ ਕਰਨਗੇ। ਪ੍ਰੋਗਰਾਮ ਨੂੰ ਪ੍ਰਾਈਮ ਐਜੂਕੇਸ਼ਨ ਕੈਂਪਸ ਰੂਟ 24 ਦੀ ਕਾਰ ਡਿਟੇਲਰਜ਼ ਵੱਲੋਂ ਸਪਾਂਸਰ ਕੀਤਾ ਜਾ ਰਿਹਾ ਹੈ। ਇਸ ਸਬੰਧ ਵਿੱਚ ਪ੍ਰੈੱਸ ਨੂੰ ਬਿਆਨ ਦਿੰਦਿਆਂ ਗਿੰਨੀਜ਼ ਵਰਲਡ ਬੁੱਕ ਵਿੱਚ ਆਪਣਾ ਨਾਮ ਦਰਜ ਕਰਵਾਉਣ ਵਾਲੇ ਬਟਾਲਾ ਦੇ ਹਰਮਨ ਪਿਆਰੇ ਅਭਿਸ਼ੇਕ ਤ੍ਰੇਹਨ ਨੇ ਦੱਸਿਆ ਕਿ ਬੱਚਿਆਂ ਦਾ ਦਿਮਾਗੀ ਪੱਧਰ ਉੱਚਾ ਚੁੱਕਣ ਲਈ ਸ਼ਤਰੰਜ ਖੇਡ ਸਭ ਤੋਂ ਉੱਤਮ ਹੈ । ਇਸ ਲਈ ਉਹ ਇਸ ਖੇਡ ਰਾਹੀਂ ਬਟਾਲਾ ਤੇ ਆਸਪਾਸ ਦੇ ਬੱਚਿਆਂ ਨੂੰ ਖੇਡ-ਖੇਡ ਰਾਹੀਂ ਦਿਮਾਗੀ ਪੱਧਰ ਨੂੰ ਉੱਚਾ ਚੁੱਕਣ ਦੀ ਕੋਸ਼ਿਸ਼ ਕਰ ਰਹੇ ਹਨ ਤੇ ਅਗਾਂਹ ਵੀ ਕਰਦੇ ਰਹਿਣਗੇ ।

## ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੀ ਫਤਿਹਾਬਾਦ ਇਕਾਈ ਗਠਿਤ

ਫਤਿਹਾਬਾਦ (ਐੱਸ. ਐੱਸ. ਸੰਧਾ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਜਥੇਬੰਦੀ ਦੇ ਸੰਗਠਨ ਨੂੰ ਹੋਰ ਮਜ਼ਬੂਤ ਕਰਦਿਆਂ ਮਾਝੇ ਦੇ ਇਤਿਹਾਸਕ ਕਸਬਾ ਫਤਿਹਾਬਾਦ ਵਿਖੇ ਜਥੇਬੰਦੀ ਦੀ ਇਕਾਈ ਦਾ ਗਠਨ ਕੀਤਾ ਗਿਆ। ਇਸ ਮੌਕੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਜ਼ੋਨ ਬਾਬਾ ਬੀਰ ਸਿੰਘ ਦੇ ਪ੍ਰਧਾਨ ਸੁਖਵਿੰਦਰ ਸਿੰਘ ਦੁੱਗਲਵਾਲ ਆਪਣੇ ਸਾਥੀਆਂ ਜਲਵਿੰਦਰ ਸਿੰਘ ਮੀਤ ਪ੍ਰਧਾਨ, ਗੁਰਭੇਜ ਸਿੰਘ ਅਤੇ ਗੁਰਬਾਜ ਸਿੰਘ ਸਮੇਤ ਕਸਬਾ ਫਤਿਹਾਬਾਦ ਵਿਖੇ ਪਹੁੰਚੇ ਜਿਥੇ ਉਨ੍ਹਾਂ ਨੌਜਵਾਨ ਆਗੂ ਬੀਰਿੰਦਰਪਾਲ ਸਿੰਘ ਨੂੰ ਸਰਬਸੰਮਤੀ ਨਾਲ ਇਕਾਈ ਫਤਿਹਾਬਾਦ ਦਾ ਪ੍ਰਧਾਨ ਨਿਯੁਕਤ ਕੀਤਾ। ਇਸ ਮੌਕੇ ਇਕਾਈ ਦੇ ਹੋਰਨਾਂ ਅਹੁਦੇਦਾਰਾਂ ਵਿਚ ਸੀਨੀਅਰ ਮੀਤ ਪ੍ਰਧਾਨ ਬਲਜੀਤ ਸਿੰਘ, ਮੀਤ ਪ੍ਰਧਾਨ ਵੀਰ ਕੌਰ, ਪ੍ਰੈਸ ਸਕੱਤਰ ਪਲਵਿੰਦਰ ਸਿੰਘ, ਖਜ਼ਾਨਚੀ ਸਰਬਜੀਤ ਸਿੰਘ ਅਤੇ ਮੈਂਬਰਾਂ ਵਿਚ ਕੁਲਵਿੰਦਰ ਸਿੰਘ, ਗੁਰਦੀਪ ਸਿੰਘ, ਮਨਹੀਰ ਸਿੰਘ, ਪਰਮਜੀਤ ਸਿੰਘ, ਸੋਨੀਆ ਕੌਰ, ਰਾਜ ਕੌਰ, ਰਣਜੀਤ ਕੌਰ, ਕੰਸ ਕੌਰ ਅਤੇ ਰਵਿੰਦਰ ਸਿੰਘ ਆਦਿ ਸ਼ਾਮਲ ਸਨ।

## 'ਆਜ਼ਾਦੀ ਸੇ ਅੰਤੋਦਯਾ ਤੱਕ' ਮੁਹਿੰਮ ਤਹਿਤ ਜ਼ਿਲ੍ਹਾ ਗੁਰਦਾਸਪੁਰ ਨੂੰ ਦੂਸਰਾ ਸਥਾਨ ਹਾਸਲ



ਗੁਰਦਾਸਪੁਰ (ਜਨਕ ਮਹਾਜਨ)-ਡਿਪਟੀ ਕਮਿਸ਼ਨਰ ਗੁਰਦਾਸਪੁਰ ਜਨਾਬ ਮੁਹੰਮਦ ਇਸ਼ਫ਼ਾਕ ਦੀ ਅਗਵਾਈ ਹੇਠ ਜ਼ਿਲ੍ਹਾ ਗੁਰਦਾਸਪੁਰ ਨੇ ਰਾਸ਼ਟਰੀ ਪੱਧਰ 'ਤੇ ਇੱਕ ਹੋਰ ਉਪਲੱਬਧੀ ਹਾਸਲ ਕਰਦਿਆਂ 'ਆਜ਼ਾਦੀ ਸੇ ਅੰਤੋਦਯਾ ਤੱਕ' ਮੁਹਿੰਮ ਵਿੱਚ ਦੇਸ਼ ਭਰ 'ਚੋਂ ਦੂਸਰਾ ਸਥਾਨ ਹਾਸਲ ਕੀਤਾ ਹੈ। ਭਾਰਤ ਸਰਕਾਰ ਵੱਲੋਂ ਆਜ਼ਾਦੀ ਦੀ 75ਵੀਂ ਵਰ੍ਹੇਗੰਢ ਨੂੰ ਸਮਰਪਿਤ ਦੇਸ਼ ਦੇ 27 ਰਾਜਾਂ ਅਤੇ ਇੱਕ ਕੇਂਦਰੀ ਸ਼ਾਸਤ ਪ੍ਰਦੇਸ਼ ਦੇ 75 ਜ਼ਿਲ੍ਹਿਆਂ ਵਿੱਚ 28 ਅਪ੍ਰੈਲ ਤੋਂ 15 ਅਗਸਤ ਤੱਕ 'ਆਜ਼ਾਦੀ ਸੇ ਅੰਤੋਦਯਾ ਤੱਕ' ਮੁਹਿੰਮ ਚਲਾਈ ਗਈ ਸੀ ਜਿਸ ਵਿੱਚ ਭਾਰਤ ਸਰਕਾਰ ਦੇ 9 ਮੰਤਰਾਲਿਆਂ ਦੀਆਂ 17 ਵੱਖ-ਵੱਖ ਭਲਾਈ ਸਕੀਮਾਂ ਨੂੰ ਜ਼ਿਲ੍ਹੇ ਵਿੱਚ ਹੇਠਲੇ ਪੱਧਰ ਤੱਕ ਲਾਗੂ ਕਰਨਾ ਸੀ। ਡਿਪਟੀ ਕਮਿਸ਼ਨਰ ਜਨਾਬ ਮੁਹੰਮਦ ਇਸ਼ਫ਼ਾਕ ਦੀ ਯੋਗ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਨੇ 'ਆਜ਼ਾਦੀ ਸੇ ਅੰਤੋਦਯਾ ਤੱਕ' ਮੁਹਿੰਮ ਤਹਿਤ ਬਹੁਤ ਵਧੀਆ ਕਾਰਗੁਜ਼ਾਰੀ ਕਰਦੇ ਹੋਏ ਕੇਂਦਰ ਸਰਕਾਰ ਦੀਆਂ ਭਲਾਈ ਯੋਜਨਾਵਾਂ ਦਾ ਲਾਭ ਹੇਠਲੇ ਪੱਧਰ ਤੱਕ ਪਹੁੰਚਾਉਣ ਵਿੱਚ ਮਿਸਾਲੀ ਕੰਮ ਕੀਤਾ ਹੈ, ਜਿਸ ਦੀ ਬਦੌਲਤ ਜ਼ਿਲ੍ਹਾ ਗੁਰਦਾਸਪੁਰ ਨੇ 93.10 ਫੀਸਦੀ ਅੰਕ ਹਾਸਲ ਕਰਕੇ ਦੇਸ਼ ਭਰ ਵਿਚੋਂ ਦੂਜਾ ਸਥਾਨ ਹਾਸਲ ਕੀਤਾ ਹੈ। ਡਿਪਟੀ ਕਮਿਸ਼ਨਰ ਗੁਰਦਾਸਪੁਰ ਜਨਾਬ ਮੁਹੰਮਦ ਇਸ਼ਫ਼ਾਕ ਨੇ ਸਮੂਹ ਜ਼ਿਲ੍ਹਾ ਵਾਸੀਆਂ ਅਤੇ ਪ੍ਰਸ਼ਾਸਨ ਦੇ ਅਧਿਕਾਰੀਆਂ, ਕਰਮਚਾਰੀਆਂ ਨੂੰ ਇਸ ਮਾਣਮੱਤੀ ਪ੍ਰਾਪਤੀ ਦੀ ਵਧਾਈ ਦਿੰਦਿਆਂ ਕਿਹਾ ਕਿ ਸਾਰੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਮਿਹਨਤ ਨਾਲ ਜ਼ਿਲ੍ਹੇ ਨੂੰ ਇਹ ਮਾਣ ਪ੍ਰਾਪਤ ਹੋਇਆ ਹੈ।

## ਨਿਊ ਸ਼ਿਵ ਸ਼ੰਕਰ ਡਰਾਮਾਟਿਕ ਕਲੱਬ ਵੱਲੋਂ ਰਾਮ ਲੀਲਾ ਦੀ ਸ਼ੁਰੂਆਤ ਭਲਕੇ ਤੋਂ

ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਨਿਊ ਸ਼ਿਵ ਸ਼ੰਕਰ ਡਰਾਮਾਟਿਕ ਕਲੱਬ ਅਜਨਾਲਾ ਵੱਲੋਂ ਰਾਮ ਲੀਲਾ ਦੀ ਪਹਿਲੀ ਨਾਈਟ 26 ਸਤੰਬਰ ਤੋਂ ਸ਼ੁਰੂ ਹੋ ਰਹੀ ਹੈ ਜਿਸ ਵਿਚ ਪ੍ਰਭੂ ਸ਼੍ਰੀ ਰਾਮ ਚੰਦਰ ਜੀ ਮਹਾਰਾਜ ਦੇ ਜੀਵਨ ਬਾਰੇ ਬੱਚਿਆਂ ਅਤੇ ਪਹੁੰਚ ਰਹੀਆਂ ਸੰਗਤਾਂ ਨੂੰ ਉਨ੍ਹਾਂ ਦੇ ਨਕਸ਼ੇ ਕਦਮਾਂ ਤੇ ਚੱਲਣ ਲਈ ਪ੍ਰੇਰਿਆ ਜਾਵੇਗਾ। ਉਕਤ ਵਿਚਾਰਾਂ ਦਾ ਪ੍ਰਗਟਾਵਾ ਨਿਊ ਸ਼ਿਵ ਸ਼ੰਕਰ ਡਰਾਮਾਟਿਕ ਕਲੱਬ ਅਜਨਾਲਾ ਦੇ ਪ੍ਰਧਾਨ ਪੰਡਿਤ ਕਿਸ਼ੋਰੀ ਲਾਲ ਸ਼ਰਮਾ ਅਤੇ ਐਡਵੋਕੇਟ ਸੰਦੀਪ ਕੌਸ਼ਲ ਨੇ ਸਾਂਝੇ ਤੌਰ ਤੇ ਕੀਤਾ। ਉਨ੍ਹਾਂ ਨੇ ਦੱਸਿਆ ਕਿ ਇਸ ਰਾਮ ਲੀਲਾ ਦੌਰਾਨ ਮੁੱਖ ਮਹਿਮਾਨ ਪੰਜਾਬ ਦੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਸ਼ਾਮਲ ਹੋਣਗੇ ਅਤੇ ਹਰ ਰੋਜ਼ ਨਾਈਟ ਦਾ ਉਦਘਾਟਨ ਸ਼ਹਿਰ ਦੇ ਪਤਵੰਤੇ ਸੱਜਣਾਂ ਵੱਲੋਂ ਕੀਤਾ ਜਾਵੇਗਾ । ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਦੁਸਹਿਰਾ 5 ਅਕਤੂਬਰ ਨੂੰ ਕੀਰਤਨ ਦਰਬਾਰ ਅਜਨਾਲਾ ਦੀ ਗਰਾਊਂਡ ਵਿਚ ਮਨਾਇਆ ਜਾਵੇਗਾ । ਰਾਮ ਲੀਲਾ ਦੇ ਕਲਾਕਾਰ ਅਤੇ ਸ਼ਹਿਰ ਦੇ ਪਤਵੰਤੇ ਸੱਜਣਾਂ ਨੂੰ ਸਨਮਾਨਿਤ ਕੀਤਾ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਸਿੱਧ ਕਲਾਕਾਰ ਦੀਪਕ ਕੌਸ਼ਲ, ਪਵਨ ਮਹਿਤਾ, ਪ੍ਰਦੀਪ ਤ੍ਰੇਹਨ, ਐਵੋਕੇਟ ਸੰਦੀਪ ਕੌਸ਼ਲ, ਅਰੁਣ ਸ਼ਰਮਾ, ਅਮਿਤ ਭਗਤ, ਪੁਨੀਤ ਭਾਰਦਵਾਜ, ਸ਼ਨੀ ਚੋਪੜਾ, ਬੰਟੀ ਸ਼ਰਮਾ, ਜੋਜੀ ਸ਼ਰਮਾ ਅਤੇ ਅਨੂਪ ਬਹਿਲ ਆਦਿ ਹਾਜ਼ਰ ਸਨ।

## ਮੋਹਾਲੀ ਵਿਖੇ ਰੋਸ ਮਾਰਚ 'ਚ ਸ਼ਾਮਲ ਹੋਣ ਲਈ ਚਾਰ ਬੱਸਾਂ ਰਵਾਨਾ

ਕਲਾਨੌਰ (ਕੋਹਲੀ)-ਪੰਥਕ ਅਕਾਲੀ ਲਹਿਰ ਦੇ ਪ੍ਰਧਾਨ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਸ੍ਰੀ ਅਕਾਲ ਤਖਤ ਸਾਹਿਬ ਦੀ ਅਗਵਾਈ ਹੇਠ ਅੱਜ (ਸ਼ਨਿੱਚਰਵਾਰ) ਨੂੰ ਗੁਰਦੁਆਰਾ ਅੰਬ ਸਾਹਿਬ ਮੋਹਾਲੀ ਤੋਂ ਗਵਰਨਰ ਹਾਊਸ ਤਕ ਕੱਢੇ ਜਾ ਰਹੇ ਰੋਸ ਮਾਰਚ ਵਿੱਚ ਸ਼ਾਮਲ ਹੋਣ ਲਈ ਸਰਹੱਦੀ ਕਸਬਾ ਕਲਾਨੌਰ ਤੋਂ ਚਾਰ ਬੱਸਾਂ ਦਾ ਕਾਫਲਾ ਲੈ ਕੇ ਰਵਾਨਾ ਹੋਏ । ਇਸ ਮੌਕੇ ਖ਼ਾਲਸਾ ਪੰਚਾਇਤ ਤੇ ਪੰਥਕ ਅਕਾਲੀ ਲਹਿਰ ਦੀ ਕੇਂਦਰੀ ਕਮੇਟੀ ਮੈਂਬਰ ਭਾਈ ਰਜਿੰਦਰ ਸਿੰਘ ਭੰਗੂ , ਅਕਾਲ ਕੌਂਸਲ ਜੱਥੇਬੰਦੀ ਦੇ ਭਾਈ ਬਿਕਰਮਜੀਤ ਸਿੰਘ ਭੱਟੀ , ਪੰਥਕ ਆਗੂ ਭਾਈ ਲਖਵਿੰਦਰ ਸਿੰਘ ਆਧੀਆਂ, ਦਲ ਖ਼ਾਲਸਾ ਜਥੇਬੰਦੀ ਦੇ ਭਾਈ ਰਣਜੀਤ ਸਿੰਘ ਖ਼ਾਲਸਾ, ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਲੋਕਲ ਕਮੇਟੀ ਕਲਾਨੌਰ ਦੇ ਸਰਪ੍ਰਸਤ ਭਾਈ ਦਲਵਿੰਦਰ ਸਿੰਘ ਬਿੱਟੂ ਤੋਂ 200 ਤੋਂ ਵੱਧ ਪੰਥ ਦਰਦੀ ਕਾਫ਼ਲੇ ਦੇ ਰੂਪ ਵਿੱਚ ਸ੍ਰੀ ਅੰਬ ਸਾਹਿਬ ਮੋਹਾਲੀ ਨੂੰ ਰਵਾਨਾ ਹੋਏ। ਉਕਤ ਪੰਥਕ ਆਗੂਆਂ ਨੇ ਦੱਸਿਆ ਕਿ ਇਸ ਰੋਸ ਮਾਰਚ ਵਿਚ ਸਰਹੱਦੀ ਖੇਤਰ ਨਾਲ ਸਬੰਧਤ ਪਿੰਡਾਂ ਵਿੱਚੋਂ ਪੰਥ ਦਰਦੀਆਂ ਦਾ ਜਥੇ ਨੇ ਵੱਡੇ ਪੱਧਰ 'ਤੇ ਸ਼ਮੂਲੀਅਤ ਕੀਤੀ ।

ਉਨ੍ਹਾਂ ਕਿਹਾ ਕਿ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਹੇਠ ਪੰਥਕ ਅਕਾਲੀ ਲਹਿਰ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਕਰਵਾਉਣ ਲਈ ਰੋਸ ਮਾਰਚ ਕੱਢਣ ਤੋਂ ਬਾਅਦ ਰਾਜਪਾਲ ਨੂੰ ਮੈਮੋਰੰਡਮ ਦਿੱਤਾ ਜਾਵੇਗਾ ਤਾਂ ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਕਰਵਾ ਕੇ ਬਾਦਲਾਂ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕਬਜਾ ਛੁਡਵਾਇਆ ਜਾ ਸਕੇ ।

## ਵੱਖ-ਵੱਖ ਖੇਡ ਮੁਕਾਬਲਿਆਂ 'ਚ ਵਿਦਿਆਰਥੀਆਂ ਵੱਲੋਂ ਸ਼ਾਨਦਾਰ ਪ੍ਰਦਰਸ਼ਨ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਅਧੀਨ ਵਿੱਦਿਅਕ ਅਦਾਰੇ ਖ਼ਾਲਸਾ ਕਾਲਜ ਗਰਲਜ਼ ਸੀਨੀਅਰ ਸੈਕੰਡਰੀ ਸਕੂਲ, ਖ਼ਾਲਸਾ ਕਾਲਜ ਪਬਲਿਕ ਸਕੂਲ, ਜੀ. ਟੀ. ਰੋਡ ਅਤੇ ਖ਼ਾਲਸਾ ਕਾਲਜ ਇੰਟਰਨੈਸ਼ਨਲ ਪਬਲਿਕ ਸਕੂਲ, ਰਣਜੀਤ ਐਵੀਨਿਊ ਦੇ ਵਿਦਿਆਰਥੀਆਂ ਨੇ ਵੱਖ-ਵੱਖ ਖੇਡ ਮੁਕਾਬਲਿਆਂ 'ਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸਕੂਲ ਅਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ।

ਇਸ ਮੌਕੇ ਉਕਤ ਸਕੂਲ ਦੇ ਕ੍ਰਮਵਾਰ ਪ੍ਰਿੰਸੀਪਲ ਪੁਨੀਤ ਕੌਰ ਨਾਗਪਾਲ, ਪ੍ਰਿੰਸੀਪਲ ਅਮਰਜੀਤ ਸਿੰਘ ਗਿੱਲ ਅਤੇ ਨਿਰਮਲਜੀਤ ਕੌਰ ਗਿੱਲ ਨੇ ਵਿਦਿਆਰਥੀਆਂ ਦੀ ਇਸ ਜਿੱਤ 'ਤੇ ਮੁਬਾਰਕਬਾਦ ਦਿੱਤੀ। ਇਸ ਮੌਕੇ ਗਰਲਜ਼ ਸਕੂਲ ਪ੍ਰਿੰ: ਨਾਗਪਾਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਿੱਖਿਆ ਬੋਰਡ ਮੋਹਾਲੀ ਵੱਲੋਂ ਜ਼ਿਲ੍ਹਾ ਸਕੂਲ ਪੱਧਰੀ ਟੂਰਨਾਮੈਂਟ ਤੈਰਾਕੀ ਮੁਕਾਬਲੇ ਖਾਲਸਾ ਕਾਲਜ ਦੇ ਸਵਿਮਿੰਗ ਪੂਲ 'ਚ ਕਰਵਾਏ ਗਏ ਜਿਸ 'ਚ ਜ਼ਿਲ੍ਹੇ 'ਚੋਂ ਅੰਡਰ-17 ਦੀਆਂ 4 ਟੀਮਾਂ ਅਤੇ ਅੰਡਰ-14 ਦੀਆਂ 6 ਟੀਮਾਂ ਨੇ ਭਾਗ ਲਿਆ। ਉਨ੍ਹਾਂ ਕਿਹਾ ਕਿ ਸਕੂਲ ਦੀ ਅੰਡਰ-17 ਦੀ ਟੀਮ 'ਚੋਂ ਸ੍ਰਿਸ਼ਟੀ ਭਾਰਤੀ ਨੇ 50 ਮੀਟਰ ਫ੍ਰੀ ਸਟਾਈਲ ਤੈਰਾਕੀ ਅਤੇ 50 ਮੀਟਰ ਬੈਕ ਸਟ੍ਰੋਕ ਤੈਰਾਕੀ 'ਚੋਂ ਸੋਨੇ ਦਾ ਤਗਮਾ ਹਾਸਲ ਕੀਤਾ ਜਦਕਿ ਅੰਡਰ-14 ਦੀ ਟੀਮ 'ਚੋਂ ਇਸ਼ਲੀਨ ਕੌਰ ਨੇ 100 ਮੀਟਰ ਬ੍ਰੈਸਟ ਸਟ੍ਰੋਕ ਤੈਰਾਕੀ 'ਚ ਕਾਂਸੇ ਅਤੇ ਸੁਨਿਧੀ ਨੇ 200 ਮੀਟਰ ਫ੍ਰੀ ਸਟਾਈਲ 'ਚ ਸੋਨੇ, 100 ਮੀਟਰ ਫ੍ਰੀ ਸਟਾਈਲ 'ਚ ਸੋਨੇ ਅਤੇ 50 ਮੀਟਰ ਬ੍ਰੈਸਟ ਸਟ੍ਰੋਕ ਤੈਰਾਕੀ 'ਚ ਸਿਲਵਰ ਦਾ ਤਗਮਾ ਜਿੱਤਿਆ। ਇਸ ਤੋਂ ਇਲਾਵਾ ਜਸਮੀਤ ਕੌਰ ਨੇ 200 ਮੀਟਰ ਫ੍ਰੀ ਸਟਾਈਲ 'ਚ ਸਿਲਵਰ, 100 ਮੀਟਰ ਫ੍ਰੀ ਸਟਾਈਲ 'ਚ ਕਾਂਸੇ ਅਤੇ ਖਿਆਤੀ ਨੇ 50 ਮੀਟਰ ਫ੍ਰੀ ਸਟਾਈਲ 'ਚੋਂ ਕਾਂਸੇ ਦਾ ਤਗਮਾ ਹਾਸਲ ਕੀਤਾ। ਅੰਡਰ-17 ਤੇ 14 ਟੀਮਾਂ 'ਚੋਂ ਸਕੂਲ ਦੀ ਟੀਮ ਜ਼ਿਲ੍ਹੇ 'ਚੋਂ ਪਹਿਲਾ ਸਥਾਨ ਹਾਸਲ ਕੀਤਾ।

ਸਕੂਲ ਪ੍ਰਿੰ. ਅਮਰਜੀਤ ਸਿੰਘ ਗਿੱਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਖ਼ਾਲਸਾ ਕਾਲਜ ਸੀਨੀਅਰ ਸੈਕੰਡਰੀ ਸਕੂਲ ਵਿਖੇ ਜ਼ਿਲ੍ਹਾ ਪੱਧਰੀ ਤੈਰਾਕੀ ਦੇ ਮੁਕਾਬਲੇ 'ਚ 13 ਤਗਮਿਆਂ 'ਤੇ ਕਬਜ਼ਾ ਕਰਕੇ ਓਵਰ ਆਲ ਸੈਕਿੰਡ ਚੈਂਪੀਅਨਸ਼ਿਪ ਜੇਤੂ ਰਹੇ। ਉਨ੍ਹਾਂ ਨੇ ਦੱਸਿਆ ਕਿ ਅੰਡਰ-19 'ਚ ਯੁਵਰਾਜ ਸ਼ਰਮਾ ਨੇ 2 ਸੋਨੇ, 1 ਚਾਂਦੀ ਅਤੇ ਮਨਤੇਜ ਸਿੰਘ ਨੇ 3 ਸੋਨੇ ਦੇ ਤਗਮੇ ਹਾਸਲ ਕੀਤੇ। ਜਦ ਕਿ ਅੰਡਰ-14 'ਚ ਸਹਿਜਪਾਲ ਨੇ 3 ਚਾਂਦੀ, ਮਾਨਸੀ ਨੇ 2, ਗੁਰਸੇਵਕ ਅਤੇ ਸੁਖਮੇਹਰ ਨੇ 1-1 ਕਾਂਸੇ ਦਾ ਤਗਮਾ ਹਾਸਲ ਕੀਤਾ। ਇਸ ਮੌਕੇ ਪ੍ਰਿੰ: ਗਿੱਲ ਨੇ ਵਿਦਿਆਰਥੀਆਂ ਨੂੰ ਸਿਖਲਾਈ ਦੇਣ ਵਾਲੇ ਕੋਚ ਵਿਨੋਦ ਸਾਗਵਾਨ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਵਿਦਿਆਰਥੀਆਂ ਦਾ ਮਾਰਗਦਰਸ਼ਨ ਕਰਨ ਵਾਲੇ ਡੀ. ਪੀ. ਈ. ਗੁਰਪ੍ਰੀਤ ਸਿੰਘ ਦੀ ਵੀ ਸ਼ਲਾਘਾ ਕੀਤੀ। ਉਨ੍ਹਾਂ ਦੱਸਿਆ ਕਿ ਪਾਵਨੀ ਸ਼ਰਮਾ ਨੇ ਖ਼ਾਲਸਾ ਕਾਲਜ ਸੀਨੀਅਰ ਸੈਕੰਡਰੀ ਸਕੂਲ 'ਚ ਕਰਵਾਈਆਂ ਜਾ ਰਹੀਆਂ ਡਿਸਟ੍ਰਿਕਟ ਖੇਡਾਂ 'ਚ 'ਕਿੱਕ ਬਾਕਸਿੰਗ' ਅਤੇ 'ਬਾਕਸਿੰਗ' ਮੁਕਾਬਲੇ 'ਚ ਦੋ ਸੋਨ ਤਗਮੇ ਅਤੇ ਦੀਕਸ਼ਾ ਸ਼ਰਮਾ ਨੇ ਕਿੱਕ ਬਾਕਸਿੰਗ 'ਚ ਇਕ ਸੋਨ ਤਗਮਾ ਜਿੱਤਦਿਆਂ ਸਕੂਲ, ਜ਼ਿਲ੍ਹੇ ਦਾ ਨਾਂ ਰੌਸ਼ਨ ਕੀਤਾ ਹੈ। ਜੂਨੀਅਰ ਵਰਗ 'ਚ ਖੇਡਦਿਆਂ ਪਾਵਨੀ ਸ਼ਰਮਾ ਅਤੇ ਦੀਕਸ਼ਾ ਸ਼ਰਮਾ ਨੇ ਫਸਵੇਂ ਮੁਕਾਬਲੇ 'ਚ ਜਿੱਤ ਹਾਸਲ ਕੀਤੀ।

## ਕਲਗੀਧਰ ਪਬਲਿਕ ਸਕੂਲ ਨੇ ਖੇਡਾਂ ਦੇ ਖੇਤਰ 'ਚ ਕੀਤਾ ਨਾਂਅ ਰੌਸ਼ਨ



ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-'ਖੇਡਾਂ ਵਤਨ ਪੰਜਾਬ ਦੀਆਂ' ਤਹਿਤ ਤਰਨਤਾਰਨ ਜ਼ਿਲ੍ਹੇ ਅੰਦਰ ਕਰਵਾਏ ਜਾ ਰਹੇ ਜ਼ਿਲ੍ਹਾ ਪੱਧਰੀ ਗਤਕਾ ਮੁਕਾਬਲਿਆਂ ਵਿੱਚ ਕਲਗੀਧਰ ਪਬਲਿਕ ਸਕੂਲ ਭਿੱਖੀਵਿੰਡ ਦੇ ਖਿਡਾਰੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਦੱਸ ਦਈਏ ਕਿ ਜਸਬੀਰ ਕੌਰ, ਰਾਜਬੀਰ ਕੌਰ ਅਤੇ ਮਨਪ੍ਰੀਤ ਕੌਰ ਨੇ ਸਿੰਗਲ ਸੋਟੀ ਵਿਅਕਤੀਗਤ ਮੁਕਾਬਲਿਆਂ 'ਚ ਪਹਿਲਾ ਸਥਾਨ ਹਾਸਲ ਕਰਕੇ ਪੂਰੇ ਜ਼ਿਲ੍ਹੇ ਵਿੱਚ ਕਲਗੀਧਰ ਪਬਲਿਕ ਸਕੂਲ ਭਿੱਖੀਵਿੰਡ ਦਾ ਨਾਮ ਰੌਸ਼ਨ ਕੀਤਾ ਹੈ। ਇਸੇ ਤਰ੍ਹਾਂ ਫਰੀ ਸੋਟੀ ਟੀਮ ਵਰਗ ਵਿੱਚ ਰਮਨਪ੍ਰੀਤ ਕੌਰ, ਅਰਪਨ ਦੀਪ ਕੌਰ ਅਤੇ ਮਨਵੀਰ ਕੌਰ ਨੇ ਪਹਿਲਾ ਸਥਾਨ ਅਤੇ ਰਮਨਪ੍ਰੀਤ ਕੌਰ ਨੇ ਫਰੀ ਸੋਟੀ ਵਿਅਕਤੀਗਤ 'ਚ ਦੂਜਾ ਸਥਾਨ ਹਾਸਲ ਕੀਤਾ ਹੈ। ਇਸ ਮੌਕੇ ਸੁਖਬੀਰ ਸਿੰਘ ਬਲ੍ਹੇਰ ਨੇ ਸਿੰਗਲ ਸੋਟੀ ਮੁਕਾਬਲੇ 'ਚ ਪਹਿਲੇ ਸਥਾਨ 'ਤੇ ਕਬਜ਼ਾ ਕੀਤਾ ਹੈ। ਇਸ ਮੌਕੇ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਕਲਗੀਧਰ ਪਬਲਿਕ ਸਕੂਲ ਭਿੱਖੀਵਿੰਡ ਦੇ ਐੱਮ.ਡੀ ਬੁੱਢਾ ਸਿੰਘ ਮੱਲ੍ਹੀ ਨੇ ਜਿੱਥੇ ਪੰਜਾਬ ਸਰਕਾਰ ਦੇ ਇਸ ਨੇਕ ਉਪਰਾਲੇ ਦੀ ਸਲਾਘਾ ਕੀਤੀ, ਉੱਥੇ ਹੀ ਉਨ੍ਹਾਂ ਕਿਹਾ ਕਿ ਗਤਕਾ ਖਾਲਸੇ ਦੀ ਵਿਰਾਸਤੀ ਖੇਡ ਹੈ, ਜਿਹੜੀ ਸੂਰਬੀਰ ਯੋਧਿਆਂ ਦੀਆਂ ਕੁਰਬਾਨੀਆਂ ਦੀ ਯਾਦ ਦਿਵਾਉਂਦੀ ਹੈ। ਐੱਮ. ਡੀ. ਬੁੱਢਾ ਸਿੰਘ ਮੱਲ੍ਹੀ ਨੇ ਕਿਹਾ ਕਿ ਗਤਕਾ ਖੇਡ ਸਵੈ ਰੱਖਿਆ ਲਈ ਅਤਿਅੰਤ ਜ਼ਰੂਰੀ ਹੈ।

ਇਸ ਮੌਕੇ ਬੁੱਢਾ ਸਿੰਘ ਮੱਲ੍ਹੀ ਨੇ ਕਿਹਾ ਕਿ ਸਕੂਲ ਦੇ ਵਿਦਿਆਰਥੀਆਂ ਦੀ ਸਾਨਦਾਰ ਜਿੱਤ ਦਾ ਸਿਹਰਾ ਗਤਕਾ ਕੋਚ ਅਵਤਾਰ ਸਿੰਘ ਲਾਲੀ ਤੇ ਗੁਰਲਾਲ ਸਿੰਘ ਦੇ ਸਿਰ ਜਾਂਦਾ ਹੈ, ਜਿਨ੍ਹਾਂ ਨੇ ਦਿਨ-ਰਾਤ ਮਿਹਨਤ ਕਰਕੇ ਵਿਦਿਆਰਥੀਆਂ ਨੂੰ ਇਨ੍ਹਾਂ ਮੁਕਾਬਲਿਆਂ 'ਚ ਭਾਗ ਲੈਣ ਦੇ ਯੋਗ ਬਣਾਇਆ। ਇਸ ਮੌਕੇ ਕਲਗੀਧਰ ਪਬਲਿਕ ਸਕੂਲ ਭਿੱਖੀਵਿੰਡ ਦੀ ਪ੍ਰਿੰਸੀਪਲ ਮੈਡਮ ਮੁਕਤਾ ਤਰੇਹਨ ਨੇ ਜੇਤੂ ਖਿਡਾਰੀਆਂ ਨੂੰ ਵਧਾਈ ਦਿੱਤੀ ਅਤੇ ਸਕੂਲ ਦੇ ਵਿਦਿਆਰਥੀਆਂ ਨੂੰ ਭਵਿੱਖ 'ਚ ਵੀ ਇਸ ਤਰ੍ਹਾਂ ਸ਼ਾਨਦਾਰ ਪ੍ਰਦਰਸ਼ਨ ਕਰਨ ਦਾ ਸੁਨੇਹਾ ਦਿੱਤਾ।

# 10 ਅਕਤੂਬਰ ਤੱਕ ਮੰਗਾਂ ਪ੍ਰਵਾਨ ਨਾ ਹੋਣ 'ਤੇ ਟਾਂਡਾ ਰੇਲਵੇ ਟਰੈਕ ਕਰਾਂਗੇ ਜਾਮ : ਪਰਮਜੀਤ ਭੁੱਲਾ

**ਟਾਂਡਾ ਉੜਮੁੜ ( ਜਸਵਿੰਦਰ ਸੰਧੂ )**- ਕੋਰੋਨਾ ਕਾਲ ਦੌਰਾਨ ਰੱਦ ਕੀਤੀਆਂ ਟ੍ਰੇਨਾਂ ਨੂੰ ਬਹਾਲ ਕਰਨ ਅਤੇ ਮੇਲ ਟਰੇਨਾਂ ਦਾ ਟਾਂਡਾ ਵਿਖੇ ਸਟਾਪੇਜ ਨੂੰ ਯਕੀਨੀ ਬਣਾਉਣ ਲਈ ਬੀਤੀ 1 ਜੁਲਾਈ ਨੂੰ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਟਾਂਡਾ ਰੇਲਵੇ ਸਟੇਸ਼ਨ ਤੇ ਧਰਨਾ ਦਿੱਤਾ ਗਿਆ ਸੀ ਜਿਸਨੂੰ ਖਤਮ ਕਰਨ ਲਈ ਰੇਲਵੇ ਦੇ ਉੱਚ ਅਧਿਕਾਰੀਆਂ ਨੇ ਕਮੇਟੀ ਮੈਂਬਰਾਂ ਨੂੰ ਭਰੋਸਾ ਦਿੱਤਾ ਸੀ ਕਿ ਤੁਹਾਡੀਆਂ ਮੰਗਾਂ ਨੂੰ ਬਹੁਤ ਜਲਦ ਪ੍ਰਵਾਨ ਕਰ ਲਿਆ ਜਾਵੇਗਾ ਅਤੇ ਰੱਦ ਕੀਤੀਆਂ ਟ੍ਰੇਨਾਂ ਬਹਾਲ ਕਰ ਦਿੱਤੀਆਂ ਜਾਣਗੀਆਂ। ਪਰ ਅਜਿਹਾ ਨਾ ਹੋਣ ਤੇ ਰੋਸ ਵਜੋਂ ਕਿਸਾਨ ਮਜਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਪਰਮਜੀਤ ਸਿੰਘ ਭੁੱਲਾ ਆਪਣੇ ਸਾਥੀ ਕਿਸਾਨਾਂ ਨਾਲ ਅੱਜ ਟਾਂਡਾ ਰੇਲਵੇ ਸਟੇਸ਼ਨ ਤੇ ਪੁਤਲਾ ਫੂਕ ਪ੍ਰਦਰਸ਼ਨ ਕਰਨ ਪਹੁੰਚੇ ਤਾਂ ਉਥੇ ਪਹਿਲਾਂ ਤੋਂ ਹੀ ਹਾਜ਼ਰ ਰੇਲਵੇ ਪੁਲਿਸ ਪ੍ਰਸ਼ਾਸਨ ਅਧਿਕਾਰੀ ਬਲਵਿੰਦਰ ਸਿੰਘ, ਸਥਾਨਕ ਡੀ.ਐਸ.ਪੀ ਕੁਲਵੰਤ ਸਿੰਘ ਅਤੇ ਰੇਲਵੇ ਵਿਭਾਗ ਦੇ ਅਧਿਕਾਰੀ ਤੇਜ ਪਾਲ ਮੀਨਾ ਨੇ ਕਿਸਾਨਾਂ ਨੂੰ ਭਰੋਸਾ ਦਿੱਤਾ ਕਿ ਤੁਹਾਡੀਆਂ ਮੰਗਾਂ ਜਲਦ ਪ੍ਰਵਾਨ ਕਰ ਲਈਆਂ ਜਾਣਗੀਆਂ। ਅਜਿਹਾ ਭਰੋਸਾ ਮਿਲਣ 'ਤੇ ਕਿਸਾਨਾਂ ਨੇ ਪੁਤਲਾ ਫੂਕ ਪ੍ਰਦਰਸ਼ਨ ਰੱਦ ਕਰਦੇ ਹੋਏ ਰੇਲਵੇ ਅਧਿਕਾਰੀਆਂ ਨੂੰ ਇਕ ਮੰਗ ਪੱਤਰ ਦਿੱਤਾ।

ਇਸ ਮੌਕੇ ਪ੍ਰਧਾਨ ਪਰਮਜੀਤ ਸਿੰਘ ਭੁੱਲਾ ਨੇ ਕਿਹਾ ਕਿ ਕਿਸਾਨ ਮਜਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਰੇਲਵੇ ਉੱਚ ਅਧਿਕਾਰੀਆਂ ਨੂੰ ਕਈ ਵਾਰ ਅਪੀਲਾਂ ਕੀਤੀਆਂ ਜਾ ਚੁੱਕੀਆਂ ਸਨ ਕਿ ਇਲਾਕੇ ਦੇ ਲੋਕਾਂ ਨੂੰ ਦਰਪੇਸ਼ ਆ ਰਹੀਆਂ ਮੁਸ਼ਕਲਾਂ ਨੂੰ ਮੁੱਖ ਰੱਖਦੇ ਹੋਏ ਰੱਦ ਕੀਤੀਆਂ ਟ੍ਰੇਨਾਂ ਬਹਾਲ ਕੀਤੀਆਂ ਜਾਣ ਤਾਂ ਜੋ ਟਾਂਡਾ ਇਲਾਕਾ ਨਿਵਾਸੀਆਂ ਨੂੰ ਰਾਹਤ ਮਿਲ ਸਕੇ। ਉਨ੍ਹਾਂ ਕਿਹਾ ਕਿ ਰੇਲਵੇ ਅਧਿਕਾਰੀਆਂ ਦੀ ਟਾਲ ਮਟੋਲ ਨੀਤੀਆਂ ਦੇ ਰੋਸ ਵਜੋਂ ਸੰਘਰਸ਼ ਕਮੇਟੀ ਨੇ 23 ਸਤੰਬਰ ਨੂੰ ਟਾਂਡਾ ਰੇਲਵੇ ਸਟੇਸ਼ਨ ਤੇ ਪੁਤਲਾ ਫੂਕ ਪ੍ਰਦਰਸ਼ਨ ਕਰਨਾ ਸੀ, ਪਰ ਜਦ ਕਿਸਾਨਾਂ ਨੇ ਰੇਲਵੇ ਸਟੇਸ਼ਨ ਤੇ ਪਹੁੰਚ ਕੇ ਨਾਅਰੇਬਾਜ਼ੀ ਸ਼ੁਰੂ ਕੀਤੀ ਤਾਂ ਰੇਲਵੇ ਅਧਿਕਾਰੀਆਂ ਨੇ 15 ਦਿਨ ਵਿੱਚ ਟ੍ਰੇਨਾਂ ਬਹਾਲ ਕਰ ਦੇਣ ਦਾ ਭਰੋਸਾ ਦਿੱਤਾ ਜਿਸਨੂੰ ਕਿਸਾਨਾਂ ਨੇ ਪ੍ਰਵਾਨ ਕਰ ਲਿਆ। ਪਰਮਜੀਤ ਸਿੰਘ ਭੁੱਲਾ ਨੇ ਰੇਲਵੇ ਅਧਿਕਾਰੀਆਂ ਅਤੇ ਪੁਲਸ ਪ੍ਰਸ਼ਾਸਨ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ 10 ਅਕਤੂਬਰ ਤੱਕ ਸਾਡੀਆਂ ਮੰਗਾਂ ਪ੍ਰਵਾਨ ਨਾ ਹੋਈਆਂ ਤਾਂ ਕਿਸਾਨ ਮਜਦੂਰ ਸੰਘਰਸ ਕਮੇਟੀ ਯੂਨੀਅਨ ਦੀ ਹਾਈ ਕਮਾਨ ਦੇ ਧਿਆਨ 'ਚ ਲਿਆ ਕੇ ਟਾਂਡਾ ਰੇਲਵੇ ਟਰੈਕ ਤੇ ਜਾਮ ਲਗਾਏਗੀ, ਜਿਸਦੀ ਸਾਰੀ ਜ਼ਿੰਮੇਵਾਰੀ ਰੇਲਵੇ 'ਤੇ ਪੁਲਸ ਪ੍ਰਸ਼ਾਸਨ ਦੀ ਹੋਵੇਗੀ। ਇਸ ਮੌਕੇ ਤੇ ਜ਼ੋਨ ਪ੍ਰਧਾਨ ਜਗਦੀਪ ਗਿੱਲ, ਸੰਦੀਪ ਸਿੰਘ, ਰਾਜਵੀਰ ਸਿੰਘ, ਹਰਨਰਿੰਦਰ ਸਿੰਘ, ਲਖਵਿੰਦਰ ਸਿੰਘ ਸੇਠੀ, ਹਰਜੀਤ ਸਿੰਘ, ਐਮੀ ਬਾਜਵਾ, ਸਰਬਜੀਤ ਸਿੰਘ ਅਤੇ ਹੋਰ ਹਾਜ਼ਰ ਸਨ।

# ਪ੍ਰੀਤ ਸਿਟੀ ਹਾਊਸਿੰਗ ਸੁਸਾਇਟੀ ਦੇ ਵਸਨੀਕ ਬੁਨਿਆਦੀ ਸਹੂਲਤਾਂ ਤੋਂ ਸੱਖਣੇ

**ਮੋਹਾਲੀ (ਗੁਰਜੀਤ ਬਿੱਲਾ)** : ਪ੍ਰੀਤ ਸਿਟੀ ਹਾਊਸਿੰਗ ਸੁਸਾਇਟੀ, ਸੈਕਟਰ 86, ਮੋਹਾਲੀ ਦੇ ਵਸਨੀਕਾਂ ਕਰੋੜਾਂ ਰੁਪਏ ਜਮ੍ਹਾਂ ਕਰਵਾਕੇ ਲਏ ਪਲਾਟਾਂ ਵਿਚ ਰੈਣਾ ਬਸੇਰਾ ਬਣਾਉਣ ਦੇ ਬਾਵਜੂਦ ਵੀ ਮੁਢਲੀਆਂ ਸੁਵਿਧਾਵਾਂ ਤੋਂ ਸੱਖਣੇ ਰਹਿਕੇ ਨਰਕ ਵਰਗੀ ਜਿੰਦਗੀ ਜਿਊਣ ਲਈ ਮਜਬੂਰ ਹਨ। ਸਾਰੇ ਪ੍ਰਸ਼ਾਸਨਿਕ ਪੱਧਰ ਦੇ ਅਧਿਕਾਰੀਆਂ ਤੇ ਸਿਆਸੀ ਪਾਰਟੀਆਂ ਦੇ ਮੰਤਰੀਆਂ ਨੂੰ ਮਿਲਣ ਤੋਂ ਬਾਅਦ ਵੀ ਬਿਜਲੀ, ਪਾਣੀ ਨਹੀਂ ਮਿਲ ਰਿਹਾ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਅੱਜ ਮੋਹਾਲੀ ਪ੍ਰੈਸ ਕਲੱਬ ਵਿੱਚ ਪ੍ਰੀਤ ਸਿਟੀ ਹਾਊਸਿੰਗ ਸੁਸਾਇਟੀ, ਸੈਕਟਰ 86, ਮੋਹਾਲੀ ਦੇ ਪ੍ਰਧਾਨ ਦਲਜੀਤ ਸਿੰਘ ਅਤੇ ਜਨਰਲ ਸਕੱਤਰ ਸੰਜੇ ਗੁਪਤਾ ਨੇ ਪੱਤਰਕਾਰ ਸੰਮੇਲਨ ਦੌਰਾਨ ਕੀਤਾ।

ਦਲਜੀਤ ਸਿੰਘ ਨੇ ਦੱਸਿਆ ਕਿ ਸਰਕਾਰ ਵਲੋਂ ਪ੍ਰੀਤ ਸਿਟੀ ਹਾਊਸਿੰਗ ਸੁਸਾਇਟੀ, ਸੈਕਟਰ-86, ਐਸ.ਏ.ਐਸ. ਨਗਰ, ਮੋਹਾਲੀ ਨੂੰ ਸਾਲ 2005 ਵਿਚ ਮੈਗਾ ਪ੍ਰੋਜੈਕਟ ਲਈ ਪ੍ਰਵਾਨਗੀ ਦਿਤੀ ਗਈ ਸੀ। ਇਸ ਪ੍ਰਵਾਨਗੀ ਤੋਂ ਬਾਅਦ ਹੀ ਲਗਭਗ ਸਾਰੇ ਵਸਨੀਕਾਂ ਵੱਲੋਂ ਰਿਹਾਇਸ਼ੀ/ਕਮਰਸ਼ੀਅਲ ਪਲਾਟਾਂ ਦੀ ਖਰੀਦ ਕਰਕੇ ਰਜਿਸਟਰੀਆਂ ਵੀ ਕਰਵਾਈਆਂ ਗਈਆਂ ਹਨ ਅਤੇ ਡਿਵੈਲਪਰ ਵਲੋਂ ਮੰਗ ਕਰਨ ਤੇ ਬਣਦੀਆਂ ਅਦਾਇਗੀਆਂ ਵੀ ਕੀਤੀਆਂ ਗਈਆਂ। ਸਾਲ 2012 ਵਿਚ ਰਿਹਾਇਸੀ ਪਲਾਟਾਂ ਲਈ 3333 ਰੁਪਏ ਪ੍ਰਤੀ ਵਰਗ ਗਜ ਅਤੇ ਕਮਰਸੀਅਲ ਪਲਾਟਾਂ ਲਈ 7232 ਰੁਪਏ ਪ੍ਰਤੀ ਵਰਗ ਗਜ ਦੇ ਹਿਸਾਬ ਨਾਲ ਕਰੋੜਾਂ ਰੁਪਏ ਦੀ ਰਾਸ਼ੀ ਡਿਵੈਲਪਰ ਦੀ ਮੰਗ ਕਰਨ 'ਤੇ ਪਲਾਟਾਂ ਦੀ ਕੀਮਤ ਤੋਂ ਇਲਾਵਾ ਜਮ੍ਹਾਂ ਕਰਵਾਈ ਗਈ। ਸੰਜੇ ਗੁਪਤਾ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਕਮਰੀਸ਼ਿਅਲ ਪਲਾਟਾਂ ਲਈ 7200 ਸੌ ਰੁਪਏ ਪ੍ਰਤੀ ਗਜ ਅਤੇ ਰਿਹਾਇਸੀ ਪਲਾਟਾਂ ਦੀ 60-70 ਕਰੋੜ ਰੁਪਏ ਈ.ਡੀ.ਸੀ ਚਾਰਜ਼ ਦੇ ਜਮਾਂ ਕਰਵਾਏ ਗਏ ਹਨ। ਸੁਸਾਇਟੀ ਵਿੱਚ ਕੁਲ 1200 ਪਲਾਟ ਬਣੇ ਹੋਏ ਜਿਨ੍ਹਾਂ ਵਿਚੋਂ 250 ਤੋਂ ਵੱਧ ਮਕਾਨ ਬਿਜਲੀ ਦੇ ਕੁਨੈਕਸਨ ਨਹੀ ਦਿਤੇ ਜਾ ਰਹੇ। ਇਸ ਅਪਣੀ ਪੱਧਰ ਤੇ ਮੋਮਬੱਤੀਆਂ ਜਾਂ ਜਰਨੇਟਰਾਂ ਰਾਹੀ ਮਹਿਗੀ ਬਿਜਲੀ ਨਾਲ ਬੱਤਾ ਸਾਰ ਹਨ। ਉਨ੍ਹਾਂ ਦੱਸਿਆ ਕਿ ਬਿਜਲੀ ਵਿਭਾਗ ਦੇ ਅਧਿਕਾਰੀ ਅਤੇ ਡਿਵੈਲਪਰ ਆਪਸ ਵਿੱਚ ਮਿਲੇ ਹਨ। ਬਿਜਲੀ ਦਾ ਕੁਨੈਕਸ਼ਨ ਦੇਣ ਲਈ ਡਿਵੈਲਪਰ 30 ਹਜ਼ਾਰ ਤੋਂ ਲੈਕੇ 50 ਹਜ਼ਾਰ ਰੁਪਏ ਐਨ.ਓ.ਸੀ ਦੇਣ ਦੀ ਮੰਗ ਕਰ ਰਹੇ ਹਨ। ਸੁਸਾਇਟੀ ਦੀ ਮੈਂਬਰ ਰਾਜਵਿੰਦਰ ਕੌਰ ਨੇ ਭਾਵੁਕ ਹੋ ਕੇ ਕਿਹਾ ਕਿ ਉਹ ਬਿਲਕੁਲ ਹਨੇਰੇ ਵਿੱਚ ਰਹਿ ਰਹੀ ਹੈ ਲੱਖ ਰੁਪਏ ਜਮਾਂ ਕਰਵਾਕੇ ਵੀ ਨਰਕ ਵਰਗੀ ਜਿੰਦਗੀ ਜੀਊਣ ਲਈ ਮਜਬੂਰ ਹੈ। ਗਮਾਡਾ ਵੱਲੋਂ ਉਸ ਨੂੰ ਪਲਾਟ ਖਾਲੀ ਕਰਨ ਲਈ ਨੋਟਿਸ ਭੇਜ ਰਿਹਾ ਹੈ।

ਮੀਤ ਪ੍ਰਧਾਨ ਸਤਨਾਮ ਸਿੰਘ ਨੇ ਕਿਹਾ ਕਿ ਹਰੇਕ ਇਨਸਾਨ ਆਪਣੀ ਖੂਨ-ਪਸੀਨੇ ਦੀ ਕਮਾਈ ਦਾ ਇਕ-ਇਕ ਰੁਪਿਆ ਜੋੜ ਕੇ ਘਰ ਬਣਾਉਣ ਦਾ ਸੁਪਨਾ ਦੇਖਦਾ ਹੈ। ਅਜਿਹਾ ਹੀ ਮਾਮਲਾ ਦੇ ਵਸਨੀਕਾਂ ਨੇ ਇਸ ਸੁਸਾਇਟੀ ਵਿਚ ਫਲੈਟ ਖਰੀਦ ਕੇ ਪੂਰਾ ਕੀਤਾ, ਪਰ ਉਹਨਾਂ ਦਾ ਇਹ ਫੈਸਲਾ ਉਹਨਾਂ ਲਈ ਸਿਰਦਰਦੀ ਦਾ ਕਾਰਨ ਬਣ ਚੁੱਕਿਆ ਹੈ।

ਸਮੂਹ ਸੁਸਾਇਟੀ ਨਿਵਾਸੀ ਮਾਯੂਸੀ ਦੇ ਆਲਮ ਵਿਚ ਨਰਕ ਵਰਗੀ ਜ਼ਿੰਦਗੀ ਜਿਊਣ ਲਈ ਮਜ਼ਬੂਰ ਹਨ। ਉਨ੍ਹਾਂ ਐਲਾਨ ਕੀਤਾ ਕਿ ਉਹ ਅਧਿਕਾਰੀਆਂ ਤੇ ਮੰਤਰੀਆਂ ਨੂੰ ਮਿਲਕੇ ਅੱਕ ਚੁੱਕੇ ਹਨ ਜੇਕਰ ਉਨ੍ਹਾਂ ਦੀ ਕੋਈ ਸੁਣਵਾਈ ਨਾ ਹੋਈ ਤਾਂ ਉਹ ਲੋਕਲ ਐਮ.ਐਲ.ਏ ਦੇ ਘਰਾਂ ਦਾ ਘਿਰਾਓ ਕਰਨ ਲਈ ਮਜਬੂਰ ਹੋਵੇਗਾ। ਇਸ ਮੌਕੇ ਇੰਦਰਪਾਲ ਸਿੰਘ, ਮਲਕੀਤ ਸਿੰਘ, ਲਖਵਿੰਦਰ ਸਿੰਘ,ਹਰਜੀਤ ਸਿੰਘ, ਅਤੇ ਕੰਵਰ ਸਿੰਘ ਗਿੱਲ ਹਾਜ਼ਰ ਸਨ।

ਇਸ ਸਬੰਧੀ ਸੰਪਰਕ ਕਰਨ ਤੇ ਡਿਵੈਲਪਰ ਚਰਨ ਸਿੰਘ ਸੈਣੀ ਨੇ ਕਿਹਾ ਕਿ ਪਲਾਟਾਂ ਦੇ ਮਾਲਕ ਵਾਲੇ 70 ਫੀਸਦੀ ਡਿਫਾਲਟਰ ਹਨ ਜਦੋਂ ਤੱਕ ਪੂਰੀ ਅਦਾਇਗੀ ਜਮਾਂ ਨਹੀਂ ਕਰਵਾਈ ਜਾਂਦੀ ਉਦੋਂ ਤੱਕ ਸਾਰੀਆਂ ਸਹੂਲਤਾਂ ਨਹੀਂ ਮਿਲ ਸਕਦੀਆਂ। ਉਨ੍ਹਾਂ ਅੱਗੇ ਕਿਹਾ ਕਿ ਇਨ੍ਹਾਂ ਵਿਚੋਂ ਬਹੁਤਿਆਂ ਨੇ ਗਮਾਡਾ ਤੋਂ ਬਿਨਾਂ ਨਕਸ਼ਾ ਪਾਸ ਕਰਵਾਏ ਹੀ ਮਕਾਨ ਬਣਾ ਲਏ ਜਿਸ ਕਾਰਨ ਪਾਣੀ ਬਿਜਲੀ ਦੀ ਦੇ ਕੁਨੈਕਸ਼ਨ ਨਹੀਂ ਦਿਤੇ ਜਾ ਸਕਦੇ ।

## ਬੱਚਿਆਂ ਨੂੰ ਵਰਦੀਆਂ ਵੰਡੀਆਂ

**ਫਿਲੌਰ (ਨਿਰਮਲ)**-ਪਿੰਡ ਮੁਠੱਡਾ ਕਲਾਂ ਦੇ ਪ੍ਰਾਇਮਰੀ ਸਕੂਲ 'ਚ ਬੱਚਿਆਂ ਨੂੰ ਵਰਦੀਆਂ ਦੀ ਵੰਡ ਕੀਤੀ ਗਈ। ਵਰਦੀਆਂ ਵੰਡਣ ਦੀ ਰਸਮ ਰਾਮ ਲਾਲ ਚੰਦੜ੍ਹ ਨੇ ਕੀਤੀ। ਕੁਝ ਦਿਨ ਪਹਿਲਾਂ ਉਨ੍ਹਾਂ ਆਪਣੇ ਜਨਮ ਦਿਨ ਮੌਕੇ ਸਕੂਲ ਪਾਈ ਫੇਰੀ ਦੌਰਾਨ ਕੰਪਿਊਟਰ ਰੱਖਣ ਲਈ ਟੇਬਲ ਬਣਵਾ ਕੇ ਵੀ ਦਿੱਤੇ ਸਨ। ਸਕੂਲ 'ਚ ਆਯੋਜਿਤ ਸਾਦਾ ਸਮਾਗਮ ਮੌਕੇ ਓਮ ਪ੍ਰਕਾਸ਼, ਜਗਦੀਸ਼ ਚੰਦੜ੍ਹ, ਬਲਬੀਰ ਚੰਦ, ਮੋਹਨ ਲਾਲ, ਡਾ. ਸਰਬਜੀਤ ਮੁਠੱਡਾ, ਪੰਚ ਗੁਰਮੀਤ ਲਾਲ, ਡਾ. ਦੇਸ ਰਾਜ, ਅਵਤਾਰ ਰਾਮ, ਬੀਐਮਟੀ ਹਰਪ੍ਰੀਤ ਸਿੰਘ, ਮਾ. ਮਹਿੰਦਰ ਪਾਲ, ਹਰਪ੍ਰੀਤ ਸਿੰਘ, ਜੋਤੀ ਬਾਂਸਲ, ਵਿਸ਼ਾਲੀ, ਰਾਮਜੀ ਦਾਸ ਬੱਧਣ, ਰਜਨੀਸ ਅਗਰਵਾਲ ਆਦਿ ਉਚੇਚੇ ਤੌਰ 'ਤੇ ਹਾਜ਼ਰ ਸਨ।

## ਡਿਪਟੀ ਕਮਿਸ਼ਨਰ ਨੇ ਜੇਤੂਆਂ ਨੂੰ ਕੀਤਾ ਸਨਮਾਨਤ

**ਰੋਪੜ (ਬਿੰਦਰਾ )** ਖੇਡਾਂ ਵਤਨ ਪੰਜਾਬ ਦੀਆਂ ਤਹਿਤ ਚਲ ਰਹੇ ਜ਼ਿਲ੍ਹਾ ਪੱਧਰੀ ਮੁਕਾਬਲੇ ਨਹਿਰੂ ਸਟੇਡੀਅਮ ਰੋਪੜ ਵਿਖੇ ਕਰਵਾਏ ਸਮਾਪਤੀ ਸਮਾਰੋਹ ਨਾਲ ਸੰਪਨ ਹੋ ਗਏ। ਇਸ ਸਮਾਗਮ ਵਿੱਚ ਬਤੌਰ ਮੁੱਖ ਮਹਿਮਾਨ ਡਿਪਟੀ ਕਮਿਸ਼ਨਰ ਰੂਪਨਗਰ ਡਾ. ਪ੍ਰੀਤੀ ਯਾਦਵ ਨੇ ਸ਼ਿਰਕਤ ਕੀਤੀ ਅਤੇ ਖਿਡਾਰੀਆਂ ਦੀ ਹੌਂਸਲਾ ਅਫਜਾਈ ਕੀਤੀ। ਉਹਨਾਂ ਨੇ ਜੇਤੂਆਂ ਨੂੰ ਵਧਾਈ ਦਿੱਤੀ ਅਤੇ ਦੂਜਿਆਂ ਨੂੰ ਹੋਰ ਮਿਹਨਤ ਕਰਨ ਲਈ ਕਿਹਾ ਤਾਂ ਜੋ ਅਗਲੀਆਂ ਖੇਡਾਂ ਵਿੱਚ ਉਹ ਜੇਤੂ ਹੋਣ।

ਉਹਨਾਂ ਨੇ ਜੇਤੂਆਂ ਨੂੰ ਆਖਿਆ ਕਿ ਹੁਣ ਵਧੇਰੇ ਮਿਹਨਤ ਕਰਨ ਤਾਂ ਜੋ ਉਹ ਸੂਬਾ ਪੱਧਰੀ ਖੇਡਾਂ ਵਿਚ ਵੀ ਜਿੱਤ ਪ੍ਰਾਪਤ ਕਰਨ। ਉਹਨਾਂ ਆਖਿਆ ਕਿ ਖੇਡਾਂ ਵਤਨ ਪੰਜਾਬ ਦੀਆਂ ਪੰਜਾਬ ਸਰਕਾਰ ਦਾ ਵਧੀਆ ਉਪਰਾਲਾ ਹੈ ਜਿਸ ਰਾਹੀਂ ਖਿਡਾਰੀਆਂ ਨੂੰ ਅਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਨ ਦਾ ਮੌਕਾ ਮਿਲਿਆ ਹੈ। ਇਹ ਉਪਰਾਲਾ ਸੂਬੇ ਵਿੱਚ ਖੇਡ ਸਭਿਆਚਾਰ ਸਿਰਜਣ ਵਿਚ ਵੱਡਾ ਯੋਗਦਾਨ ਪਾਏਗਾ ਅਤੇ ਪੰਜਾਬੀ ਗੱਭਰੂ ਨਸ਼ਿਆਂ ਵੱਲ ਜਾਣ ਦੀ ਬਜਾਏ ਖੇਡ ਮੈਦਾਨ ਵਲ ਆਉਣਗੇ। ਇਸ ਮੌਕੇ ਹੈਲਦੀ ਬੇਬੀ, ਹੈਲਦੀ ਮੱਦਰ ਮੁਕਾਬਲਾ ਕਰਵਾਇਆ ਗਿਆ ਤੇ ਜੇਤੂਆਂ ਨੂੰ ਡਿਪਟੀ ਕਮਿਸ਼ਨਰ ਵੱਲੋਂ ਸਨਮਾਨਤ ਕੀਤਾ ਗਿਆ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ( ਵਿਕਾਸ) ਦਮਨਜੀਤ ਸਿੰਘ ਮਾਨ,ਐਸ ਡੀ ਐਮ ਰੋਪੜ ਹਰਬੰਸ ਸਿੰਘ, ਹਰਜੋਤ ਕੌਰ ਪੀ ਸੀ ਐਸ, ਅਰਵਿੰਦਰ ਪਾਲ ਸਿੰਘ ਸੋਮਲ, ਜ਼ਿਲ੍ਹਾ ਖੇਡ ਅਫਸਰ ਰੁਪੇਸ ਕੁਮਾਰ, ਮੀਡੀਆ ਕੋਆਰਡੀਨੇਟਰ ਮਨਜਿੰਦਰ ਸਿੰਘ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ, ਕੋਚ ਅਤੇ ਖੇਡ ਪ੍ਰੇਮੀ ਹਾਜਰ ਸਨ।

## 'ਰਾਸ਼ਟਰੀ ਅਪ੍ਰੈਂਟਿਸ਼ਿਪ ਪ੍ਰਮੋਸ਼ਨ ਸਕੀਮ' ਤਹਿਤ ਜਾਗਰੂਕਤਾ ਵਰਕਸ਼ਾਪ

**ਹੁਸ਼ਿਆਰਪੁਰ, (ਓ ਪੀ ਰਾਣਾ)** ਪੰਜਾਬ ਹੁਨਰ ਵਿਕਾਸ ਮਿਸ਼ਨ ਵੱਲੋਂ ਅਪ੍ਰੈਂਟਿਸ਼ਪ ਪ੍ਰੋਗਰਾਮ ਤਹਿਤ ਇੰਡਸਟਰੀ ਦੀ ਭਾਗੀਦਾਰੀ ਯਕੀਨੀ ਬਣਾਉਣ ਲਈ ਰਾਸ਼ਟਰੀ ਅਪ੍ਰੈਂਟਿਸ਼ਿਪ ਪ੍ਰਮੋਸ਼ਨ ਸਕੀਮ ਸਬੰਧੀ ਵਿਸ਼ੇਸ਼ ਜਾਗਰੂਕਤਾ ਵਰਕਸ਼ਾਪ ਕਰਵਾਈ ਗਈ, ਜਿਸ ਵਿੱਚ ਉਦਯੋਗਿਕ ਇਕਾਈਆਂ ਦੇ ਨੁਮਾਇੰਦਿਆਂ ਅਤੇ ਟ੍ਰੇਨਿੰਗ ਪਾਰਟਨਰਾਂ ਨੇ ਹਿੱਸਾ ਲਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਧੀਕ ਡਿਪਟੀ ਕਮਿਸ਼ਨਰ। (ਵਿਕਾਸ) ਦਰਬਾਰਾ ਸਿੰਘ ਨੇ ਦੱਸਿਆ ਕਿ ਇਸ ਵਰਕਸ਼ਾਪ ਵਿੱਚ ਉਦਯੋਗਿਕ ਇਕਾਈਆਂ ਦੇ ਨੁਮਾਇੰਦਿਆਂ ਨੂੰ ਅਪ੍ਰੈਂਟਿਸ਼ਪ ਸਕੀਮ ਦੇ ਫਾਇਦਿਆਂ ਸਬੰਧੀ ਜਾਗਰੂਕ ਕੀਤਾ ਗਿਆ। ਵਰਕਸ਼ਾਪ ਦੌਰਾਨ ਪੰਜਾਬ ਹੁਨਰ ਵਿਕਾਸ ਮਿਸ਼ਨ ਵੱਲੋਂ ਮਹਿੰਦਰ ਸਿੰਘ ਰਾਣਾ ਨੇ ਇਸ ਸਕੀਮ ਸਬੰਧੀ ਸੰਖੇਪ ਜਾਣਕਾਰੀ ਦਿੱਤੀ ਅਤੇ ਕਾਰੋਬਾਰੀਆਂ ਨੂੰ ਇਸ ਸਕੀਮ ਅਧੀਨ ਪੋਰਟਲ 'ਤੇ ਰਜਿਸਟ੍ਰੇਸ਼ਨ ਕਰਨ ਲਈ ਵੀ ਦੱਸਿਆ। ਇਸ ਮੌਕੇ ਸੀਨੀਅਰ ਸਹਾਇਕ ਭੂਸ਼ਨ ਕੁਮਾਰ ਸ਼ਰਮਾ, ਪੰਜਾਬ ਹੁਨਰ ਵਿਕਾਸ ਮਿਸ਼ਨ ਤੋਂ ਮਹਿੰਦਰ ਸਿੰਘ ਰਾਣਾ ਫੀਲਡ ਮਿਸ਼ਨ ਮੈਨਜਰ, ਪਲੇਸਮੈਂਟ ਇੰਚਾਰਜ ਰਮਨ ਭਾਰਤੀ ਅਤੇ ਮੋਬਲਾਇਜ਼ਰ ਸੁਨੀਲ ਕੁਮਾਰ, ਜ਼ਿਲ੍ਹਾ ਉਦਯੋਗ ਕੇਂਦਰ ਤੋਂ ਅਰੁਣ ਕੁਮਾਰ ਜਨਰਲ ਮੈਨੇਜਰ ਇੰਡਸਟਰੀ ਸੈਲ ਅਤੇ ਜ਼ਿਲ੍ਹਾ ਕੁਆਡੀਨੇਟਰ ਦਲਬੀਰ ਸਿੰਘ, ਸੰਜੀਵ ਕੁਮਾਰ ਅਤੇ ਇੰਡਸਟਰੀਆਂ ਦੇ ਨੁਮਾਇੰਦੇ ਹਾਜ਼ਰ ਸਨ।

## ਹਿਮਾਂਸ਼ੂ ਤੇ ਚੇਤਨ ਭਾਟੀਆ ਸਟੇਟ ਪੱਧਰੀ ਟੀਮ ਲਈ ਚੁਣੇ ਗਏ

**ਕਾਠਗੜ੍ਹ (ਜਤਿੰਦਰ ਪਾਲ ਸਿੰਘ ਕਲੇਰ)** -ਪੰਜਾਬ ਖੇਡ ਮੇਲਾ 2022 ਦੌਰਾਨ ਨੌਰਵੁਡ ਸਕੂਲ ਚਾਹਲ ਦੀ ਵਾਲੀਬਾਲ ਟੀਮ ਨੇ ਬਲਾਕ ਪੱਧਰ ਅਤੇ ਜ਼ਿਲ੍ਹਾ ਪੱਧਰ 'ਤੇ ਹੋਏ ਮੁਕਾਬਲਿਆਂ ਵਿਚ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ। ਸੜੋਏ ਦੀ ਟੀਮ ਨੂੰ ਹਰਾ ਕੇ ਸਕੂਲ ਨੇ ਟਰਾਫੀ ਆਪਣੇ ਨਾਂਅ ਕੀਤੀ। ਸਕੂਲ ਦੇ ਦੋ ਬੱਚੇ ਹਿਮਾਂਸ਼ੂ ਅਤੇ ਚੇਤਨ ਭਾਟੀਆ ਸਟੇਟ ਪੱਧਰੀ ਟੀਮ ਲਈ ਚੁਣੇ ਗਏ।

## 30 ਤੱਕ ਪ੍ਰਾਪਰਟੀ ਟੈਕਸ ਜਮ੍ਹਾਂ ਕਰਵਾਉਣ 'ਤੇ ਮਿਲੇਗੀ 10 ਫੀਸਦੀ ਛੋਟ

**ਫਗਵਾੜਾ ( ਜਸਵਿੰਦਰ ਢੱਡਾ)** ਸਥਾਨਕ ਸਰਕਾਰਾ ਵਿਭਾਗ ਪੰਜਾਬ ਵਲੋਂ 30 ਸਤੰਬਰ 2022 ਤੱਕ ਚਾਲੂ ਸਾਲ 2022-23 ਦਾ ਪ੍ਰਾਪਰਟੀ ਟੈਕਸ ਜਮਾਂ ਕਰਵਾਉਣ ਤੇ 10 ਪ੍ਰਤੀਸਤ ਦੀ ਛੋਟ ਦਿਤੀ ਜਾ ਰਹੀ ਹੈ। ਜਿਸ ਤਹਿਤ ਕਮਿਸਨਰ ਨਗਰ ਨਿਗਮ ਫਗਵਾੜਾ ਡਾ.ਨਯਨ ਜੱਸਲ ਨੇ ਦੱਸਿਆ ਕਿ 24 ਸਤੰਬਰ 2022 ਦਿਨ ਸਨੀਵਾਰ ਅਤੇ 26ਸਤੰਬਰ 2022 ਦਿਨ ਸੋਮਵਾਰ ਨੂੰ ਪ੍ਰਾਪਰਟੀ ਟੈਕਸ ਸਾਖਾ ਟੈਕਸ ਦੀ ਕੁਲੈਕਸਨ ਲਈ ਆਮ ਦਿਨਾਂ ਵਾਂਗ ਖੁੱਲ੍ਹੀ ਰਹੇਗੀ ਉਨ੍ਹਾਂ ਸਹਿਰ ਵਾਸੀ ਨੂੰ ਅਪੀਲ ਕੀਤੀ ਕਿ ਪ੍ਰਾਪਰਟੀ ਟੈਕਸ mseva.lgpunjab.gov.inਤੇ ਵੀ ਆਨਲਾਇਨ ਜਮਾਂ ਕਰਵਾ ਸਕਦੇ ਹਨ। ਉਨ੍ਹਾਂ ਕਿਹਾ ਕਿ ਜੇਕਰ ਸਮੇਂ ਸਿਰ ਟੈਕਸ ਜਮਾਂ ਨਾ ਕਰਵਾਇਆ ਤਾਂ ਸਾਲਾਨਾ 20 ਪ੍ਰਤੀਸਤ ਜੁਮਾਨਾ ਅਤੇ ਸਲਾਨਾ 18 ਪ੍ਰਤੀਸਤ ਵਿਆਜ ਲੱਗਣ ਤੋਂ ਬਚਣ ਦੇ ਲਈ 30 ਸਤੰਬਰ ਤੱਕ ਆਪਣਾ ਪ੍ਰਾਪਰਟੀ ਟੈਕਸ ਜਮ੍ਹਾਂ ਕਰਵਾਉਣਾ ਯਕੀਨੀ ਬਣਾਉਣ।

# ਅਟਵਾਲ ਨੂੰ ਧਾਰਮਿਕ ਤੇ ਸਿਆਸੀ ਆਗੂਆਂ ਵੱਲੋਂ ਭਾਵਭਿੰਨੀ ਸ਼ਰਧਾਂਜਲੀ

**ਆਦਮਪੁਰ ( ਪਰਮਜੀਤ ਸਿੰਘ)** : ਇਕਬਾਲ ਸਿੰਘ ਅਟਵਾਲ ਸੇਵਾ ਮੁਕਤ ਵਾਰੰਟ ਅਫਸਰ (ਯੂਐਸਏ) ਜੋ ਬੀਤੇ ਦਿਨੀ ਅਕਾਲ ਚਲਾਣਾ ਕਰ ਗੁਰੂ ਚਰਨਾਂ 'ਚ ਜਾ ਵਿਰਾਜੇ ਸਨ ਉਨ੍ਹਾਂ ਦੀ ਅੰਤਿਮ ਅਰਦਾਸ ਆਦਮਪੁਰ ਦੇ ਆਦਮਪੁਰ ਦੇ ਪਿੰਡ ਕਡਿਆਣਾ ਦੇ ਗੁਰਦੁਆਰਾ ਸਿੰਘ ਸਭਾ ਵਿਖੇ ਕਰਵਾਈ ਗਈ। ਇਸ ਮੌਕੇਇਕਬਾਲ ਸਿੰਘ ਅਟਵਾਲ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਸ਼੍ਰੀ ਸਹਿਜ ਪਾਠ ਦੇ ਭੋਗ ਪਾਏ ਗਏ। ਉਪਰੰਤ ਭਾਈ ਹਰਭਜਨ ਸਿੰਘ ਸੋਤਲਾ ਦੇ ਕੀਰਤਨੀ ਜੱਥੇ ਨੇ ਵੈਰਾਗਮਈ ਕੀਰਤਨ ਕੀਤਾ। ਸਮਾਰੋਹ ਦੌਰਾਨ ਇਕਬਾਲ ਸਿੰਘ ਅਟਵਾਲ ਨੂੰ ਸਾਬਕਾ ਵਿਧਾਇਕ ਪਵਨ ਕੁਮਾਰ ਟੀਨੂੰ, ਐਡਵੋਕੇਟ ਬਲਵਿੰਦਰ ਕੁਮਾਰ ਜਨਰਲ ਸਕੱਤਰ ਬਸਪਾ ਪੰਜਾਬ, ਹਰਨਾਮ ਸਿੰਘ ਅਲਾਵਲਪੁਰ, ਧਰਮਪਾਲ ਲੇਸੜੀਵਾਲ ਦੋਵੇ ਸੀਨੀਅਰ ਅਕਾਲੀ ਆਗੂ, ਸੁਰਿੰਦਰ ਸਿੰਘ ਚਾਹਲ ਨਿਜਾਮਦੀਨਪੁਰ ਮੈਂਬਰ ਬਲਾਕ ਸੰਮਤੀ, ਗੁਰਮਿੰਦਰ ਸਿੰਘ ਕਿਸ਼ਨਪੁਰ ਸੀਨੀਅਰ ਅਕਾਲੀ ਆਗੂ, ਹਰਕੀਤ ਸਿੰਘ ਨਿੱਝਰ ਭੇਲਾ ਸੀਨੀਅਰ ਯੂਥ ਅਕਾਲੀ ਆਗੂ, ਨੰਬਰਦਾਰ ਦਵਿੰਦਰ ਸਿੰਘ ਸਾਰੋਬਾਦ, ਲਖਵੀਰ ਸਿੰਘ ਸਰਪੰਚ ਸਾਰੋਬਾਦ, ਜਥੇਦਾਰ ਬਲਵਿੰਦਰ ਸਿੰਘ ਕਾਲਰਾ, ਜਥੇਦਾਰ ਤਰਸੇਮ ਸਿੰਘ ਕੋਟਲੀ, ਜਸਪਾਲ ਸਿੰਘ ਅਧਕਾਰਿਤ ਸਰਪੰਚ ਚੋਮੋ, ਪਰਜਿੰਦਰ ਸਿੰਘ ਭੇਲਾ ਯੂਥ ਅਕਾਲੀ ਆਗੂ, ਬਲਬੀਰ ਸਿੰਘ ਢਿੱਲੋਂ ਪ੍ਰਧਾਨ ਟਰੱਕ ਯੂਨਿਅਨ ਭੋਗਪੁਰ , ਜਸਵਾਲ ਸਿੰਘ ਜੱਸਾ ਸੰਘਵਾਲ ਤੇ ਹੋਰ ਵੱਖ ਵੱਖ ਪਾਰਟੀਆਂ ਦੇ ਆਗੂਆਂ ਨੇ ਸ਼ਿਰਕਤ ਕਰ ਸ਼ਰਧਾਜਲੀ ਦਿੱਤੀ। ਇਕਬਾਲ ਸਿੰਘ ਅਟਵਾਲ ਦੇ ਪੁੱਤਰ ਮਨਜਿੰਦਰ ਸਿੰਘ ਡਿੰਪੀ ਅਟਵਾਲ ਨਾਲ ਦੁੱਖ ਸਾਂਝਾ ਕੀਤਾ। ਇਸ ਮੌਕੇ ਦਲਬੀਰ ਸਿੰਘ ਅਲਾਵਲਪੁਰ, ਜਥੇਦਾਰ ਪਿਆਰਾ ਸਿੰਘ ਕੋਟਲਾ, ਹਰਮੇਲ ਸਿੰਘ ਮੱਲੀ ਨੰਗਲ, ਪ੍ਰਗਟ ਸਿੰਘ ਮੱਲੀ ਨੰਗਲ, ਜਗਜੀਤ ਸਿੰਘ ਕੋਟਲਾ, ਬਲਦੇਵ ਸਿੰਘ ਸਫ਼ੀਪੁਰ, ਮਹਿੰਦਰ ਸਿੰਘ ਮਾਹੀ, ਪ੍ਰਿਤਪਾਲ ਸਿੰਘ ਧਾਮੀ, ਸੁਖਵਿੰਦਰ ਸਿੰਘ ਸੁੱਖੀ ਨਾਜ਼ਕਾ, ਹਰਜੋਤ ਸਿੰਘ ਸਰਪੰਚ ਕਡਿਆਣਾ, ਅਨੂਪ ਸਿੰਘ ਨੂਪੀ ਤੇ ਹੋਰ ਵੱਖ ਵੱਖ ਪਾਰਟੀਆਂ ਦੇ ਆਗੂ ਹਾਜ਼ਰ ਸਨ।

# ਪੰਜਾਬ ਸਰਕਾਰ ਦੀ ਨਲਾਇਕੀ ਕਰਕੇ ਸੰਵਿਧਾਨਕ ਸੰਕਟ ਖੜ੍ਹਾ ਹੋਇਆ : ਚੰਦੂਮਾਜਰਾ

**ਬਲਾਚੌਰ (ਜਤਿੰਦਰ ਪਾਲ ਸਿੰਘ ਕਲੇਰ )**

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਲੀਡਰ ਅਤੇ ਸਾਬਕਾ ਮੈਂਬਰ ਪਾਰਲੀਮੈਂਟ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਰਾਜਪਾਲ ਵੱਲੋਂ ਪੰਜਾਬ ਵਿਧਾਨ ਸਭਾ ਦੇ ਰੱਦ ਕੀਤੇ ਸੈਸ਼ਨ ਨੂੰ ਸੂਬਾ ਸਰਕਾਰ ਲਈ ਵੱਡੀ ਚੁਣੌਤੀ ਦੱਸਿਆ। ਉਨ੍ਹਾਂ ਆਖਿਆ ਕਿ ਆਪ ਸਰਕਾਰ ਦੀਆਂ ਨਲਾਇਕੀਆਂ ਕਰਕੇ ਸੂਬੇ ਅੰਦਰ ਸੰਵਿਧਾਨਿਕ ਸੰਕਟ ਖੜ੍ਹਾ ਹੋਇਆ ਹੈ। ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਦੁਆਰਾ ਭਰੋਸੇ ਦਾ ਵੋਟ ਹਾਸਿਲ ਕਰਨ ਲਈ ਸੱਦੇ ਵਿਧਾਨ ਸਭਾ ਇਜਲਾਸ ਨੂੰ ਗੈਰਵਾਜਬ ਦੱਸਦਿਆਂ ਆਖਿਆ ਕਿ ਇਹ ਸੈਸ਼ਨ ਸੰਵਿਧਾਨ ਦੀਆਂ ਵਿਧਾਨਿਕ ਨੀਤੀਆਂ ਦੀ ਉਲੰਘਣਾ ਸੀ। ਜਿਸ ਕਰਕੇ ਰਾਜਪਾਲ ਨੂੰ ਅਜਿਹਾ ਕਦਮ ਚੁੱਕਣ ਲਈ ਮਜਬੂਰ ਹੋਣਾ ਪਿਆ । ਇਸ ਸਮੇਂ ਪ੍ਰੋ. ਚੰਦੂਮਾਜਰਾ ਨੇ ਆਖਿਆ ਕਿ ਮੁੱਖ ਮੰਤਰੀ ਮਾਨ ਦੀ ਬੇਸਮਝੀ ਅਤੇ ਨਲਾਇਕੀ ਕਰਕੇ ਪੰਜਾਬ ਦੇ ਹਾਲਾਤ ਦਿਨ-ਪ੍ਰਤੀਦਿਨ ਹੱਥੋਂਹੀਣੇ ਬਣਦੇ ਨਜ਼ਰ ਆ ਰਹੇ ਹਨ। ਉਨ੍ਹਾਂ ਅਫ਼ਸੋਸ ਜ਼ਾਹਿਰ ਕਰਦਿਆਂ ਕਿਹਾ ਕਿ ਆਪ ਸਰਕਾਰ ਦੇ ਹੋਛੇਪਣ ਕਰਕੇ ਰਾਜਪਾਲ ਵੱਲੋਂ ਲੋਕਤੰਤਰਿਕ ਢਾਂਚੇ ਰਾਹੀ ਚੁਣੀ ਸਰਕਾਰ ਦੁਆਰਾ ਬੁਲਾਏ ਸੈਸ਼ਨ ਨੂੰ ਰੱਦ ਕਰਨਾ ਸੂਬਿਆਂ ਲਈ ਨਵੀਂ ਚੁਣੌਤੀ ਖੜ੍ਹੀ ਕਰੇਗਾ। ਅਕਾਲੀ ਲੀਡਰ ਨੇ ਕਿਹਾ ਕਿ ਆਪ ਸਰਕਾਰ ਦੀਆਂ ਨਲਾਇਕੀਆਂ ਅਤੇ ਕਮਜ਼ੋਰੀਆਂ ਅਜਿਹੀਆਂ ਨਵੀਆਂ ਪਿਰਤਾਂ ਨੂੰ ਜਨਮ ਦੇ ਰਹੀ ਹੈ, ਜੋ ਸੂਬੇ ਦੇ ਜਮਹੂਰੀ ਢਾਂਚੇ ਲਈ ਖ਼ਤਰੇ ਦੀ ਘੰਟੀ ਹੈ। ਪ੍ਰੋ. ਚੰਦੂਮਾਜਰਾ ਨੇ ਆਖਿਆ ਕਿ ਆਪ ਸਰਕਾਰ ਨੂੰ ਭਰੋਸੇ ਦਾ ਵੋਟ ਹਾਸਿਲ ਕਰਨ ਦੀ ਥਾਂ ਸਕਰਾਤਮਕ ਰਵੱਈਆ ਅਖਤਿਆਰ ਕਰਦਿਆਂ ਸੂਬੇ ਦੇ ਭਖ਼ਦੇ ਮੁੱਦਿਆਂ ਦੀ ਚਰਚਾ ਕਰਨ ਅਤੇ ਉਸਾਰੂ ਕੰਮਾਂ ਲਈ ਵਿਧਾਨ ਸਭਾ ਦਾ ਵਿਸ਼ੇਸ ਸੈਸ਼ਨ ਸੱਦਣਾ ਦੀ ਲੋੜ ਹੈ। ਜਿਸ ਵਿੱਚ ਸ਼੍ਰੋਮਣੀ ਅਕਾਲੀ ਦਲ ਸੰਪੂਰਨ ਸਹਿਯੋਗ ਦੇਵੇਗਾ। ਇਸ ਸਮੇਂ ਪ੍ਰੋ. ਚੰਦੂਮਾਜਰਾ ਨੇ ਆਖਿਆ ਕਿ ਪਿਛਲੇ ਦਿਨੀਂ ਰਾਜਪਾਲ ਵੱਲੋਂ ਪੰਜਾਬ ਦੇ ਸਰਹੱਦੀ ਖੇਤਰ ਦਾ ਦੌਰਾ ਕਰਨ ਸਮੇਂ ਸੂਬੇ ਅੰਦਰ ਵੱਧ ਰਹੇ ਨਸ਼ਿਆਂ ਦੇ ਕਾਰੋਬਾਰ ਅਤੇ ਪੁਲਸ ਦੀ ਮਿਲੀਭੁਗਤ ਦੇ ਲਗਾਏ ਦੋਸ਼ਾਂ ਨੇ ਆਪ ਸਰਕਾਰ ਨੂੰ ਲੋਕ ਕਟਹਿਰੇ 'ਚ ਖੜ੍ਹਾ ਕੀਤਾ। ਪ੍ਰੋ. ਚੰਦੂਮਾਜਰਾ ਨੇ ਕਿਹਾ ਕਿ ਆਪ ਸਰਕਾਰ ਦੇ ਰਾਜ ਅੰਦਰ ਨਸ਼ਿਆਂ ਅਤੇ ਨਜਾਇਜ਼ ਮਾਈਨਿੰਗ ਦਾ ਕਾਰੋਬਾਰ ਦੁੱਗਣਾ ਹੋਇਆ ਜੋ ਪੰਜਾਬੀਆਂ ਲਈ ਗੰਭੀਰ ਚਿੰਤਾ ਦਾ ਮੁੱਦਾ ਹੈ।

# ਐੱਲ ਪੀ ਯੂ ਦੇ ਵਿਦਿਆਰਥੀਆਂ ਤੇ ਸਟਾਫ ਨੇ ਜਾਣੀ ਅਵਚੇਤਨ ਦੀ ਸ਼ਕਤੀ

**ਜਲੰਧਰ: (ਸ਼ੈਲੀ ਐਲਬਰਟ)** ਲਵਲੀ ਪ੍ਰੋਫੈਸਨਲ ਯੂਨੀਵਰਸਿਟੀ (ਐੱਲ. ਪੀ. ਯੂ.) ਦੇ ਵਿਦਿਆਰਥੀਆਂ ਅਤੇ ਸਟਾਫ ਮੈਂਬਰਾਂ ਨੇ ਸਕਾਰਾਤਮਕ ਨਤੀਜਿਆਂ ਲਈ ਅਵਚੇਤਨ ਦੀ ਮਹਾਨ ਇਲਾਜ ਅਤੇ ਢਾਲਣ ਦੀ ਸਕਤੀ ਨੂੰ ਉਜਾਗਰ ਕਰਨ ਦੀ ਕਲਾ ਸਿੱਖੀ। ਇਸ ਮੌਕੇ 'ਸਮਾਈਲਸ' ਗਲੋਬ ਓਵਰ ਦੀ ਸੰਸਥਾਪਕ 'ਲਾਈਫ ਕੋਚ' ਮੋਨਿਕਾ ਸਿੰਘਲ ਦੁਆਰਾ ਮਾਰਗਦਰਸ਼ਨ ਸੈਸ਼ਨ ਦਾ ਆਯੋਜਨ ਕੀਤਾ ਗਿਆ ਸੀ। ਸ੍ਰੀਮਤੀ ਸਿੰਘਲ ਨੇ ਵਿਦਿਆਰਥੀਆਂ ਅਤੇ ਸਟਾਫ ਮੈਂਬਰਾਂ ਨੂੰ ਪੂਰੀ ਸਰਗਰਮੀ ਨਾਲ ਸ਼ਮੂਲੀਅਤ ਕਰਕੇ ਆਪਣੀਆਂ ਸਿੱਖਿਆਵਾਂ ਨੂੰ ਅਮਲੀ ਰੂਪ ਵਿੱਚ ਸਮਝਾਇਆ। ਉਨ੍ਹਾਂ ਇਹ ਸਭ ਸਿਖਾਇਆ ਕਿ ਸਕਾਰਾਤਮਕ ਸੋਚ ਹਮੇਸ਼ਾ ਕੰਮ ਕਰਦੀ ਹੈ ਅਤੇ ਸਾਨੂੰ ਵਿਭਿੰਨ ਬਿਮਾਰੀਆਂ ਦੇ ਹਾਲਾਤਾਂ ਵਿੱਚ ਜੀਵਨ ਵਿੱਚ ਬਿਹਤਰੀ ਕਿਵੇਂ ਕਰਨੀ ਹੈ ਲਈ ਵੀ ਸਿਖਾਉਂਦੀ ਹੈ।

ਐਲਪੀਯੂ ਦੀ ਪ੍ਰੋ ਚਾਂਸਲਰ ਸ੍ਰੀਮਤੀ ਰਸਮੀ ਮਿੱਤਲ ਨੇ ਪ੍ਰੋਗਰਾਮ ਦੀ ਮੇਜਬਾਨ ਸ੍ਰੀਮਤੀ ਮੋਨਿਕਾ ਸਿੰਘਲ ਅਤੇ ਉਨ੍ਹਾਂ ਦੀ ਟੀਮ ਦਾ ਕੈਂਪਸ ਪਹੁੰਚਣ 'ਤੇ ਸਵਾਗਤ ਕੀਤਾ। ਐਲਪੀਯੂ ਦੇ ਉਪ ਪ੍ਰਧਾਨ ਡਾ: ਅਮਨ ਮਿੱਤਲ ਨੇ ਵੀ ਫਲਦਾਇਕ ਧਿਆਨ ਸੈਸ਼ਨਾਂ ਦਾ ਆਨੰਦ ਮਾਣਿਆ ।

ਸ੍ਰੀਮਤੀ ਸਿੰਘਲ ਨੇ ਕਿਹਾ ਕਿ "ਅਸੀਂ ਅਧਿਆਤਮਿਕ ਅਨੁਭਵ ਵਾਲੇ ਮਨੁੱਖ ਨਹੀਂ ਹਾਂ; ਅਸੀਂ ਮਨੁੱਖੀ ਅਨੁਭਵ ਵਾਲੇ ਅਧਿਆਤਮਿਕ ਜੀਵ ਹਾਂ।" ਉਸਨੇ ਇਹ ਵੀ ਸਭ ਨੂੰ ਯਾਦ ਰੱਖਣ ਲਈ ਕਿਹਾ ਕਿ ਇਸ ਸੰਸਾਰ ਵਿੱਚ ਕੋਈ ਵੀ ਗਲਤ ਨਹੀਂ ਹੈ, ਸਾਰੇ ਆਪਣੇ ਆਪ 'ਚ ਵਿਲੱਖਣ ਹਨ। ਫਰਕ ਸਿਰਫ ਗੱਲਾਂ ਨੂੰ ਦੇਖਣ ਲਈ ਸੋਚਾਂ ਵਿੱਚ ਹੈ। ਉਨ੍ਹਾ ਕਿਹਾ ਪ੍ਰੋਗਰਾਮਾਂ ਦੇ ਵਿਚਕਾਰ ਅਜਿਹੇ ਸੈਸ਼ਨ ਵਿਦਿਆਰਥੀਆਂ ਦੇ ਅਧਿਆਤਮਿਕ ਵਿਕਾਸ ਲਈ ਉਨ੍ਹਾਂ ਦੀ ਭਰਪੂਰ ਤਰੱਕੀ ਲਈ ਬੇਹੱਦ ਜ਼ਰੂਰੀ ਹਨ।

## ਪਲੇਸਮੈਂਟ ਕੈਂਪ 'ਚ 37 ਉਮੀਦਵਾਰਾਂ ਦੀ ਰੋਜ਼ਗਾਰ ਲਈ ਚੋਣ

**ਜਲੰਧਰ, (ਸੁਰਿੰਦਰ ਕੁਮਾਰ)** ਸਥਾਨਕ ਜਲੰਧਰ ਵਿੱਚ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ (ਡੀ.ਬੀ.ਈ.ਈ.), ਜਲੰਧਰ ਵੱਲੋਂ ਆਪਣੇ ਦਫਤਰ ਵਿਖੇ ਪਲੇਸਮੈਂਟ ਕੈਂਪ ਲਗਾਇਆ ਗਿਆ, ਜਿਸ ਵਿੱਚ 37 ਉਮੀਦਵਾਰਾਂ ਦੀ ਮੌਕੇ 'ਤੇ ਰੋਜ਼ਗਾਰ ਲਈ ਚੋਣ ਕੀਤੀ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਤੇ ਸਿਖਲਾਈ ਅਫਸਰ ਰਣਜੀਤ ਕੌਰ ਨੇ ਦੱਸਿਆ ਕਿ ਪਲੇਸਮੈਂਟ ਕੈਂਪ ਵਿੱਚ ਐਲ.ਆਈ.ਸੀ. ਅਤੇ ਸਟਾਰ ਹੈਲਥ ਇੰਸ਼ੋਰੈਂਸ ਕੰਪਨੀਆਂ ਵੱਲੋਂ ਸ਼ਿਰਕਤ ਕੀਤੀ ਗਈ ਅਤੇ 59 ਉਮੀਦਵਾਰਾਂ ਨੇ ਭਾਗ ਲਿਆ, ਜਿਨ੍ਹਾਂ ਵਿੱਚੋਂ 37 ਉਮੀਦਵਾਰਾਂ ਦੀ ਮੌਕੇ 'ਤੇ ਰੋਜ਼ਗਾਰ ਲਈ ਚੋਣ ਕੀਤੀ ਗਈ।

ਰਣਜੀਤ ਕੌਰ ਨੇ ਕਿਹਾ ਕਿ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਨੌਜਵਾਨਾਂ ਨੂੰ ਰੋਜ਼ਗਾਰ ਦੇ ਵੱਧ ਤੋਂ ਵੱਧ ਮੌਕੇ ਪ੍ਰਦਾਨ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਨੌਜਵਾਨਾਂ ਦੀ ਰੋਜ਼ਗਾਰ ਪ੍ਰਾਪਤੀ ਵਿੱਚ ਮਦਦ ਲਈ ਅਜਿਹੇ ਹੋਰ ਪਲੇਸਮੈਂਟ ਕੈਂਪ ਲਗਾਏ ਜਾਣਗੇ। ਉਨ੍ਹਾਂ ਕਿਹਾ ਕਿ ਨੌਜਵਾਨ ਰੋਜ਼ਗਾਰ ਦੇ ਵਧੇਰੇ ਮੌਕਿਆਂ ਲਈ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸਥਿਤ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵਿਖੇ ਸੰਪਰਕ ਕਰ ਸਕਦੇ ਹਨ।

# ਭਾਈ ਸਤਿੰਦਰ ਸਿੰਘ ਬਾਜਵਾ ਗੁਰਦੁਆਰਾ ਬੇਰ ਸਾਹਿਬ ਦੇ ਮੈਨੇਜਰ ਨਿਯੁਕਤ

**ਸੁਲਤਾਨਪੁਰ ਲੋਧੀ , (ਬਲਵਿੰਦਰ ਸਿੰਘ ਧਾਲੀਵਾਲ, ਰਾਜਵੀਰ ਸਿੰਘ )**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਆਦੇਸ਼ ਤੇ ਗੁਰਦੁਆਰਾ ਨੌਵੀਂ ਪਾਤਸ਼ਾਹੀ ਬਾਬਾ ਬਕਾਲਾ ਸਾਹਿਬ ਦੇ ਮੈਨੇਜਰ ਭਾਈ ਸਤਿੰਦਰ ਸਿੰਘ ਬਾਜਵਾ ਨੂੰ ਇਤਿਹਾਸਕ ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਦਾ ਨਵਾਂ ਮੈਨੇਜਰ ਨਿਯੁਕਤ ਕੀਤਾ ਹੈ । ਜਿਨ੍ਹਾਂ ਅੱਜ ਆਪਣਾ ਚਾਰਜ ਸੰਭਾਲ ਕੇ ਬਕਾਇਦਾ ਕੰਮਕਾਜ ਆਰੰਭ ਕਰ ਦਿੱਤਾ ਹੈ । ਆਪਣਾ ਆਹੁਦਾ ਸੰਭਾਲਣ ਤੋਂ ਪਹਿਲਾਂ ਮੈਨੇਜਰ ਬਾਜਵਾ ਨੇ ਸ੍ਰੀ ਦਰਬਾਰ ਸਾਹਿਬ ਬੇਰ ਸਾਹਿਬ ਵਿਖੇ ਮੱਥਾ ਟੇਕਿਆ ਤੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਆਪਣੇ ਹਸਤ ਕਮਲਾਂ ਨਾਲ ਲਗਾਈ ਪਾਵਨ ਬੇਰੀ ਸਾਹਿਬ ਤੇ ਸਤਿਗੁਰੂ ਜੀ ਦੇ ਤਪ ਅਸਥਾਨ ਭੋਰਾ ਸਾਹਿਬ ਦੇ ਦਰਸ਼ਨ ਕੀਤੇ । ਗੁ: ਬੇਰ ਸਾਹਿਬ ਦੇ ਰਿਕਾਰਡ ਕੀਪਰ ਭੁਪਿੰਦਰ ਸਿੰਘ ਨੇ ਆਰਡਰ ਬੁੱਕ 'ਚ ਮੈਨੇਜਰ ਦਾ ਚਾਰਜ ਭਾਈ ਬਾਜਵਾ ਦਾ ਦਰਜ ਕੀਤਾ ਤੇ ਉਪਰੰਤ ਨਵੇਂ ਮੈਨੇਜਰ ਨੇ ਆਪਣਾ ਚਾਰਜ ਸੰਭਾਲ ਲਿਆ। ਇਸ ਸਮੇਂ ਉਨ੍ਹਾਂ ਨਾਲ ਗੁਰਦੁਆਰਾ ਬੇਰ ਸਾਹਿਬ ਦੇ ਅਕਾਉਂਟੈਂਟ ਜਰਨੈਲ ਸਿੰਘ , ਖਜਾਨਚੀ ਸੁਖਵਿੰਦਰ ਸਿੰਘ ,ਰਿਕਾਰਡ ਕੀਪਰ ਭੁਪਿੰਦਰ ਸਿੰਘ , ਸਹਾਇਕ ਰਿਕਾਰਡ ਕੀਪਰ ਰਣਜੀਤ ਸਿੰਘ, ਸਮੁੰਦਰ ਸਿੰਘ ਢਿੱਲੋਂ , ਨਵਜੋਤ ਸਿੰਘ , ਭਾਈ ਦਿਲਬਾਗ ਸਿੰਘ ਗੁੰਬੀ ਆਦਿ ਹੋਰਨਾਂ ਸ਼ਿਰਕਤ ਕੀਤੀ ।

# ਪਰਾਲੀ ਸਾੜਨ ਦੇ ਰੁਝਾਨ ਨੂੰ ਠੱਲ੍ਹ ਪਾਉਣ ਲਈ ਬਹੁਪੱਖੀ ਨੀਤੀ ਅਪਣਾਈ ਜਾਵੇਗੀ : ਵਧੀਕ ਡਿਪਟੀ ਕਮਿਸ਼ਨਰ

**ਜਲੰਧਰ (ਸ਼ੈਲੀ ਐਲਬਰਟ)**

ਪ੍ਰਸ਼ਾਸਨ ਵੱਲੋਂ ਜ਼ਿਲ੍ਹੇ ਵਿੱਚ ਪਰਾਲੀ ਸਾੜਨ ਦੇ ਰੁਝਾਨ ਨੂੰ ਠੱਲ੍ਹ ਪਾਉਣ ਲਈ ਬਹੁਪੱਖੀ ਨੀਤੀ ਅਪਣਾਈ ਜਾਵੇਗੀ, ਜਿਸ ਤਹਿਤ ਕਿਸਾਨਾਂ ਨੂੰ ਫਸਲ ਦੀ ਰਹਿੰਦ-ਖੂੰਹਦ ਦੇ ਸੁਚੱਜੇ ਪ੍ਰਬੰਧਨ ਲਈ ਮਸ਼ੀਨਰੀ ਉਪਲਬਧ ਕਰਵਾਉਣ ਤੋਂ ਇਲਾਵਾ ਜਾਗਰੂਕਤਾ ਗਤੀਵਿਧੀਆਂ ਸ਼ਾਮਲ ਹਨ। ਮੁੱਖ ਸਕੱਤਰ ਵੀ.ਕੇ. ਜੰਜੂਆਂ ਵੱਲੋਂ ਸੂਬੇ ਵਿੱਚ ਪਰਾਲੀ ਨੂੰ ਅੱਗ ਲਾਉਣ ਦੇ ਰੁਝਾਨ ਦੀ ਰੋਕਥਾਮ ਲਈ ਵੀਡੀਓ ਕਾਨਫਰੰਸ ਰਾਹੀਂ ਕੀਤੀ ਮੀਟਿੰਗ ਵਿੱਚ ਹਿੱਸਾ ਲੈਂਦਿਆਂ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਵਰਿੰਦਰਪਾਲ ਸਿੰਘ ਬਾਜਵਾ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਰੋਕਣ ਲਈ ਪ੍ਰਸ਼ਾਸਨ ਵੱਲੋਂ ਵਿਆਪਕ ਯੋਜਨਾ ਤਿਆਰ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ 4.30 ਲੱਖ ਏਕੜ ਰਕਬੇ 'ਚ ਝੋਨੇ ਦੀ ਬਿਜਾਈ ਕੀਤੀ ਗਈ ਹੈ ਅਤੇ 12.50 ਲੱਖ ਟਨ ਪਰਾਲੀ ਪੈਦਾ ਹੋਣ ਦੀ ਸੰਭਾਵਨਾ ਹੈ। ਪਰਾਲੀ ਦੇ ਸੁਚੱਜੇ ਪ੍ਰਬੰਧਨ ਲਈ ਜ਼ਿਲ੍ਹੇ ਵਿੱਚ ਜ਼ੀਰੋ ਡਰਿੱਲ, ਹੈਪੀ ਸੀਡਰ, ਆਰ.ਐਮ.ਬੀ. ਪਲਾਓ, ਸੁਪਰਸੀਡਰ ਸਮੇਤ ਕਰੀਬ 4500 ਮਸ਼ੀਨਾਂ ਉਪਲਬਧ ਹਨ ਅਤੇ ਤਕਰੀਬਨ 800 ਨਵੀਂਆਂ ਮਸ਼ੀਨਾਂ ਲਈ ਪ੍ਰਵਾਨਗੀ ਵੀ ਪ੍ਰਾਪਤ ਹੋ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਕਿਸਾਨਾਂ ਨੂੰ ਆਈ ਖੇਤ ਮਸ਼ੀਨ ਐਪ ਸਬੰਧੀ ਜਾਣਕਾਰੀ ਦਿੱਤੀ ਜਾ ਰਹੀ ਹੈ, ਜਿਥੇ ਉਹ ਬਲਾਕ ਪੱਧਰ 'ਤੇ ਮਸ਼ੀਨਰੀ ਦੀ ਉਪਲਬਧਤਾ ਚੈੱਕ ਕਰ ਸਕਦੇ ਹਨ। ਜਾਗਰੂਕਤਾ ਮੁਹਿੰਮ ਬਾਰੇ ਜਾਣਕਾਰੀ ਦਿੰਦਿਆਂ ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਕਿਸਾਨਾਂ ਨੂੰ ਪਰਾਲੀ ਸਾੜਨ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਨ ਲਈ ਪਿੰਡਾਂ ਵਿੱਚ ਜਾਗਰੂਕਤਾ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ। ਪਿੰਡ ਪੱਧਰ 'ਤੇ ਕੈਂਪ ਲਾ ਕੇ ਕਿਸਾਨਾਂ ਨੂੰ ਪਰਾਲੀ ਨੂੰ ਸਾੜਨ ਦੀ ਬਜਾਏ ਇਸ ਨੂੰ ਮਸ਼ੀਨਰੀ ਰਾਹੀਂ ਖੇਤ ਵਿੱਚ ਹੀ ਵਾਹੁਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਵੱਲੋਂ ਅੱਗ ਲੱਗਣ ਦੀਆਂ ਘਟਨਾਵਾਂ 'ਤੇ ਸਖਤ ਨਿਗਰਾਨੀ ਯਕੀਨੀ ਬਣਾਈ ਜਾਵੇਗੀ ਅਤੇ ਉਲੰਘਣਾ ਕਰਨ ਵਾਲਿਆਂ ਖਿਲਾਫ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਇਸ ਮੌਕੇ ਐਸ.ਡੀ.ਐਮ. ਬਲਬੀਰ ਰਾਜ ਸਿੰਘ, ਐਸ.ਡੀ.ਐਮ. ਰਣਦੀਪ ਸਿੰਘ ਹੀਰ, ਮੁੱਖ ਖੇਤੀਬਾੜੀ ਅਫਸਰ ਡਾ. ਜਸਵੰਤ ਰਾਏ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਐਕਸੀਅਨ ਸੁਖਦੇਵ ਸਿੰਘ ਹੋਰ ਅਧਿਕਾਰੀ ਮੌਜੂਦ ਸਨ।

## ਮਾਨ ਸਰਕਾਰ ਨੂੰ ਸੈਸ਼ਨ ਨਾ ਕਰਨ ਦੇਣਾ ਲੋਕਤੰਤਰ ਦੀ ਹੱਤਿਆ : ਹਰਭਜਨ ਸਿੰਘ

**ਚੰਡੀਗੜ੍ਹ,(ਗੁਰਜੀਤ ਬਿੱਲਾ)** ਪੰਜਾਬ ਦੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੇ 'ਆਪ੍ਰੇਸ਼ਨ ਲੋਟਸ' ਰਾਹੀਂ ਪੰਜਾਬ 'ਚ 'ਆਪ' ਵਿਧਾਇਕ ਖਰੀਦਣ ਅਤੇ ਸਰਕਾਰ ਡੇਗਣ ਦੀ ਕੋਸ਼ਿਸ਼ ਲਈ ਭਾਰਤੀ ਜਨਤਾ ਪਾਰਟੀ (ਭਾਜਪਾ) 'ਤੇ ਹਮਲਾ ਕੀਤਾ। ਉਨ੍ਹਾਂ ਕਿਹਾ ਕਿ ਜੇਕਰ ਚੁਣੀ ਹੋਈ ਸਰਕਾਰ ਨੂੰ ਵਿਧਾਨ ਸਭਾ ਸੈਸ਼ਨ ਨਾ ਕਰਨ ਦੇਣਾ ਮਤਲਬ ਲੋਕਤੰਤਰ ਹੱਤਿਆ ਕਰਨਾ। ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਬਿਜਲੀ ਮੰਤਰੀ ਨੇ ਕਿਹਾ ਕਿ ਡਾ.ਬੀ.ਆਰ.ਅੰਬੇਦਕਰ ਦਾ ਸੰਵਿਧਾਨ ਭਾਰਤ ਨੂੰ ਇੱਕ ਲੋਕਤੰਤਰੀ ਦੇਸ਼ ਬਣਾਉਂਦਾ ਹੈ ਪਰ ਭਾਜਪਾ ਆਪਣੇ ਕੋਝੇ ਸਿਆਸੀ ਏਜੰਡੇ ਨਾਲ ਲੋਕਤੰਤਰ ਨੂੰ ਖਤਮ ਕਰਨ 'ਤੇ ਤੁਲੀ ਹੋਈ ਹੈ। ਉਨ੍ਹਾਂ ਪੰਜਾਬ ਦੇ ਰਾਜਪਾਲ ਵੱਲੋਂ ਚੁਣੀ ਹੋਈ ਸਰਕਾਰ ਦੁਆਰਾ ਬੁਲਾਏ ਗਏ ਵਿਧਾਨ ਸਭਾ ਸੈਸ਼ਨ ਨੂੰ ਰੱਦ ਕਰਨ ਦੇ ਕਦਮ ਦੀ ਵੀ ਨਿਖੇਧੀ ਕੀਤੀ ਅਤੇ ਕਿਹਾ ਕਿ ਇਹ ਲੋਕਤੰਤਰੀ ਪ੍ਰਣਾਲੀ ਦੀ ਉਲੰਘਣਾ ਹੈ ਅਤੇ ਕਿਹਾ ਕਿ ਭਾਜਪਾ ਦੇਸ਼ ਦੀ ਬਿਹਤਰੀ ਲਈ 'ਆਪ' ਨੂੰ ਕੰਮ ਨਹੀਂ ਕਰਨ ਦੇਣਾ ਚਾਹੁੰਦੀ। ਉਨ੍ਹਾਂ ਭਾਜਪਾ 'ਤੇ ਵਰ੍ਹਦਿਆਂ ਕਿਹਾ ਕਿ ਜੇਕਰ ਚੁਣੇ ਹੋਏ ਨੁਮਾਇੰਦਿਆਂ ਨੂੰ ਵਿਧਾਨ ਸਭਾ ਦਾ ਸੈਸ਼ਨ ਨਹੀਂ ਕਰਨ ਦਿੱਤਾ ਜਾ ਰਿਹਾ ਤਾਂ ਵਿਧਾਨ ਸਭਾ ਚੋਣਾਂ ਦੀ ਲੋੜ ਕੀ ਹੈ? ਉਨ੍ਹਾਂ ਕਿਹਾ ਕਿ ਭਾਜਪਾ ਲੋਕਤੰਤਰ ਦੀ ਕਾਤਲ ਹੈ।

# ਸਰਕਾਰੀ ਹਾਈ ਸਕੂਲ ਬਰਸਾਲਪੁਰ ਦੇ ਸਕਾਊਟ ਵਿਦਿਆਰਥੀ ਵਾਪਸ ਪਰਤੇ

**ਸ੍ਰੀ ਚਮਕੌਰ ਸਾਹਿਬ, (ਕੁਲਵਿੰਦਰ ਕਾਲਾ)**

ਭਾਰਤ ਸਕਾਊਟ ਅਤੇ ਟ੍ਰੇਨਿੰਗ ਸੈਂਟਰ ਤਾਰਾ ਦੇਵੀ (ਸ਼ਿਮਲਾ) ਵਿੱਚ ਪੰਜ ਰੋਜ਼ਾ ਰਾਜ ਪੁਰਸਕਾਰ ਹਾਈਕਿੰਗ ਅਤੇ ਟਰੈਕਿੰਗ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ, ਜਿੱਥੇ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਤੋਂ ਸਕਾਊਟ ਅਤੇ ਗਾਈਡ ਵਿਦਿਆਰਥੀ ਸ਼ਾਮਲ ਹੋਏ, ਉੱਥੇ ਸਰਕਾਰੀ ਹਾਈ ਸਕੂਲ ਬਰਸਾਲਪੁਰ ਦੇ ਅੱਠ ਸਕਾਊਟ ਵਿਦਿਆਰਥੀ ਸਕਾਊਟ ਮਾਸਟਰ ਸਰਬਜੀਤ ਸਿੰਘ ਦੁੱਮਣਾ ਦੀ ਅਗਵਾਈ ਵਿਚ ਸ਼ਾਮਲ ਹੋਏ। ਇਸ ਦੌਰਾਨ, ਜਿੱਥੇ ਵਿਦਿਆਰਥੀ ਨੈਤਿਕ ਕਦਰਾਂ ਕੀਮਤਾਂ ਸੰਬੰਧੀ ਜਾਣੂ ਹੋਏ, ਉਥੇ ਹੀ ਟਰੈਕਿੰਗ ਦੌਰਾਨ ਉਥੋਂ ਦੇ ਲੋਕਾਂ ਦੇ ਰਹਿਣ ਸਹਿਣ ਸੰਬੰਧੀ ਵੀ ਜਾਗਰੂਕ ਹੋਏ। ਸਕੂਲ ਦੇ ਤਿੰਨ ਵਿਦਿਆਰਥੀਆਂ ਨੇ ਰਾਜ ਪੁਰਸਕਾਰ ਤੇ ਪੰਜ ਨੇ ਹਾਈਕਿੰਗ ਅਤੇ ਟਰੈਕਿੰਗ ਸਰਟੀਫਿਕੇਟ ਅਸਿਸਟੈਂਟ ਸਕਾਊਟ ਕਮਿਸ਼ਨਰ ਅਤੇ ਰਾਸ਼ਟਰਪਤੀ ਐਵਾਰਡ ਪ੍ਰਾਪਤ ਦਰਸ਼ਨ ਸਿੰਘ ਬਰੇਟਾ ਤੋਂ ਪ੍ਰਾਪਤ ਕੀਤਾ। ਇਸ ਮੌਕੇ ਇਨ੍ਹਾਂ ਨਾਲ ਰਾਸ਼ਟਰਪਤੀ ਐਵਾਰਡ ਪ੍ਰਾਪਤ ਜਤਿੰਦਰ ਕੁਮਾਰ ਵੀ ਸਨ।

# ਬਲਜਿੰਦਰ ਮਾਨ ਨੇ 'ਨਿੱਕੀਆਂ ਕਰੂੰਬਲਾਂ' ਨਾਲ ਬਣਾਇਆ ਇੰਡੀਆ ਬੁੱਕ ਆਫ਼ ਰਿਕਾਰਡ

**ਹੁਸ਼ਿਆਰਪੁਰ,(ਬਲਵੀਰ ਸਿੰਘ ਸੈਣੀ)**

ਕਿਸੇ ਵੀ ਦੇਸ਼ ਅਤੇ ਸਮਾਜ ਦੇ ਬੱਚਿਆਂ ਦਾ ਸਰੀਰਕ ਅਤੇ ਮਾਨਸਿਕ ਤੌਰ ਤੇ ਵਿਕਸਤ ਹੋਣਾ ਉਥੋਂ ਦੇ ਬਾਲ ਸਾਹਿਤ ਦੇ ਪੱਧਰ 'ਤੇ ਨਿਰਭਰ ਕਰਦਾ ਹੈ, ਇਹ ਮੌਕਾ-ਮੇਲ ਹੀ ਹੈ ਕਿ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਰਸਾਲੇ 'ਬਾਲ ਸੰਦੇਸ਼' 1995 ਵਿੱਚ ਬੰਦ ਹੋਇਆ ਅਤੇ 1995 ਵਿੱਚ ਹੀ ਮਾਹਿਲਪੁਰ ਦੀ ਧਰਤੀ ਤੋਂ 'ਨਿੱਕੀਆਂ ਕਰੂੰਬਲਾਂ' ਸ਼ੁਰੂ ਹੋਇਆ। ਬਲਜਿੰਦਰ ਮਾਨ ਹਨ ਨੇ ਨਿੱਕੀਆਂ ਕਰੂੰਬਲਾਂ ਦਾ 27 ਸਾਲ ਨਿਰੰਤਰ ਸੰਪਾਦਨ ਤੇ ਪ੍ਰਕਾਸ਼ਨ ਕਰਕੇ ਇਕ ਰਿਕਾਰਡ ਕਾਇਮ ਕਰ ਦਿੱਤਾ ਹੈ। ਉਨ੍ਹਾਂ ਦਾ ਇਹ ਰਿਕਾਰਡ ਇੰਡੀਆ ਬੁੱਕ ਆਫ ਰਿਕਾਰਡਜ਼ ਵਿੱਚ ਦਰਜ ਹੋਇਆ ਹੈ। ਚੇਤੇ ਰਹੇ ਬਲਜਿੰਦਰ ਮਾਨ ਮਾਹਿਲਪੁਰ ਵਿੱਚ ਹੀ ਨਹੀਂ ਸਗੋਂ ਪੂਰੇ ਪੰਜਾਬ ਵਿਚ ਸਾਹਿਤਕ ਸੱਭਿਆਚਾਰਕ ਅਤੇ ਵਿੱਦਿਅਕ ਸਰਗਰਮੀਆਂ ਵਿਚ ਪਿਛਲੇ ਤੇਤੀ ਸਾਲ ਤੋਂ ਅਹਿਮ ਯੋਗਦਾਨ ਪਾ ਰਹੇ ਹਨ। ਉਹ ਅੱਜ ਤਕ 25 ਮੌਲਕ, 35 ਸੰਪਾਦਤ ਅਤੇ 7 ਪੁਸਤਕਾਂ ਨੈਸ਼ਨਲ ਬੁੱਕ ਟਰੱਸਟ ਇੰਡੀਆ ਲਈ ਅਨੁਵਾਦ ਕਰ ਚੁੱਕੇ ਹਨ। ਨਿੱਕੀਆਂ ਕਰੂੰਬਲਾਂ ਨਿੱਜੀ ਖੇਤਰ ਦਾ ਇੱਕੋ ਇੱਕ ਬਾਲ ਰਸਾਲਾ ਹੈ ਜੋ 1995 ਤੋਂ ਨਿਰੰਤਰ ਉਨ੍ਹਾਂ ਦੁਆਰਾ ਸੰਪਾਦਿਤ ਅਤੇ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਕਿਸੇ ਇੱਕ ਵਿਅਕਤੀ ਦੁਆਰਾ ਇਸ ਖੇਤਰ ਵਿੱਚ ਇਹ ਰਿਕਾਰਡ ਪ੍ਰਾਪਤੀ ਹੈ ਜਿਸ ਨੂੰ ਇੰਡੀਆ ਬੁੱਕ ਆਫ ਰਿਕਾਰਡਜ਼ ਵਿੱਚ ਦਰਜ ਹੋਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਇਸ ਮੌਕੇ ਉਨ੍ਹਾਂ ਨੂੰ ਵਧਾਈਆਂ ਦੇਣ ਵਾਲਿਆਂ ਵਿੱਚ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਸ. ਜੈ ਕ੍ਰਿਸ਼ਨ ਸਿੰਘ ਰੋੜੀ, ਐੱਮ ਐੱਲ ਏ ਡਾ ਰਾਜ ਕੁਮਾਰ, ਸਾਬਕਾ ਮੰਤਰੀ ਸ. ਸੋਹਣ ਸਿੰਘ ਠੰਡਲ, ਸਿੱਖ ਵਿੱਦਿਅਕ ਕੌਂਸਲ ਦੇ ਪ੍ਰਧਾਨ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ, ਬਹੁਰੰਗ ਕਲਾ ਮੰਚ ਦੇ ਨਿਰਦੇਸ਼ਕ ਅਸ਼ੋਕ ਪੁਰੀ ,ਪ੍ਰਿੰਸੀਪਲ ਹਰਭਜਨ ਸਿੰਘ ਸਪੋਰਟਿੰਗ ਕਲੱਬ ਦੇ ਪ੍ਰਧਾਨ ਕੁਲਵੰਤ ਸਿੰਘ ਸੰਘਾ , ਸੁਰ ਸੰਗਮ ਵਿੱਦਿਅਕ ਟਰੱਸਟ ਦੇ ਚੀਫ ਪੈਟਰਨ ਐਸ ਅਸ਼ੋਕ ਭੌਰਾ, ਪ੍ਰੋ ਬਲਦੇਵ ਸਿੰਘ ਬੱਲੀ,ਸਾਹਿਤ ਅਕੈਡਮੀ ਐਵਾਰਡੀ ਕਮਲਜੀਤ ਨੀਲੋਂ , ਡਾ ਕੁਲਬੀਰ ਸਿੰਘ ਸੂਰੀ, ਡਾ ਦਰਸ਼ਨ ਸਿੰਘ ਆਸ਼ਟ, ਮਨਮੋਹਨ ਸਿੰਘ ਦਾਊਂ , ਅਮਰੀਕ ਸਿੰਘ ਤਲਵੰਡੀ ,ਪ੍ਰੋ. ਰਾਮ ਲਾਲ ਭਗਤ, ਡਾ ਮਨਮੋਹਨ ਸਿੰਘ ਤੀਰ, ਨਿਰਮਲ ਬੋਧ ,ਡਾ ਰਮਾ ਰਤਨ, ਕ੍ਰਿਸ਼ਨਜੀਤ ਲਾਲ ਰਾਓ ਕੈਂਡੋਵਾਲ, ਸੁਖਮਨ ਸਿੰਘ, ਪੰਮੀ ਖੁਸ਼ਹਾਲਪੁਰੀ, ਚੈਂਚਲ ਸਿੰਘ ਬੈਂਸ, ਪ੍ਰਿੰ. ਸੀਮਾ ਰਾਣੀ, ਪ੍ਰਿੰ. ਧਰਮਿੰਦਰ ਸ਼ਰਮਾ,ਪ੍ਰਿੰ. ਡਿੰਪੀ ਸ਼ਰਮਾ, ਪ੍ਰਿੰ.ਸਤਿੰਦਰਦੀਪ ਕੌਰ ਢਿੱਲੋਂ, ਪ੍ਰਿੰ.ਮਨਜੀਤ ਕੌਰ, ਪ੍ਰਿੰ.ਜਸਪਾਲ ਸਿੰਘ, ਡਾ. ਪਰਵਿੰਦਰ ਸਿੰਘ, ਡਾ ਜਸਵੰਤ ਸਿੰਘ ਥਿੰਦ ਐਸਐਮਓ, ਡਾ.ਪਰਮਿੰਦਰ ਸਿੰਘ, ਵਿਜੈ ਬੰਬੇਲੀ, ਅੰਮ੍ਰਿਤ ਲਾਲ ,ਪਰਮਜੀਤ ਸਿੰਘ ਭੂਨੋ, ਸਤਨਾਮ ਸਿੰਘ ਲੋਈ, ਅਵਤਾਰ ਲੰਗੇਰੀ ਆਦਿ ਸ਼ਾਮਲ ਹਨ। ਇਸ ਮੌਕੇ ਬੱਗਾ ਸਿੰਘ ਆਰਟਿਸਟ ਨੇ ਕਿਹਾ ਕਿ ਬਲਜਿੰਦਰ ਮਾਨ ਨੇ ਨਿੱਕੀਆਂ ਕਰੂੰਬਲਾਂ ਰਾਹੀਂ ਬਾਲ ਜੀਵਨ ਨੂੰ ਸ਼ਿੰਗਾਰਨ ਅਤੇ ਸੰਵਾਰਨ ਦਾ ਬੀੜਾ ਚੁੱਕਿਆ ਹੋਇਆ ਹੈ । ਅਸ਼ੋਕ ਪੁਰੀ ਨੇ ਕਿਹਾ ਕਿ ਬਲਜਿੰਦਰ ਮਾਨ ਨੇ ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਤੋਂਕਦੇ ਵੀ ਇੱਕ ਰੁਪਿਆ ਨਹੀਂ ਲਿਆ ਜਿਸ ਕਰਦੇ ਇਹ ਲਗਾਤਾਰ ਬਾਲ ਸਾਹਿਤ ਦੀ ਸੇਵਾ ਕਰਨ ਵਿੱਚ ਸਫਲ ਹੋਇਆ ਹੈ।

# ਲਾਰਡ ਲੂੰਬਾ ਦਾ ਪਰਵਾਰ ਸਮੇਤ ਡੀ ਏ ਵੀ ਕਾਲਜ ਆਉਣ 'ਤੇ ਸਨਮਾਨ

**ਜਲੰਧਰ-(ਸੈਲੀ ਐਲਬਰਟ)**-ਲਾਰਡ ਰਾਜ ਲੂੰਬਾ, ਸੀ.ਬੀ.ਈ., ਇੱਕ ਉੱਘੀ ਸ਼ਖ਼ਸੀਅਤ ਹੈ ਜੋ ਮਹਾਨ ਹਸਤੀਆਂ ਅਤੇ ਵਿਸ਼ਵ ਨੇਤਾਵਾਂ ਜਿਵੇਂ ਕਿ ਪ੍ਰਧਾਨ ਮੰਤਰੀ ਮੋਦੀ, ਟੋਨੀ ਬਲੇਅਰ, ਚੈਰੀ ਬਲੇਅਰ, ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਕੋਫੀ ਅੰਨਾਨ ਅਤੇ ਬਾਨ ਕੀ ਮੂਨ ਆਦਿ ਨਾਲ ਮਿਲ ਕੇ ਕੰਮ ਕਰ ਰਹੇ ਹਨ। ਲਾਰਡ ਲੂੰਬਾ, ਉਨ੍ਹਾਂ ਦੀ ਪਤਨੀ ਸ੍ਰੀਮਤੀ ਵੀਨਾ ਚੌਧਰੀ, ਉਨ੍ਹਾਂ ਦੀ ਬੇਟੀ ਸ੍ਰੀਮਤੀ ਰੀਟਾ ਸਰਕਾਰ ਅਤੇ ਪਿਆਰੀ ਪੋਤੀ ਰਾਸੀ ਸਰਕਾਰ ਦਾ ਅਰਵਿੰਦ ਘਈ (ਸਕੱਤਰ, ਡੀਏਵੀਸੀਐਮਸੀ, ਨਵੀਂ ਦਿੱਲੀ ਅਤੇ ਪ੍ਰਧਾਨ, ਸਥਾਨਕ ਪ੍ਰਬੰਧਨ ਕਮੇਟੀ), ਅਜੇ ਗੋਸਵਾਮੀ (ਸਕੱਤਰ, ਡੀਏਵੀਸੀਐਮਸੀ, ਨਵੀਂ ਦਿੱਲੀ), ਪ੍ਰਿੰਸੀਪਲ ਪ੍ਰੋ. ਸਲਿਲ ਕੁਮਾਰ ਉੱਪਲ, ਸਟਾਫ ਮੈਂਬਰ ਅਤੇ ਵਿਦਿਆਰਥੀ ਨੇ ਸਵਾਗਤ ਕੀਤਾ ਅਤੇ ਲਾਰਡ ਲੂੰਬਾ ਨੂੰ ਐਨਸੀਸੀ ਕੈਡਿਟਾਂ ਵੱਲੋਂ ਸ਼ਾਨਦਾਰ ਗਾਰਡ ਆਫ ਆਨਰ ਦਿੱਤਾ ਗਿਆ। ਲੂੰਬਾ ਪਰਵਾਰ ਨੂੰ ਲੋਕ ਗੀਤਾਂ ਅਤੇ ਲੋਕ ਨਾਚਾਂ ਨਾਲ ਫੁਲਕਾਰੀ ਦੀ ਛਤਰ ਛਾਇਆ ਹੇਠ ਸਮਾਗਮ ਵਾਲੀ ਥਾਂ ਤੇ ਲਿਜਾਇਆ ਗਿਆ। ਲਾਰਡ ਰਾਜ ਲੂੰਬਾ, ਸੀਬੀਈ ਨੇ ਕਾਲਜ ਵਿੱਚ ਨਵੀਂ ਬਣੀ ਅਤਿ-ਆਧੁਨਿਕ ਅੰਗਰੇਜ਼ੀ ਭਾਸ਼ਾ ਲੈਬ ਦਾ ਉਦਘਾਟਨ ਕੀਤਾ। ਉਨ੍ਹਾਂ ਕਾਲਜ ਵੱਲੋਂ ਵਿਦਿਆਰਥੀਆਂ ਨੂੰ ਪ੍ਰਯੋਗਸ਼ਾਲਾ ਵਿੱਚ ਮੁਹੱਈਆ ਕਰਵਾਈਆਂ ਗਈਆਂ ਉੱਚ ਤਕਨੀਕੀ ਸਹੂਲਤਾਂ ਦੀ ਭਰਪੂਰ ਸਲਾਘਾ ਕੀਤੀ। ਪ੍ਰਿੰਸੀਪਲ ਪ੍ਰੋ. ਉੱਪਲ ਨੇ ਲਾਰਡ ਲੂੰਬਾ ਦਾ 62 ਸਾਲਾਂ ਬਾਅਦ ਘਰ ਪਰਤਣ ਤੇ ਉਨ੍ਹਾਂ ਦਾ ਅਲਮਾ ਮਾਤਰ ਵਿਖੇ ਸਵਾਗਤ ਕੀਤਾ ਅਤੇ ਡੀਏਵੀ ਕਾਲਜ ਜਲੰਧਰ ਦੇ 100 ਸਾਲਾਂ ਦੇ ਸ਼ਾਨਦਾਰ ਸਫਰ ਬਾਰੇ ਇੱਕ ਕਿਤਾਬ, ਇੱਕ ਚਾਂਦੀ ਦੀ ਪਲੇਟ ਅਤੇ ਭਗਵਦ ਗੀਤਾ ਦੀ ਕਾਪੀ ਭੇਟ ਕਰਕੇ ਸਨਮਾਨਿਤ ਕੀਤਾ। ਇਸ ਮੌਕੇ ਪ੍ਰਿੰਸੀਪਲ ਪ੍ਰੋ. ਉੱਪਲ ਨੇ ਆਪਣੇ ਸੁਆਗਤੀ ਭਾਸਣ ਵਿੱਚ ਕਿਹਾ ਕਿ ਡੀਏਵੀ ਕਾਲਜ ਨੂੰ ਮਾਣ ਹੈ ਕਿ ਇੱਕ ਮਹਾਨ ਪਰਉਪਕਾਰੀ ਲਾਰਡ ਲੂੰਬਾ ਵਰਗੇ ਸਾਬਕਾ ਵਿਦਿਆਰਥੀ ਆਲਮਾ ਮੇਟਰ ਵਿੱਚ ਆਏ ਹਨ। ਉਨ੍ਹਾਂ ਨੇ ਲਾਰਡ ਲੂੰਬਾ ਦੇ ਧਿਆਨ ਵਿੱਚ ਲਿਆਂਦਾ ਕਿ ਕਾਲਜ ਦਾ ਉਨ੍ਹਾਂ ਵਰਗੇ ਮਹਾਨ ਸਾਬਕਾ ਵਿਦਿਆਰਥੀਆਂ ਅਤੇ ਪਰਉਪਕਾਰੀ ਲੋਕਾਂ ਦੀ ਉਦਾਰਤਾ ਸਦਕਾ ਇੱਕ ਸਾਨਦਾਰ ਇਤਿਹਾਸ ਹੈ। ਪ੍ਰਿੰਸੀਪਲ ਨੇ ਲਾਰਡ ਲੂੰਬਾ ਦਾ ਧਿਆਨ ਕਾਲਜ ਆਡੀਟੋਰੀਅਮ ਦੀ ਵਿਗੜਦੀ ਹਾਲਤ ਵੱਲ ਦਿਵਾਇਆ, ਜਿਸ ਲਈ ਵੱਡੇ ਪੱਧਰ 'ਤੇ ਮੁਰੰਮਤ ਦੀ ਲੋੜ ਹੈ। ਲਾਰਡ ਰਾਜ ਲੂੰਬਾ ਨੇ ਪ੍ਰਿੰਸੀਪਲ ਦੀ ਇਸ ਬੇਨਤੀ ਨੂੰ ਖੁਸੀ-ਖੁਸੀ ਸਵੀਕਾਰ ਕਰ ਲਿਆ ਅਤੇ ਹਰ ਸੰਭਵ ਆਰਥਿਕ ਮਦਦ ਦੇਣ ਦਾ ਵਾਅਦਾ ਕੀਤਾ। ਉਨ੍ਹਾਂ ਆਡੀਟੋਰੀਅਮ ਵਿੱਚ ਕੀਤੇ ਜਾਣ ਵਾਲੇ ਜਰੂਰੀ ਕੰਮ/ਮੁਰੰਮਤ ਲਈ ਵਿਸਤ੍ਰਿਤ ਪ੍ਰਸਤਾਵ ਮੰਗਿਆ। ਉਨ੍ਹਾਂ ਨੇ ਅੱਜ ਉਦਘਾਟਨ ਕੀਤੀ ਅੰਗਰੇਜੀ ਭਾਸਾ ਦੀ ਪ੍ਰਯੋਗਸ਼ਾਲਾ ਵਿੱਚ ਵੀ ਜੋ ਲੋੜ ਹੈ, ਉਹਨਾਂ ਨੂੰ ਸੂਚੀਬੱਧ ਕਰ ਕੇ ਹੋਰ ਪ੍ਰਸਤਾਵ ਭੇਜਣ ਦੀ ਖੁੱਲ੍ਹੀ ਪੇਸਕਸ ਕੀਤੀ। ਇਹ ਸੁਣ ਕੇ ਸਮੂਹ ਪ੍ਰਸਾਸਨਿਕ ਸਟਾਫ ਅਤੇ ਵਿਦਿਆਰਥੀਆਂ ਨੇ ਖੜ੍ਹੇ ਹੋ ਕੇ ਲਾਰਡ ਰਾਜ ਲੂੰਬਾ ਦੀ ਇਸ ਉਦਾਰਤਾ ਦੀ ਸਲਾਘਾ ਕੀਤੀ।ਲਾਰਡ ਲੂੰਬਾ ਨੇ ਆਪਣੇ ਸੰਘਰਸਮਈ ਜੀਵਨ ਦੇ ਤਜਰਬਿਆਂ ਨੂੰ ਇੱਕ ਪ੍ਰੇਰਕ ਲੈਕਚਰ ਵਿੱਚ ਬਹੁਤ ਹੀ ਭਾਵੁਕ ਢੰਗ ਨਾਲ ਸਾਂਝਾ ਕੀਤਾ ਅਤੇ ਆਪਣੀ ਮਰਹੂਮ ਮਾਤਾ ਸ੍ਰੀਮਤੀ ਪੁਸ਼ਪਾਵਤੀ ਲੂੰਬਾ ਨੂੰ ਸਰਧਾਂਜਲੀ ਭੇਟ ਕਰਦੇ ਹੋਏ ਭਾਵੁਕ ਹੋ ਗਏ। ਉਨ੍ਹਾਂ ਨੇ ਆਪਣੀ ਜਿੰਦਗੀ ਵਿੱਚ ਆਪਣੀ ਮਾਂ ਦੇ ਅਥਾਹ ਯੋਗਦਾਨ ਨੂੰ ਸਾਂਝਾ ਕੀਤਾ। ਲਾਰਡ ਲੂੰਬਾ ਦੁਆਰਾ ਚਲਾਏ ਗਏ ਲੂੰਬਾ ਫਾਊਂਡੇਸਨ ਇਸ ਸਮੇਂ ਦੁਨੀਆ ਭਰ ਦੇ ਵੱਖ-ਵੱਖ ਦੇਸਾਂ ਦੀਆਂ 20,000 ਵਿਧਵਾਵਾਂ ਦੀ ਸਹਾਇਤਾ ਕਰ ਰਹੀ ਹੈ। ਉਨ੍ਹਾਂ ਨੇ ਇਹ ਵੀ ਸਾਂਝਾ ਕੀਤਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਛੇਤੀ ਹੀ ਜੰਮੂ ਅਤੇ ਕਸ਼ਮੀਰ ਦੇ ਕੇਂਦਰ ਸਾਸ਼ਤ ਪ੍ਰਦੇਸ਼ ਵਿੱਚ 5000 ਵਿਧਵਾਵਾਂ ਦੀ ਮਦਦ ਲਈ ਲੂੰਬਾ ਫਾਊਂਡੇਸਨ ਦਾ ਇੱਕ ਪ੍ਰੋਗਰਾਮ ਸੁਰੂ ਕਰਨਗੇ। ਇਸ ਮੌਕੇ ਵਾਈਸ ਪ੍ਰਿੰਸੀਪਲ ਪ੍ਰੋ. ਅਰਚਨਾ ਓਬਰਾਏ, ਰਜਿਸਟਰਾਰ ਪ੍ਰੋ. ਕੰਵਰ ਦੀਪਕ, ਡਿਪਟੀ ਰਜਿਸਟਰਾਰ ਪ੍ਰੋ. ਨਰੇਸ ਕੁਮਾਰ, ਸਟਾਫ ਸਕੱਤਰ ਡਾ: ਮਨੂ ਸੂਦ, ਡੀਨ ਅਕਾਦਮਿਕ ਪ੍ਰੋ. ਪੁਨੀਤ ਪੁਰੀ, ਡੀਨ ਈ.ਐਮ.ਏ ਡਾ. ਏਕਜੋਤ, ਡੀਨ ਐਲੂਮਨੀ ਪ੍ਰੋ. ਈਸਾ ਸਹਿਗਲ,ਪੀ.ਆਰ.ਓ ਡਾ. ਵਿਨੋਦ ਬਿਸਨੋਈ ਅਤੇ ਪ੍ਰਬੰਧਕੀ ਕਮੇਟੀ ਦੇ ਮੈਂਬਰ ਅਤੇ ਵਿਦਿਆਰਥੀ ਹਾਜਰ ਸਨ।

# ਮੱਖਣ ਕੁਹਾੜ ਦੀਆਂ ਗ਼ਜ਼ਲਾਂ

(1)

ਮਲਕ ਭਾਗੋਆਂ ਨੂੰ ਕੁਲ ਦੁਨੀਆ, ਝੁਕ-ਝੁਕ ਕਰੇ ਸਲਾਮ ਵੇ ਲਾਲੋ।
ਲਾਲੋਆਂ ਦੇ ਘਰ ਜੰਮਣ ਵਾਲੇ, ਰਹਿ ਜਾਂਦੇ ਗੁੰਮਨਾਮ ਵੇ ਲਾਲੋ।

ਉੱਚਿਆਂ ਵਾਂਗਰ ਸਾਹ ਲੈਣਾ ਵੀ, ਉੱਥੇ ਇੱਕ ਗੁਨਾਹ ਬਣ ਜਾਵੇ,
ਉੱਚੇ 'ਘੜੇ' ਨੂੰ ਹੱਥ ਲਗਾਉਣਾ, ਸਜ਼ਾ-ਏ-ਮੌਤ ਅੰਜਾਮ ਵੇ ਲਾਲੋ।

ਜਿਨ੍ਹਾਂ ਨੇ ਇਨਸਾਫ ਸੀ ਦੇਣਾ, ਉਹ ਦੁਸ਼ਮਣ ਦੇ ਨਾਲ ਖੜ੍ਹੇ ਨੇ,
'ਬਿਲਕੀਸ ਬਾਨੋ' ਵਰਗੀਆਂ ਦੱਸੇ, ਜਾਣ ਅੱਜ ਕਿਹੜੇ ਧਾਮ ਵੇ ਲਾਲੋ।

ਸੱਤਾ ਜਿਉਂ ਕੋਹਲੂ ਦਾ ਮਾਲਕ, ਲੋਕ ਰਾਜ ਜਿਉਂ ਬਲਦ ਹੈ ਉਸ ਦਾ,
ਪਰਜਾ ਤਿਲਾਂ-ਸਰ੍ਹੋਂ ਦੀ ਘਾਣੀ, ਪਿਸਦੀ ਸਵੇਰੇ ਸ਼ਾਮ ਵੇ ਲਾਲੋ।

'ਕਾਇਦਿਆਂ' ਦੀਆਂ ਸੱਭੇ ਪੋਥੀਆਂ, ਤਖਤ ਦੇ ਪਾਇਆਂ ਹੇਠਾਂ ਧਰ ਕੇ,
ਉਚਤਮ ਤਖਤ 'ਤੇ ਬੈਠ ਗਿਆ ਹੈ, ਔਰੰਗਜ਼ੇਬ ਬਾਨਾਮ ਵੇ ਲਾਲੋ।

'ਕਾਰਾਗਰ' 'ਚੋਂ ਡਾਕੂ, ਕਾਤਿਲ, ਕੱਢ ਕੇ ਓਥੇ ਡੱਕ ਦਿੱਤੇ ਨੇ,
ਖਰੀਆਂ ਚੀਭਾਂ ਤੇ ਸਿਰ ਵਾਲੇ 'ਸੱਚੇ ਸ਼ਖਸ' ਤਮਾਮ ਵੇ ਲਾਲੋ।

ਫਿਰਕੂ, ਕਾਤਲ, ਚੋਰ ਲੁਟੇਰੇ, ਸੱਤਾ ਦੇ ਇਹ ਥੰਮ੍ਹ ਨੇ ਸਾਰੇ,
ਲੋਕਰਾਜ ਦੇ ਹੀਰੇ ਨੇ ਇਹ, ਝੁਕ-ਝੁਕ ਕਰ ਪ੍ਰਣਾਮ ਵੇ ਲਾਲੋ।

ਲੋਕ ਰਾਜ ਦਾ ਅੰਨ੍ਹਾ ਘੋੜਾ, ਪਿੱਠ 'ਤੇ ਸੱਤਾ ਕਾਠੀ ਧਰ ਕੇ,
ਬੇਲਗਾਮਾ ਦੌੜੀ ਜਾਂਦੈ, ਪਾਵੇ ਕੌਣ ਲਗਾਮ ਵੇ ਲਾਲੋ।

ਘੋੜਿਆਂ ਦੀਆਂ ਕਾਠੀਆਂ ਨੂੰ ਹੀ ਜਿਨ੍ਹਾਂ ਨੇ ਹੈ ਵਾਸ ਬਣਾਇਆ,
ਸੱਤਾ ਦੀ ਇਸ ਨਾਬਰੀ ਸੁਰ ਨੂੰ, ਕਰੀਏ ਸੁਰਖ ਸਲਾਮ ਵੇ ਲਾਲੋ।

(2)

ਅਮਨਾਂ ਦੇ ਵਣਜਾਰੇ ਲੋਕੋ, ਤੀਜੀ ਜੰਗ ਨਾ ਲੱਗੇ ਰੋਕੋ।
ਦੁਨੀਆ ਦੇ ਸਚਿਆਰੇ ਲੋਕੋ, ਤੀਜੀ ਜੰਗ ਨਾ ਲੱਗੇ ਰੋਕੋ।

ਚੇਤਨਤਾ ਦੇ ਸਾਰੇ ਲੋਕੋ, ਤੀਜੀ ਜੰਗ ਨਾ ਲੱਗੇ ਰੋਕੋ।
ਐ ਚਮਕੀਲੇ ਤਾਰੇ ਲੋਕੋ, ਤੀਜੀ ਜੰਗ ਨਾ ਲੱਗੇ ਰੋਕੋ।

ਜੰਗ ਕਿਤੇ ਧਰਤੀ 'ਤੇ ਲੱਗੇ, ਉਸ ਨੂੰ ਸਮਝੋ ਘਰ ਦੇ ਅੱਗੇ,
ਝੱਟ ਬਜ਼ਾਰ ਪਸਾਰੇ ਲੋਕੋ, ਤੀਜੀ ਜੰਗ ਨਾ ਲੱਗੇ ਰੋਕੋ।

ਜਿਉਂ-ਜਿਉਂ ਨਾਟੋ ਪੈਰ ਪਸਾਰੂ, ਘੇਰ-ਘੇਰ ਕੇ ਦੁਨੀਆ ਮਾਰੂ,
ਸਾਂਝਾਂ ਵੰਡਣ ਹਾਰੇ ਲੋਕੋ, ਤੀਜੀ ਜੰਗ ਨਾ ਲੱਗੇ ਰੋਕੋ।

ਜੰਗ ਉੱਚਿਆਂ ਨੂੰ ਉੱਚੇ ਕਰਦੀ, ਛਲਕਦੇ ਸਾਗਰ ਫਿਰ ਤੋਂ ਭਰਦੀ,
ਪਰਜਾ ਭੁੱਖੀ ਮਾਰੇ ਲੋਕੋ, ਤੀਜੀ ਜੰਗ ਨਾ ਲੱਗੇ ਰੋਕੋ।

ਬੰਬ ਜਦੋਂ ਨੇ ਅੱਗ ਵਰ੍ਹਾਉਂਦੇ, ਸਭ ਚੁੱਲ੍ਹਿਆਂ ਦੀ ਅੱਗ ਬੁਝਾਉਂਦੇ,
ਕੰਬਣ ਚੰਦ ਸਿਤਾਰੇ ਲੋਕੋ, ਤੀਜੀ ਜੰਗ ਨਾ ਲੱਗੇ ਰੋਕੋ।

ਭੁੱਖ ਵਧੇ ਜਦ ਸਾਮਰਾਜ ਦੀ, ਕੁੱਖ ਵਧੇ ਜਦ ਸਾਮਰਾਜ ਦੀ,
ਜੰਗ ਨੂੰ 'ਵਾਜ਼ਾਂ ਮਾਰੇ ਲੋਕੋ, ਤੀਜੀ ਜੰਗ ਨਾ ਲੱਗੇ ਰੋਕੋ।

(3)

ਨਾ ਜਿੱਥੇ ਘਰ ਗਰਾਂ ਹੋਵੇ, ਕਿਵੇਂ ਕਹੀਏ ਉਹ ਦੇਸ਼ ਮਹਾਨ।
ਬਸੇਰੇ ਲਈ ਨਾ ਥਾਂ ਹੋਵੇ, ਕਿਵੇਂ ਕਹੀਏ ਉਹ ਦੇਸ਼ ਮਹਾਨ।

ਵਿਰੋਧਾਂ ਲਈ ਨਾ ਥਾਂ ਹੋਵੇ, ਕਿਵੇਂ ਕਹੀਏ ਉਹ ਦੇਸ਼ ਮਹਾਨ।
ਸਿਰਾਂ 'ਤੇ ਤੱਤੀ ਛਾਂ ਹੋਵੇ, ਕਿਵੇਂ ਕਹੀਏ ਉਹ ਦੇਸ਼ ਮਹਾਨ।

ਉਹ ਜਿੱਥੇ ਹਰ ਬਨੇਰੇ 'ਤੇ ਹੀ ਗਿੱਧਾਂ ਆਲ੍ਹਣੇ ਪਾ ਲੈਣ,
ਘਰਾਂ ਵਿੱਚ ਚੁੱਪ ਚਾਂ ਹੋਵੇ, ਕਿਵੇਂ ਕਹੀਏ ਉਹ ਦੇਸ਼ ਮਹਾਨ।

ਵਲੋਆ ਹੋਣ 'ਤੇ ਵੀ, ਚਿੜੀਆਂ ਜਿੱਥੇ ਚਹਿਕਣੋ ਝਿਜਕਣ,
ਸਿਰੀਂ ਇੱਲਾਂ ਦੀ ਛਾਂ ਹੋਵੇ, ਕਿਵੇਂ ਕਹੀਏ ਉਹ ਦੇਸ਼ ਮਹਾਨ।

ਉਹ ਜਿੱਥੇ ਲਾਜ਼ਮੀ ਹੋਵੇ, ਹਕੂਮਤ ਦਾ ਜਬਰ ਸਹਿਣਾ,
ਤੇ ਰੋਣਾ ਵੀ ਮਨ੍ਹਾ ਹੋਵੇ, ਕਿਵੇਂ ਕਹੀਏ ਉਹ ਦੇਸ਼ ਮਹਾਨ।

ਹਮੇਸ਼ਾ ਹੀ ਤਮੰਨਾਵਾਂ ਦਾ ਹੁੰਦਾ ਰਹੇ ਕਤਲ ਜਿੱਥੇ,
ਤੇ ਕਾਤਲ ਹੱਥ ਨਿਆਂ ਹੋਵੇ, ਕਿਵੇਂ ਕਹੀਏ ਉਹ ਦੇਸ਼ ਮਹਾਨ।

ਪਿਓ ਦਾਦੇ ਤੋਂ ਜਿਹੜੇ ਦੇਸ਼ ਵਿੱਚ ਰਹਿੰਦੇ ਰਹੇ ਹੋਈਏ,
ਫਰਿਸਤ ਵਿੱਚ ਮਰ ਨਾ ਹੋਵੇ, ਕਿਵੇਂ ਕਹੀਏ ਉਹ ਦੇਸ਼ ਮਹਾਨ।

ਨੇ ਜਿੱਥੇ ਉੱਲੂਆਂ, ਚਮਗਿੱਦੜਾਂ ਦੇ ਬਾਗਾਂ 'ਤੇ ਕਬਜ਼ੇ,
ਤੇ ਮਾਲੀ ਚੁੱਪ-ਚਾਂ ਹੋਵੇ, ਕਿਵੇਂ ਕਹੀਏ ਉਹ ਦੇਸ਼ ਮਹਾਨ।

ਖਤਾ ਦੱਸੇ ਬਿਨਾਂ ਫਤਵੇ, ਮਿਲਣ ਜਿੱਥੇ ਸਜ਼ਾਵਾਂ ਦੇ,
ਖਤਾ ਪੁੱਛਣਾ ਗੁਨਾਹ ਹੋਵੇ, ਕਿਵੇਂ ਕਹੀਏ ਉਹ ਦੇਸ਼ ਮਹਾਨ।

(4)

ਬਾਰਸ਼ ਤਾਂ ਸਾਗਰ 'ਤੇ ਹੋਊ, ਥਲੀਂ ਘਟਾਵਾਂ ਹੋਣਗੀਆਂ।
ਰੁੱਖ ਹੋਣਗੇ ਸਾਡੇ ਵਿਹੜੀਂ, ਦਿਲੀ ਛਾਵਾਂ ਹੋਣਗੀਆਂ।

ਤਰਕ ਦੇ ਰਾਹ ਵਿੱਚ ਅਜ਼ਗਰ, ਫਨੀਅਰ, ਬਾਘ, ਬਲਾਵਾਂ ਹੋਣਗੀਆਂ,
ਤੋੜੋ ਤੋੜ ਕਦੇ ਨਾ ਸਮਝੀਂ, ਰਾਹ ਵਿੱਚ ਛਾਵਾਂ ਹੋਣਗੀਆਂ।

ਅਰਜਨ ਵਰਗਾ ਤੀਰ-ਅੰਦਾਜ਼ ਤਾਂ ਓਥੇ ਪੈਦਾ ਹੋਵੇਗਾ,
ਜਿੱਥੇ ਵੀ ਅੰਗੂਠਾ ਰਹਿਤ, ਇਕਲਵਿਆ ਬਾਹਵਾਂ ਹੋਣਗੀਆਂ।

ਸਮਝ ਲਵੋ ਕਿ ਸੂਰਜ ਓਦੋਂ ਬੱਸ ਡੁੱਬਣ ਹੀ ਵਾਲਾ ਹੈ,
ਬੌਣੇ ਰੁੱਖਾਂ ਦੀਆਂ ਜਦ ਵੀ, ਲੰਮੀਆਂ ਛਾਵਾਂ ਹੋਣਗੀਆਂ।

ਬਿਨ ਖਤਰੇ ਦੇ ਜਿੱਥੇ ਕੋਈ ਹੱਸੇ ਵੱਸੇ ਖੇਡ ਸਕੇ,
'ਮੱਖਣ' ਮੇਰੇ ਦੇਸ਼ 'ਚ ਐਸੀਆਂ ਕਿੱਥੇ ਥਾਵਾਂ ਹੋਣਗੀਆਂ?

(5)

ਉੱਡ ਰਹੇ ਨੇ ਪੰਛੀ ਜੋ ਸਨ ਆਲ੍ਹਣੇ 'ਤੇ ਤਲਖੀਆਂ।
ਜਾਣਗੇ ਜਿੱਥੇ ਵੀ ਉਹ, ਓਥੇ ਵੀ ਤਾਂ ਹਨ ਬਿਜਲੀਆਂ।

ਬਾਜ ਦੇ ਪੰਜੇ 'ਚ ਘੁੱਗੀ ਸੋਚਦੀ ਹੈ ਜਿਸ ਤਰ੍ਹਾਂ,
ਇਸ ਤਰ੍ਹਾਂ ਦਾ ਕਿਉਂ ਨਹੀਂ ਅਹਿਸਾਸ ਕਲਮਾਂ ਲਿਖਦੀਆਂ?

ਦੀਪਕਾਂ ਦੀਆਂ ਕਤਾਰਾਂ ਹੋਰ ਕਰੀਏ ਲੰਬੀਆਂ,
ਤੇਜ਼ ਹੋ ਰਹੀਆਂ ਨੇ 'ਵਾਵਾਂ ਤੱਤੀਆਂ, ਕੁਪੱਤੀਆਂ।

ਮੋਮਨਾ ਤੇ ਕਾਫਰਾਂ ਦੀ ਕਿਸ ਤਰ੍ਹਾਂ ਕਰੀਏ ਪਛਾਣ,
ਬਦਲਦੇ ਰਹਿੰਦੇ ਨੇ ਆਪਸ ਵਿੱਚ ਮਖੌਟੇ, ਕਲਗੀਆਂ।

ਇਹ ਕਿਵੇਂ ਦੀ ਰੁੱਤ ਹੈ, ਸੂਰਜ ਦਾ ਨਾ ਅਹਿਸਾਸ ਹੈ,
ਦਿਨ ਹੈ ਫਿਰ ਵੀ ਲੋਕ ਡਰਦੇ ਨਾ ਬੁਝਾਵਣ ਬੱਤੀਆਂ।

ਪਾਲੀਏ ਖੇਤਾਂ 'ਚ ਸੁਪਨੇ, ਪਰ ਨੇ ਕਰਜ਼ੇ ਪਨਪਦੇ,
ਬੀਜੀਏ ਫਸਲਾਂ ਮਗਰ, ਸਲਫਾਸਾਂ ਕਿਉਂ ਨੇ ਉੱਗਦੀਆਂ।

ਉਸ ਨੂੰ ਹੁੰਦਾ ਨਾ ਜੇ ਅਹਿਸਾਸ ਸਾਡੀ ਹੋਂਦ ਦਾ,
ਗੱਡਦਾ ਉਹ ਸ਼ਹਿਰ ਵਿੱਚ ਥਾਂ-ਥਾਂ ਕਾਹਤੋਂ ਸੂਲੀਆਂ।

ਕਾਫਲਾ ਲੁਟਿਆ ਗਿਐ ਤਾਂ ਤੂੰ ਵੀ ਦੋਸ਼ੀ ਹੈ 'ਕੁਹਾੜ',
ਤਾੜ ਸਕਿਆ ਜੋ ਨਹੀਂ ਤੂੰ ਰਹਿਬਰਾਂ ਦੀਆਂ ਚੁਸਤੀਆਂ।

(6)

ਫਿਰ ਕੀ ਹੈ ਜੇ ਆਟਾ ਨਹੀਂ ਹੈ, ਸਾਂਭ ਕੇ ਰੱਖ ਪਰਾਤਾਂ ਨੂੰ।
ਇਹਨਾਂ ਦੇ ਵਿੱਚ ਢੱਕ ਕੇ ਰੱਖ ਲੈ, ਝੂਠ, ਫਰੇਬ, ਸੁਗਾਤਾਂ ਨੂੰ।

'ਕੇਸਰ ਕਿਆਰੀਆਂ' ਵਿੱਚ ਕਿਵੇਂ ਹੈ, ਉੱਗ ਆਇਆ ਬਾਰੂਦ ਭਲਾ?
ਕਿਸ ਨੇ ਬਾਗੀ ਕਰ ਦਿੱਤਾ ਹੈ, ਸ਼ੋਖ ਜਿਹੇ ਜਜ਼ਬਾਤਾਂ ਨੂੰ।

ਸ਼ਹਿਰ ਗਰਾਂ ਇੱਕ ਐਸਾ ਲੱਭੀਏ ਹੋਣ ਨਾ ਸਹਿੰਸੇ ਜੀਵਨ ਦੇ,
ਕੋਈ ਨਾ ਪੁੱਛੇ ਜਾਣੇ ਜਿੱਥੇ, ਧਰਮਾਂ, ਮਜ਼ਬ੍ਹਾਂ, ਜਾਤਾਂ ਨੂੰ।

ਹਿੰਦੂ, ਮੁਸਲਿਮ, ਸਿੱਖ, ਇਸਾਈ ਵੱਸ ਰਹੇ ਨੇ ਮੇਰੇ ਸ਼ਹਿਰ,
ਲੱਭਦਾ ਨਹੀਂ ਇਨਸਾਨ ਜੋ ਗੌਲੇ, ਮੇਰੇ ਦਿਲ ਦੀਆਂ ਬਾਤਾਂ ਨੂੰ।

ਅੱਥਰੂਆਂ ਦਾ ਜ਼ਿਕਰ ਕਰੇ ਨਾ, ਦਰਦ ਲਿਖੇ ਨਾ ਲੋਕਾਂ ਦੇ,
ਕੀ ਕਰਨਾ ਹੈ ਆਪਾਂ 'ਮੱਖਣਾ', ਐਸੀਆਂ ਕਲਮ-ਦਵਾਤਾਂ ਨੂੰ।

ਸਫ਼ਾ 1 ਦੀ ਬਾਕੀ

## ਕੁਦਰਤ ਅਤੇ ਸਮਾਜਿਕ ਦਵੰਦਵਾਦ ਦੇ ਨੇਮ ਤੇ ਸੱਤਾ ...

ਭਵਿੱਖ ਵਿੱਚ ਇਹ ਖਤਰਾ ਮੁਕਤ ਹੋਣ ਲਈ ਇਸ ਖਤਰੇ ਨੂੰ ਸਮਾਪਤ ਕਰਨ ਦੀ ਨੀਤ ਦੇ ਭਰਮ ਨਾਲ ਉਹ ਬਚੀ-ਖੁਚੀ (ਘਟਦੇ ਰੁਝਾਨ ਵਾਲੀ) 'ਜਮਹੂਰੀਅਤ' ਨੂੰ ਵੀ ਸਮੇਟਣਾ ਚਾਹੁੰਦੀ ਹੈ।

ਉਹ ਮਿਲੇ ਸੰਵਿਧਾਨਕ ਹੱਕ ਵੀ ਧੜੱਲੇ ਨਾਲ ਖੋਹ ਰਹੀ ਹੈ।

ਸੱਤਾ ਨੂੰ ਚੁਣੌਤੀ ਕੇਵਲ ਆਰਥਿਕ ਮੁਹਾਜ਼ ਤੋਂ ਹੈ, ਜਿਸ ਅੱਗੇ ਉਸ ਦਾ ਫਿਰਕੂ ਏਜੰਡਾ ਅੰਤਰ-ਵਿਰੋਧ ਵਰਤਾਰੇ ਦੇ ਅੰਤਰ ਵਿਰੋਧੀ ਬਲ ਤੇ ਰੁਝਾਨ ਅੱਗੇ ਉਹ ਬੇਵੱਸ ਹੋ ਜਾਂਦੀ ਹੈ, ਕਿਉਂਕਿ ਆਰਥਿਕ ਹਿੱਤ "ਪੇਟ ਨਾ ਪਈਆਂ ਰੋਟੀਆਂ ਤਾਂ ਸੱਭੇ ਗੱਲਾਂ ਖੋਟੀਆਂ" (ਰੋਟੀ ਨੂੰ ਪਹਿਲ ਹੈ) ਸਭ ਤੋਂ ਭਾਰੂ ਹੁੰਦੇ ਹਨ। ਮਿੱਲ ਗੇਟਾਂ ਉਤੇ ਮਜ਼ਦੂਰ ਅਕਸਰ ਕਹਿੰਦੇ ਸੁਣੇ ਹਨ, "ਪੀਠ ਪੇ ਵਾਰ ਸਹਿ ਲੇਂਗੇ ਮਗਰ ਪੇਟ ਪੇ ਨਹੀਂ"।

ਤਿੰਨ ਖੇਤੀ ਵਿਰੋਧੀ ਕਾਨੂੰਨਾਂ ਵਿਰੁੱਧ ਸੰਯੁਕਤ ਕਿਸਾਨ ਮੋਰਚੇ ਦੀ ਪ੍ਰਾਪਤੀ, ਉਸ (ਬੀ ਜੇ ਪੀ) ਦੇ ਅੰਤਰ-ਵਿਰੋਧੀ ਬਲ ਤੇ ਰੁਝਾਨ ਨੂੰ ਮਜ਼ਬੂਤ ਕਰਨਾ ਸੀ, ਜੋ ਉਸ ਦੀ ਹੋਂਦ (ਜੋ ਫਿਰਕੂ ਪਹੁੰਚ ਨਾਲ ਬਣਾਈ ਹੈ) ਨੂੰ ਖਤਰਾ ਬਣ ਰਿਹਾ ਸੀ। ਉਸ ਨੂੰ ਲੰਬੇ ਅਰਸੇ ਪਿੱਛੋਂ ਵਾਪਸੀ ਦਾ ਐਲਾਨ ਕਰਨਾ ਪਿਆ ਸੀ।

ਦੇਸ਼ ਵਿੱਚ ਫਿਰਕੂ ਤਣਾਓ ਹੈ ਤਾਂ ਬੀ ਜੇ ਪੀ ਮਜ਼ਬੂਤ ਹੈ,

ਸੱਤਾ ਨੂੰ ਕੋਈ ਖਤਰਾ ਨਹੀਂ ਹੈ। ਜੇ ਆਰਥਿਕ ਮੁਹਾਜ਼ ਤੋਂ ਮੈਦਾਨ ਭਖਦਾ ਹੈ ਤਾਂ ਬੀ ਜੇ ਪੀ-ਸੱਤਾ, ਬਾਕੀ ਸਭ ਫਰੰਟਾਂ ਨਾਲੋਂ ਇਥੇ ਵਧੇਰੇ ਕਮਜ਼ੋਰ ਹੈ।

ਬਹੁਤ ਸਾਰੇ ਲੋਕ ਉਸ ਦੀ ਤਾਕਤ ਆਰ ਐੱਸ ਐੱਸ ਵਿੱਚੋਂ ਵੇਖਦੇ ਹਨ। ਮੰਨਿਆ ਉਹ ਤਾਕਤ ਹੈ, ਪਰ ਇਹ ਤਾਕਤ ਫਿਰਕੂ ਮਾਹੌਲ ਵਿੱਚ ਦੂਣੀ-ਚੌਣੀ ਹੋ ਜਾਂਦੀ ਹੈ, ਕਿਉਂਕਿ ਉਹ ਸਰਗਰਮ ਹੁੰਦੀ ਹੈ। ਆਰਥਿਕ ਲੜਾਈ ਵਿੱਚ ਇਹ ਤਾਕਤ ਅੱਧਾ ਅਤੇ ਚੌਥੇ ਹਿੱਸੇ ਤੋਂ ਵੀ ਹੇਠਾਂ ਡਿਗ ਪੈਂਦੀ ਹੈ, ਕਿਉਂਕਿ ਮਾਹੌਲ ਇਸ ਨੂੰ ਹੁੰਗਾਰਾ ਨਹੀਂ ਭਰਦਾ। ਇਸ ਦਾ ਘਾਤਕ ਰੂਪ ਮੱਧਮ ਪੈ ਜਾਂਦਾ ਹੈ। ਇਸ ਦੇ ਹੌਸਲੇ ਪਸਤ ਹੁੰਦੇ ਹਨ। ਇਹ ਕਿਸਾਨ ਅੰਦੋਲਨ ਸਮੇਂ ਪਰਖਿਆ ਸੱਚ ਹੈ। ਹਮਲਾ ਕਰਨ ਗਏ ਵੀ ਹਮਲਾ ਨਹੀਂ ਕਰ ਪਾਏ ਸਨ। ਇਸ ਦਾ ਇਹ ਅਰਥ ਬਿਲਕੁਲ ਨਹੀਂ ਕਿ ਉਸ ਦੇ ਖਤਰੇ ਨੂੰ ਘਟਾ ਕੇ ਆਂਕਿਆ ਜਾਵੇ।

ਦੂਜੇ ਪਾਸੇ ਆਰਥਿਕ ਮੁਹਾਜ਼ 'ਤੇ ਵਿੱਢੀ ਲੜਾਈ ਦੀ ਤਾਕਤ ਨੂੰ ਘਟਾ ਕੇ ਆਂਕਣ ਵਾਲੇ ਵੀ ਹਨ। ਉਹ ਇਹ ਨਹੀਂ ਚਿਤਵਦੇ ਕਿ ਆਰ ਐੱਸ ਐੱਸ ਤੋਂ ਕਿਤੇ ਵੱਡੀ ਜੱਥੇਬੰਦਕ ਤਾਕਤ ਟਰੇਡ ਯੂਨੀਅਨਾਂ ਦੀ ਹੈ। ਜੋ ਆਰ ਐੱਸ ਐੱਸ ਤੋਂ ਕਈ ਗੁਣਾਂ ਵੱਧ ਹੈ। ਉਸ ਕੋਲ ਦੇਸ਼ ਵਿਚ ਸਭ ਤੋਂ ਵੱਧ ਪ੍ਰਭਾਵੀ ਬੁਲਾਰੇ ਹਨ। ਭਾਵੇਂ ਅਜੇ ਸੁੱਤੀ ਤਾਕਤ ਹੈ, ਪਰ ਉਹ ਨਿਰੋਲ ਜਮਾਤੀ ਹੈ।

ਆਰਥਿਕ ਹਿੱਤ ਸਭ ਤੋਂ ਮਜ਼ਬੂਤ ਆਧਾਰ ਹੁੰਦਾ ਹੈ। ਜੋ ਵੱਡੇ ਫਿਰਕੇ ਦੇ ਕਰੋੜਾਂ ਕਾਮਿਆਂ ਨੂੰ ਵੀ ਜਮਾਤੀ ਹਿੱਤ ਪੂਰਤੀ ਲਈ ਆਪਣੇ ਨਾਲ ਵਹਾਅ ਕੇ ਲੈ ਜਾਵੇਗਾ। ਕਈਆਂ ਨੂੰ ਇਹ ਕੋਰੀ ਕਲਪਨਾ ਲੱਗੇਗੀ। ਜਦੋਂ ਕਿ ਇਹ ਠੋਸ ਸੱਚਾਈ ਹੈ, ਜਿਸ ਦਾ ਇਤਿਹਾਸ ਗਵਾਹ ਹੈ।

ਇਹ ਆਰਥਿਕ ਘੋਲ ਕਿੱਥੋਂ ਸ਼ੁਰੂ ਹੋਵੇ ?

ਕੁਝ ਇਕ ਦੀ ਰਾਏ ਹੋਵੇਗੀ, ਕਿਸਾਨੀ ਲੜ ਰਹੀ ਹੈ, ਇਹ ਘੋਲ ਹੀ ਤਿੱਖਾ ਕੀਤਾ ਜਾਵੇ।

ਕੁਝ ਇਹ ਵੀ ਕਹਿ ਸਕਦੇ ਹਨ ਸਾਰਿਆਂ ਦੀਆਂ ਸਾਂਝੀਆਂ ਮੰਗਾਂ ਸ਼ਾਮਲ ਕਰਕੇ ਘੋਲ ਤਿੱਖਾ ਕੀਤਾ ਜਾਵੇ।

(ਚੱਲਦਾ)

## ਨਾਟਕ ਤੇ ਰੰਗਮੰਚ ਦੇ ਬਾਬਾ ਬੋਹੜ ਨੂੰ ਯਾਦ ਕਰਦਿਆਂ....

ਅਮੋਲਕ ਸਿੰਘ

ਪੰਜਾਬੀ ਇਨਕਲਾਬੀ ਰੰਗਮੰਚ ਦੇ ਸ਼ਾਹ-ਅਸਵਾਰ ਨਾਟਕਕਾਰ ਗੁਰਸ਼ਰਨ ਸਿੰਘ 27 ਸਤੰਬਰ, 2011 ਨੂੰ ਭਾਵੇਂ ਜਿਸਮਾਨੀ ਤੌਰ 'ਤੇ ਲੋਕ-ਕਾਫ਼ਲੇ ਨੂੰ ਸਦੀਵੀ ਅਲਵਿਦਾ ਕਹਿ ਗਏ, ਪਰ ਉਹ ਮਿਹਨਤਕਸ਼ ਲੋਕਾਂ ਦੀ ਮੁਕਤੀ ਲਹਿਰ ਅਤੇ ਰੰਗਮੰਚ ਦਾ ਅਜਿਹਾ ਸੂਰਜ ਸਨ, ਜੋ ਕਦੇ ਅਸਤ ਨਹੀਂ ਹੁੰਦਾ।

ਪਰੀ ਕਹਾਣੀਆਂ ਸੁਣਨਾ ਜਾਂ ਕਾਲਪਨਿਕ ਇਤਿਹਾਸ ਪੜ੍ਹਨਾ ਹੋਰ ਗੱਲ ਹੈ, ਪਰ ਅੱਖੀਂ ਦੇਖਿਆ, ਕੰਨੀ ਸੁਣਿਆ ਸਾਡੇ ਸਮਿਆਂ ਦਾ ਲਾ-ਮਿਸਾਲ ਰੌਸ਼ਨ ਇਤਿਹਾਸ ਹੈ; ਸਾਡਾ ਮਹਿਬੂਬ ਇਨਕਲਾਬੀ ਨਾਟਕਕਾਰ ਗੁਰਸ਼ਰਨ ਸਿੰਘ। ਚੰਡੀਗੜ੍ਹ 43 ਬੀ, ਸੈਕਟਰ ਸਥਿਤ 1245 ਉਹਨਾ ਦੀ ਰਿਹਾਇਸ਼ਗਾਹ 'ਤੇ 27 ਸਤੰਬਰ, 2011 ਨੂੰ ਜਦੋਂ ਫੁੱਲਾਂ ਨਾਲ ਸਜਿਆ ਸਦਾ ਦੀ ਨੀਂਦ ਸੁੱਤਾ ਪਿਆ ਸੀ ਸਾਡਾ ਨਾਟਕ ਪਿਤਾਮਾ, ਉਸ ਵੇਲੇ ਉਹਨਾ ਦੀਆਂ ਧੀਆਂ ਆਉਣ ਵਾਲੇ ਕਾਫ਼ਲਿਆਂ ਨੂੰ ਕਹਿ ਰਹੀਆਂ ਸਨ; 'ਇਹ ਮਾਤਮ ਦਾ ਵੇਲ਼ਾ ਨਹੀਂ। ਭਾਅ ਜੀ ਨਾਲ, ਆਪਣੇ ਆਪ ਨਾਲ ਗੱਲਾਂ ਕਰਨ ਦਾ ਵੇਲ਼ਾ ਹੈ। ਆਓ! ਰਲ਼ ਕੇ ਖਾਲਸਾ ਨਿਵਾਸ ਅੰਮ੍ਰਿਤਸਰ 1982 ਵਿੱਚ ਰਿਕਾਰਡ ਕੀਤਾ ਉਹ ਗੀਤ ਗਾਈਏ, ਜਿਸ ਦਾ ਭਾਅ ਜੀ ਅਕਸਰ ਹੀ ਮਾਣ ਨਾਲ ਜ਼ਿਕਰ ਕਰਿਆ ਕਰਦੇ ਸਨ' :

'ਦਿੱਲੀ ਦੀ ਹਕੂਮਤੇ, ਨੀ ਲੋਕਾਂ ਦੀਏ ਵੈਰਨੇ
ਲੋਕ ਹੜ੍ਹ ਲੈਜੂਗਾ ਹੜ੍ਹਾ
ਜਾਗ ਪਏ ਨੇ ਲੋਕ ਹੁਣ ਝੱਲਣੀ ਨਾ ਧੌਂਸ ਤੇਰੀ
ਕਾਲ਼ੇ ਤੂੰ ਕਾਨੂੰਨ ਲੈ ਬਣਾ।'

ਇਹ ਗੀਤ 40 ਵਰ੍ਹੇ ਬੀਤ ਜਾਣ 'ਤੇ ਅੱਜ ਵੀ ਪ੍ਰਸੰਗਕ ਹੈ।

ਆਪਣੇ ਮਾਣ-ਮੱਤੇ ਬਾਬਲ ਦੇ ਤੁਰ ਜਾਣ 'ਤੇ ਇਹ ਮਾਣ ਉਹਨਾਂ ਦੀਆਂ ਧੀਆਂ ਹਿੱਸੇ ਆਉਂਦਾ ਹੈ, ਜਿਨ੍ਹਾਂ ਨੇ ਨੈਣਾਂ ਵਿੱਚ ਝੀਲ ਬਣੇ ਪਾਣੀ 'ਚੋਂ ਵਿਦਰੋਹੀ ਸੁਰ ਵਿੱਚ ਉਹਨਾਂ ਪਲਾਂ ਵੇਲ਼ੇ ਇਹ ਗੀਤ ਗਾਇਆ।

ਨਿਵੇਕਲੀ ਧਰੋਹਰ ਹੈ ਸਾਡੀ ਗੌਰਵਮਈ ਵਿਰਾਸਤ ਦੀ, ਜਦੋਂ ਵਡੇਰੇ, ਸੱਖਣੇਪਣ ਦੀ ਅਸਮਾਨੀ ਬਿਜਲੀ ਡਿੱਗਣ ਵਰਗੇ ਸਮਿਆਂ ਅੰਦਰ ਭਾਅ ਜੀ ਦੇ ਪਰਵਾਰ ਅਤੇ ਸੰਗੀਆਂ-ਸਾਥੀਆਂ ਨੇ ਉਦਾਸੀ ਦੇ ਆਲਮ 'ਚ ਡੁੱਬ ਜਾਣ ਦੀ ਬਜਾਏ ਭਾਅ ਜੀ ਦੀ ਅੰਤਮ ਵਿਦਾਇਗੀ ਸਮੇਂ ਚੰਡੀਗੜ੍ਹ ਦੀਆਂ ਪੌਣਾਂ ਵਿੱਚ ਨਾਅਰੇ ਗੁੰਜਾਏ :

'ਭਾਅ ਜੀ ਸਾਡੇ ਕਿਤੇ ਨਹੀਂ ਗਏ
ਭਾਅ ਜੀ ਸਾਡੇ ਦਿਲਾਂ 'ਚ ਨੇ'

ਚੰਡੀਗੜ੍ਹ, ਸੈਕਟਰ-25 ਦੇ ਸ਼ਮਸ਼ਾਨ ਘਾਟ, ਉੱਚੇ ਥੜ੍ਹੇ 'ਤੇ ਖੜ੍ਹ ਕੇ ਕੇਵਲ ਧਾਲੀਵਾਲ ਨੇ ਐਲਾਨ ਕੀਤਾ ਕਿ ਗੁਰਸ਼ਰਨ ਭਾਅ ਜੀ ਦੇ ਵਿਛੋੜੇ ਵਾਲਾ ਦਿਨ 27 ਸਤੰਬਰ, ਹਰ ਸਾਲ ਇਨਕਲਾਬੀ ਰੰਗਮੰਚ ਦਿਹਾੜੇ ਦੇ ਤੌਰ 'ਤੇ ਪੰਜਾਬ ਲੋਕ ਸੱਭਿਆਚਾਰਕ ਮੰਚ (ਪਲਸ ਮੰਚ) ਅਤੇ ਸੰਗੀ-ਸਾਥੀ ਸੰਸਥਾਵਾਂ, ਕਲਾਕਾਰਾਂ ਵੱਲੋਂ ਮਨਾਇਆ ਜਾਇਆ ਕਰੇਗਾ। ਇਸ ਮੌਕੇ ਪਲਸ ਮੰਚ ਅਤੇ ਸਮੂਹ ਰੰਗ ਕਰਮੀਆਂ, ਬੁੱਧੀਜੀਵੀਆਂ, ਲੋਕ-ਪੱਖੀ ਸੰਸਥਾਵਾਂ ਦੀ ਤਰਫ਼ੋਂ, ਪਲਸ ਮੰਚ ਦੇ ਬਾਨੀਆਂ 'ਚ ਸ਼ੁਮਾਰ ਇਹਨਾਂ ਸ਼ਬਦਾਂ ਦੇ ਲੇਖਕ ਨੇ ਇਨਕਲਾਬੀ ਰੰਗਮੰਚ ਦੀ ਮਸ਼ਾਲ ਸਦਾ ਜਗਦੀ ਰੱਖਣ ਦੇ

ਅਹਿਦ ਦਾ ਅੱਖਰ-ਅੱਖਰ ਪੜ੍ਹਿਆ ਅਤੇ ਨਾਲ਼ ਦੀ ਨਾਲ਼ ਅੰਤਮ ਵਿਦਾਇਗੀ ਮੌਕੇ ਜੁੜੇ ਲੋਕਾਂ ਨੇ ਬੁਲੰਦ ਆਵਾਜ਼ ਵਿੱਚ ਬੋਲ ਕੇ ਗੁਰਸ਼ਰਨ ਭਾਅ ਜੀ ਦੇ ਰੰਗਮੰਚ ਦੇ ਰਾਹ 'ਤੇ ਸਾਬਤ ਕਦਮੀਂ ਤੁਰਨ ਦਾ ਅਹਿਦ ਲਿਆ।

ਚੰਦ ਦਿਨਾਂ ਬਾਅਦ ਭਾਅ ਜੀ ਦੀ ਯਾਦ 'ਚ ਚੰਡੀਗੜ੍ਹ ਹੀ ਵਿਚਾਰ-ਚਰਚਾ ਸਮਾਗਮ ਹੋਇਆ। ਇਸ ਉਪਰੰਤ ਪਹਿਲੀ ਬਰਸੀ ਮੌਕੇ ਬਾਲ ਭਵਨ ਚੰਡੀਗੜ੍ਹ ਦੇ ਖੁੱਲ੍ਹੇ ਪਾਰਕ ਵਿੱਚ ਪੰਜਾਬ ਦੇ ਕੋਨੇ-ਕੋਨੇ ਤੋਂ ਲੋਕਾਂ ਦਾ ਹੜ੍ਹ ਆ ਗਿਆ। ਇਸ ਉਪਰੰਤ 2013 ਤੋਂ ਲੈ ਕੇ ਲਗਾਤਾਰ ਦਾਣਾ ਮੰਡੀ ਬਰਨਾਲਾ ਵਿਖੇ ਵਿਸ਼ਾਲ ਗਿਣਤੀ 'ਚ ਜੁੜੇ ਮਰਦ-ਔਰਤਾਂ ਭਾਅ ਜੀ ਦੇ ਵਿਛੋੜੇ ਵਾਲੀ ਸਾਰੀ ਰਾਤ ਸਮਰਪਤ ਕਰਦੇ ਆ ਰਹੇ ਹਾਂ ਨਾਟਕਾਂ ਅਤੇ ਗੀਤਾਂ ਭਰੀ ਰਾਤ। ਇਸ ਮੌਕੇ ਲੱਗਦਾ ਆ ਰਿਹੈ ਯਾਦਗਾਰੀ ਪੁਸਤਕ ਮੇਲਾ।

ਇਸ ਵਰ੍ਹੇ 16 ਸਤੰਬਰ ਨੂੰ ਵਿਰਸਾ ਵਿਹਾਰ ਅਤੇ ਜੱਦੀ ਘਰ ਖਾਲਸਾ ਨਿਵਾਸ ਅੰਮ੍ਰਿਤਸਰ ਕੇਵਲ ਧਾਲੀਵਾਲ ਦੀ ਅਗਵਾਈ 'ਚ ਵੱਖ-ਵੱਖ ਸੰਸਥਾਵਾਂ ਵੱਲੋਂ ਜਨਮ ਦਿਹਾੜਾ ਸਮਾਗਮ ਕੀਤਾ ਗਿਆ। ਇਸ ਵਾਰ 27 ਸਤੰਬਰ ਸ਼ਾਮ 7 ਵਜੇ ਤੋਂ ਰਾਤ 11 ਵਜੇ ਤੱਕ ਪਿੰਡ ਦੀਵਾਨਾ ਦੀ ਗਰਾਊਂਡ ਵਿੱਚ ਨਾਟਕ ਅਤੇ ਗੀਤ-ਸੰਗੀਤ ਸਮਾਗਮ ਨੂੰ ਨਵਾਂ ਮੁਹਾਂਦਰਾ ਦਿੱਤਾ ਜਾ ਰਿਹਾ ਹੈ। ਇੱਕ ਰਾਤ ਪਹਿਲਾਂ ਪਿੰਡ 'ਚ 'ਜਾਗੋ' ਰਾਹੀਂ ਇਨਕਲਾਬੀ ਰੰਗਮੰਚ ਦੇ ਚਾਨਣ ਦਾ ਛੱਟਾ ਦਿੱਤਾ ਜਾਏਗਾ। ਇਉਂ ਹਰ ਸਾਲ ਗੁਰਸ਼ਰਨ ਸਿੰਘ ਦੇ ਵਿਛੋੜੇ ਦੀ ਰਾਤ ਬਣ ਗਈ ਹੈ, ਮਿਲਣ ਦੀ ਰਾਤ। ਇਸ ਰਾਤ ਜਨਮੇ ਇਨਕਲਾਬ ਦੇ ਸੂਹੇ ਚਿੰਨ੍ਹ ਭਗਤ ਸਿੰਘ ਨੂੰ ਸਲਾਮ ਕਰਦਿਆਂ ਰਾਤਾਂ ਰੁਸ਼ਨਾਉਣ ਵਾਲੇ ਰੰਗ ਕਰਮੀਆਂ, ਸਾਹਿਤਕਾਰਾਂ, ਲੇਖਕਾਂ, ਕਵੀਆਂ ਨੂੰ ਵੀ ਸਿਜਦਾ ਕੀਤਾ ਜਾਂਦਾ ਹੈ।

16 ਸਤੰਬਰ 1929 ਨੂੰ ਮੁਲਤਾਨ (ਅੱਜਕੱਲ੍ਹ ਲਹਿੰਦੇ ਪੰਜਾਬ 'ਚ) ਡਾ. ਗਿਆਨ ਸਿੰਘ ਤੇ ਮਾਂ ਕਰਤਾਰ ਕੌਰ ਦੇ ਘਰ ਜਨਮੇ ਗੁਰਸ਼ਰਨ ਸਿੰਘ ਨੇ ਐੱਮ ਐੱਸ ਸੀ (ਟੈਕਨੀਕਲ ਕੈਮਿਸਟਰੀ) ਯੋਗਤਾ ਹਾਸਲ ਕੀਤੀ। ਸਿੰਚਾਈ ਖੋਜ ਸੰਸਥਾਨ ਵਿੱਚ ਬਤੌਰ ਖੋਜ ਅਫ਼ਸਰ ਦੇ ਅਹੁਦੇ ਤੋਂ ਅਗਾਊਂ ਸੇਵਾ-ਮੁਕਤ ਹੋਏ ਤਾਂ ਜੋ ਰੰਗਮੰਚ ਲਈ ਕੁਲਵਕਤੀ ਸੇਵਾਵਾਂ ਦਿੱਤੀਆਂ ਜਾਣ।

ਨੌਕਰੀ ਦੌਰਾਨ ਭਾਖੜਾ ਡੈਮ 'ਤੇ ਉਹਨਾ ਵੱਲੋਂ ਖੇਡੇ ਜਾਣ ਵਾਲੇ ਨਾਟਕ ਸਮਾਗਮ 'ਚ ਜਦੋਂ ਕਾਮਿਆਂ ਨੂੰ ਅਨਪੜ੍ਹ, ਗੰਵਾਰ ਦੱਸ ਕੇ ਨਾ ਬੁਲਾਇਆ ਗਿਆ ਤਾਂ 'ਭਾਅ ਜੀ' ਦਾ ਮਨ ਝੰਜੋੜਿਆ ਗਿਆ। ਜਦੋਂ ਉਨ੍ਹਾ ਨੇ ਆਪਣੇ ਸਹਿਪਾਠੀ ਬੁੱਧੂਆ ਹੱਥੋਂ ਕਲਮ ਖੋਹ ਕੇ ਗਰੀਬੀ ਦੁਆਰਾ ਝਾੜੂ ਫੜਾਏ ਜਾਣ ਦਾ ਦ੍ਰਿਸ਼ ਤੱਕਿਆ ਤਾਂ ਉਹਨਾਂ ਕਿਰਤੀਆਂ ਦੇ ਹਿੱਸੇ ਦੀ ਆਜ਼ਾਦੀ ਲਿਆਉਣ ਲਈ ਚੱਲ ਰਹੇ ਲੋਕ ਸੰਗਰਾਮ ਵਿੱਚ ਰੰਗਮੰਚ ਦੇ ਮਹੱਤਵ ਨੂੰ ਹੋਰ ਵਧੇਰੇ ਸਮਝਦਿਆਂ ਦਿਨ-ਰਾਤ ਰੰਗਮੰਚ, ਸਾਹਿਤ ਪ੍ਰਕਾਸ਼ਨ ਅਤੇ ਇਨਕਲਾਬੀ ਜਮਹੂਰੀ ਲਹਿਰ ਵਿੱਚ ਯੋਗਦਾਨ ਪਾਉਣ ਲਈ ਲੱਕ ਬੰਨ੍ਹਵਾਂ ਕਾਰਜ ਹੋਰ ਵੀ ਸ਼ਿੱਦਤ ਨਾਲ ਨਿਭਾਉਣ ਦਾ ਅਣਥੱਕ ਮਾਰਗ ਅਪਣਾਇਆ।

ਗੁਰਸ਼ਰਨ ਭਾਅ ਜੀ ਦੇ ਰੰਗਮੰਚ ਦੀਆਂ ਆਮਿੱਟ ਪੈੜਾਂ, ਅਜੋਕੇ ਅਤੇ ਆਉਣ ਵਾਲੇ ਕੱਲ੍ਹ ਲਈ ਰੌਸ਼ਨ ਮਿਨਾਰ ਹਨ। ਸਮੇਂ ਦੇ ਹਾਣੀ ਨਾਟਕਾਂ ਦੀ ਲੰਮੀ ਲੜੀ ਗੁਰਸ਼ਰਨ ਭਾਅ ਜੀ ਦੀ ਅਥਾਹ ਸਿਰਜਣਾਤਮਕ ਸਮਰੱਥਾ ਦੀ ਗਵਾਹੀ ਭਰਦੀ ਹੈ। ਅੱਜ ਸਾਡੇ ਇਰਦ-ਗਿਰਦ ਅਨੇਕਾਂ ਘਟਨਾਵਾਂ, ਵਰਤਾਰੇ ਅਤੇ ਰੰਗਮੰਚੀ ਸਮਗਰੀ ਬਣਨਾ ਲੋਚਦੀਆਂ ਸਰਗਰਮੀਆਂ ਦਾ ਵਿਸ਼ਾਲ ਮੈਦਾਨ ਹੈ, ਜੋ ਗੁਰਸ਼ਰਨ ਸਿੰਘ ਕਾਰਨ ਪੈਦਾ ਹੋਏ ਸੱਖਣੇਪਣ ਦਾ ਗਹਿਰਾ ਅਹਿਸਾਸ ਕਰਾਉਂਦਾ ਹੈ, ਭਾਵੇਂ ਕਿ ਉਹਨਾ ਦੇ ਵਾਰਸ ਪੂਰੀ ਤਨਦੇਹੀ ਨਾਲ ਇਨਕਲਾਬੀ ਰੰਗਮੰਚ ਦਾ ਪਰਚਮ ਲੈ ਕੇ ਚੱਲ ਰਹੇ ਹਨ।

ਗੁਰਸ਼ਰਨ ਭਾਅ ਜੀ ਦੇ ਨਾਟਕਾਂ ਅਤੇ ਪੇਸ਼ਕਾਰੀਆਂ 'ਤੇ ਮੁੜ ਝਾਤ ਮਾਰਿਆਂ ਪੰਜਾਬੀ ਰੰਗਮੰਚ ਦੀ ਝੋਲੀ ਪਾਏ ਸ਼ਾਨਦਾਰ ਮੁਕਾਮ 'ਤੇ ਮਾਣ ਮਹਿਸੂਸ ਹੁੰਦਾ ਹੈ। ਉਹਨਾ ਅੰਬਰ ਦਾ ਅੱਧ ਔਰਤ ਵਰਗ, ਦਲਿਤਾਂ, ਬੇਜ਼ਮੀਨਿਆਂ, ਕਿਰਤੀ ਕਿਸਾਨਾਂ, ਬੇਰੁਜ਼ਗਾਰ ਨੌਜਵਾਨਾਂ, ਵਿਦਿਆਰਥੀਆਂ, ਕਮਿਊਨਿਸਟ ਇਨਕਲਾਬੀ ਲਹਿਰ 'ਚ ਸ਼ਹਾਦਤਾਂ ਪਾਉਣ ਵਾਲਿਆਂ, ਪਰਵਾਸ, ਨਸ਼ਿਆਂ, ਮਾਰ-ਧਾੜ, ਜਗੀਰੂ ਚੌਧਰੀਆਂ, ਗ਼ਦਰੀ, ਬੱਬਰ ਅਕਾਲੀ ਸੰਗਰਾਮੀਆਂ, ਸ਼ਹੀਦ ਭਗਤ ਸਿੰਘ ਅਤੇ ਦੁੱਲੇ ਭੱਟੀ ਵਰਗੇ ਲੋਕ ਨਾਇਕਾਂ ਦੀ ਇਤਿਹਾਸਕ ਪ੍ਰਸੰਗਿਕਤਾ ਨੂੰ ਕਮਾਲ ਦੀਆਂ ਨਾਟਕੀ ਜੁਗਤਾਂ ਨਾਲ ਰੰਗਮੰਚ ਦੀ ਅਮੀਰ ਧਰੋਹਰ ਬਣਾਇਆ।

ਅੱਜ ਜਦੋਂ ਇਲੈਕਟਰਾਨਿਕ ਮੀਡੀਆ, ਦਿਸ਼ਾ-ਹੀਣ ਯੂ-ਟਿਊਬ ਚੈਨਲਾਂ ਵੱਲੋਂ ਅਨੇਕਾਂ ਤਰ੍ਹਾਂ ਦੇ ਵਪਾਰਕ ਹਲਕੇ-ਫੁਲਕੇ ਸਭਿਆਚਾਰ ਦੇ ਝੱਖੜ ਝੁੱਲ ਰਹੇ ਹਨ, ਅਜਿਹੇ ਮੌਕੇ ਇਲਕਲਾਬੀ ਰੰਗਮੰਚ ਦੀ ਵਿਲੱਖਣ ਤੋਰ ਦੀ ਮਟਕ ਬਰਕਰਾਰ ਰੱਖਣਾ ਅਤੇ ਨਵੇਂ ਰਾਹ ਤਲਾਸ਼ਣਾ ਗੁਰਸ਼ਰਨ ਭਾਅ ਜੀ ਦੇ ਰੰਗਮੰਚ ਦੇ ਵਾਰਸ ਹੋਣਾ ਹੈ।

ਸਿਫ਼ਤੀ ਤਬਦੀਲੀ ਭਾਲ਼ਦੇ ਰੰਗਮੰਚ ਦੇ ਰੂਬਰੂ ਹੁੰਦੀ ਗੁਰਸ਼ਰਨ ਭਾਅ ਜੀ ਦੀ ਅਜੋਕੀ ਬਰਸੀ ਪੁੰਗਰਦੇ ਰੰਗ ਕਰਮੀਆਂ ਦੇ ਪੂਰਾਂ ਦੇ ਪੂਰ ਵਰਕਸ਼ਾਪਾਂ, ਸਿੱਖਿਆਰਥੀ ਸਕੂਲਾਂ, ਮੰਚ 'ਤੇ ਲੈ ਕੇ ਆਉਣ ਦਾ ਵੰਗਾਰਮਈ ਸੁਨੇਹਾ ਦੇ ਰਹੀ ਹੈ। ਰੰਗਮੰਚ ਦਰਸ਼ਕਾਂ ਨੂੰ ਆਪਣੇ ਕੋਲ ਆਉਣ ਦੀ ਆਵਾਜ਼ ਮਾਰਨ ਦੀ ਬਜਾਏ ਪ੍ਰਮੁੱਖਤਾ ਨਾਲ ਉਹਨਾਂ ਕੋਲ ਜਾਣ ਦਾ ਲੰਮਾ ਦਮ ਰੱਖਵਾਂ ਭਵਿੱਖ-ਨਕਸ਼ਾ ਉਲੀਕਦਾ ਹੋਇਆ ਸਦਾ ਸਫ਼ਰ 'ਤੇ ਰਹੇ। ਲੋਕਾਂ ਦੇ ਵਿਸ਼ਾਲ ਸਾਗਰ ਵਿੱਚ ਖ਼ੂਬਸੂਰਤ ਸਕਰਿਪਟਾਂ, ਨਵੇਂ ਕਲਾਕਾਰਾਂ, ਆਰਥਕ ਲੋੜਾਂ, ਹੋਰ ਲੋੜੀਂਦੇ ਸਾਧਨਾਂ ਅਤੇ ਦਰਸ਼ਕਾਂ ਦੀ ਕੋਈ ਤੋਟ ਨਹੀਂ ਰਹੇਗੀ।

ਅੰਮ੍ਰਿਤਸਰ, ਚੰਡੀਗੜ੍ਹ, ਪਟਿਆਲਾ, ਲੁਧਿਆਣਾ, ਜਲੰਧਰ, ਬਰਨਾਲਾ, ਬਠਿੰਡਾ, ਮਾਨਸਾ, ਫਰੀਦਕੋਟ, ਮੋਗਾ ਆਦਿ ਕੇਂਦਰਾਂ 'ਤੇ ਲੱਗਦੇ ਵੱਡੇ ਨਾਟਕ ਅਤੇ ਗੀਤ-ਸੰਗੀਤ ਮੇਲਿਆਂ ਤੱਕ ਹੀ ਸੰਤੁਸ਼ਟ ਹੋਣ ਦੀ ਬਜਾਏ ਇਨਕਲਾਬੀ ਰੰਗਮੰਚ ਦੀ ਲਹਿਰ ਲੋਕਾਂ ਦੇ ਦੂਰ-ਦੁਰਾਡੇ ਖੇਤਰਾਂ ਤੱਕ ਲਿਜਾਣ ਦੀ ਲੋੜ ਹੈ। ਰੰਗਮੰਚ ਅਤੇ ਲੋਕ-ਪੱਖੀ ਸੰਸਥਾਵਾਂ ਦਾ ਪਰਸਪਰ ਸਾਂਝ-ਸਹਿਯੋਗ ਦਾ ਰਿਸ਼ਤਾ ਹੋਰ ਵੀ ਗੂਹੜਾ ਕਰਨ 'ਤੇ ਵਿਸ਼ੇਸ਼ ਜ਼ੋਰ ਦੇਣ ਦੀ ਤੀਬਰ ਲੋੜ ਹੈ। ਰੰਗਮੰਚ ਦੀ ਮਹੱਤਤਾ ਨੂੰ ਸਮਝਦਿਆਂ ਆਪਸ ਵਿੱਚ ਮੱਛੀ ਤੇ ਪਾਣੀ ਦਾ ਰਿਸ਼ਤਾ ਹੋਰ ਗਹਿਰਾ ਹੋਵੇ, ਫਿਰ ਨਤੀਜੇ ਵੇਖਣਾ। ਹਰ ਕਿਸੇ ਦੇ ਬੁੱਲ੍ਹਾਂ 'ਤੇ ਇੱਕੋ ਗੱਲ ਹੋਏਗੀ, 'ਲੋਕਾਂ ਦੇ ਘਰ ਕਿਸੇ ਚੀਜ਼ ਦਾ ਘਾਟਾ ਨਹੀਂ।'

*—ਸੰਪਰਕ : 98778-68710*

ਸਫ਼ਾ 3 ਦੀ ਬਾਕੀ

## ਲੋਕ-ਮੁਖੀ ਸਰੋਕਾਰਾਂ ਦਾ ਕਾਵਿ ਪ੍ਰਵਚਨ...

'ਨਹਿਰਾਂ 'ਚ ਡੱਕੇ ਮੋਘੇ ਖੋਲ੍ਹੇ ਨੇ ਬਾਬਿਆਂ/ਹਰਸਾਛੀਨਾ ਅੱਜ ਵੀ ਵੰਗਾਰਦਾ ਹੈ ਮਾਲਵੇ 'ਚੋਂ ਵਿਸਵੇਦਾਰਾਂ ਨੂੰ/ਭਜਾਇਆ ਸੀ ਸੁਤੰਤਰ ਦੇ ਸਾਥੀ ਮੁਜ਼ਾਰਿਆਂ ਕਿਸ਼ਨਗੜ੍ਹੋਂ/ਦਬੱਲਿਆ ਸੀ ਪਿੰਡ-ਪਿੰਡ ਮੰਡੀ ਮੰਡੀ/ਸਫੈਦਪੋਸ਼ਾਂ ਨੂੰ ਸੁਰਖ ਪੋਸ਼ਾਂ ਪਾਈਆਂ ਭਾਜੜਾਂ/ਇਤਿਹਾਸ ਨੇ ਵੇਖਿਆ।

ਪਹਿਲੀ ਵਾਰਸ ਤੱਥ ਸਿਰ ਚੜ੍ਹ ਬੋਲੇ ਹਨ ਬੇਬਾਕ ਹੋ ਕੇ/ਧਰਤੀ ਪੁੱਤਰਾਂ ਨੇ ਸਵਾ ਸਦੀ ਬਾਅਦ ਪਗੜੀ ਸੰਭਾਲੀ ਹੈ/ਸਿਆੜਾਂ ਦੀ ਸਲਾਮਤੀ ਲਈ। (ਪਹਿਲੀ ਵਾਰ)

ਸੱਤਾ ਦਾ ਚਿਹਰਾ-ਮੋਹਰਾ ਬਹੁਤ ਕਰੂਰ ਹੁੰਦਾ ਹੈ। ਦਿੱਲੀ ਦੇਸ਼ ਦੀ ਕੇਂਦਰੀ ਸੱਤਾ ਦੀ ਪ੍ਰਤੀਕ ਹੈ। ਇਹ ਸਦੀਆਂ ਤੋਂ ਅਨੇਕ ਵਾਰ ਉੱਜੜੀ ਹੈ। ਕਵੀ ਦੇ ਸ਼ਬਦਾਂ ਵਿੱਚ-ਸੱਤ ਵਾਰੀ ਜੋ ਵੱਡਿਆਂ ਤੋਂ ਸੁਣਿਆ। ਪਰ ਦਿੱਲੀ ਦੇ ਉਜੜਨ ਦੇ ਨਾਲ ਲੱਖਾਂ ਲੋਕ ਉਜੜਦੇ ਹਨ। ਦਿੱਲੀ ਤਾਂ ਮੁੜ ਵੱਸ ਜਾਂਦੀ ਹੈ, ਪਰ ਉਸ ਦੇ ਉਜਾੜੇ ਲੋਕ ਸ਼ਾਇਦ ਸਦੀਆਂ ਤੱਕ ਭਟਕਦੇ ਫਿਰਦੇ ਹਨ। ਰਾਜੇ, ਪਾਂਡਵਾਂ ਦੀ ਨਸਲ ਹੁਣ ਪੰਡਾਂ ਢੋਂਦੀ ਹੈ। ਮੁਗਲ ਬਾਦਸ਼ਾਹਾਂ ਦੇ ਵੰਸ਼ਿਜ਼ ਰੇਲਵੇ ਸਟੇਸ਼ਨਾਂ 'ਤੇ ਚਾਹ ਪਿਆਲੀਆਂ ਧੋਂਦੇ ਨੇ। 1984 ਦੀ ਹਿੰਸਾ ਵਿੱਚ ਮਾਰੇ ਗਏ ਸਿੱਖਾਂ ਦੀਆਂ ਵਿਧਵਾਵਾਂ ਨਿਆਂ ਲਈ ਦਰ-ਦਰ ਭਟਕ ਰਹੀਆਂ ਹਨ। ਆਜ਼ਾਦੀ ਘੁਲਾਟੀਆਂ ਦੀ ਸੰਤਾਨ ਦਰਬਾਨ ਬਣ ਕੇ ਜੂਨ ਗੁਜ਼ਰ ਕਰਦੀ ਹੈ। ਇਤਿਹਾਸ ਨਾਲ ਕੋਝਾ ਮਜ਼ਾਕ ਹੈ ਪੁਰਾਣੀਆਂ ਥਾਵਾਂ, ਸ਼ਹਿਰਾਂ, ਇਮਾਰਤਾਂ ਦੀ ਧਰਮ ਆਧਾਰਤ ਨਾਂਅ ਬਦਲੀ। ਕਵੀ ਇਸ ਅਸਹਿਜ ਕਰਨ ਵਾਲੇ ਵਰਤਾਰੇ 'ਤੇ ਬਿਹੰਗਮ ਦ੍ਰਿਸ਼ਟੀ ਪਾਉਂਦਾ ਹੈ।

ਕਦੇ ਪ੍ਰੋ: ਮੋਹਨ ਸਿੰਘ ਹੁਰਾਂ ਨੇ ਧਰਤੀ ਦੇ ਦੋ ਟੋਟਿਆਂ ਦਾ ਜ਼ਿਕਰ ਇੱਕ ਲੋਕਾਂ ਦਾ ਤੇ ਇੱਕ ਜੋਕਾਂ ਦਾ ਦੇ ਰੂਪ ਵਿੱਚ ਕੀਤਾ ਸੀ, ਪਰ ਸਾਡਾ ਕਵੀ ਤਾਂ ਗੱਲ ਹੋਰ ਅੱਗੇ ਲੈ ਜਾਂਦਾ ਹੈ। ਜਦੋਂ ਲੋਕਾਂ ਦੇ ਹਿੱਸੇ ਦਾ ਟੋਟਾ ਵੀ ਸਰਕਾਰੀ ਮਿਲੀਭੁਗਤ ਨਾਲ ਕਾਰਪੋਰੇਟ ਹੜੱਪ ਰਹੇ ਹਨ।

'ਤੁਸੀਂ ਨਹੀਂ ਜਾਣ ਸਕੋਗੇ ਚੂਰੀਆਂ ਖਾਣਿਓਂ/ਇੱਕ ਹੋ ਕੇ ਧਰਤੀ ਦੇ ਦੋ ਟੁਕੜੇ ਨੇ, ਅੱਧਾ ਤੁਹਾਡਾ ਤੇ ਦੂਸਰਾ ਅੱਧਾ ਵੀ ਸਾਡਾ ਨਹੀਂ।'

(ਕੋਲੋਂ ਲੰਘਦੇ ਹਾਣੀਓਂ)

ਕਵੀ ਦੀ ਕਵਿਤਾ ਦੇ ਸੋਮੇ ਹਨ ਉਸ ਦੇ ਲੋਕ, ਉਹਨਾ ਨਾਲ ਵਾਪਰਦਾ ਦੁੱਖ-ਸੁੱਖ/ਸਾਡਾ ਆਲਾ-ਦੁਆਲਾ ਅਤੇ ਦੇਸ਼ ਦੁਨੀਆ ਵਿੱਚ ਵਾਪਰਦੀਆਂ ਘਟਨਾਵਾਂ।

1947 ਤੋਂ ਪਹਿਲਾਂ ਭਾਰਤ ਤੇ ਪਾਕਿਸਤਾਨ ਇੱਕ ਹੀ ਮੁਲਕ ਸੀ। ਬਟਵਾਰੇ ਤੋਂ ਬਾਅਦ ਪਹਿਲਾਂ ਦੋ ਅਤੇ ਫਿਰ 1971 ਵਿੱਚ ਤੀਜਾ ਬੰਗਲਾਦੇਸ਼, ਇਸ ਧਰਤੀ ਦੇ ਤਿੰਨ ਟੋਟੇ ਹੋ ਗਏ। ਕਸ਼ਮੀਰ ਦਾ ਮਸਲਾ, ਭਾਰਤ-ਪਾਕਿਸਤਾਨ ਵਿਚਾਲੇ ਸਦੀਵੀ ਟਕਰਾਅ ਦਾ ਵਿਸ਼ਾ ਬਣ ਗਿਆ ਹੈ। ਦੋਹਾਂ ਦੇਸ਼ਾਂ ਦੇ ਥੁੜੇ-ਟੁੱਟੇ ਪਰਵਾਰਾਂ ਦੇ ਬੱਚੇ, ਜੰਗ ਦਾ ਖਾਜਾ ਬਣਦੇ ਹਨ। ਕਵੀ ਹਿਰਦਾ ਤੜਪ ਉਠਦਾ ਹੈ ਜਦੋਂ ਹੱਦ ਦੇ ਦੋਹੀਂ ਪਾਸੀਂ ਬੇਦੋਸ਼ੇ ਗੱਭਰੂਆਂ ਦਾ ਅਜਾਈਂ ਖ਼ੂਨ ਵਹਿੰਦਾ ਹੈ। ਸਾਡੀਆਂ ਸਾਂਝੀਆਂ ਦੁਸ਼ਮਣ ਤਾਂ ਭੁੱਖ, ਅਨਪੜ੍ਹਤਾ, ਮਾੜੀ ਸਿਹਤ, ਜਹਾਲਤ ਅਤੇ ਬੇਰੁਜ਼ਗਾਰੀ ਹਨ। ਕਵੀ ਅਖੌਤੀ ਤੁਅਸਬਾਂ ਤੋਂ ਉੱਪਰ ਉੱਠ ਕੇ ਦੋਹਾਂ ਗੁਆਂਢੀ ਮੁਲਕਾਂ ਲਈ ਅਮਨ ਦੀ ਖੈਰ ਮੰਗਦਾ ਹੈ।

ਸਾਡੇ ਦੇਸ਼ ਦੇ ਜਾਤ-ਪਾਤੀ ਸਮਾਜ ਵਿੱਚ ਕਥਿਤ ਨੀਵੀਆਂ ਜਾਤਾਂ ਦੇ ਦਿਲਾਂ 'ਤੇ, ਕਹੇ ਜਾਂਦੇ ਉੱਚੀਆਂ ਜਾਤਾਂ ਵਾਲੇ ਨਸ਼ਤਰ ਕਿੰਜ ਚਲਾਉਂਦੇ ਹਨ। ਕਵੀ ਆਪਣੀ ਕਵਿਤਾ ਵਿੱਚ ਬਹੁਤ ਗਹਿਰਾ ਉੱਤਰ ਕੇ ਬਿਆਨਦਾ ਹੈ, ਜਦੋਂ ਕਾਨੂੰਨੀ ਪ੍ਰਾਵਧਾਨ ਵੀ ਉਹਨਾਂ ਦੇ ਕਿਸੇ ਕੰਮ ਨਹੀਂ ਆਉਂਦੇ।

'ਕਾਨੂੰਨ ਨੂੰ ਵੀ ਟਿੱਚ ਜਾਣਦੇ ਨੇ ਇਹ/ਧੱਕਾ ਕਰਕੇ ਆਪੇ ਆਖਦੇ ਸਬੂਤ ਪੇਸ਼ ਕਰੋ/ਦਿਲ ਦੇ ਜ਼ਖ਼ਮ ਐਕਸਰੇ 'ਚ ਨਹੀਂ ਆਉਂਦੇ/ਹੌਕਿਆਂ ਦੀ ਸਕੈਨਿੰਗ ਨਹੀਂ ਹੁੰਦੀ/ਰੂਹ 'ਤੇ ਪਈਆਂ ਲਾਸਾਂ ਦਾ ਜੁਰਮ ਨਹੀਂ ਬਣਦਾ/ਅਰਜ਼ੀ ਵਿੱਚ ਇਹ ਸਾਰਾ ਕੁਝ ਕਿਵੇਂ ਲਿਖੀਏ/ਸਬੂਤ ਤਾਂ ਨੰਗੀ ਅੱਖ ਹੀ ਵੇਖ ਸਕਦੀ/ਇਹ ਜਬਰ ਜਾਨਣ ਲਈ/ਤੀਸਰਾ ਨੇਤਰ ਚਾਹੀਦਾ ਹੈ/ਉਹੀ ਗੈਰ ਹਾਜ਼ਰ ਹੈ। (ਪਰਜਾਪਤ)

ਇਸ ਸੰਗ੍ਰਹਿ ਵਿੱਚ ਕੁਝ ਆਮ ਅਤੇ ਕੁਝ ਖਾਸ ਵਿਅਕਤੀਆਂ ਦੇ ਰੇਖਾ ਚਿੱਤਰ ਬੜੇ ਦਿਲਕਸ਼ ਅੰਦਾਜ਼ ਵਿੱਚ ਲਿਖੇ ਗਏ ਹਨ। 'ਨੰਦੋ ਬਾਜ਼ੀਗਰਨੀ' ਬਾਜ਼ੀਗਰ ਜੀਵਨ-ਜਾਚ ਅਤੇ ਸੱਭਿਆਚਾਰ ਦੀ ਕਬੀਲਾਈ ਸੋਚ ਨਾਲ ਪ੍ਰਣਾਈ ਪ੍ਰਤੀਨਿਧ ਪਾਤਰ ਹੈ। ਉਸ ਨੇ ਸਾਰੀ ਉਮਰ ਬੇਸ਼ੱਕ ਲੋਕਾਂ ਦੇ ਘਰੋਂ ਮਿਲੇ ਆਟੇ-ਦਾਣੇ ਦੇ ਸਿਰ 'ਤੇ ਗੁਜ਼ਾਰਾ ਕੀਤਾ ਹੈ, ਪਰ ਉਸ ਦਾ ਮੰਗਣਾ, ਮੰਗਤਿਆਂ ਵਰਗਾ ਨਹੀਂ ਸਗੋਂ ਆਪਣੀ ਕਿਰਤ ਦਾ ਇਵਜ਼ਾਨਾ ਵਸੂਲਣ ਜਿਹਾ ਹੈ। ਲੋਕਾਂ ਦਾ ਮਨੋਰੰਜਨ ਕਰਦਿਆਂ ਜੁਆਨ ਪੁੱਤਰ ਸੂਲੀ ਦੀ ਤੀਹਰੀ ਛਾਲ ਲਾਉਂਦਾ ਮਾਰਿਆ ਗਿਆ। ਇਹ ਦਰਦ ਨੰਦੋ ਨੇ ਸਾਰੀ ਉਮਰ ਹੰਡਾਇਆ ਆਪਣੇ ਭਾਈਚਾਰੇ ਦੀਆਂ ਰਵਾਇਤਾਂ ਦੀ ਸਦਾ ਪਾਲਣਾ ਕਰਨ ਵਾਲੀ ਨੰਦੋ, ਇੱਕ ਮੂਲ ਵੇਦਨਾ, ਬੇਗਾਨਗੀ ਥੁੜੇ ਟੁੱਟੇ ਜੀਵਨ ਦੀ ਵਿਚਾਰਗੀ ਨੂੰ ਕਦੇ ਆਪਣੇ ਉੱਪਰ ਹਾਵੀ ਨਹੀਂ ਹੋਣ ਦਿੰਦੀ ਸਬਰ ਸ਼ੁਕਰ ਦੀ ਮੂਰਤ ਨੰਦੋ।

ਦੇਸ਼ 'ਤਾਂਡਵਪੰਥੀ' ਤਮਾਸ਼ਬੀਨਾਂ ਦੇ ਹੱਥ ਆ ਗਿਆ ਹੈ, ਜਿਸ ਵਿੱਚ ਕੁਝ ਕੁ 'ਤਰੱਕੀ ਰਾਮਾਂ' ਨੂੰ ਸਿਰਫ ਉਹਨਾਂ ਦੀ ਤਰੱਕੀ ਦੀ ਫਿਕਰ ਹੈ, ਜੋ ਟਾਂਗੇ ਵਾਲੇ ਘੋੜੇ ਜਿਉਂ ਸਿਰਫ ਘਰ ਤੋਂ ਦਫਤਰ ਤੇ ਵਾਪਸ ਘਰ ਦਾ ਹੀ ਸਫਰ ਤਹਿ ਕਰੀ ਜਾਂਦੇ ਹਨ। ਕਵੀ ਪੰਜਾਬ ਯੂਨੀਵਰਸਿਟੀ ਦੀਆਂ ਵਿਦਿਆਰਥੀ ਯੂਨੀਅਨ ਦੀਆਂ ਚੋਣਾਂ ਵਿੱਚ 'ਕਾਕਾ-ਸ਼ਾਹੀ' ਕਿਲ੍ਹਾ ਤੋੜਨ ਵਾਲੀ ਕਨੂ ਪ੍ਰਿਆ ਨੂੰ ਤਬਦੀਲੀ ਦੀ ਸਿੱਕ ਆਖ ਕੇ ਉਸ ਦਾ ਅਭਿਨੰਦਨ ਕਰਦਾ ਹੈ। ਉਹ ਕਠੂਆ ਵਿੱਚ ਮਾਰੀ ਗਈ ਆਸਿਫਾ ਨੂੰ ਆਪਣੇ ਚਿੱਤਰ ਵਿੱਚ ਪਰੋਣ ਵਾਲੇ ਪੰਜਾਬੀ ਯੁਵਾ ਚਿੱਤਰਕਾਰ ਗੁਰਪ੍ਰੀਤ ਦੀ ਕਲਾ ਨੂੰ ਵੀ ਸਲਾਮ ਕਰਦਾ ਹੈ। ਡੂੰਘੇ ਬੋਰਵੈੱਲ ਵਿੱਚ ਡਿੱਗ ਕੇ ਜਾਨ ਗੁਆਉਣ ਵਾਲੇ ਬੱਚੇ ਫਤਹਿਬੀਰ ਦੇ ਮਾਪਿਆਂ ਨਾਲ ਸ਼ਾਇਰ ਇਹ ਨੁਕਤਾ ਉਭਾਰਦਾ ਹੈ ਕਿ ਇੱਕੀਵੀਂ ਸਦੀ ਦੇ ਵਿਗਿਆਨ ਤਕਨੀਕ ਦੇ ਯੁੱਗ ਵਿੱਚ ਵੀ ਸਾਡਾ ਮੁਲਕ ਤਾਂ ਰੱਬ ਆਸਰੇ ਚੱਲ ਰਿਹਾ ਹੈ। ਦੇਸ਼ ਵਿੱਚ ਹਾਲੀਆ ਸਮੇਂ ਫੈਲੇ ਕੋਰੋਨਾ ਵਾਇਰਸ ਤੋਂ ਪੀੜਾ ਗ੍ਰਸਤ ਲੋਕਾਂ ਨੂੰ ਇਹ ਕਵਿਤਾ ਜ਼ੁਬਾਨ ਦਿੰਦੀ ਹੈ।

ਇਉਂ ਇਸ ਸੰਗ੍ਰਹਿ ਦੇ ਸਿਰਲੇਖ ਵਾਲੀ ਕਵਿਤਾ ਦੇ ਤਿੰਨ ਅਰਥ ਮਿਲਦੇ ਹਨ। ਉਹ ਚਰਖੜੀ ਜਿਸ ਨਾਲ ਪਤੰਗ ਉਡਾਈ ਜਾਂਦੀ ਹੈ, ਜੋ ਕਵੀ ਮੁਤਾਬਕ ਬਦਲਦੇ ਵਕਤ ਦੀ ਸੂਚਕ ਹੈ।

ਦੂਸਰੇ ਅਰਥ ਹਨ ਚਰਖੇ ਵਾਲੀ ਚਰਖੜੀ, ਇਤਿਹਾਸ ਦਾ ਉਹ ਪਹੀਆ ਜੋ ਸ਼ਹਾਦਤਾਂ ਨਾਲ ਹੀ ਅੱਗੇ ਨੂੰ ਤੋਰਿਆ ਜਾਂਦਾ ਹੈ। ਆਮ ਤੌਰ 'ਤੇ ਚਰਖੜੀ ਸ਼ਬਦ ਸੁਣਿਆ ਇਸ 'ਤੇ ਲਟਕਦਾ ਅਠਾਰ੍ਹਵੀਂ ਸਦੀ ਦਾ ਤਪੱਸਵੀ ਤੇ ਕਿਰਤੀ-ਸਿੱਖ ਸ਼ਹੀਦ ਭਾਈ ਤਾਰੂ ਸਿੰਘ ਹੋਰਾਂ ਦਾ ਚਿੱਤਰ ਸਾਕਾਰ ਹੁੰਦਾ ਹੈ। ਕੋਰੋਨਾ ਕਾਲ ਵਿੱਚ ਰੂਹ ਨੂੰ ਪਿੰਜਣ ਵਾਲੀ ਚਰਖੜੀ ਚੱਲਦੀ ਹੈ।

ਪੰਜਾਬੀ ਵਿੱਚ ਸ਼ਬਦ ਚਿੱਤਰਾਂ ਦੀ ਪ੍ਰੰਪਰਾ ਬੇਸ਼ੱਕ ਗੁਰੂ ਨਾਨਕ ਤੋਂ ਤੁਰਦੀ ਹੋਈ ਮੋਹਨਜੀਤ ਹੁਰਾਂ ਤੱਕ ਆਉਂਦਿਆਂ ਪੂਰੇ ਜਲੌਅ ਵਿੱਚ ਮੂਰਤੀਮਾਨ ਹੁੰਦੀ ਹੈ, ਪਰ ਚਰਖੜੀ ਵਿੱਚ ਛਪੇ ਆਪਣੇ ਕੁਝ ਆਮ ਤੇ ਖਾਸ ਸ਼ਬਦ ਚਿੱਤਰਾਂ ਦੁਆਰਾ ਗੁਰਭਜਨ ਗਿੱਲ ਵੀ ਇੱਕ ਵੱਡਾ ਸ਼ਬਦ ਚਿੱਤਰ ਸਿਰਜਕ ਨਜ਼ਰ ਆਉਂਦਾ ਹੈ।

ਬ੍ਰਿਟਿਸ਼ ਰਾਜ ਵੇਲੇ ਉਨੀਵੀਂ ਸਦੀ ਦੇ ਆਖਰੀ ਦਹਾਕੇ ਵਿੱਚ ਪਠਾਨਾਂ ਨੂੰ ਨਾਬਰ ਵਾਲੇ, ਅੰਗਰੇਜ਼ ਸਰਕਾਰ ਵੱਲੋਂ ਲੜਦੇ, ਸਿੱਖ ਫੌਜੀਆਂ ਦੀ ਬਹਾਦਰੀ ਦੇ ਕਸੀਦਿਆਂ ਨੂੰ ਗਿੱਲ ਪਹਿਲੀ ਵਾਰ ਕਾਟੇ ਹੇਠ ਲਿਆ ਕੇ ਆਪਣੀ ਲੋਕ ਭਗਤੀ ਦਾ ਸਬੂਤ ਦਿੰਦਾ ਹੈ। ਬੁੱਧ, ਵਿਵੇਕ ਨਾਲ ਭਰਪੂਰ ਇਸ ਕਾਵਿ ਸੰਗ੍ਰਹਿ ਦਾ ਪਾਠ, ਦਿਲ-ਦਿਮਾਗ ਦੀਆਂ ਅਨੇਕ ਹਨੇਰੀਆਂ ਨੁੱਕਰਾਂ ਨੂੰ ਰੋਸ਼ਨ ਕਰਨ ਵਾਲਾ ਹੈ। ਜਿਸ ਦੇ ਪਾਠ ਵਿੱਚੋਂ ਪ੍ਰਕਾਸ਼ਤ ਹੋਣ ਵਾਲੀ ਕਾਵਿ ਆਨੰਦ ਦੀ ਅਨੁਭੂਤੀ, ਕਵਿਤਾ ਦੇ ਪਾਠਕਾਂ ਨੂੰ ਕਦੇ-ਕਦੇ ਹੀ ਮਿਲਦੀ ਹੈ। ਅਖੀਰ ਵਿੱਚ ਭੂਮਿਕਾ ਲੇਖਕ ਡਾ. ਸਰਬਜੀਤ ਸਿੰਘ ਦੇ ਹੇਠਲੇ ਸ਼ਬਦਾਂ ਨਾਲ ਸੌ ਫੀਸਦੀ ਸਹਿਮਤ ਹੁੰਦਿਆਂ ਮੈਂ ਗੱਲ ਨੇੜੇ ਲਾਉਂਦਾ ਹਾਂ-'ਗੁਰਭਜਨ ਗਿੱਲ ਦਾ ਇਹ ਕਾਵਿ ਸੰਗ੍ਰਹਿ ਵਿਭਿੰਨ ਸ਼ੇਡਜ਼ ਅਤੇ ਰੰਗਾਂ ਦਾ ਕਾਵਿ ਸੰਗ੍ਰਹਿ ਹੈ। ਇਹ ਪ੍ਰਗੀਤਕ ਅਤੇ ਸਰੋਦੀ ਅੰਸ਼ਾਂ ਨਾਲ ਭਰਪੂਰ ਪੰਜਾਬੀ ਸੱਭਿਆਚਾਰ ਦੀ ਸੰਵੇਦਨਾ ਵਾਲਾ ਹੈ। ਇਹ ਗੁਰਭਜਨ ਗਿੱਲ ਦੇ ਕਾਵਿਕ ਵਿਕਾਸ ਦਾ ਸੂਚਕ ਵੀ ਹੈ ਅਤੇ ਪੰਜਾਬੀ ਕਵਿਤਾ ਦੇ ਘੇਰੇ ਨੂੰ ਮੋਕਲਾ ਵੀ ਕਰਦਾ ਹੈ। ਇਸ ਸੰਗ੍ਰਹਿ ਨਾਲ ਪ੍ਰੋ: ਗੁਰਭਜਨ ਗਿੱਲ ਦੀ ਕਾਵਿ ਸ਼ਖਸੀਅਤ ਹੋਰ ਗੂੜ੍ਹੀ ਹੋਵੇਗੀ।'

**ਸੰਪਰਕ : 99963-71716**

ਸਫ਼ਾ 1 ਦੀ ਬਾਕੀ

## ਕੌਫੀ ਦੀ ਖੁਸ਼ਬੂ ਤੇ ਸੁੰਦਰਤਾ ਨਾਲ ਲਬਰੇਜ਼ ਅਰਾਕੂ ਘਾਟੀ ...

ਚੇਰੀ ਨੂੰ ਤੋੜਿਆ ਅਤੇ ਸੁਕਾਇਆ ਜਾਂਦਾ ਹੈ, ਜਦ ਤੱਕ ਉਹ ਭੁੰਨਣ ਅਤੇ ਪੀਸਣ ਲਈ ਤਿਆਰ ਨਾ ਹੋ ਜਾਵੇ। ਮਿਊਜ਼ੀਅਮ ਦੇ ਅੰਦਰ ਮੱਧਮ ਰੌਸ਼ਨੀ 'ਚ ਚਿੱਤਰਾਂ ਨੂੰ ਜਿਉਂਦਾ ਕੀਤਾ ਗਿਆ ਹੈ। ਇਥੋਪੀਆ 'ਚ ਇਸ ਦੀ ਖੋਜ ਤੋਂ ਲੈ ਕੇ ਅਰਬ ਦੇ ਰਸਤੇ ਯੂਰਪ ਅਤੇ ਭਾਰਤ 'ਚ ਕਰਨਾਟਕ ਦੇ ਚਿਕਮੰਗਲੂਰ, ਤਾਮਿਲਨਾਡੂ ਦੇ ਨੀਲਗਿਰੀ ਅਤੇ ਆਂਧਰਾ ਪ੍ਰਦੇਸ਼ ਦੇ ਅਰਾਕੂ ਵੈਲੀ ਸਮੇਤ ਦੁਨੀਆ ਦੇ ਵੱਖ-ਵੱਖ ਕੋਨਿਆਂ ਅਤੇ ਅਰਾਕੂ ਤੱਕ ਕੌਫੀ ਬੀਨ ਦੀ ਲੰਮੀ ਯਾਤਰਾ ਨੂੰ ਦਰਸਾਇਆ ਗਿਆ ਹੈ। ਕੌਫੀ ਹਾਊਸ ਦੇ ਲੰਮੇ-ਚੌੜੇ ਮੀਨੂ 'ਚ ਤੁਹਾਡੀ ਜੇਬ ਦੇ ਹਿਸਾਬ ਨਾਲ ਕੌਫੀ ਉਪਲੱਬਧ ਹੈ। ਚਾਂਦੀ ਦੇ ਓਕ ਦੇ ਦਰੱਖਤਾਂ ਅਤੇ ਕਾਲੀ ਮਿਰਚ ਦੇ ਦਰੱਖਤਾਂ ਦੀਆਂ ਲਟਾਵਾਂ ਦੀ ਛਾਂ 'ਚ ਕਾਫ਼ੀ ਨੂੰ ਉਗਾਇਆ ਜਾਂਦਾ ਹੈ।

ਮਿਊਜ਼ੀਅਮ 2006 'ਚ ਸਥਾਪਤ ਕੀਤਾ ਗਿਆ ਸੀ, ਪਰ ਇਸ ਦੀ ਯਾਤਰਾ ਸਦੀਆਂ ਪਹਿਲਾਂ ਸ਼ੁਰੂ ਹੋਈ। 1954 'ਚ ਜਦ ਇੱਕ ਪ੍ਰਵਾਸੀ ਪ੍ਰਕਾਸ਼ ਰਾਓ ਨੇ ਅਰਾਕੂ ਦੀ ਅਰੇਬਿਕਾ ਕਾਫੀ ਨੂੰ ਪ੍ਰਦਰਸ਼ਤ ਕਰਨ ਲਈ ਅਰਾਕੂ ਰੇਲਵੇ ਸਟੇਸ਼ਨ ਕੋਲ ਇੱਕ ਛੋਟੀ ਜਿਹੀ ਕੌਫੀ ਦੀ ਦੁਕਾਨ ਦੀ ਸਥਾਪਨਾ ਕੀਤੀਸ਼ ਕੌਫੀ ਮਿਊਜ਼ੀਅਮ 'ਚ 60 ਪ੍ਰਕਾਰ ਦੀ ਕੌਫੀ ਤਿਆਰ ਕੀਤੀ ਜਾਂਦੀ ਹੈ। ਇਸ 'ਚ ਕੌਫੀ ਪਾਊਡਰ ਅਤੇ ਕੌਫੀ ਬੀਨ ਚਾਕਲੇਟ ਹੈ। ਅਰਾਕੂ ਘਾਟੀ 'ਚ ਖੇਤੀ ਦੇ ਲਿਹਾਜ਼ ਨਾਲ ਅਰੇਬਿਕਾ ਕੌਫੀ ਮੁੱਖ ਕਿਸਮ ਹੈ। ਇੱਥੇ ਕੌਫੀ ਨੂੰ ਛਾਂ 'ਚ ਉਗਾਇਆ ਜਾਂਦਾ ਹੈ, ਵਾਤਾਵਰਣ ਦੇ ਲਿਹਾਜ਼ ਨਾਲ ਟਿਕਾਊ ਤਰੀਕੇ ਦਾ ਇਸਤੇਮਾਲ ਕੀਤਾ ਜਾਂਦਾ ਹੈ। ਜਿੱਥੇ ਪੂਰਾ ਦੇਸ਼ ਕੋਰੋਨਾ ਮਹਾਂਮਾਰੀ ਕਾਰਨ ਮੰਦੀ ਦੇ ਵੈਂਟੀਲੇਟਰ 'ਤੇ ਚਲਾ ਗਿਆ, ਉਥੇ ਇਹ ਕੌਫੀ ਮਿਊਜ਼ੀਅਮ ਵੀ ਮੰਦੀ ਦੇ ਹਾਲਾਤ 'ਚ ਪਹੁੰਚ ਗਿਆ ਸੀ। ਕਿਸੇ ਸਮੇਂ ਇੱਥੇ 180 ਲੋਕ ਕੰਮ ਕਰਦੇ ਸਨ, ਪਰ ਹੁਣ ਸਿਰਫ਼ 45 ਲੋਕਾਂ ਤੋਂ ਕੰਮ ਲਿਆ ਜਾ ਰਿਹਾ ਹੈ। ਸਾਰੇ ਸਥਾਨਕ ਆਦਿਵਾਸੀ ਭਾਈਚਾਰੇ ਨਾਲ ਸੰਬੰਧਤ ਹਨ। ਇੱਥੇ ਹਰ ਕਿਸੇ ਨੂੰ ਨਾ ਕੇਵਲ ਕੌਫੀ ਦੀਆਂ ਕਿਸਮਾਂ ਦੇ ਇਤਿਹਾਸ ਬਾਰੇ ਜਾਨਣ ਨੂੰ ਮਿਲਦਾ ਹੈ, ਬਲਕਿ ਇਸ ਨੂੰ ਬਣਾਉਣ ਦੀ ਪੂਰੀ ਜਾਣਕਾਰੀ ਮਿਲਦੀ ਹੈ। ਇੱਥੋਂ ਦੇ ਆਦਿਵਾਸੀ ਕੌਫੀ ਤੋਂ ਇਲਾਵਾ ਚੌਲ, ਮੱਕੀ, ਸਟ੍ਰਾਬੇਰੀ, ਪਾਈਨਐਪਲ, ਡ੍ਰੈਗਨ ਫਰੂਟ, ਸੀਤਾਫਲ ਅਤੇ ਮਸਾਲਿਆਂ ਦੀ ਖੇਤੀ ਵੀ ਕਰਦੇ ਹਨ। ਜਦ ਇੰਟੀਗ੍ਰੇਟਿਡ ਟ੍ਰਾਈਬਲ ਡਿਵੈੱਲਪਮੈਂਟ ਏਜੰਸੀ ਪਡੇਰੂ ਦੇ ਪ੍ਰੋਜੈਕਟ ਅਧਿਕਾਰ ਗੋਪਾਲ ਕ੍ਰਿਸ਼ਨ, ਜੋ ਇੱਥੋਂ ਕੁਝ ਕੁ ਦੂਰੀ 'ਤੇ ਆਪਣੇ ਦਫ਼ਤਰ 'ਚ ਬੈਠਦੇ ਹਨ, ਉਨ੍ਹਾ ਨੂੰ ਮਿਲਣ ਗਏ ਤਾਂ ਉਨ੍ਹਾ ਦੱਸਿਆ ਕਿ ਆਦਿਵਾਸੀ ਜੈਵਿਕ ਤਰੀਕਿਆਂ ਨਾਲ ਖੇਤੀ ਕਰਦੇ ਹਨ। ਇਸ ਲਈ ਸ਼ਹਿਰੀ ਖੇਤਰਾਂ 'ਚ ਇੱਥੇ ਉਗਾਈਆਂ ਗਈਆਂ ਫਸਲਾਂ ਦੀ ਜ਼ਿਆਦਾ ਮੰਗ ਰਹਿੰਦੀ ਹੈ। ਇਸ ਲਈ ਚੰਗਾ ਮੰਡੀ ਸਿਸਟਮ ਤਿਆਰ ਕੀਤੀ ਗਿਆ ਹੈ। ਇਹਦੀ ਵਿਵਸਥਾ ਵੀ ਆਦਿਵਾਸੀਆਂ ਹਵਾਲੇ ਹੀ ਕੀਤੀ ਗਈ ਹੈ। ਭਗਤਾ, ਵਾਲਮੀਕ ਅਤੇ ਕੋਂਡਾਡੋਰਾ ਜਨਜਾਤੀਆਂ ਦੇ ਲੋਕ ਵੱਡੀ ਗਿਣਤੀ 'ਚ ਰਹਿੰਦੇ ਹਨ। ਇਹ ਸਾਰੇ ਆਦਿਵਾਸੀ ਪੱਤਿਆਂ ਦੀਆਂ ਪਲੇਟਾਂ ਅਤੇ ਹੋਰ ਸਾਮਾਨ ਬਣਾ ਕੇ ਵਿਸਾਖਾਪਟਨਮ ਭੇਜਦੇ ਹਨ, ਜਿਸ ਨਾਲ ਪਲਾਸਟਿਕ ਦੀ ਵਰਤੋਂ 'ਤੇ ਰੋਕ ਲਾਈ ਜਾ ਰਹੀ ਹੈ।

ਕਬਾਇਲੀ ਆਬਾਦੀ ਦੀਆਂ ਲੋੜਾਂ ਦਾ ਧਿਆਨ ਰੱਖਦੇ ਹੋਏ ਏਕੀਕ੍ਰਿਤ ਕਬਾਇਲੀ ਵਿਕਾਸ ਏਜੰਸੀ (ਆਈ ਟੀ ਡੀ ਏ) ਦੇ ਪ੍ਰੋਜੈਕਟ ਅਫਸਰ ਗੋਪਾਲ ਕ੍ਰਿਸ਼ਨ ਨੇ ਦੱਸਿਆ, 'ਮਨਰੇਗਾ ਇੱਥੇ ਰਹਿਣ ਵਾਲੇ ਲੋਕਾਂ ਨੂੰ ਰੋਜ਼ੀ-ਰੋਟੀ ਦੇਣ 'ਚ ਅਹਿਮ ਭੂਮਿਕਾ ਨਿਭਾ ਰਿਹਾ ਹੈ।' ਆਦਿਵਾਸੀਆਂ ਨੂੰ ਉਨ੍ਹਾਂ ਦੇ ਆਪਣੇ ਨਿਵਾਸ ਸਥਾਨਾਂ 'ਤੇ ਬਿਹਤਰ ਜੀਵਨ ਪੱਧਰ ਦੇਣ ਲਈ ਆਈ ਟੀ ਡੀ ਏ ਕਈ ਵਿਕਾਸ ਪ੍ਰੋਜੈਕਟ ਚਲਾ ਰਹੀ ਹੈ।

ਇਥੇ ਇੱਕ ਗੱਲ ਦਿਲਚਸਪ ਰਹੀ ਕਿ ਆਈ ਟੀ ਡੀ ਏ ਦਫਤਰ ਦੇ ਪਿਛਲੇ ਪਾਸੇ ਇੱਕ ਕੰਟੀਨ ਆਦਿਵਾਸੀ ਔਰਤਾਂ ਵੱਲੋਂ ਚਲਾਈ ਜਾ ਰਹੀ ਹੈ, ਜਿੱਥੇ ਪੱਤਰਕਾਰਾਂ ਦੇ ਵਫ਼ਦ ਨੂੰ ਭੋਜਨ ਛਕਾਇਆ ਗਿਆ। ਉਸ ਭੋਜਨ ਦੀ ਕਿਸੇ ਵੀ ਚੰਗੇ ਤੇ ਮਹਿੰਗੇ ਹੋਟਲ ਦੇ ਸੁਆਦ ਨਾਲ ਤੁਲਨਾ ਨਹੀਂ ਕੀਤੀ ਜਾ ਸਕਦੀ। ਬਰਿਆਨੀ, ਸਬਜ਼ੀਆਂ, ਦਾਲ, ਚਟਨੀ ਦਾ ਸੁਆਦ ਅਤੇ ਫਿਰ ਕੇਲੇ ਦੇ ਪੱਤਿਆਂ ਦੀਆਂ ਬਣੀਆਂ ਪਲੇਟਾਂ ਨੇ ਤਾਂ ਮਨ ਮੋਹ ਲਿਆ। ਇਸ ਸਭ ਨੂੰ ਦੇਖਦੇ ਹੀ ਭੁੱਖ ਹੋਰ ਵਧਾ ਦਿੱਤੀ। ਆਦਿਵਾਸੀ ਮਹਿਲਾ ਮਾਲਕਾਂ ਵੱਲੋਂ ਆਪਣੀ ਮਨਮੋਹਕ ਮੁਸਕਰਾਹਟ ਨਾਲ ਸਾਰਿਆਂ ਨੂੰ ਭੋਜਨ ਪਰੋਸਿਆ ਗਿਆ। ਖਾਣਾ ਖਾਣ ਤੋਂ ਬਾਅਦ ਜਦ ਉਨ੍ਹਾਂ ਔਰਤਾਂ ਨੂੰ ਪਤਾ ਚੱਲਿਆ ਕਿ ਇਹ ਸਾਰੇ ਪੰਜਾਬ ਤੋਂ ਆਏ ਹਨ ਤਾਂ ਉਨ੍ਹਾਂ ਦੀ ਖੁਸ਼ੀ ਦੁੱਗਣੀ-ਚੌਗਣੀ ਹੋ ਗਈ। ਫਿਰ ਕੀ ਉਨ੍ਹਾਂ ਆਪਣੀ ਭਾਸ਼ਾ 'ਚ ਮੋਹਨ ਜੀ ਨੂੰ ਸਾਰਿਆਂ ਨਾਲ ਇੱਕ ਤਸਵੀਰ ਕਰਾਉਣ ਲਈ ਕਿਹਾ, ਜਿਸ ਦਾ ਅਸੀਂ ਵੀ ਸਾਰੇ ਇਨਕਾਰ ਨਹੀਂ ਕਰ ਸਕੇ।

ਇਸ ਤੋਂ ਬਾਅਦ ਕਬਾਇਲੀ ਅਜਾਇਬਘਰ ਜਾਣ ਦਾ ਮੌਕਾ ਮਿਲਿਆ, ਜਿੱਥੇ ਕਬਾਇਲੀ ਲੋਕਾਂ ਦੇ ਜੀਵਨ ਪੱਧਰ, ਖਾਣ-ਪੀਣ ਦੀਆਂ ਆਦਤਾਂ ਅਤੇ ਸੱਭਿਆਚਾਰ 'ਤੇ ਚਾਨਣਾ ਪਾਇਆ ਗਿਆ ਹੈ। ਅਜਾਇਬਘਰ 'ਚ ਆਦਿਵਾਸੀ ਲੋਕਾਂ ਦੇ ਪੂਰੇ ਦਿਨ ਦੇ ਕੰਮਾਂ ਦਾ ਚਿਤਰਣ ਕੀਤਾ ਗਿਆ ਹੈ। ਅੰਦਰ ਪੈਰ ਰੱਖਦੇ ਹੀ ਇਸ ਤਰ੍ਹਾਂ ਲੱਗਦਾ ਹੈ, ਜਿਸ ਤਰ੍ਹਾਂ ਤੁਸੀਂ ਸਥਾਨਕ ਜਨਜਾਤੀਆਂ ਦੇ ਕਿਸੇ ਕਬੀਲੇ 'ਚ ਪਹੁੰਚ ਗਏ ਹੋ। ਇੱਥੇ ਉਨ੍ਹਾਂ ਦੀਆਂ ਰੋਜ਼ਾਨਾ ਗਤੀਵਿਧੀਆਂ ਨੂੰ ਦਰਸਾਉਂਦੀਆਂ ਮੂਰਤੀਆਂ ਦੇ ਨਾਲ-ਨਾਲ ਉਨ੍ਹਾਂ ਦੇ ਘਰਾਂ ਨੂੰ ਹੂ-ਬ-ਹੂ ਬਣਾਇਆ ਗਿਆ ਹੈ। ਇਨ੍ਹਾਂ ਮੂਰਤੀਆਂ ਰਾਹੀਂ ਬਾਜ਼ਾਰ ਦੇ ਦ੍ਰਿਸ਼ ਅਤੇ ਵੱਖ-ਵੱਖ ਤਿਉਹਾਰਾਂ 'ਚ ਕੀਤੇ ਜਾਣ ਵਾਲੇ ਡਾਂਸ ਨੂੰ ਦਰਸਾਇਆ ਗਿਆ ਹੈ। ਮੱਧਮ ਰੌਸ਼ਨੀ 'ਚ ਬਣੀਆਂ ਮਿੱਟੀ ਦੀਆਂ ਮੂਰਤੀਆਂ ਜਿਉਂਦੀਆਂ ਜਾਗਦੀਆਂ ਦਿਖਾਈ ਦਿੰਦੀਆਂ ਹਨ, ਇਸ ਤਰ੍ਹਾਂ ਲੱਗਦਾ ਹੈ, ਜਿਵੇਂ ਹੁਣੇ ਹੀ ਉਹ ਬਾਹਰ ਆ ਜਾਣ। ਮਿਊਜ਼ੀਅਮ 'ਚ ਬਹੁਤ ਸਾਰੀਆਂ ਦੁਕਾਨਾਂ ਬਣੀਆਂ ਹਨ, ਜੋ ਸਿਰਫ਼ ਆਦਿਵਾਸੀਆਂ ਨੂੰ ਹੀ ਕਿਰਾਏ 'ਤੇ ਦਿੱਤੀਆਂ ਜਾਂਦੀਆਂ ਹਨ, ਜਿਹਨਾਂ 'ਚ ਉਹ ਆਪਣੇ ਹੱਥਾਂ ਨਾਲ ਬਣਾਇਆ ਸਾਮਾਨ ਵਾਜਬ ਰੇਟਾਂ 'ਤੇ ਵੇਚਦੇ ਹਨ। ਮਿਊਜ਼ੀਅਮ ਬਾਰੇ ਜਾਣਕਾਰੀ ਦਿੰਦੇ ਹੋਏ ਮਾਰਕੀਟਿੰਗ ਐਗਜ਼ੀਕਿਊਟਿਵ ਗਣਪਤੀ ਨਾਇਡੂ ਨੇ ਕਿਹਾ ਕਿ ਕੋਈ ਸਮਾਂ ਸੀ, ਜਦੋਂ ਪੰਚਾਇਤਾਂ 'ਚ ਹੁਕਮ ਲਾਗੂ ਕਰਕੇ ਆਦਿਵਾਸੀਆਂ ਨੂੰ ਤੰਗ-ਪ੍ਰੇਸ਼ਾਨ ਕੀਤਾ ਜਾਂਦਾ ਸੀ, ਪਰ ਹੁਣ ਕਾਨੂੰਨ ਬਣਨ ਨਾਲ ਲੋਕਾਂ ਨੂੰ ਇਨ੍ਹਾਂ ਪ੍ਰੇਸ਼ਾਨੀਆਂ ਤੋਂ ਰਾਹਤ ਮਿਲੀ ਹੈ। ਇੱਥੋਂ ਦੇ ਲੋਕ ਅੱਜ ਵੀ ਕਿਸੇ ਬਿਮਾਰੀ ਦਾ ਇਲਾਜ ਜੰਗਲ ਤੋਂ ਮਿਲਣ ਵਾਲੀਆਂ ਜੜੀ-ਬੂਟੀਆਂ ਨਾਲ ਕਰਦੇ ਹਨ।

(ਚਲਦਾ)

25-Sep-Sunday.qxd 9/24/2022 10:02 PM Page 2



# ਆਜ਼ਾਦ ਪੱਤਰਕਾਰੀ ਦੀ ਜ਼ਮੀਨੀ ਹਕੀਕਤ-3

ਸ਼ਾਹਿਦ ਤਾਂਤਰੇ

ਅਨੁਵਾਦ : ਬੂਟਾ ਸਿੰਘ ਮਹਿਮੂਦਪੁਰ

ਜੇਹਲਮ ਦੇ ਕੰਢੇ ’ਤੇ ਸਥਿਤ ਸਰਕਾਰੀ ਧੂਤੂ ਦੂਰਦਰਸ਼ਨ ਦੇ ਦਫ਼ਤਰ ਦੇ ਸਾਹਮਣੇ ਜੰਮੂ-ਕਸ਼ਮੀਰ ਦੀ ਸੀ ਆਈ ਡੀ ਦਾ ਸਦਰ ਮੁਕਾਮ ਹੈ। ਇਸ ਨੂੰ ਚਿੱਟਾ ਰੰਗ ਕੀਤਾ ਗਿਆ ਹੈ। ਸ਼ਾਇਦ ਇਹ ਸੀ ਆਈ ਡੀ ਦੇ ਘਾਟੀ ਵਿਚ ਅਮਨ-ਚੈਨ ਲਿਆਉਣ ਦੇ ਅਧਿਕਾਰਕ ਤੌਰ ’ਤੇ ਐਲਾਨੇ ਉਦੇਸ਼ ਦਾ ਪ੍ਰਤੀਕ ਹੈ, ਅਤੇ ਇਸ ਨੂੰ ਅਕਸਰ ‘ਵ੍ਹਾਈਟ ਹਾਊਸ’ ਕਿਹਾ ਜਾਂਦਾ ਹੈ। ਜਦੋਂ ਤੋਂ ਧਾਰਾ 370 ਖ਼ਤਮ ਕੀਤੀ ਗਈ ਹੈ, ਪੁਲਸ ਨੂੰ ਪੱਤਰਕਾਰਾਂ ਤੋਂ ਪੁੱਛ-ਗਿੱਛ ਕਰਨ ਦੇ ਆਦੇਸ਼ ਦੇਣ ਵਾਲੇ ਫ਼ੋਨ ਇੱਥੋਂ ਆ ਰਹੇ ਹਨ। ਇਕ ਪੱਤਰਕਾਰ ਨੇ ਇਕ ਵਾਰ ਮੈਨੂੰ ਮਜ਼ਾਕ ’ਚ ਦੱਸਿਆ ਸੀ ਕਿ ਜਦੋਂ ਤੋਂ ਸੀ ਆਈ ਡੀ ਸਦਰ ਮੁਕਾਮ ਬਣਿਆ ਹੈ, ਉਦੋਂ ਤੋਂ ਕਸ਼ਮੀਰ ਵਿਚ ਚਿੱਟਾ ਰੰਗ ਸ਼ਾਂਤੀ ਦਾ ਪ੍ਰਤੀਕ ਨਾ ਹੋ ਕੇ ਨਿਗਰਾਨੀ ਦਾ ਪ੍ਰਤੀਕ ਬਣ ਗਿਆ ਹੈ।

ਸੀ ਆਈ ਡੀ ਦਫ਼ਤਰ ਦੇ ਨਾਲ ਲੱਗਦੀ ਇਕ ਵਿਰਾਸਤ ਭਵਨ ਦੀ ਚਾਰਦੀਵਾਰੀ ਹੁਣ ਦਸਤਕਾਰੀ ਵਿਭਾਗ ਦਾ ਇੰਪੋਰੀਅਮ ਹੈ। ਧਾਰਾ 370 ਨੂੰ ਖ਼ਤਮ ਕਰਨ ਤੋਂ ਪਹਿਲਾਂ ਇਹ ਦੀਵਾਰ ਰੰਗ-ਬਰੰਗੀ ਚਿੱਤਰਕਾਰੀ ਨਾਲ ਢਕੀ ਹੋਈ ਸੀ, ਜੋ ਘਾਟੀ ਦੀਆਂ ਕਈ ਰੋਜ਼ਮਰ੍ਹਾ ਦੇ ਦੁੱਖ-ਤਕਲੀਫ਼ਾਂ ਨੂੰ ਬਿਆਨ ਕਰਦੀ ਸੀ। ਇਸ ਵਿਚ ਕੁਨਨ-ਪੌਸ਼ਪੋਰਾ ਬਾਰੇ ਨਾਅਰੇ ਲਿਖੇ ਹੁੰਦੇ। ਉੱਤਰ-ਪੱਛਮੀ ਕਸ਼ਮੀਰ ਦੇ ਇਨ੍ਹਾਂ ਜੁੜਵੇਂ ਪਿੰਡਾਂ ਵਿਚ 1991 ’ਚ ਭਾਰਤੀ ਫ਼ੌਜ ਦੇ ਜਵਾਨਾਂ ਵੱਲੋਂ 23 ਔਰਤਾਂ ਨਾਲ ਕਥਿਤ ਤੌਰ ’ਤੇ ਸਮੂਹਿਕ ਬਲਾਤਕਾਰ ਕੀਤਾ ਗਿਆ ਸੀ, ਆਰਮਡ ਫੋਰਸਿਜ਼ (ਸਪੈਸ਼ਲ ਪਾਵਰਜ਼) ਐਕਟ ਦੇ ਤਹਿਤ ਲੱਗਭੱਗ ਮੁਕੰਮਲ ਕਾਨੂੰਨੀ ਛੋਟ ਦਾ ਫ਼ਾਇਦਾ ਉਠਾਉਂਦੇ ਹੋਏ। ਇਸ ਤੋਂ ਇਲਾਵਾ ਇੱਥੇ “ਲਹੂ-ਲੁਹਾਣ ਕਸ਼ਮੀਰ” ਜਾਂ “ਆਜ਼ਾਦੀ” ਨਾਅਰੇ ਵੀ ਪੜ੍ਹੇ ਜਾ ਸਕਦੇ ਸਨ। ਨਾਲ ਹੀ ਇੱਥੇ ਆਜ਼ਾਦੀ ਪੱਖੀ ਇੰਤਿਹਾਪਸੰਦ ਜਥੇਬੰਦੀ, ਜੰਮੂ-ਕਸ਼ਮੀਰ ਲਿਬਰੇਸ਼ਨ ਫਰੰਟ ਦੇ ਸਹਿ-ਬਾਨੀ ਮਕਬੂਲ ਭੱਟ ਦੀ ਰੰਗੀਨ ਤਸਵੀਰ ਵੀ ਬਣਾਈ ਹੋਈ ਸੀ।

ਜਦੋਂ ਮੈਂ ਸੀ ਆਈ ਡੀ ਦਫ਼ਤਰ ਦਾ ਦੌਰਾ ਕੀਤਾ ਤਾਂ ਦੀਵਾਰਾਂ ਤੋਂ ਸਭ ਕੁਝ ਮਿਟਾ ਦਿੱਤਾ ਗਿਆ ਸੀ। ਇਹ ਇਕ ਤਰ੍ਹਾਂ ਨਾਲ ਸਹੀ ਵੀ ਜਾਪਦਾ ਸੀ। ਸੀ ਆਈ ਡੀ ਦਫ਼ਤਰ ਤੋਂ ਨਿਕਲਦੇ ਵਕਤ ਇਕ ਦਰਜਨ ਤੋਂ ਵੱਧ ਸੀ ਸੀ ਟੀ ਵੀ ਕੈਮਰਿਆਂ ਦੀਆਂ ਨਜ਼ਰਾਂ ਹੇਠ ਮੈਂ ਕਸ਼ਮੀਰ ਦੇ ਇਤਿਹਾਸ ਨੂੰ ਮਿਟਾਏ ਜਾਣ ਦੇ ਸਬੂਤਾਂ ਨੂੰ ਦੇਖਿਆ, ਜੋ ਕਸ਼ਮੀਰ ਦੀ ਆਵਾਜ਼ ਨੂੰ ਫ਼ੌਜੀਕਰਨ ਨਾਲ ਖ਼ਾਮੋਸ਼ ਕਰ ਰਹੇ ਸਨ, ਪਰ ਇਕ ਖੂੰਜੇ ’ਚ ਕੁਝ ਰਹਿ ਗਿਆ ਸੀ, ਜਿਸ ਨੂੰ ਅਜੇ ਵੀ ਪੜ੍ਹਿਆ ਜਾ ਸਕਦਾ ਸੀ : “ਤੁਸੀਂ ਸਾਨੂੰ ਤਾਂ ਮਾਰ ਸਕਦੇ ਹੋ, ਪਰ ਤੁਸੀਂ ਸਾਡੇ ਹੌਸਲੇ ਨਹੀਂ ਤੋੜ ਸਕਦੇ।”

ਮੈਂ ਸੀ ਆਈ ਡੀ ਅਧਿਕਾਰੀਆਂ ਨਾਲ ਗੱਲ ਕਰਨ ਆਇਆ ਸੀ ਕਿ ਉਹ ਪੱਤਰਕਾਰਾਂ ਵਿਰੁੱਧ ਚੱਲ ਰਹੀ ਕਾਰਵਾਈ ਬਾਰੇ ਕੀ ਸੋਚਦੇ ਹਨ। ਰਿਪੋਰਟਿੰਗ ਦੌਰਾਨ ਇਕ ਦਰਜਨ ਅਧਿਕਾਰੀ ਮੇਰੇ ਨਾਲ ਗੱਲ ਕਰਨ ਲਈ ਰਾਜ਼ੀ ਤਾਂ ਹੋ ਗਏ, ਪਰ ਆਫ਼-ਦ-ਰਿਕਾਰਡ। ਉਨ੍ਹਾਂ ਨੇ ਕਸ਼ਮੀਰੀ ਪੱਤਰਕਾਰਾਂ ਦੇ ਸਿਰਾਂ ਉੱਪਰ ਲਟਕਦੇ ਨਿਗਰਾਨੀ ਜਾਲ ਦੇ ਵਿਰਾਟ ਆਕਾਰ ਨੂੰ ਸਮਝਣ ਵਿਚ ਮੇਰੀ ਮਦਦ ਕੀਤੀ।

“ਉਨ੍ਹਾਂ ਦੇ ਫ਼ੋਨਾਂ ਉੱਪਰ ਨਜ਼ਰ ਰੱਖੀ ਜਾ ਰਹੀ ਹੈ। ਫ਼ੋਨ ਟੈਪ ਕਰਨ ਵਾਲੇ ਸਾਰੇ ਲੋਕ ਬਾਹਰਲੇ ਹਨ।” 30 ਕੁ ਸਾਲ ਦੇ ਇਕ ਸੀਨੀਅਰ ਕਸ਼ਮੀਰੀ ਪੁਲਸ ਅਧਿਕਾਰੀ ਨੇ ਮੈਨੂੰ ਦੱਸਿਆ। “ਸਥਾਨਕ ਪੱਤਰਕਾਰਾਂ ਦੀਆਂ ਸਰਗਰਮੀਆਂ ਅਤੇ ਸਟੋਰੀਜ਼ ਦੀ ਨਿਗਰਾਨੀ ਕਰਨ ਲਈ ਇਕ ਵੱਖਰਾ ਮੀਡੀਆ ਨਿਗਰਾਨੀ ਸੈੱਲ ਬਣਾਇਆ ਗਿਆ ਹੈ। ਦਰਅਸਲ, ਸੁਤੰਤਰ ਅਤੇ ਅੰਤਰਰਾਸ਼ਟਰੀ ਪ੍ਰਕਾਸ਼ਨਾਵਾਂ ਲਈ ਰਿਪੋਰਟਾਂ ਕਰਦੇ ਪੱਤਰਕਾਰ ਸਾਡੇ ਲਈ ਸਮੱਸਿਆ ਹਨ।”

ਅਧਿਕਾਰੀ ਨੇ ਕਿਹਾ ਕਿ ਜੋ ਪੱਤਰਕਾਰ ਵਿਦੇਸ਼ੀ ਪੋਰਟਲਾਂ ਲਈ ਲਿਖਦੇ ਹਨ, ਖ਼ਾਸ ਤੌਰ ’ਤੇ ਤੁਰਕੀ, ਪਾਕਿਸਤਾਨ, ਮਲੇਸ਼ੀਆ ਅਤੇ ਸੰਯੁਕਤ ਰਾਜ ਵਿਚ ਸਥਿਤ ਸਮਾਚਾਰ ਸੰਸਥਾਵਾਂ ਲਈ, ਸੀ ਆਈ ਡੀ ਉਨ੍ਹਾਂ ’ਚ ਖ਼ਾਸ ਦਿਲਚਸਪੀ ਲੈਂਦੀ ਹੈ ਅਤੇ ਉਨ੍ਹਾਂ ਉੱਪਰ ਕਰੜੀ ਨਜ਼ਰ ਰੱਖੀ ਜਾਂਦੀ ਹੈ। ਉਸ ਨੇ ਕਿਹਾ ਕਿ ਉਹ ਮੁਲਕ ਦਾ ਅਕਸ ਖ਼ਰਾਬ ਕਰ ਰਹੇ ਹਨ। “ਅਲ ਜਜ਼ੀਰਾ, ਟੀ ਆਰ ਟੀ ਵਰਲਡ, ਦੀ ਗਾਰਡੀਅਨ ਅਤੇ ਇਸ ਤਰ੍ਹਾਂ ਦੇ ਹੋਰ ਅੰਤਰਰਾਸ਼ਟਰੀ ਪ੍ਰਕਾਸ਼ਨ, ਜਿਨ੍ਹਾਂ ਲਈ ਕਸ਼ਮੀਰੀ ਪੱਤਰਕਾਰ ਲਿਖਦੇ ਹਨ, ਉਨ੍ਹਾਂ ਦੇ ਦਰਸ਼ਕ/ਪਾਠਕ ਵਿਸ਼ਵਵਿਆਪੀ ਹਨ। ਸੀ ਆਈ ਡੀ ਵਿਭਾਗ ਦਾ ਕੰਮ ਇਹ ਯਕੀਨੀ ਬਣਾਉਣਾ ਹੈ ਕਿ ਕਸ਼ਮੀਰੀ ਪੱਤਰਕਾਰ ਵੱਖਵਾਦ, ਅੱਤਵਾਦ, ਮਨੁੱਖੀ ਅਧਿਕਾਰਾਂ, ਕਸ਼ਮੀਰ ਦੀ ਹਮਾਇਤ, ਧਾਰਾ 370 ਅਤੇ ਰੱਖਿਆ ਦੇ ਮੁੱਦਿਆਂ ਉੱਪਰ ਕੋਈ ਰਿਪੋਰਟਿੰਗ ਨਾ ਕਰਨ।

ਚਾਲੀ ਕੁ ਸਾਲ ਦੇ ਇਕ ਹੋਰ ਸੀਨੀਅਰ ਅਧਿਕਾਰੀ ਨੇ ਇਹ ਵੀ ਕਿਹਾ ਕਿ ਘਾਟੀ ਤੋਂ ਬਾਹਰ ਦੇ ਅਖ਼ਬਾਰਾਂ/ਮੀਡੀਆ ਲਈ ਲਿਖਣ ਵਾਲੇ ਪਹਿਲੇ ਨਿਸ਼ਾਨੇ ’ਤੇ ਹਨ। ਉਸ ਨੇ ਕਿਹਾ, “ਜਿਹੜੇ ਲੋਕ ਉਨ੍ਹਾਂ ਲਈ ਅਤੇ ਭਾਰਤ ਦੇ ਕੁਝ ਹੋਰ ਮੀਡੀਆ ਹਾਊਸਾਂ ਲਈ ਕਸ਼ਮੀਰ ਬਾਰੇ ਰਿਪੋਰਟਿੰਗ ਕਰਦੇ ਹਨ, ਉਹ ਸਾਡੀ ਰਾਡਾਰ ’ਤੇ ਹਨ। ਇਹ ਜਾਂਚ ਦਾ ਇਕ ਅਮਲ ਹੈ ਅਤੇ ਅਸੀਂ ਹਰੇਕ ਪੱਤਰਕਾਰ ਉੱਪਰ ਨਜ਼ਰ ਰੱਖਾਂਗੇ, ਜੋ ਸਾਡੀ ਰਾਡਾਰ ’ਤੇ ਹੈ। ਪੱਤਰਕਾਰ ਦੀ ਆਲੋਚਨਾਤਮਕ ਰਿਪੋਰਟਿੰਗ ਸਾਡੇ ਕੰਮ ਦੇ ਲਈ ਇਕ ਸਵੈ-ਸਿਰਜਤ ਡੋਜੀਅਰ ਹੈ। ਸੀ ਆਈ ਡੀ ਵਿਭਾਗ ’ਚ ਹਰੇਕ ਪੱਤਰਕਾਰ ਦੀ ਇਕ ਫ਼ਾਈਲ ਹੁੰਦੀ ਹੈ ਅਤੇ ਕਿਸੇ ਨੂੰ ਵੀ ਲੁੱਕ ਆਊਟ ਸਰਕੂਲਰ ਸੂਚੀ ’ਚ ਪਾਇਆ ਜਾ ਸਕਦਾ ਹੈ। ਜਿਸ ਪੱਤਰਕਾਰ ਦਾ ਨਾਂਅ ‘ਲੁੱਕ ਆਊਟ ਸਰਕੂਲਰ’ ਸੂਚੀ ’ਚ ਪੈ ਗਿਆ, ਉਸ ਨੂੰ ਇਹ ਮੁਲਕ ਤੋਂ ਬਾਹਰ ਸਫ਼ਰ ਕਰਨ ਤੋਂ ਰੋਕਣ ਦੇ ਯੋਗ ਹੋ ਜਾਂਦਾ ਹੈ। ਅਧਿਕਾਰੀ ਨੇ ਮੈਨੂੰ ਦੱਸਿਆ ਕਿ ਕਸ਼ਮੀਰ ਵਿਚ ਘੱਟੋ-ਘੱਟ ਦੋ ਸੌ ਲੋਕ ਇਸ ਸੂਚੀ ’ਚ ਹਨ, ਜਿਨ੍ਹਾਂ ’ਚ ਸਥਾਨਕ ਪੱਤਰਕਾਰ, ਵਕੀਲ, ਅਕਾਦਮਿਕ, ਕਾਰੋਬਾਰੀ ਅਤੇ ਵਿਰੋਧ ਕਰਨ ਵਾਲੇ ਆਗੂਆਂ ਦੇ ਪਰਵਾਰ ਸ਼ਾਮਲ ਹਨ।

ਉਸ ਅਧਿਕਾਰੀ ਨੇ ਮੈਨੂੰ ਵਾਰ-ਵਾਰ ਇਹ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਰਾਸ਼ਟਰੀ ਹਿੱਤਾਂ ਦੀ ਰਾਖੀ ਲਈ ਇਹ ਕਾਰਵਾਈ ਜ਼ਰੂਰੀ ਹੈ। ਉਸ ਨੇ ਕਿਹਾ, “ਕਸ਼ਮੀਰ ’ਚ ਦਹਿਸ਼ਤਵਾਦ ਮੁਲਕ ਦਾ ਮੁੱਖ ਮੁੱਦਾ ਹੈ ਅਤੇ ਇਸ ਦੇ ਬਾਹਰੀ ਪਾਸਾਰ ਵੀ ਹਨ। ਮੁਲਕ ਨੂੰ ਜਿਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਨ੍ਹਾਂ ’ਚ ਕਸ਼ਮੀਰ ਮੁੱਦੇ ਦਾ ਆਲਮੀ ਪ੍ਰਭਾਵ ਵੀ ਹੈ।” ਜਦੋਂ ਮੈਂ ਕਿਹਾ ਕਿ ਸੀ ਆਈ ਡੀ ਦੀਆਂ ਐਸੀਆਂ ਕਾਰਵਾਈਆਂ ਅਧਿਕਾਰਾਂ ਦੀ ਉਲੰਘਣਾ ਕਰਦੀਆਂ ਹਨ, ਤਾਂ ਉਸ ਨੇ ਮੈਨੂੰ ਕਿਹਾ, “ਆਜ਼ਾਦੀ ਅਤੇ ਮੁਕਤੀ ਵਰਗੀਆਂ ਗੱਲਾਂ ਪੱਛਮੀ ਵਿਚਾਰ ਹਨ ਅਤੇ ਉੱਥੇ ਉਨ੍ਹਾਂ ਦੀ ਪਾਲਣਾ ਵੀ ਹੁੰਦੀ ਹੈ। ਜੇ ਅਸੀਂ ਉਨ੍ਹਾਂ ਵਿਚਾਰਾਂ ’ਤੇ ਚੱਲਦੇ ਹਾਂ ਤਾਂ ਤੀਜੇ ਦਰਜੇ ਦੇ ਤਸੀਹਿਆਂ ਦੀ ਵਰਤੋਂ ਨਹੀਂ ਕਰ ਸਕਾਂਗੇ, ਜੋ ਤਫ਼ਤੀਸ਼ ਦੇ ਦੌਰਾਨ ਜ਼ਿਆਦਾਤਰ ਕਥਿਤ ਅਪਰਾਧੀਆਂ ਉੱਪਰ ਕਸ਼ਮੀਰ ਵਿਚ ਵਰਤੇ ਜਾਂਦੇ ਹਨ।” ਆਪਣੀਆਂ ਉਂਗਲਾਂ ’ਤੇ ਗਿਣਦੇ ਹੋਏ ਅਫ਼ਸਰ ਨੇ ਮੈਨੂੰ ਦੱਸਿਆ, “ਤਿੰਨ ਤਰ੍ਹਾਂ ਦੇ ਦਹਿਸ਼ਤਗਰਦ ਹਨ-ਹਥਿਆਰ ਰੱਖਣ ਵਾਲੇ ਦਹਿਸ਼ਤਗਰਦ, ਚਿੱਟ-ਕਾਲਰੀਏ ਦਹਿਸ਼ਤਗਰਦ ਜੋ ਕਾਰੋਬਾਰੀ ਭਾਈਚਾਰੇ ’ਚੋਂ ਹਨ, ਅਤੇ ਪੱਤਰਕਾਰ ਤੇ ਅਕਾਦਮਿਕ ਦਹਿਸ਼ਤਗਰਦ ਜੋ ਇਨ੍ਹਾਂ ਦੇ ਲਈ ਦਲੀਲਾਂ ਘੜਦੇ ਹਨ।” ਉਸ ਨੇ ਇਹ ਕਹਿ ਕੇ ਆਪਣੀ ਗੱਲ ਮੁਕਾਈ, “ਦੇਸ਼ ਦਲੀਲ ਸੁਨਣੇ ਕੇ ਲੀਏ ਤੈਯਾਰ ਨਹੀਂ ਹੈ।”

ਇਸ ਅਫ਼ਸਰ ਦੀ ਤਰ੍ਹਾਂ ਮੈਂ ਕਈ ਹੋਰ ਕਸ਼ਮੀਰੀ ਅਧਿਕਾਰੀਆਂ ਨਾਲ ਵੀ ਗੱਲ ਕੀਤੀ, ਧਾਰਾ 370 ਨੂੰ ਖ਼ਤਮ ਕੀਤੇ ਜਾਣ ਤੋਂ ਬਾਅਦ ਉਨ੍ਹਾਂ ’ਚ ਤਲਖ਼ੀ ਸੀ। ਹਾਲਾਂਕਿ ਨਵੀਂ ਰਾਜ ਵਿਵਸਥਾ ਨੇ ਉਨ੍ਹਾਂ ਨੂੰ ਆਪਣੇ ਸਾਥੀ ਨਾਗਰਿਕਾਂ ਨਾਲ ਮਨਮਰਜ਼ੀ ਨਾਲ ਪੇਸ਼ ਆਉਣ ਦੀ ਖੁੱਲ੍ਹੀ ਛੁੱਟੀ ਦੇ ਰੱਖੀ ਹੈ, ਉਹ ਇਸ ਗੱਲੋਂ ਚਿੰਤਤ ਹਨ ਕਿ ਇਹ ਕਿਵੇਂ ਹੋ ਗਿਆ ਕਿ ਘਾਟੀ ਦੇ ਬਾਹਰੋਂ ਸੀਨੀਅਰ ਅਧਿਕਾਰੀ ਅਚਾਨਕ ਲਿਆ ਕੇ ਪੁਲਸ ਵਿਚ ਵਾੜ ਦਿੱਤੇ ਗਏ। ਇਹੀ ਸੀ ਆਈ ਡੀ ਲਈ ਵੀ ਸੱਚ ਸੀ, ਜਿੱਥੇ ਦਸ ਸਭ ਤੋਂ ਸੀਨੀਅਰ ਅਫ਼ਸਰਾਂ ਵਿੱਚੋਂ ਸੱਤ ਬਾਹਰਲੇ ਸਨ। ਇੰਞ ਜਾਪਦਾ ਸੀ ਕਿ ਕਸ਼ਮੀਰੀ ਅਫ਼ਸਰਾਂ ਨੇ ਦਹਿਸ਼ਤਵਾਦ ਵਿਰੋਧੀ ਕਾਰਵਾਈਆਂ ਸਮੇਤ ਜਿੰਨੇ ਸਾਲ ਸੇਵਾ ਕੀਤੀ ਸੀ, ਉਸ ਦਾ ਕੋਈ ਖ਼ਾਸ ਮਹੱਤਵ ਨਹੀਂ ਸੀ। ਦਿੱਲੀ ਦੇ ਹੁਕਮਰਾਨਾਂ ਅਤੇ ਸ੍ਰੀਨਗਰ ਦੇ ਹੁਕਮਰਾਨਾਂ ਲਈ ਵੀ ਇੰਞ ਲੱਗਦਾ ਹੈ ਕਿ ਤੁਹਾਡੀ ਪੈਦਾਇਸ਼ ਮਾਇਨੇ ਰੱਖਦੀ ਹੈ, ਭਾਵੇਂ ਤੁਸੀਂ ਕਿੰਨੀ ਵੀ ਸੇਵਾ ਕੀਤੀ ਹੋਵੇ।

ਮੁਸੀਬਤਾਂ ’ਚ ਵੀ ਕਸ਼ਮੀਰੀਆਂ ਦੇ ਲਚਕੀਲੇਪਣ ਦੇ ਪ੍ਰਤੀਕ ਚਿਨਾਰ ਦੇ ਰੁੱਖ਼ ਹੇਠਾਂ ਬੈਠੇ ਤੀਹ ਕੁ ਸਾਲ ਦੇ ਅਧਿਕਾਰੀ ਨੇ ਸ੍ਰੀਨਗਰ ’ਚ ਮੈਨੂੰ ਕਸ਼ਮੀਰ ਵਿਚ ਪੱਤਰਕਾਰਾਂ ਦੇ ਡੇਟਾਬੇਸ ਬਾਰੇ ਦੱਸਿਆ ਕਿ ਉਨ੍ਹਾਂ ਨੇ ਪਹਿਲਾਂ ਹੀ 180 ਤੋਂ ਵੱਧ ਪੱਤਰਕਾਰਾਂ ਦੇ ਵੇਰਵੇ ਦਰਜ ਕਰ ਲਏ ਹਨ ਅਤੇ ਇਸੇ ਕਰਕੇ ਹੁਣ ਪੱਤਰਕਾਰਾਂ ਨੂੰ ਪੁੱਛਗਿੱਛ ਲਈ ਬੁਲਾਇਆ ਗਿਆ ਸੀ। ਉਸ ਨੇ ਕਿਹਾ “ਪੱਤਰਕਾਰਾਂ ਤੋਂ ਜੋ ਸਵਾਲ ਪੁੱਛੇ ਜਾ ਰਹੇ ਹਨ, ਉਨ੍ਹਾਂ ਵਿਚ ਪਰਵਾਰ ਦੇ ਰਿਹਾਇਸ਼ੀ ਮਕਾਨਾਂ, ਵਾਹਨਾਂ ਅਤੇ ਹੋਰ ਜਾਇਦਾਦਾਂ ਦੇ ਵੇਰਵੇ ਸ਼ਾਮਲ ਹਨ। ਇਨ੍ਹਾਂ ਸਵਾਲਾਂ ਤੋਂ ਇਲਾਵਾ ਅਸੀਂ ਉਨ੍ਹਾਂ ਦੀ ਰਾਜਨੀਤਕ ਨਿਹਚਾ, ਪਾਕਿਸਤਾਨ ਵਿਚ ਰਹਿੰਦੇ ਦੋਸਤਾਂ ਅਤੇ ਰਿਸ਼ਤੇਦਾਰਾਂ ਦੇ ਬਾਰੇ ਪੁੱਛਦੇ ਹਾਂ। ਪੱਤਰਕਾਰਾਂ ਨੂੰ ਆਪਣੇ-ਆਪਣੇ ਸੋਸ਼ਲ ਮੀਡੀਆ ਖ਼ਾਤਿਆਂ, ਆਮਦਨੀ ਦੇ ਸਰੋਤਾਂ ਅਤੇ ਬੈਂਕ ਖ਼ਾਤਿਆਂ ਦੇ ਪ੍ਰਮਾਣ ਪੱਤਰਾਂ ਦੀ ਜਾਣਕਾਰੀ ਦੇਣ ਲਈ ਵੀ ਕਿਹਾ ਗਿਆ ਹੈ।” ਇਕ ਤੀਜੇ ਪੁਲਸ ਅਧਿਕਾਰੀ ਨੇ ਮੈਨੂੰ ਦੱਸਿਆ ਕਿ ਧਾਰਾ 370 ਨੂੰ ਖ਼ਤਮ ਕਰਨ ਤੋਂ ਬਾਅਦ ਲੱਗਭੱਗ 180 ਪੱਤਰਕਾਰਾਂ ਨੂੰ ਇਸੇ ਤਰ੍ਹਾਂ ਦੀ ਪੁੱਛਗਿੱਛ ਲਈ ਬੁਲਾਇਆ ਗਿਆ ਹੈ।

ਚੌਥੇ ਅਧਿਕਾਰੀ ਨੇ ਮੈਨੂੰ ਇਕ ਪੱਤਰਕਾਰ ਤੋਂ ਪੁੱਛਗਿੱਛ ਕਰਨ ਤੋਂ ਬਾਅਦ ਸੀ ਆਈ ਡੀ ਦੁਆਰਾ ਭਰੇ ਜਾਣ ਵਾਲੇ ਸਵਾਲਨਾਮੇ ਦੀ ਕਾਪੀ ਦਿਖਾਈ। ਇਹ ਨਾ ਸਿਰਫ਼ ਪੱਤਰਕਾਰ ਬਾਰੇ, ਸਗੋਂ ਉਸ ਦੇ ਮਾਤਾ-ਪਿਤਾ, ਭੈਣ-ਭਰਾ, ਬੱਚਿਆਂ ਅਤੇ ਜੀਵਨ ਸਾਥੀ ਬਾਰੇ ਵੀ ਸਵਾਲ ਕਰਦੀ ਹੈ। ਸਭ ਤੋਂ ਹੇਠਾਂ ਇਕ ਵਿਸ਼ੇਸ਼ ਭਾਗ ਹੈ ਜਿਸ ਵਿਚ ਉਸ ਦੇ ਨਜ਼ਦੀਕੀ ਦੋਸਤਾਂ ਅਤੇ ਜੇਕਰ ਉਸ ਦੇ ਪਰਵਾਰ ’ਚੋਂ ਕੋਈ ਫ਼ੌਜ ਜਾਂ ਪੁਲਸ ਵਿਚ ਰਿਹਾ ਹੋਵੇ ਤਾਂ ਉਸ ਦਾ ਵੇਰਵਾ ਮੰਗਿਆ ਜਾਂਦਾ ਹੈ ਅਤੇ “ਆਪਣਾ ਇਕ ਸੰਖੇਪ ਇਤਿਹਾਸ” ਲਿਖ ਕੇ ਦੇਣ ਲਈ ਕਿਹਾ ਜਾਂਦਾ ਹੈ। ਤੀਹ ਕੁ ਸਾਲ ਦੇ ਅਧਿਕਾਰੀ ਨੇ ਕਿਹਾ ਕਿ ਮੀਡੀਆ ਨਿਗਰਾਨ ਸੈੱਲ “ਕਸ਼ਮੀਰੀ ਖ਼ਬਰਾਂ ਵਿਚ ਬਿਰਤਾਂਤ ਦੀ ਸੁਰ ਤੈਅ ਕਰਨ ਦੇ ਸਮਰੱਥ ਹੈ।”

ਅਧਿਕਾਰੀ ਨੇ ਕਿਹਾ ਕਿ ਸਵਾਲਨਾਮੇ ਦੇ ਨਾਲ ਹੀ ਉਸ ਦੇ ਕੰਮ ਵਿਚ ਕਸ਼ਮੀਰ ਦੇ ਸਾਰੇ ਜ਼ਿਲ੍ਹਿਆਂ ਤੋਂ ਦਰਜ ਕੀਤੀਆਂ ਗਈਆਂ ਰਿਪੋਰਟਾਂ ਦਾ ਵਿਸ਼ਲੇਸ਼ਣ ਕਰਨਾ ਵੀ ਸ਼ਾਮਲ ਹੈ। ਉਸ ਨੇ ਇਹ ਦਾਅਵਾ ਵੀ ਕੀਤਾ ਕਿ ਜੇ ਉਨ੍ਹਾਂ ਨੂੰ ਲੱਗਦਾ ਹੈ ਕਿ ਕੋਈ ਮੀਡੀਆ ਰਿਪੋਰਟ ਉਨ੍ਹਾਂ ਦੇ ਹਿੱਤਾਂ ਦੇ ਵਿਰੁੱਧ ਜਾ ਰਹੀ ਹੈ, ਭਾਵੇਂ ਇਹ ਸਥਾਨਕ ਹੋਵੇ ਜਾਂ ਰਾਸ਼ਟਰੀ ਮੀਡੀਆ ’ਚ ਹੋਵੇ, ਉਸ ਰਿਪੋਰਟ ਨੂੰ ਹਟਾਉਣ ਲਈ ਸਿਰਫ਼ ਇਕ ਫੋਨ ਕਾਲ ਹੀ ਕਾਫ਼ੀ ਹੈ। ਉਸ ਨੇ ਕਿਹਾ, “ਜੇ ਸਾਨੂੰ ਲੱਗਦਾ ਹੈ ਕਿ ਕੋਈ ਵੀ ਖ਼ਬਰ ਰਾਜ ਦੇ ਵਿਰੁੱਧ ਹੈ, ਤਾਂ ਅਸੀਂ ਉੱਚ ਅਧਿਕਾਰੀਆਂ ਨੂੰ ਅਜਿਹੇ ਪੱਤਰਕਾਰਾਂ ਨੂੰ ਫ਼ੋਨ ਕਰਨ ਦੀ ਸਿਫ਼ਾਰਸ਼ ਕਰਦੇ ਹਾਂ ਤਾਂ ਜੁ ਅਸੀਂ ਉਸ ਨੂੰ ਆਪਣਾ ਸੰਦੇਸ਼ ਪੁੱਜਦਾ ਕਰ ਸਕੀਏ ਕਿ ਇਸ ਦੇ ਕੀ ਨਤੀਜੇ ਹੋ ਸਕਦੇ ਹਨ।”

ਜਦੋਂ ਮੈਂ ਉਸ ਨੂੰ ਪੁੱਛਿਆ ਕਿ ਉਨ੍ਹਾਂ ਨੂੰ ਪੱਤਰਕਾਰਾਂ ਉੱਪਰ ਨਜ਼ਰ ਰੱਖਣ ਲਈ ਕਿਸ ਗੱਲ ਨੇ ਪ੍ਰੇਰਿਆ, ਤਾਂ ਉਸ ਨੇ ਕਿਹਾ, “ਅਸੀਂ ਉਨ੍ਹਾਂ ਦੀ ਨਿਗਰਾਨੀ ਕਰ ਰਹੇ ਹਾਂ ਕਿਉਂਕਿ ਸਾਡਾ ਮੰਨਣਾ ਹੈ ਕਿ ਉਨ੍ਹਾਂ ਦਾ ਇਕ ਖ਼ਾਸ ਵਿਚਾਰਧਾਰਕ ਝੁਕਾਅ ਹੈ। ਉਹ ਪੱਤਰਕਾਰੀ ਦੀ ਆੜ ਵਿਚ ਆਪਣੀ ਸਿਆਸਤ ਦਾ ਪ੍ਰਚਾਰ ਕਰਦੇ ਹਨ। ਬਿਰਤਾਂਤ ਦੀ ਇਸ ਜੰਗ ਵਿਚ ਅਸੀਂ ਉਨ੍ਹਾਂ ਨੂੰ ਉਨ੍ਹਾਂ ਦੀ ਔਕਾਤ ਦਿਖਾ ਰਹੇ ਹਾਂ।” ਉਸ ਨੇ ਮੈਨੂੰ ਦੱਸਿਆ ਕਿ ਪ੍ਰਸ਼ਾਸਨ ਸਥਾਨਕ ਮੀਡੀਆ ਦੀ ਸਟਾਈਲ ਸ਼ੀਟ ਉੱਪਰ ਵੀ ਨਜ਼ਰ ਰੱਖਦਾ ਹੈ, ਉਨ੍ਹਾਂ ਵੱਲੋਂ ਵਰਤੇ ਜਾਂਦੇ ਸ਼ਬਦਾਂ ਦੀ ਬਾਰੀਕੀ ’ਚ ਜਾਂਚ ਕਰਦਾ ਹੈ। “ਮਿਸਾਲ ਲਈ, ਰੱਦ ਕਰਨ ਤੋਂ ਪਹਿਲਾਂ ਉਹ ਸਾਰੇ ‘ਖਾੜਕੂ’ ਸ਼ਬਦ ਦੀ ਵਰਤੋਂ ਕਰਦੇ ਸਨ। ਹੁਣ ਅਸੀਂ ਉਨ੍ਹਾਂ ਨੂੰ ਸਾਫ਼ ਕਹਿ ਦਿੱਤਾ ਹੈ ਕਿ ‘ਦਹਿਸ਼ਤਗਰਦ’ ਸ਼ਬਦ ਹੀ ਵਰਤਣਾ ਹੈ।”

ਛੇ ਸਾਲ ਤੋਂ ਵੱਧ ਸਮੇਂ ਤੱਕ ਰਾਈਜ਼ਿੰਗ ਕਸ਼ਮੀਰ ਲਈ ਕੰਮ ਕਰਨ ਵਾਲੇ ਇਕ ਪੱਤਰਕਾਰ, ਜੋ ਆਪਣੀ ਪਛਾਣ ਗੁਪਤ ਰੱਖਣੀ ਚਾਹੁੰਦਾ ਸੀ, ਨੇ ਮੈਨੂੰ ਦੱਸਿਆ ਕਿ ਲੜਾਈ ਦੇ ਖੇਤਰ ਵਿਚ “ਦਹਿਸ਼ਤਗਰਦ” ਸ਼ਬਦ ਵਰਤਣਾ ਅਕਸਰ ਸੌਖਾ ਨਹੀਂ ਹੁੰਦਾ। ਉਸ ਨੇ ਕਿਹਾ, “ਕਸ਼ਮੀਰ ਵਿਚ ਅਸੀਂ ਦੋ ਬੰਦੂਕਾਂ ’ਚ ਘਿਰੇ ਹੋਏ ਹਾਂ। ਇਕ ਸਰਕਾਰੀ ਲਸ਼ਕਰਾਂ ਦੇ ਹੱਥਾਂ ਵਿਚ ਹੈ ਅਤੇ ਦੂਜੀ ਹਥਿਆਰਬੰਦ ਬਾਗ਼ੀਆਂ ਦੇ ਹੱਥਾਂ ਵਿਚ ਹੈ। 1990ਵਿਆਂ ਦੇ ਸ਼ੁਰੂ ’ਚ ਕਸ਼ਮੀਰ ਵਿਚ ਵੱਡੇ ਪੱਧਰ ’ਤੇ ਬਗ਼ਾਵਤ ਸ਼ੁਰੂ ਹੋਣ ’ਤੇ ‘ਖਾੜਕੂ’ ਸ਼ਬਦ ਦੀ ਵਰਤੋਂ ਸ਼ੁਰੂ ਹੋਈ ਸੀ। ਉਸ ਵਕਤ ਦੋਵਾਂ ਪਾਸਿਆਂ ਤੋਂ ਦਬਾਓ ਸੀ, ਇਕ ਪਾਸੇ ਉਹ ਮੁਜਾਹਿਦ ਕਹਾਉਣ ਦੀ ਗੱਲ ਕਰ ਰਹੇ ਸਨ ਅਤੇ ਦੂਜੀ ਧਿਰ ਉਨ੍ਹਾਂ ਨੂੰ ਦਹਿਸ਼ਤਗਰਦ ਕਹਿਣ ਲਈ ਜ਼ੋਰ ਪਾ ਰਹੀ ਸੀ। ਉਸ ਨੇ ਕਿਹਾ ਕਿ ਕਸ਼ਮੀਰ ਵਿਚ ਅਖ਼ਬਾਰਾਂ ਨੇ ਸਰਵ-ਸੰਮਤੀ ਨਾਲ ਸੰਤੁਲਨ ਬਣਾਉਣ ਲਈ ਨਿਰਪੱਖ ਸ਼ਬਦ ‘ਖਾੜਕੂ’ ਚੁਣਿਆ ਸੀ। “ਅਸੀਂ ਪਿਛਲੇ ਤੀਹ ਸਾਲ ਤੋਂ ਇਹ ਸ਼ਬਦ ਲਿਖ ਰਹੇ ਸੀ ਅਤੇ ਦੋਵੇਂ ਧਿਰਾਂ ਇਸ ਨਾਲ ਰਾਜ਼ੀ ਸਨ। ਹੁਣ ਪ੍ਰਸ਼ਾਸਨ ਸਾਨੂੰ ਦਹਿਸ਼ਤਗਰਦ ਸ਼ਬਦ ਵਰਤਣ ਲਈ ਮਜਬੂਰ ਕਰ ਰਿਹਾ ਹੈ।”

ਰਾਈਜ਼ਿੰਗ ਕਸ਼ਮੀਰ ਦੇ ਬਾਨੀ ਸੰਪਾਦਕ ਸ਼ੁਜਾਤ ਬੁਖ਼ਾਰੀ ਦੇ ਕਤਲ ਦਾ ਜ਼ਿਕਰ ਕਰਦੇ ਹੋਏ, ਜਿਸ ਨੂੰ 2018 ’ਚ ਦਿਨ-ਦਿਹਾੜੇ ਅਣਪਛਾਤੇ ਹਮਲਾਵਰਾਂ ਨੇ ਕਤਲ ਕਰ ਦਿੱਤਾ ਸੀ, ਅਖ਼ਬਾਰ ਦੇ ਸਾਬਕਾ ਮੁਲਾਜ਼ਮ ਨੇ ਕਿਹਾ ਕਿ ਪੱਤਰਕਾਰ ਹਮੇਸ਼ਾ ਖ਼ਤਰੇ ’ਚ ਸੀ। ਉਸ ਨੇ ਮੈਨੂੰ ਕਿਹਾ, “ਸਾਡੀ ਜ਼ਿੰਦਗੀ ਦੀ ਗਾਰੰਟੀ ਨਹੀਂ ਹੈ। ਨਵੀਂ ਸ਼ਬਦਾਵਲੀ ਸਾਨੂੰ ਖ਼ਤਰੇ ’ਚ ਪਾ ਰਹੀ ਹੈ ਅਤੇ ਇਹ ਸ਼ਬਦ ਇੱਥੋਂ ਦੇ ਬਹੁਤ ਸਾਰੇ ਲੋਕਾਂ ਦੀਆਂ ਰੀਝਾਂ ਦੇ ਵਿਰੁੱਧ ਵੀ ਹੈ। ਜਿਵੇਂ ਕਿ ਉਹ ਕਹਿੰਦੇ ਹਨ, ਇਕ ਆਦਮੀ ਦੇ ਲਈ ਦਹਿਸ਼ਤਗਰਦ, ਦੂਜੇ ਆਦਮੀ ਦੇ ਲਈ ਆਜ਼ਾਦੀ ਦਾ ਪਰਵਾਨਾ ਹੈ। ਇਸ ਸ਼ਬਦ ਦੀ ਵਰਤੋਂ ਕਰਨ ਲਈ ਸਾਨੂੰ ਸਮਾਜਿਕ ਬਾਈਕਾਟ ਦਾ ਸਾਹਮਣਾ ਵੀ ਕਰਨਾ ਪਵੇਗਾ। ਪੱਤਰਕਾਰ ਹੋਣ ਦੇ ਨਾਤੇ, ਸਾਨੂੰ ਸੰਤੁਲਨ ਬਣਾਉਣ ਦੀ ਜ਼ਰੂਰਤ ਹੈ। ਅਸੀਂ ਬਿਰਤਾਂਤ ਦੇ ਦੂਜੇ ਪਾਸੇ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦੇ।”

ਹਾਲਾਂਕਿ, ਨਾਮਕਰਨ ਦੀ ਇਸ ਰੱਦੋਬਦਲ ਨੇ ਜੰਮੂ-ਕਸ਼ਮੀਰ ਪ੍ਰਸ਼ਾਸਨ ਨੂੰ ਉਨ੍ਹਾਂ ਪੱਤਰਕਾਰਾਂ ਨੂੰ ਸੰਸਥਾਵਾਂ ’ਚੋਂ ਕਢਵਾਉਣ ’ਚ ਮਦਦ ਕੀਤੀ ਹੈ, ਜੋ ਲੀਹ ’ਤੇ ਨਹੀਂ ਆਉਂਦੇ। 15 ਜੁਲਾਈ ਨੂੰ ਰਾਈਜ਼ਿੰਗ ਕਸ਼ਮੀਰ ਦੇ ਮੁੱਖ ਪੰਨੇ ਦੇ ਸੰਪਾਦਕ ਸੱਜਾਦ ਕ੍ਰਾਲਿਆਰੀ ਨੇ “ਆਰਕੇ ਲੇਆਊਟ ਐਂਡ ਐਡੀਟਰ” ਨਾਂਅ ਦੇ ਇਕ ਦਫ਼ਤਰ ਦੇ ਵੱਟਸਐਪ ਗਰੁੱਪ ਵਿਚ ਲਿਖਿਆ, ਅਜਮੇਰ ਸਿੰਘ ਮੈਂ ਸੰਸਥਾ ਲਈ ਸਮੱਸਿਆ ਨਹੀਂ ਬਣਨਾ ਚਾਹੁੰਦਾ, ਸਾਨੂੰ ਦਹਿਸ਼ਤਗਰਦ ਲਿਖਣ ਲਈ ਮਜਬੂਰ ਕੀਤਾ ਗਿਆ ਸੀ... ਮੈਂ ਸੰਸਥਾ ਦੇ ਹਿੱਤ ਬਾਰੇ ਸੋਚਦੇ ਹੋਏ ਸੁਹਿਰਦਤਾ ਨਾਲ ਅਸਤੀਫ਼ਾ ਦੇ ਰਿਹਾ ਹਾਂ... ਧੰਨਵਾਦ।”

ਅਜਮੇਰ ਸਿੰਘ ਸਾਬਕਾ ਫ਼ੌਜੀ ਅਧਿਕਾਰੀ ਅਤੇ ਰਾਈਜ਼ਿੰਗ ਕਸ਼ਮੀਰ ਦੇ ਸਲਾਹਕਾਰ ਸੰਪਾਦਕ ਹਨ। ਮੈਸੇਜ ਪਾਉਣ ਤੋਂ ਬਾਅਦ ਕ੍ਰਾਲਿਆਰੀ ਨੇ ਗਰੁੱਪ ਛੱਡ ਦਿੱਤਾ। ਅਗਲੇ ਦਿਨ, ਰਾਈਜ਼ਿੰਗ ਕਸ਼ਮੀਰ ਮੈਨੇਜਮੈਂਟ ਵੱਲੋਂ ਇਕ ਮੀਟਿੰਗ ਬੁਲਾਈ ਗਈ ਅਤੇ ਕ੍ਰਾਲਿਆਰੀ ਨੂੰ ਸੰਸਥਾ ਨਾ ਛੱਡਣ ਲਈ ਮਨਾ ਲਿਆ ਗਿਆ। ਦੋ ਹਫ਼ਤੇ ਬਾਅਦ ਹੀ, ਕ੍ਰਾਲਿਆਰੀ ਅਤੇ ਦੋ ਹੋਰ ਸਟਾਫ਼ ਮੈਂਬਰਾਂ ਨੂੰ “ਨਵੀਂ ਸ਼ਬਦਾਵਲੀ ਨੀਤੀ” ਦੀ ਪਾਲਣਾ ਨਾ ਕਰਨ ਲਈ ਸੰਸਥਾ ਤੋਂ ਬਰਖ਼ਾਸਤ ਕਰ ਦਿੱਤਾ ਗਿਆ।

ਬਾਕੀਆਂ ਨੇ ਵੀ ਮੈਨੂੰ ਦੱਸਿਆ ਕਿ ਕਿਵੇਂ ਉਨ੍ਹਾਂ ਨੂੰ ਇਸੇ ਤਰ੍ਹਾਂ ਦੇ ਨਾਜ਼ੁਕ ਮਸਲੇ ’ਤੇ ਕੱਢ ਦਿੱਤਾ ਗਿਆ ਸੀ। ਕਸ਼ਮੀਰ ਵਿਚ ਅਖ਼ਬਾਰ ਉਦਯੋਗ ਅਸੰਗਠਿਤ ਹੈ। ਪੱਤਰਕਾਰਾਂ ਨੂੰ ਅਕਸਰ ਰਸਮੀ ਜੁਆਨਿੰਗ ਲੈਟਰ ਨਹੀਂ ਮਿਲਦੇ ਅਤੇ ਉਨ੍ਹਾਂ ਨੂੰ ਰਿਲੀਵਿੰਗ ਲੈਟਰ ਮਿਲਣ ਦੀ ਸੰਭਾਵਨਾ ਵੀ ਘੱਟ ਹੀ ਹੁੰਦੀ ਹੈ। ਉਨ੍ਹਾਂ ਨੂੰ ਮੂੰਹ-ਜ਼ੁਬਾਨੀ ਭਰਤੀ ਕੀਤਾ ਜਾਂਦਾ ਹੈ ਅਤੇ ਮੂੰਹ-ਜ਼ੁਬਾਨੀ ਹੀ ਇਸ ਆਧਾਰ ’ਤੇ ਬਰਖ਼ਾਸਤ ਕਰ ਦਿੱਤਾ ਜਾਂਦਾ ਹੈ ਕਿ ਅਧਿਕਾਰੀਆਂ ਨੇ ਉਨ੍ਹਾਂ ਦੀਆਂ ਸੰਸਥਾਵਾਂ ਦੇ ਸੰਪਾਦਕਾਂ ਨੂੰ ਜੋ ਅਸਪੱਸ਼ਟ ਆਦੇਸ਼ ਦਿੱਤੇ ਹਨ, ਉਨ੍ਹਾਂ ਦੀ ਉਹ ਮੁਸਤੈਦੀ ਨਾਲ ਪਾਲਣਾ ਨਹੀਂ ਕਰਦੇ।

ਸੰਪਾਦਕੀ ਨੀਤੀ ਵਿਚ ਹਾਲੀਆ ਬਦਲਾਵਾਂ ਅਤੇ ਉਨ੍ਹਾਂ ਬਦਲਾਵਾਂ ਨੂੰ ਸਵੀਕਾਰ ਨਾ ਕਰਨ ਵਾਲੇ ਪੱਤਰਕਾਰਾਂ ਨੂੰ ਨਿਸ਼ਾਨਾ ਬਣਾਉਣ ’ਚ ਰਾਈਜ਼ਿੰਗ ਕਸ਼ਮੀਰ ਹੁਣ ਸਭ ਤੋਂ ਭੈੜੇ ਅਪਰਾਧੀਆਂ ਵਿੱਚੋਂ ਇਕ ਹੈ। 2021 ’ਚ ਇਸ ਸੰਸਥਾ ਨੇ ਸੱਤ ਪੱਤਰਕਾਰਾਂ ਨੂੰ ਬਰਖ਼ਾਸਤ ਕੀਤਾ, ਜਿਨ੍ਹਾਂ ਵਿੱਚੋਂ ਕਈਆਂ ਨੇ ਮੈਨੂੰ ਦੱਸਿਆ ਕਿ ਇਹ ਇਸ ਕਰਕੇ ਕੀਤਾ ਗਿਆ, ਕਿਉਂਕਿ ਉਨ੍ਹਾਂ ਨੇ ਅਖ਼ਬਾਰ ਦੀ ਸੰਪਾਦਕੀ ਨੀਤੀ ਵਿਚ ਬਦਲਾਓ ਨੂੰ ਸਵੀਕਾਰ ਨਹੀਂ ਕੀਤਾ।

ਅਗਸਤ 2021 ਵਿਚ, ਰਾਈਜ਼ਿੰਗ ਕਸ਼ਮੀਰ ਦੇ ਔਨਲਾਈਨ ਸੰਪਾਦਕ ਵਜੋਂ ਕੰਮ ਕਰਨ ਵਾਲੇ ਇਰਫ਼ਾਨ ਅਮੀਨ ਮਲਿਕ ਨੇ ਜੰਮੂ-ਕਸ਼ਮੀਰ ਲਈ ਨਵੀਂ ਫਿਲਮ ਨੀਤੀ ਦੀ ਆਲੋਚਨਾ ਕਰਦੇ ਹੋਏ ਇਕ ਟਵੀਟ ਲਿਖਿਆ, ਜਿਸ ਦੇ ਅਨੁਸਾਰ ਫਿਲਮ ਨਿਰਮਾਤਾਵਾਂ ਨੂੰ ਸ਼ੂਟਿੰਗ ਦੀ ਮਨਜ਼ੂਰੀ ਲੈਣ ਲਈ ਸਰਕਾਰ ਨੂੰ ਆਪਣੀ ਸਕ੍ਰਿਪਟ ਦਿਖਾਉਣੀ ਪਵੇਗੀ। ਟਵੀਟ ਦੇ ਅੰਜਾਮ ਤੋਂ ਪ੍ਰੇਸ਼ਾਨ ਹੋ ਕੇ ਉਸ ਨੇ ਸਿਰਫ਼ ਦੋ ਮਿੰਟ ਬਾਅਦ ਹੀ ਟਵੀਟ ਨੂੰ ਹਟਾ ਦਿੱਤਾ। ਇਸ ਤੋਂ ਤੁਰੰਤ ਬਾਅਦ ਉਸ ਨੂੰ ਦੱਖਣੀ ਕਸ਼ਮੀਰ ਦੇ ਤਰਾਲ ਕਸਬੇ ਦੇ ਸਥਾਨਕ ਥਾਣੇ ’ਚ ਤਲਬ ਕਰ ਲਿਆ ਗਿਆ, ਜਿੱਥੇ ਉਸ ਤੋਂ ਪੰਜ ਘੰਟੇ ਤੱਕ ਪੁੱਛਗਿੱਛ ਕੀਤੀ ਗਈ। ਉਸੇ ਦਿਨ ਰਾਈਜ਼ਿੰਗ ਕਸ਼ਮੀਰ ਨੇ ਮਲਿਕ ਨੂੰ ਨੌਕਰੀ ਤੋਂ ਕੱਢਣ ਦਾ ਫ਼ੈਸਲਾ ਲੈ ਲਿਆ।

ਰਾਈਜ਼ਿੰਗ ਕਸ਼ਮੀਰ ਦੇ ਸਿਆਸੀ ਪੰਨੇ ਦੇ ਕਰਤਾ-ਧਰਤਾ ਉੱਪ ਸੰਪਾਦਕ ਮੁਹੰਮਦ ਰਫੀ ਨੂੰ 7 ਫਰਵਰੀ 2021 ਦੀ ਅੱਧੀ ਰਾਤ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਸੀ। ਰਫੀ ਨੇ ਮੈਨੂੰ ਦੱਸਿਆ, “ਕਈ ਮੌਕਿਆਂ ’ਤੇ ਸਾਡੇ ਨਿਊਜ਼ ਰੂਮ ਵਿਚ ਗਰਮਾ-ਗਰਮ ਬਹਿਸ ਹੋਈ ਸੀ। ਮਾਲਕ, ਅਯਾਜ ਹਾਫ਼ਿਜ਼ ਗਨੀ ਅਤੇ ਸਲਾਹਕਾਰ ਸੰਪਾਦਕ ਅਜਮੇਰ ਸਿੰਘ ਚਾਹੁੰਦੇ ਸਨ ਕਿ ਸਥਾਨਕ ਮੁੱਖ ਧਾਰਾ ਦੀ ਸਿਆਸਤ, ਨੈਸ਼ਨਲ ਕਾਨਫਰੰਸ ਅਤੇ ਪੀਡੀਪੀ ਨੂੰ ਅਖ਼ਬਾਰ ਵਿੱਚੋਂ ਮਿਟਾ ਦਿੱਤਾ ਜਾਵੇ। ਰਾਈਜ਼ਿੰਗ ਕਸ਼ਮੀਰ ਇਕ ਸਥਾਨਕ ਅਖ਼ਬਾਰ ਹੈ ਅਤੇ ਇਹ ਜ਼ਰੂਰੀ ਹੈ ਕਿ ਸਥਾਨਕ ਸਿਆਸਤ ਅਖ਼ਬਾਰ ਦੇ ਅੰਦਰ ਝਲਕਦੀ ਹੋਵੇ, ਪਰ ਇਸ ਦੀ ਬਜਾਏ, ਮੈਨੂੰ ਦਿੱਲੀ ਤੋਂ ਭਾਜਪਾ ਦੇ ਬੁਲਾਰਿਆਂ ਦੇ ਬਿਆਨ ਲੈ ਕੇ ਆਉਣ ਲਈ ਕਿਹਾ ਸੀ।” ਗਨੀ ਜਨਵਰੀ 2020 ’ਚ ਵਿਦੇਸ਼ੀ ਡਿਪਲੋਮੈਟਾਂ ਨੂੰ ਮਿਲਣ ਵਾਲੇ ਮੀਡੀਆ ਕਰਮੀਆਂ ਦੇ ਵਫ਼ਦ ਵਿਚ ਵੀ ਸ਼ਾਮਲ ਸੀ।

ਰਫੀ ਨੂੰ ਕੱਢੇ ਜਾਣ ਤੋਂ ਚਾਰ ਦਿਨ ਪਹਿਲਾਂ ਕੇਂਦਰੀ ਗ੍ਰਹਿ ਰਾਜ ਮੰਤਰੀ ਜੀ ਕਿਸ਼ਨ ਰੈਡੀ ਨੇ ਸੰਸਦ ਨੂੰ ਦੱਸਿਆ ਕਿ ਧਾਰਾ 370 ਨੂੰ ਖ਼ਤਮ ਕਰਨ ਤੋਂ ਬਾਅਦ “ਵੱਖਵਾਦੀਆਂ, ਉਨ੍ਹਾਂ ਦੇ ਖੁੱਲ੍ਹੇ ਵਰਕਰਾਂ, ਪੱਥਰਬਾਜ਼ਾਂ ਆਦਿ ਸਮੇਤ 613 ਲੋਕਾਂ ਨੂੰ ਵੱਖ-ਵੱਖ ਮੌਕਿਆਂ ’ਤੇ ਵੱਖ-ਵੱਖ ਥਾਵਾਂ ਤੋਂ ਹਿਰਾਸਤ ਵਿਚ ਲਿਆ ਗਿਆ ਹੈ।” ਰੈਡੀ ਨੇ ਕਿਹਾ ਕਿ ਹਿਰਾਸਤ ’ਚ ਲਏ ਗਏ ਲੋਕਾਂ ’ਚੋਂ ਹੁਣ ਤੱਕ 430 ਜਣਿਆਂ ਨੂੰ ਰਿਹਾਅ ਕੀਤਾ ਜਾ ਚੁੱਕਾ ਹੈ। ਉਸ ਨੇ ਇਹ ਵੀ ਦਾਅਵਾ ਕੀਤਾ ਕਿ “ਜੰਮੂ-ਕਸ਼ਮੀਰ ਸਰਕਾਰ ਨੇ ਅੱਗੇ ਕਿਹਾ ਹੈ ਕਿ ਜੰਮੂ-ਕਸ਼ਮੀਰ ਦੇ ਕੇਂਦਰ ਸ਼ਾਸਤ ਪ੍ਰਦੇਸ਼ ਵਿਚ ਕੋਈ ਵੀ ਵਿਅਕਤੀ ਘਰ ਵਿਚ ਨਜ਼ਰਬੰਦ ਨਹੀਂ ਹੈ।” 4 ਫਰਵਰੀ ਨੂੰ ਹੁਰੀਅਤ ਨੇਤਾ ਮੀਰਵਾਇਜ਼ ਉਮਰ ਫ਼ਾਰੂਕ ਨੇ ਰੈਡੀ ਦੇ ਬਿਆਨ ਨੂੰ ਗੁੰਮਰਾਹਕੁਨ ਕਰਾਰ ਦਿੱਤਾ। ਮੀਰਵਾਇਜ਼ ਨੇ ਕਿਹਾ ਕਿ ਅਗਸਤ 2019 ਤੋਂ ਲੈ ਕੇ ਪੁਲਸ ਦੀ ਗੱਡੀ ਪੱਕੇ ਤੌਰ ’ਤੇ ਉਸ ਦੇ ਘਰ ਦੇ ਬਾਹਰ ਤਾਇਨਾਤ ਹੈ ਅਤੇ “ਮੈਨੂੰ ਬਾਹਰ ਨਿਕਲਣ ਤੋਂ ਰੋਕ ਦਿੱਤਾ ਗਿਆ ਹੈ। ਜੇਕਰ ਇਹ ਕਦਮ ਨਜ਼ਰਬੰਦੀ ਨਹੀਂ ਤਾਂ ਕੀ ਹੈ? ਜੇਕਰ ਮੈਨੂੰ ਘਰ ’ਚ ਨਜ਼ਰਬੰਦ ਨਹੀਂ ਕੀਤਾ ਗਿਆ ਤਾਂ ਮੈਨੂੰ ਘਰੋਂ ਬਾਹਰ ਕਿਉਂ ਨਹੀਂ ਜਾਣ ਦਿੱਤਾ ਜਾ ਰਿਹਾ?” ਰਾਈਜ਼ਿੰਗ ਕਸ਼ਮੀਰ ਦੇ 4 ਫਰਵਰੀ ਦੇ ਅੰਕ ਨੇ ਰੈਡੀ ਦੇ ਬਿਆਨ ਨੂੰ ਦੂਜੇ ਪੰਨੇ ’ਤੇ ਲੀਡ ਸਟੋਰੀ ਵਜੋਂ ਛਾਪਿਆ, ਜਿਸ ਵਿਚ ਮੀਰਵਾਈਜ਼ ਦੇ ਬਿਆਨ ਦਾ ਕੋਈ ਜ਼ਿਕਰ ਨਹੀਂ ਸੀ। ਰਫੀ ਨੇ ਮੈਨੂੰ ਦੱਸਿਆ ਕਿ ਉਸ ਨੇ ਮੀਰਵਾਇਜ਼ ਦੇ ਬਿਆਨ ਨਾਲ ਦੂਜੇ ਪੰਨੇ ਨੂੰ ਅੰਤਿਮ ਰੂਪ ਦਿੱਤਾ ਸੀ, ਪਰ ਬਾਅਦ ਵਿਚ ਇਸ ਨੂੰ ਹਟਾਉਣ ਲਈ ਕਿਹਾ ਗਿਆ ਸੀ। ਉਸ ਨੇ ਇਨਕਾਰ ਕਰ ਦਿੱਤਾ।

ਰਫੀ ਨੇ ਕਿਹਾ, 7 ਫਰਵਰੀ ਦੀ ਰਾਤ ਨੂੰ “ਮੈਨੂੰ ਮਹਿਬੂਬਾ ਮੁਫਤੀ ਅਤੇ ਉਮਰ ਅਬਦੁੱਲਾ ਦੇ ਬਿਆਨਾਂ ਨੂੰ ਹਟਾਉਣ ਅਤੇ ਦਿੱਲੀ ਭਾਜਪਾ ਦੇ ਬੁਲਾਰੇ ਦੇ ਬਿਆਨ ਨੂੰ ਲਾਉਣ ਲਈ ਕਿਹਾ ਗਿਆ। ਮੈਂ ਨਹੀਂ ਮੰਨਿਆ ਤਾਂ ਉਹ ਜ਼ਿੱਦ ਕਰਨ ਲੱਗੇ। ਮੈਂ ਝੁਕਿਆ ਨਹੀਂ ਅਤੇ ਆਖ਼ਿਰਕਾਰ ਉਨ੍ਹਾਂ ਨੇ ਪੰਨਾ ਬਦਲ ਦਿੱਤਾ। ਮੈਨੂੰ ਬਾਅਦ ਵਿਚ ਇਕ ਐੱਮ.ਐੱਮ.ਐੱਸ. ਆਇਆ ਕਿ ਤੈਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਹੈ।

ਰਾਈਜ਼ਿੰਗ ਕਸ਼ਮੀਰ ਦੇ ਇਕ ਸਾਬਕਾ ਮੁਲਾਜ਼ਮ, ਜਿਸ ਨੇ ਛੇ ਸਾਲ ਤੋਂ ਅਖ਼ਬਾਰ ਲਈ ਕੰਮ ਕੀਤਾ ਸੀ, ਨੇ ਮੈਨੂੰ ਦੱਸਿਆ ਕਿ ਪਿਛਲੇ ਸਾਲਾਂ ਤੋਂ ਇਹ ਅਖ਼ਬਾਰ ਬਦਲ ਗਿਆ ਹੈ। ਉਸ ਨੇ ਕਿਹਾ, “ਮੈਂ 2018 ਤੋਂ ਰਾਈਜ਼ਿੰਗ ਕਸ਼ਮੀਰ ਨਾਲ ਜੁੜਿਆ ਹੋਇਆ ਸੀ। “ਖਾੜਕੂ” ਦੀ ਬਜਾਏ “ਦਹਿਸ਼ਤਗਰਦ” ਦੀ ਵਰਤੋਂ ਕਰਨ ਤੋਂ ਇਲਾਵਾ, ਇਸ ਵਿਚ ਹੋਰ ਬਦਲਾਓ ਵੀ ਕੀਤੇ ਗਏ- ਜਿਵੇਂ ਕਿ ਸਾਨੂੰ ਪਾਕਿਸਤਾਨ ਸ਼ਾਸਤ ਕਸ਼ਮੀਰ ਦੀ ਬਜਾਏ ਪਾਕਿਸਤਾਨ ਦੇ ਕਬਜ਼ੇ ਵਾਲਾ ਕਸ਼ਮੀਰ ਕਰਨਾ ਪਿਆ। ਇਹ ਸਟਾਫ਼ ਨੂੰ ਠੀਕ ਨਹੀਂ ਲੱਗਿਆ ਅਤੇ ਅਸੀਂ ਸੰਪਾਦਕ ਤੇ ਮਾਲਕ ਨੂੰ ਕਿਹਾ ਕਿ ਜੇਕਰ ਅਸੀਂ ਇਹ ਲਿਖਦੇ ਹਾਂ ਤਾਂ ਇਸ ਨਾਲ ਸਾਡੀਆਂ ਜਾਨਾਂ ਨੂੰ ਖ਼ਤਰਾ ਹੋ ਸਕਦਾ ਹੈ। ਸਾਡੇ ਇਹ ਕਹਿਣ ਤੋਂ ਬਾਅਦ ਪ੍ਰਬੰਧਕੀ ਅਤੇ ਸੰਪਾਦਕੀ ਟੀਮ ਵਿਚ ਤਲਖ਼ੀ ਬਣ ਗਈ ਅਤੇ ਪੰਦਰਾਂ-ਵੀਹ ਦਿਨ ਬਾਅਦ ਚਾਰ ਜਣਿਆਂ ਨੂੰ ਸਰਵਿਸ ਪੀਰੀਅਡ ਜਾਂ ਕੋਈ ਅਗਾਊਂ ਤਨਖ਼ਾਹ ਦਿੱਤੇ ਬਿਨਾਂ ਹੀ ਅਖ਼ਬਾਰ ’ਚੋਂ ਕੱਢ ਦਿੱਤਾ ਗਿਆ। ਸਾਬਕਾ ਮੁਲਾਜ਼ਮ ਨੇ ਕਿਹਾ ਕਿ ਅਖ਼ਬਾਰ ਵੱਲੋਂ ਇਸ ਦਾ ਕਾਰਨ ਸਿਰਫ਼ ਇਹ ਦੱਸਿਆ ਗਿਆ ਹੈ ਕਿ ਪੱਤਰਕਾਰਾਂ ਦੀ ਵਿਚਾਰਧਾਰਾ ਅਖ਼ਬਾਰ ਦੀ ਨੀਤੀ ਦੇ ਫਿੱਟ ਨਹੀਂ ਆਉਂਦੀ।

ਸਾਬਕਾ ਮੁਲਾਜ਼ਮ ਨੇ ਕਿਹਾ ਕਿ ਅਧਿਕਾਰੀਆਂ ਦੇ ਹੁਕਮ ਵਜਾ ਰਹੇ ਸੰਪਾਦਕ ਕਵਰੇਜ ਵਿਚ ਜੋ ਬਦਲਾਓ ਚਾਹੁੰਦੇ ਹਨ, ਉਸ ਦਾ ਕੋਈ ਅੰਤ ਨਹੀਂ ਹੈ। ਉਸ ਨੇ ਮੈਨੂੰ ਦੱਸਿਆ, “ਸਾਨੂੰ ਸੋਸ਼ਲ ਮੀਡੀਆ ਦੀ ਵਰਤੋਂ ਕਰਨ ਬਾਰੇ ਮੂੰਹ ਜ਼ੁਬਾਨੀ ਚੇਤਾਵਨੀ ਦਿੱਤੀ ਗਈ ਸੀ ਕਿ ਸਾਨੂੰ ਅਜਿਹੀ ਕੋਈ ਵੀ ਪੋਸਟ ਨਹੀਂ ਪਾਉਣੀ ਚਾਹੀਦੀ, ਜੋ ਸੰਪਾਦਕੀ ਲਾਈਨ ਦੇ ਅਨੁਕੂਲ ਨਾ ਹੋਵੇ। ਜੇ ਕੋਈ ਬਦਲਾਓ ਹੁੰਦਾ ਹੈ ਤਾਂ ਸਰਕਾਰ ਸਿਰਫ਼ ਮੂੰਹ ਜ਼ੁਬਾਨੀ ਹੁਕਮਾਂ ਦੀ ਵਰਤੋਂ ਕਰਦੀ ਹੈ ਤਾਂ ਜੋ ਕੁਝ ਵੀ ਰਿਕਾਰਡ ’ਤੇ ਨਾ ਜਾਵੇ। ਕਾਗ਼ਜ਼ਾਂ ਉੱਪਰ ਜੋ ਕੁਝ ਵੀ ਹੁੰਦਾ ਹੈ ਉਹ ਇਕ ਜਗ੍ਹਾ ਇਕੱਠਾ ਹੁੰਦਾ ਜਾਵੇਗਾ ਅਤੇ ਦੇਰ-ਸਵੇਰ ਸਾਹਮਣੇ ਆ ਹੀ ਜਾਵੇਗਾ। ਇਸੇ ਲਈ ਉਹ ਇਹ ਯਕੀਨੀ ਬਣਾਉਂਦੇ ਹਨ ਕਿ ਕੋਈ ਨਿਸ਼ਾਨ ਜਾਂ ਸਬੂਤ ਨਾ ਰਹੇ। ਸਾਨੂੰ ਬਸ ਇਨਾ ਹੀ ਦੱਸਿਆ ਗਿਆ ਸੀ ਕਿ ‘ਹੁਕਮ ਉੱਪਰੋਂ ਆਏ ਹਨ’ ਅਤੇ ਸਾਡੇ ਤੋਂ ਬਿਨਾਂ ਕੋਈ ਕਿੰਤੂ-ਪ੍ਰੰਤੂ ਕੀਤੇ ਉਨ੍ਹਾਂ ਦੀ ਪਾਲਣਾ ਕਰਨ ਦੀ ਉਮੀਦ ਕੀਤੀ ਗਈ ਸੀ।”

“ਉਨ੍ਹਾਂ ਨੇ ਸਾਨੂੰ ਝੁਕਣ ਲਈ ਕਿਹਾ ਅਤੇ ਅਸੀਂ ਰੀਂਗਣਾ ਸ਼ੁਰੂ ਕਰ ਦਿੱਤਾ,” ਉਸ ਨੇ ਮੈਨੂੰ ਦੱਸਿਆ। “ਕਸ਼ਮੀਰ ਦੇ ਅਖ਼ਬਾਰਾਂ ਵਿਚ ਇਹੋ ਕੁਝ ਹੋ ਰਿਹਾ ਹੈ, ਉਨ੍ਹਾਂ ਨੇ ਰੀਂਗਣਾ ਸ਼ੁਰੂ ਕਰ ਦਿੱਤਾ ਅਤੇ ਹੁਣ ਆਪਣੀਆਂ ਕਬਰਾਂ ਖ਼ੁਦ ਪੁੱਟ ਰਹੇ ਹਨ।”

ਸੰਪਾਦਕੀ ਬਦਲਾਵਾਂ ਨੂੰ ਤਾਂ ਘੁਸਰ-ਮੁਸਰ ਕਰਕੇ ਅਤੇ ਜ਼ੁਬਾਨੀ ਹੁਕਮਾਂ ਰਾਹੀਂ ਪਹੁੰਚਾਇਆ ਜਾਂਦਾ ਹੈ, ਪਰ ਜੰਮੂ-ਕਸ਼ਮੀਰ ਸਰਕਾਰ ਦੀ ਮੀਡੀਆ ’ਤੇ ਕਰੜੇ ਕੰਟਰੋਲ ਦੀ ਨੀਤੀ ਅਪਾਰਦਰਸ਼ੀ ਹੈ। 15 ਮਈ 2020 ਨੂੰ ਜੰਮੂ ਐਂਡ ਕਸ਼ਮੀਰ ਡਾਇਰੈਕਟੋਰੇਟ ਆਫ ਇਨਫਰਮੇਸ਼ਨ ਐਂਡ ਪਬਲਿਕ ਰਿਲੇਸ਼ਨ ਨੇ 53 ਪੰਨਿਆਂ ਦੀ ਮੀਡੀਆ ਨੀਤੀ ਜਾਰੀ ਕੀਤੀ, ਜਿਸ ਵਿਚ ਦੱਸਿਆ ਗਿਆ ਕਿ ਕਸ਼ਮੀਰ ’ਚ ਪੱਤਰਕਾਰੀ ਤੋਂ ਕੀ ਉਮੀਦ ਕੀਤੀ ਜਾਂਦੀ ਹੈ। ਇਹ ਨੀਤੀ ਸੋਸ਼ਲ ਮੀਡੀਆ ਸਮੇਤ ਵੱਖ-ਵੱਖ ਮੰਚਾਂ ਉੱਪਰ ਸਰਕਾਰ ਦੀਆਂ “ਪ੍ਰਾਪਤੀਆਂ” ਦੇ ਨਾਲ-ਨਾਲ ਸਰਕਾਰੀ ਯੋਜਨਾਵਾਂ ਦੇ ਵੇਰਵਿਆਂ ਦਾ ਹੜ੍ਹ ਲਿਆਉਣ ਦਾ ਖ਼ਾਕਾ ਦਿੰਦੀ ਹੈ। ਇਹ ਸਮਾਚਾਰ ਸੰਸਥਾਵਾਂ ਨੂੰ ਨਾ ਸਿਰਫ ਸਰਕਾਰ ਦੀਆਂ “ਵਿਕਾਸ” ਦੀਆਂ ਪ੍ਰਾਪਤੀਆਂ ਨੂੰ ਕੇਂਦਰੀ ਫੋਕਸ ਬਣਾਉਣ, ਸਗੋਂ ਉਨ੍ਹਾਂ ਨੂੰ ਆਪਣੀ ਰਿਪੋਰਟਿੰਗ ਨੂੰ ਸਿਰਫ਼ ਇਸੇ ਤੱਕ ਸੀਮਤ ਕਰਨ ਲਈ ਮਜਬੂਰ ਕਰਦੀ ਹੈ।

ਇਸ ਮੀਡੀਆ ਨੀਤੀ ਵਿਚ ਉਨ੍ਹਾਂ ਤਰੀਕਿਆਂ ਬਾਰੇ ਵੀ ਚਰਚਾ ਕੀਤੀ ਗਈ ਹੈ, ਜਿਨ੍ਹਾਂ ਨਾਲ ਪ੍ਰਸ਼ਾਸਨ ਮੀਡੀਆ ਸੰਸਥਾਵਾਂ ਨੂੰ ਗੋਡਿਆਂ ਭਾਰ ਕਰ ਸਕਦਾ ਹੈ। ਦਸਤਾਵੇਜ਼ ਵਿਚ ਕਿਹਾ ਗਿਆ ਹੈ, “ਕਿਸੇ ਵੀ ਮੀਡੀਆ ਨੂੰ ਕੋਈ ਵੀ ਇਸ਼ਤਿਹਾਰ ਜਾਰੀ ਨਹੀਂ ਕੀਤਾ ਜਾਵੇਗਾ, ਜੋ ਹਿੰਸਾ ਨੂੰ ਭੜਕਾਉਂਦਾ ਜਾਂ ਭੜਕਾਉਣ ਦਾ ਇਰਾਦਾ ਰੱਖਦਾ ਹੈ, ਜਾਂ ਭਾਰਤ ਦੀ ਪ੍ਰਭੂਸੱਤਾ ਅਤੇ ਅਖੰਡਤਾ ਉੱਪਰ ਸਵਾਲ ਉਠਾਉਂਦਾ ਹੈ ਜਾਂ ਜਨਤਕ ਮਰਿਯਾਦਾ ਅਤੇ ਵਿਹਾਰ ਦੇ ਪ੍ਰਵਾਨਤ ਮਾਪਦੰਡਾਂ ਦੀ ਉਲੰਘਣਾ ਕਰਦਾ ਹੈ।” ਨੀਤੀ ਕਹਿੰਦੀ ਹੈ ਕਿ ਜੇਕਰ ਉਹ ਸਰਕਾਰੀ ਇਸ਼ਤਿਹਾਰ ਛਾਪਣ ਤੋਂ ਇਨਕਾਰ ਕਰਦੇ ਹਨ ਤਾਂ ਪ੍ਰਸ਼ਾਸਨ ਨੂੰ ਪ੍ਰਕਾਸ਼ਨਾਵਾਂ ਨੂੰ ਸਿਰਫ਼ ਛੇ ਮਹੀਨਿਆਂ ਲਈ ਸੂਚੀ ’ਚ ਸ਼ਾਮਲ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ ਨੀਤੀ ਸੁਝਾਅ ਦਿੰਦੀ ਹੈ ਕਿ ਜੇਕਰ ਮੀਡੀਆ “ਦਿਸ਼ਾ-ਨਿਰਦੇਸ਼ਾਂ” ਦੀ ਪਾਲਣਾ ਨਹੀਂ ਕਰਦੇ ਤਾਂ ਡੀ ਆਈ ਪੀ ਆਰ “ਉਲੰਘਣਾ ਕਰਨ ਵਾਲਿਆਂ” ਨੂੰ ਮੁਅੱਤਲ ਕਰਨ ਲਈ ਇਕ ਅੰਦਰੂਨੀ ਤੰਤਰ ਸਥਾਪਤ ਕਰ ਸਕਦਾ ਹੈ। ਹਾਲਾਂਕਿ ਵਿਭਾਗ ਦੇ ਪ੍ਰਸ਼ਾਸਕੀ ਸਕੱਤਰ ਅਤੇ ਗ੍ਰਹਿ ਵਿਭਾਗ ਦੇ ਵਧੀਕ ਸਕੱਤਰ ਦੀ ਅਗਵਾਈ ਵਾਲੀ ਸਮੀਖਿਆ ਕਮੇਟੀ ਕੋਲ ਅਪੀਲ ਕੀਤੀ ਜਾ ਸਕਦੀ ਹੈ, ਪਰ ਇਸ਼ਤਿਹਾਰਾਂ ਅਤੇ ਪੈਨਲਿੰਗ ਦਾ ਅੰਤਮ ਅਧਿਕਾਰ ਡੀ ਆਈ ਪੀ ਆਰ ਕੋਲ ਹੋਵੇਗਾ।

ਪੱਤਰਕਾਰ ਆਸਿਫ ਸੁਲਤਾਨ ਹਿਰਾਸਤ ’ਚ

ਇਸ ਤੋਂ ਅੱਗੇ ਨੀਤੀ ਰਵਾਇਤੀ ਪ੍ਰਿੰਟ ਮੀਡੀਆ ਤੋਂ ਬਦਲ ਕੇ ਔਨਲਾਈਨ ਮੀਡੀਆ ਆਊਟਲੈਟਸ ਅਤੇ ਟੈਲੀਵਿਜ਼ਨ ਤੇ ਰੇਡੀਓ ਸਟੇਸ਼ਨਾਂ ਉੱਪਰ ਫੋਕਸ ਕਰਨ ਦੀ ਤਜਵੀਜ਼ ਪੇਸ਼ ਕਰਦੀ ਹੈ, ਮਗਰਲੇ ਲਈ ਇਸ਼ਤਿਹਾਰਾਂ ਦੇ ਬਜਟ ਦਾ ਘੱਟੋ-ਘੱਟ 40 ਫ਼ੀਸਦੀ ਰਾਖਵਾਂ ਕਰਦੀ ਹੈ। ਔਨਲਾਈਨ ਸਮਾਚਾਰ ਪਲੇਟਫਾਰਮਾਂ ਅਤੇ ਸੋਸ਼ਲ ਮੀਡੀਆ ਨੂੰ “ਖ਼ਾਸ ਧਿਆਨ ਦੇਣ ਵਾਲੇ ਖੇਤਰਾਂ” ਦੱਸਿਆ ਗਿਆ ਹੈ ਅਤੇ ਨੀਤੀ ਦੇ “ਮੁੱਖ ਭਾਗਾਂ” ਵਿਚ “ਸੂਚਨਾ ਅਤੇ ਗ਼ਲਤ ਸੂਚਨਾ ਦੇ ਪ੍ਰਸਾਰ ਉੱਪਰ ਨਜ਼ਰ ਰੱਖਣ ਲਈ ਡੀ ਆਈ ਪੀ ਆਰ ਦੁਆਰਾ ਇਕ ਸੋਸ਼ਲ ਮੀਡੀਆ ਸੈੱਲ ਬਣਾਉਣਾ ਸ਼ਾਮਲ ਹੈ। ਕਸ਼ਮੀਰ ਵਿਚ ਕੋਈ ਵੱਡਾ ਟੈਲੀਵਿਜ਼ਨ ਜਾਂ ਰੇਡੀਓ ਚੈਨਲ ਨਹੀਂ ਹੈ, ਅਤੇ ਅਜਿਹੇ ਪ੍ਰਿੰਟ ਮੀਡੀਆ ਦੇ ਇਸ਼ਤਿਹਾਰਾਂ ਨੂੰ ਘਟਾਉਣਾ ਜਿੱਥੇ ਜ਼ਿਆਦਾਤਰ ਕਸ਼ਮੀਰੀ ਪੱਤਰਕਾਰ ਕੰਮ ਕਰਦੇ ਹਨ- ਮੁਤਵਾਜ਼ੀ ਪ੍ਰੈੱਸ ਉੱਪਰ ਸ਼ਿਕੰਜਾ ਕੱਸਣ ਦੀ ਕੋਸ਼ਿਸ਼ ਜਾਪਦਾ ਹੈ।

ਮੀਡੀਆ ਨੀਤੀ ਪ੍ਰਸ਼ਾਸਨ ਨੂੰ ਇਹ ਵੀ ਤੈਅ ਕਰਨ ਦਿੰਦੀ ਹੈ ਕਿ ਕਿਸ ਨੂੰ ਬਤੌਰ ਪੱਤਰਕਾਰ ਕਾਨੂੰਨੀ ਸਰਪ੍ਰਸਤੀ ਦਿੱਤੀ ਜਾ ਸਕਦੀ ਹੈ ਅਤੇ ਕਿਸ ਨੂੰ ਨਹੀਂ। ਇਸ ਵਿਚ ਕਿਹਾ ਗਿਆ ਹੈ ਕਿ ਡੀ ਆਈ ਪੀ ਆਰ ਕਸ਼ਮੀਰ ਵਿਚ ਪੱਤਰਕਾਰਾਂ ਦੀ ਮਾਨਤਾ ਨੂੰ ਮਨਜ਼ੂਰੀ ਦੇਣ ’ਚ “ਢੁਕਵੇਂ ਅਧਿਕਾਰੀਆਂ” ਨੂੰ ਸ਼ਾਮਲ ਕਰੇਗਾ। “ਇਸੇ ਤਰ੍ਹਾਂ, ਮਾਨਤਾ ਨੂੰ ਅੰਤਿਮ ਰੂਪ ਦਿੰਦੇ ਵਕਤ, ਸੰਬੰਧਤ ਅਧਿਕਾਰੀਆਂ ਦੀ ਮਦਦ ਨਾਲ ਹਰੇਕ ਪੱਤਰਕਾਰ ਦੇ ਪਹਿਲੇ ਕੰਮ ਸਮੇਤ ਪਿਛੋਕੜ ਦੀ ਗੰਭੀਰ ਜਾਂਚ ਕੀਤੀ ਜਾਵੇਗੀ।”

ਮੈਂ ਜਿਨ੍ਹਾਂ ਕਈ ਪੱਤਰਕਾਰਾਂ ਨਾਲ ਗੱਲ ਕੀਤੀ, ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਨੂੰ ਡਰ ਹੈ ਕਿ ਇਸ ਅਮਲ ਦਾ ਮਤਲਬ ਹੈ ਕਿ ਜੇ ਉਨ੍ਹਾਂ ਦੇ ਲਿਖੇ ਨਾਲ ਡੀ ਆਈ ਪੀ ਆਰ ਨੂੰ ਲੱਗੇ ਕਿ ਇਹ ਪ੍ਰਸ਼ਾਸਨ ਦੀ ਆਲੋਚਨਾ ਹੈ ਤਾਂ ਉਨ੍ਹਾਂ ਦੇ ਪ੍ਰੈੱਸ ਸ਼ਨਾਖ਼ਤੀ ਕਾਰਡ ਖੁੱਸ ਜਾਣਗੇ। ਜਬਰ ਦੇ ਪਿਛਲੇ ਕੇਸਾਂ ਵਿਚ, ਜਿਵੇਂ ਕਿ ਯੂਸਫ਼ ਵਿਰੁੱਧ ਯੂਏਪੀਏ ਦਾ ਕੇਸ, ਕਾਨੂੰਨ ਨੂੰ ਲਾਗੂ ਕਰਨ ਵਾਲੇ ਅਧਿਕਾਰੀਆਂ ਨੇ ਜੋ ਪਹਿਲਾ ਕਦਮ ਚੁੱਕਿਆ, ਉਹ ਸੀ ਕਿਸੇ ਦੇ ਪੱਤਰਕਾਰ ਹੋਣ ਉੱਪਰ ਹੀ ਸਵਾਲ ਉਠਾ ਦੇਣਾ।

ਮੀਡੀਆ ਨੀਤੀ ਉਨ੍ਹਾਂ ਪੱਤਰਕਾਰਾਂ ਦੀ ਜ਼ੁਬਾਨਬੰਦੀ ਕਰਨ ਲਈ ਅਪਰਾਧਿਕ ਜਾਂਚ ਦੀ ਵਰਤੋਂ ਦਾ ਸਪੱਸ਼ਟ ਖ਼ਾਕਾ ਵੀ ਦਿੰਦੀ ਹੈ, ਜਿਨ੍ਹਾਂ ਨੂੰ ਪ੍ਰਸ਼ਾਸਨ “ਜਾਅਲੀ ਖ਼ਬਰਾਂ” ਫੈਲਾਉਣ ਵਾਲੇ ਦੱਸ ਰਿਹਾ ਹੈ। ਨੀਤੀ ਵਿਚ ਕਿਹਾ ਗਿਆ ਹੈ, “ਜਾਅਲੀ ਖ਼ਬਰਾਂ, ਅਨੈਤਿਕ ਜਾਂ ਰਾਸ਼ਟਰ ਵਿਰੋਧੀ ਸਰਗਰਮੀਆਂ ਜਾਂ ਸਾਹਿਤਕ ਚੋਰੀ ਵਿਚ ਸ਼ਾਮਲ ਕੋਈ ਵੀ ਵਿਅਕਤੀ ਜਾਂ ਸਮੂਹ ਕਾਨੂੰਨ ਦੇ ਤਹਿਤ ਕਾਰਵਾਈ ਨੂੰ ਛੱਡ ਕੇ ਪੈਨਲ ਤੋਂ ਵੀ ਹਟਾ ਦਿੱਤਾ ਜਾਵੇਗਾ।” ਐਸੇ ਕੇਸਾਂ ’ਚ ਇਹ ਭਾਰਤੀ ਦੰਡਾਵਲੀ ਅਤੇ ਸਾਈਬਰ ਕਾਨੂੰਨਾਂ ਦੇ ਤਹਿਤ ਪੱਤਰਕਾਰਾਂ ਵਿਰੁੱਧ ਮੁਕੱਦਮਾ ਚਲਾਉਣ ਦੀ ਵੀ ਗੱਲ ਕਰਦੀ ਹੈ। ਹਾਲਾਂਕਿ, ਨੀਤੀ ਇਹ ਤੈਅ ਕਰਨ ਲਈ ਕਿਸੇ ਅਮਲ ਦਾ ਵੇਰਵਾ ਨਹੀਂ ਦਿੰਦੀ ਕਿ ਜਾਅਲੀ ਖ਼ਬਰ ਕੀ ਹੈ ਅਤੇ ਨਾ ਹੀ ਇਹ ਉਸ ਅਮਲ ’ਚ ਕਿਸੇ ਰਾਸ਼ਟਰੀ ਜਾਂ ਸਥਾਨਕ ਪੱਤਰਕਾਰ ਸੰਸਥਾ ਦੀ ਸ਼ਮੂਲੀਅਤ ਜਾਂ ਕਿਸੇ ਰਸਮੀ ਤੱਥ-ਜਾਂਚ ਵਿਵਸਥਾ ਦਾ ਜ਼ਿਕਰ ਕਰਦੀ ਹੈ। ਮੈਂ ਜਿਨ੍ਹਾਂ ਪੱਤਰਕਾਰਾਂ ਨਾਲ ਗੱਲ ਕੀਤੀ, ਉਨ੍ਹਾਂ ਨੂੰ ਡਰਾਉਣ-ਧਮਕਾਉਣ ਦੇ ਨਾਲ ਇਸ ਦੇ ਨੀਤੀ ਦੇ ਹੀ ਸ਼ਬਦਾਂ ’ਚ “ਫਿਰਕੂ ਭਾਵਨਾਵਾਂ ਨੂੰ ਭੜਕਾਉਣ ਲਈ ਮੀਡੀਆ ਦੀ ਵਰਤੋਂ ਕਰਨ ਦੀਆਂ ਕੋਸ਼ਿਸ਼ਾਂ ... ਅਤੇ ਭਾਰਤ ਦੀ ਪ੍ਰਭੂਸੱਤਾ ਅਤੇ ਅਖੰਡਤਾ ਲਈ ਨੁਕਸਾਨਦੇਹ ਹੋਣ ਵਾਲੀ ਕਿਸੇ ਵੀ ਸੂਚਨਾ ਦਾ ਪ੍ਰਚਾਰ ਕਰਨ” ਨਾਲੋਂ ਵੀ ਜ਼ਿਆਦਾ ਖ਼ਤਰਨਾਕ ਹੋਣ ਦਾ ਡਰ ਸੀ। ਜੰਮੂ ਅਤੇ ਕਸ਼ਮੀਰ ਡੀ ਆਈ ਪੀ ਆਰ ਨੇ ਈਮੇਲ ਕੀਤੇ ਸਵਾਲਾਂ ਦਾ ਜਵਾਬ ਨਹੀਂ ਦਿੱਤਾ।

ਪ੍ਰੈੱਸ ਦੀ ਆਜ਼ਾਦੀ ਲਈ ਕੰਮ ਕਰ ਰਹੀ ਇਕ ਅੰਤਰਰਾਸ਼ਟਰੀ ਨਿਗਰਾਨ ਸੰਸਥਾ, ਰਿਪੋਰਟਰਜ਼ ਵਿਦਾਊਟ ਬਾਰਡਰਜ਼ ਨੇ ਨੀਤੀ ਦੀ ਆਲੋਚਨਾ ਕਰਦੇ ਹੋਏ ਇਸ ਨੂੰ “ਓਰਵੇਲੀਅਨ” ਕਿਹਾ ਹੈ। ਇਹ ਕਹਿੰਦੀ ਹੈ ਕਿ ਮੀਡੀਆ ਨੀਤੀ “ਪ੍ਰੈੱਸ ਦੀ ਆਜ਼ਾਦੀ ਲਈ ਇਕ ਗੰਭੀਰ ਖ਼ਤਰਾ” ਹੈ ਅਤੇ ਇਹ ਅਧਿਕਾਰੀਆਂ ਨੂੰ ਕਸ਼ਮੀਰ ਵਿਚ ਹਰ ਤਰ੍ਹਾਂ ਦੀ ਅਸਹਿਮਤੀ ਨੂੰ ਕੰਟਰੋਲ ਕਰਨ ਲਈ ਬੇਲਗਾਮ ਸ਼ਕਤੀਆਂ ਦਿੰਦੀ ਹੈ। ਕਸ਼ਮੀਰ ਵਿਚ ਮੀਡੀਆ ਸੈਂਸਰਸ਼ਿਪ ਬਾਰੇ ਵਿਆਪਕ ਤੌਰ ’ਤੇ ਰਿਪੋਰਟ ਕਰਨ ਵਾਲੇ ਇਕ ਸੁਤੰਤਰ ਪੱਤਰਕਾਰ ਰਾਇਨ ਨਕਸ਼ ਨੇ ਜਾਂਚ ਕੀਤੀ ਹੈ ਕਿ ਕਿਵੇਂ ਮੀਡੀਆ ਨੀਤੀ ਦੇ ਲਾਗੂ ਹੋਣ ਨੇ ਦਿੱਲੀ-ਸੰਚਾਲਿਤ ਪ੍ਰਸ਼ਾਸਨ ਨੂੰ ਕਸ਼ਮੀਰ ਦੀ ਪ੍ਰਿੰਟ ਸਪੇਸ ਉੱਪਰ ਹਾਵੀ ਕਰ ਦਿੱਤਾ ਹੈ, ਖ਼ਬਰਾਂ ਨੂੰ ਸਰਕਾਰੀ ਲੋਕ ਸੰਪਰਕ ਸਮੱਗਰੀ ’ਚ ਬਦਲ ਦਿੱਤਾ ਹੈ। ਉਸ ਨੇ ਨਿਊਜ਼ਲਾਂਡਰੀ ’ਚ ਲਿਖਿਆ, “ਇੰਞ ਜਾਪਦਾ ਹੈ ਕਿ ਨੀਤੀ ਦੀ ਵਿਹਾਰਕ ਸੋਚ ਸਰਕਾਰੀ ਪਹਿਲਕਦਮੀਆਂ ਦੇ ਵੇਰਵਿਆਂ ਨਾਲ ਅਖ਼ਬਾਰਾਂ ਦੇ ਪੰਨੇ ਭਰ ਕੇ ਲੋਕਾਂ ’ਚ ਅਸੰਤੋਸ਼ ਨੂੰ ਦਬਾਉਣ ਲਈ ਇਸ ਨੂੰ ਇਕ ਜਾਦੂਮਈ ਗੋਲੀ ਬਣਾਉਣ ਦੀ ਹੈ, ਪਰ ਬਿਨਾਂ ਫ਼ਰਕ ਦਰਸਾਏ ਜਾਂ ਬਿਨਾਂ ਕੋਈ ਸਪੱਸ਼ਟੀਕਰਨ ਦਿੱਤੇ ਕਿ ਇਹ ਕੰਮ ਕਿਵੇਂ ਕਰਨਗੀਆਂ।”

ਨਕਸ਼ ਨੇ ਮੈਨੂੰ ਦੱਸਿਆ, “ਨੀਤੀ ਦਾ ਇਹ ਮਾਰਗਦਰਸ਼ਕ ਸਿਧਾਂਤ ਮੰਨਦਾ ਹੈ ਕਿ ਲੋਕ ਸ਼ਾਸਨ ਦੇ ਅਮਲ ਨੂੰ ਸਮਝਣਾ ਨਹੀਂ ਚਾਹੁੰਦੇ ਜਾਂ ਸਮਝਣ ’ਚ ਨਾਕਾਮ ਰਹਿ ਰਹੇ ਹਨ। ਪੱਤਰਕਾਰਾਂ ਤੋਂ ਪ੍ਰਚਾਰ ਕਰਨ ਦੀ ਉਮੀਦ ਕੀਤੀ ਜਾਂਦੀ ਹੈ ਅਤੇ ਜਨਤਾ ਤੋਂ ਸਰਕਾਰੀ ਦਾਅਵਿਆਂ ਨੂੰ ਬਿਨਾਂ ਸਵਾਲ ਕੀਤੇ ਮੰਨ ਲੈਣ ਦੀ ਉਮੀਦ ਕੀਤੀ ਜਾਂਦੀ ਹੈ। ਇਹ ਸਰਕਾਰ ਦੇ ਜਵਾਬਦੇਹੀ ਤੋਂ ਬਚਣ ਅਤੇ ਸ਼ਾਸਨ ਦੇ ਮਸਲਿਆਂ ਵਿਚ ਜਨਤਾ ਦੀ ਭਾਗੀਦਾਰੀ ਤੋਂ ਇਨਕਾਰੀ ਹੋਣ ਦੇ ਸੁਭਾਅ ਨੂੰ ਵੀ ਦਰਸਾਉਂਦਾ ਹੈ।”

ਉਸ ਚਾਲੀ ਸਾਲ ਦੇ ਅਧਿਕਾਰੀ ਨੇ ਮੈਨੂੰ ਦੱਸਿਆ ਕਿ ਰਾਜ ਦੀਆਂ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੀ ਲੀਡਰਸ਼ਿਪ ਦੀ ਤਰ੍ਹਾਂ ਬਿਰਤਾਂਤ ਵੀ ਮੇਨਲੈਂਡ ਭਾਰਤ ਤੋਂ ਆਯਾਤ ਕੀਤੇ ਜਾਣਗੇ। “ਰਾਜ ਕਿਸੇ ਵਿਚਾਰਧਾਰਾ ਨੂੰ ਨਹੀਂ ਮੰਨਦਾ ਅਤੇ ਆਪਣੀ ਬਣਤਰ ’ਚ ਰਾਜ ਨੈਤਿਕਤਾ ਵਿਚ ਵਿਸ਼ਵਾਸ ਨਹੀਂ ਕਰਦਾ,” ਉਸ ਨੇ ਕਿਹਾ। “ਕਸ਼ਮੀਰ ਵਿਚ ਸਾਡੇ ਕੋਲ ਵਿਵੇਕਾਨੰਦ ਫਾਊਂਡੇਸ਼ਨ ਵਰਗੇ ਥਿੰਕ-ਟੈਂਕ ਹਨ” - ਇਕ ਸੱਜੇ-ਪੱਖੀ ਦਿੱਲੀ-ਆਧਾਰਤ ਸੰਸਥਾ ਜੋ ਭਾਜਪਾ ਦੇ ਨੇੜੇ ਹੈ-“ਜਿੱਥੇ ਅਸੀਂ ਬੁੱਧੀਜੀਵੀਆਂ ਤੇ ਹੋਰ ਪੱਤਰਕਾਰਾਂ ਦੀਆਂ ਸੇਵਾਵਾਂ ਲੈਂਦੇ ਹਾਂ।” ਸ੍ਰੀਨਗਰ ਦੀਆਂ ਸੜਕਾਂ ’ਤੇ “ਨਵਾਂ ਕਸ਼ਮੀਰ” ਆਇਆ ਹੈ ਜਾਂ ਨਹੀਂ, ਜਿਵੇਂ ਕਿ ਮੋਦੀ ਨੇ ਧਾਰਾ 370 ਨੂੰ ਖ਼ਤਮ ਕਰਨ ਤੋਂ ਬਾਅਦ ਇਕ ਭਾਸ਼ਣ ਵਿਚ ਐਲਾਨ ਕੀਤਾ ਸੀ, ਕਸ਼ਮੀਰ ਦੇ ਅਖ਼ਬਾਰਾਂ ਵਿਚ ਤਾਂ ਆ ਗਿਆ ਹੈ!

ਧਾਰਾ 370 ਨੂੰ ਖ਼ਤਮ ਕਰਨ ਤੋਂ ਮਹੀਨਿਆਂ ਬਾਅਦ, ਰਾਈਜ਼ਿੰਗ ਕਸ਼ਮੀਰ ਦੇ ਸਾਬਕਾ ਮੁੱਖ ਰਿਪੋਰਟਰ, ਜੁਨੈਦ ਕਾਟਜੂ ਨੇ ਆਪਣੀ ਇਕ ਰਿਪੋਰਟ ਲੱਭਣੀ ਚਾਹੀ, ਜੋ ਉਸ ਨੇ ਪਹਿਲਾਂ ਅਖ਼ਬਾਰ ਲਈ ਕੀਤੀ ਸੀ। ਉਸ ਨੂੰ ਹੈਰਾਨੀ ਹੋਈ ਜਦੋਂ ਅਖ਼ਬਾਰ ਦੀ ਵੈੱਬਸਾਈਟ ਉੱਪਰ ਉਸ ਨੂੰ ਨਹੀਂ ਮਿਲੀ। ਉਸ ਨੇ ਹੋਰ ਰਿਪੋਰਟਾਂ ਲੱਭਣ ਦੀ ਕੋਸ਼ਿਸ਼ ਕੀਤੀ, ਜੋ ਉਸ ਨੇ ਸਾਲਾਂਬੱਧੀ ਅਖ਼ਬਾਰ ਲਈ ਕੰਮ ਕਰਦਿਆਂ ਕੀਤੀਆਂ ਸਨ, ਪਰ ਉਸ ਨੂੰ ਕੋਈ ਵੀ ਰਿਪੋਰਟ ਉੱਥੇ ਨਹੀਂ ਮਿਲੀ। ਪੁੱਛਣ ’ਤੇ ਰਾਈਜ਼ਿੰਗ ਕਸ਼ਮੀਰ ਦੇ ਸੀਨੀਅਰ ਮੁਲਾਜ਼ਮ ਨੇ ਉਸ ਨੂੰ ਦੱਸਿਆ ਕਿ ਅਖ਼ਬਾਰ ਵੱਲੋਂ ਵੈਬਸਾਈਟ ਅੱਪਗਰੇਡ ਕੀਤੀ ਜਾ ਰਹੀ ਹੈ ਅਤੇ ਆਰਕਾਈਵ ਕੀਤੀਆਂ ਰਿਪੋਰਟਾਂ ਅਜੇ ਅੱਪਲੋਡ ਕੀਤੀਆਂ ਜਾਣੀਆਂ ਹਨ। “ਉਸ ਨੇ ਕਿਹਾ ਕਿ ਇਸ ’ਚ ਕੁਝ ਸਮਾਂ ਲੱਗੇਗਾ ਅਤੇ ਮੈਂ ਉਸ ਦੀ ਗੱਲ ’ਤੇ ਯਕੀਨ ਕਰ ਲਿਆ,” ਕਾਟਜੂ ਨੇ ਮੈਨੂੰ ਦੱਸਿਆ। ਉਸ ਦੀਆਂ ਰਿਪੋਰਟਾਂ ਮੁੜ ਕਦੇ ਸਾਹਮਣੇ ਨਹੀਂ ਆਈਆਂ।

ਕਾਟਜੂ ਨੇ ਕਿਹਾ, “ਸਾਨੂੰ ਬਾਅਦ ਵਿਚ ਅਹਿਸਾਸ ਹੋਇਆ ਕਿ ਇਹ ਸਰਕਾਰ ਦੇ ਖ਼ਿਲਾਫ ਜਾਂ ਐਸੀ ਕਿਸੇ ਵੀ ਚੀਜ਼ ਨੂੰ ਮਿਟਾਉਣ ਦੀ ਯੋਜਨਾ ਸੀ, ਜੋ ਅਧਿਕਾਰੀਆਂ ਦੀ ਭੈੜੀ ਤਸਵੀਰ ਪੇਸ਼ ਕਰਦੀ ਹੋਵੇ। ਇਕ ਰਿਪੋਰਟਰ ਲਈ ਬਾਈਲਾਈਨ ਮਾਇਨੇ ਰੱਖਦੀ ਹੈ। ਜੇਕਰ ਮੈਂ ਕਿਤੇ ਨੌਕਰੀ ਲਈ ਅਪਲਾਈ ਕਰਨਾ ਚਾਹੁੰਦਾ ਹਾਂ ਤਾਂ ਮੈਨੂੰ ਆਪਣਾ ਕੰਮ ਦਿਖਾਉਣਾ ਪਵੇਗਾ। ਹੁਣ ਮੈਂ ਕੀ ਦਿਖਾਵਾਂਗਾ?”

ਕਾਟਜੂ ਇਕੱਲਾ ਨਹੀਂ ਹੈ। ਇੰਞ ਲੱਗਦਾ ਹੈ ਕਿ ਰਾਈਜ਼ਿੰਗ ਕਸ਼ਮੀਰ ਦੇ ਸੰਸਥਾਪਕ ਸੰਪਾਦਕ ਮਰਹੂਮ ਸ਼ੁਜਾਤ ਬੁਖ਼ਾਰੀ ਦੀਆਂ ਕਈ ਰਿਪੋਰਟਾਂ ਵੀ ਵੈੱਬਸਾਈਟ ਤੋਂ ਗ਼ਾਇਬ ਹਨ। ਸਥਾਪਨਾ ਤੋਂ ਬਾਅਦ ਰਾਈਜ਼ਿੰਗ ਕਸ਼ਮੀਰ ਨੇ ਸੈਂਕੜੇ ਪੱਤਰਕਾਰ ਤਿਆਰ ਕੀਤੇ ਅਤੇ ਤੇਜ਼ੀ ਨਾਲ ਇਸ ਖੇਤਰ ਵਿਚ ਸਭ ਤੋਂ ਵੱਧ ਪੜ੍ਹੇ ਜਾਣ ਵਾਲੇ ਅਖ਼ਬਾਰਾਂ ਵਿੱਚੋਂ ਇਕ ਬਣ ਗਿਆ। ਕਈ ਪੱਤਰਕਾਰ ਜਿਨ੍ਹਾਂ ਨੂੰ ਬੁਖ਼ਾਰੀ ਨੇ ਸਿਖਲਾਈ ਦਿੱਤੀ, ਉਹ ਹੁਣ ਵੱਡੇ ਰਾਸ਼ਟਰੀ ਅਖ਼ਬਾਰਾਂ ਅਤੇ ਰਸਾਲਿਆਂ ਲਈ ਕੰਮ ਕਰਦੇ ਹਨ ਜਾਂ ਅੰਤਰਰਾਸ਼ਟਰੀ ਨਿਊਜ਼ ਸੰਸਥਾਵਾਂ ਲਈ ਲਿਖਦੇ ਹਨ। ਉਸ ਦੇ ਕੰਮ ਦਾ ਇਕ ਸੰਗ੍ਰਹਿ ਫਰੰਟਲਾਈਨ ਨਾਂਅ ਦੀ ਕਿਤਾਬ ਦੇ ਰੂਪ ’ਚ ਛਾਪਿਆ ਗਿਆ ਸੀ। ਇਸ ਦਾ ਕੋਈ ਵੀ ਲੇਖ ਹੁਣ ਅਖ਼ਬਾਰ ਦੀ ਵੈੱਬਸਾਈਟ ਉੱਪਰ ਨਹੀਂ ਮਿਲਦਾ।

ਇੰਞ ਨਹੀਂ ਹੈ ਕਿ ਸਿਰਫ਼ ਰਾਈਜ਼ਿੰਗ ਕਸ਼ਮੀਰ ਹੀ ਆਪਣੇ ਆਰਕਾਈਵ ਨੂੰ ਮਿਟਾ ਰਿਹਾ ਹੈ। ਘਾਟੀ ਦੇ ਸਭ ਤੋਂ ਵੱਧ ਸਰਕੂਲੇਸ਼ਨ ਵਾਲੇ ਅਖ਼ਬਾਰ ਗ੍ਰੇਟਰ ਕਸ਼ਮੀਰ ਦਾ ਦੱਖਣੀ-ਕਸ਼ਮੀਰ ਤੋਂ ਸਾਬਕਾ ਪੱਤਰਕਾਰ ਇਰਫ਼ਾਨ ਅਮੀਨ ਮਲਿਕ ਵੀ ਆਪਣੀਆਂ ਪਿਛਲੀਆਂ ਸਾਰੀਆਂ ਲਿਖਤਾਂ ਔਨਲਾਈਨ ਆਰਕਾਈਵ ਦੇ ਠੀਕ ਹੋਣ ਦੀ ਇੰਤਜ਼ਾਰ ਕਰਦਿਆਂ ਗੁਆ ਬੈਠਾ। “ਜਦੋਂ ਮੈਨੂੰ ਗ੍ਰੇਟਰ ਕਸ਼ਮੀਰ ਦੀ ਵੈੱਬਸਾਈਟ ’ਤੇ ਮੇਰੀਆਂ ਰਿਪੋਰਟਾਂ ਨਹੀਂ ਮਿਲੀਆਂ, ਤਾਂ ਮੈਨੂੰ ਹੈਰਾਨੀ ਹੋਈ ਅਤੇ ਗੁੱਸਾ ਆਇਆ,” ਉਸ ਨੇ ਮੈਨੂੰ ਦੱਸਿਆ। “ਇਹ ਦੁੱਖ ਦੀ ਗੱਲ ਹੈ ਕਿ ਮੇਰਾ ਸਾਲਾਂ ਦਾ ਕੰਮ ਸਿਰਫ਼ ਇਸ ਕਰਕੇ ਉਪਲੱਬਧ ਨਹੀਂ ਹੈ ਕਿਉਂਕਿ ਗ੍ਰੇਟਰ ਕਸ਼ਮੀਰ ਦੇ ਕਰਤਿਆਂ-ਧਰਤਿਆਂ ਨੇ ਗੋਡੇ ਟੇਕ ਦਿੱਤੇ। ਮੈਂ ਹੈਰਾਨ ਹਾਂ ਕਿ ਉਨ੍ਹਾਂ ਨੇ ਡੇਟਾਬੇਸ ਤੋਂ ਪੱਤਰਕਾਰਾਂ ਦਾ ਕੰਮ ਮਿਟਾਉਣ ਤੋਂ ਪਹਿਲਾਂ ਉਨ੍ਹਾਂ ਦੀ ਇਜਾਜ਼ਤ ਕਿਉਂ ਨਹੀਂ ਲਈ। ਮੈਂ ਬਹੁਤ ਸਾਰੀਆਂ ਸਟੋਰ ਕੀਤੀਆਂ ਸਨ ਅਤੇ ਉਹ ਮੇਰੀ ਜਾਇਦਾਦ ਸਨ। ਮੈਂ ਉਨ੍ਹਾਂ ਨੂੰ ਸਖ਼ਤ ਮਿਹਨਤ ਅਤੇ ਸੰਘਰਸ਼ ਰਾਹੀਂ ਜਮ੍ਹਾਂ ਕੀਤਾ ਹੈ। ਫ਼ਿਲਹਾਲ ਮੈਂ ਕੰਮ ਸਟੋਰੇਜ ਡਿਵਾਈਸ ਉੱਪਰ ਪਾਉਣ ਦੀ ਕੋਸ਼ਿਸ਼ ਕਰਾਂਗਾ ਤਾਂ ਕਿ ਮੇਰੇ ਕੋਲ ਕੱਲ੍ਹ ਨੂੰ ਆਫਲਾਈਨ ਆਰਕਾਈਵ ਉਪਲੱਬਧ ਹੋਵੇ।” ਮਲਿਕ ਦੇ ਕੁਝ ਸਾਬਕਾ ਸਾਥੀਆਂ ਨੇ ਵੀ ਦੇਖਿਆ ਕਿ ਉਨ੍ਹਾਂ ਦਾ ਕੰਮ ਵੀ ਆਰਕਾਈਵ ਤੋਂ ਗ਼ਾਇਬ ਸੀ। ਉਸ ਨੇ ਕਿਹਾ, “ਸ਼ਾਇਦ ਸਰਕਾਰ ਨੇ ਗ੍ਰੇਟਰ ਕਸ਼ਮੀਰ ਉੱਪਰ ਪਹਿਲਾਂ ਛਪੀਆਂ ਸਾਰੀਆਂ ਰਿਪੋਰਟਾਂ ਨੂੰ ਹਟਾਉਣ ਲਈ ਦਬਾਅ ਪਾਇਆ ਹੋਵੇ, ਜੋ ਸਰਕਾਰ ਨੂੰ ਪਸੰਦ ਨਹੀਂ ਹਨ।”

ਗ੍ਰੇਟਰ ਕਸ਼ਮੀਰ ਅਤੇ ਰਾਈਜ਼ਿੰਗ ਕਸ਼ਮੀਰ ਸਮੇਤ ਤਿੰਨ ਪ੍ਰਮੁੱਖ ਅਖ਼ਬਾਰਾਂ ਨਾਲ ਕੰਮ ਕਰ ਚੁੱਕੇ ਇਕ ਰਿਪੋਰਟਰ ਨੇ ਕਿਹਾ ਕਿ ਉਸ ਦਾ ਸਾਰਾ ਕੰਮ ਤਿੰਨਾਂ ਹੀ ਅਖ਼ਬਾਰਾਂ ਦੀਆਂ ਵੈੱਬਸਾਈਟਾਂ ਤੋਂ ਹਟਾ ਦਿੱਤਾ ਗਿਆ ਹੈ। ਰਿਪੋਰਟਰ ਨੇ ਆਪਣਾ ਨਾਂਅ ਗੁਪਤ ਰੱਖਣ ਦੀ ਸ਼ਰਤ ’ਤੇ ਕਿਹਾ, “ਇਹ ਜਾਣਬੁੱਝ ਕੇ ਕੀਤਾ ਗਿਆ ਹੈ। ਉਨ੍ਹਾਂ ਨੂੰ ਅਧਿਕਾਰੀਆਂ ਨੇ ਮੂੰਹ ਜ਼ੁਬਾਨੀ ਅਜਿਹਾ ਕਰਨ ਲਈ ਕਿਹਾ ਗਿਆ ਹੈ ਜਾਂ ਇਸ ਨੂੰ ਹਟਾਉਣ ਦਾ ਕੋਈ ਸਪੱਸ਼ਟ ਆਦੇਸ਼ ਹੈ ਜਾਂ ਨਹੀਂ, ਇਹ ਸਪੱਸ਼ਟ ਨਹੀਂ ਹੈ। ਖ਼ੈਰ ਇਹ ਤਾਂ ਸਿਰਫ਼ ਮਾਲਕ ਜਾਂ ਪ੍ਰਬੰਧਕ ਹੀ ਜਾਣਦੇ ਹਨ ਕਿ ਸਾਡਾ ਕੰਮ ਕਿਵੇਂ ਅਤੇ ਕਿਉਂ ਮਿਟਾਇਆ ਗਿਆ।” ਰਿਪੋਰਟਰ ਨੇ ਕਿਹਾ ਕਿ ਉਸ ਦਾ ਕੰਮ ਧਾਰਾ 370 ਨੂੰ ਖ਼ਤਮ ਕੀਤੇ ਜਾਣ ਦੇ ਸਮੇਂ ਤੱਕ ਆਨਲਾਈਨ ਉਪਲੱਬਧ ਸੀ, ਪਰ ਉਸ ਨੇ ਦੇਖਿਆ ਕਿ ਕੁਝ ਸਮੇਂ ਬਾਅਦ ਇਹ ਗ਼ਾਇਬ ਹੋਣਾ ਸ਼ੁਰੂ ਹੋ ਗਿਆ। ਲੇਖਕ ਅਤੇ ਪੱਤਰਕਾਰ ਗੌਹਰ ਨੇ ਮੈਨੂੰ ਦੱਸਿਆ, “ਇਹ ਸਪੱਸ਼ਟ ਹੈ ਕਿ ਇਹ ਸ਼ਾਸਨ ਵਿਅਕਤੀਗਤ ਅਤੇ ਸਮੂਹਿਕ ਯਾਦਾਂ ਨੂੰ ਮਿਟਾਉਣ, ਇਤਿਹਾਸ ਨੂੰ ਵਿਗਾੜਨ ਅਤੇ ਇਕ ਨਵਾਂ ਇਤਿਹਾਸ ਘੜਨ ਦੇ ਮਿਸ਼ਨ ’ਤੇ ਹੈ ਜੋ ਅਜਿਹਾ ਹੋਵੇ ਕਿ ਕਸ਼ਮੀਰ ਵਿਚ ਉਨ੍ਹਾਂ ਦੀ ਸੱਭਿਅਤਾ ਅਤੇ ਵਿਚਾਰਧਾਰਕ ਪ੍ਰੋਜੈਕਟ ਦੇ ਅਨੁਕੂਲ ਹੋਵੇ।”

ਗ੍ਰੇਟਰ ਕਸ਼ਮੀਰ ਨੇ ਆਪਣੇ ਆਰਕਾਈਵ ਨੂੰ ਬਦਲਣ ਬਾਰੇ ਸਵਾਲਾਂ ਦਾ ਜਵਾਬ ਨਹੀਂ ਦਿੱਤਾ। ਰਾਈਜ਼ਿੰਗ ਕਸ਼ਮੀਰ ਦੇ ਮੁਲਾਜ਼ਮਾਂ ਦੀ ਬਰਖ਼ਾਸਤਗੀ ਅਤੇ ਇਸ ਦੇ ਆਰਕਾਈਵ ਤੋਂ ਉਨ੍ਹਾਂ ਦੀਆਂ ਪੁਰਾਣੀਆਂ ਰਿਪੋਰਟਾਂ ਦੇ ਗ਼ਾਇਬ ਹੋਣ ਬਾਰੇ ਸਵਾਲਾਂ ਦੇ ਜਵਾਬ ’ਚ ਅਖ਼ਬਾਰ ਦੇ ਮੁੱਖ ਸੰਪਾਦਕ ਹਾਫਿਜ਼ ਅਯਾਜ਼ ਗਨੀ ਨੇ ਲਿਖਿਆ, ਸਭ ਤੋਂ ਪਹਿਲਾਂ ਤਾਂ ਸਾਨੂੰ ਤੁਹਾਡੇ ਸਵਾਲਾਂ ਦਾ ਮਕਸਦ ਹੀ ਸਮਝ ਨਹੀਂ ਆ ਰਿਹਾ। ਅਸੀਂ ਤੁਹਾਨੂੰ ਆਪਣੇ ਅਖ਼ਬਾਰ ਦੇ ਅੰਦਰੂਨੀ ਮਾਮਲਿਆਂ ਦਾ ਖ਼ੁਲਾਸਾ ਕਰਨ ਦੇ ਪਾਬੰਦ ਨਹੀਂ ਹਾਂ। ਅਸੀਂ ਤੁਹਾਡੀ ਪ੍ਰਸਤਾਵਿਤ ਨਿਊਜ਼ ਸਟੋਰੀ ਵਿਚ ਹਿੱਸਾ ਨਹੀਂ ਲੈਣਾ ਚਾਹੁੰਦੇ।”

ਜੰਮੂ-ਕਸ਼ਮੀਰ ਪ੍ਰਸ਼ਾਸਨ ਦੁਆਰਾ ਖੇਤਰ ਦੇ ਇਤਿਹਾਸ ਨੂੰ ਮਿਟਾਉਣ ਅਤੇ ਇਸ ਦੇ ਮੀਡੀਆ ’ਚ ਹੇਰਾਫੇਰੀ ਦੀ ਸ਼ਾਇਦ ਸਭ ਤੋਂ ਵਧੀਆ ਮਿਸਾਲ 22 ਅਕਤੂਬਰ 2020 ਨੂੰ ਸਾਹਮਣੇ ਆਈ। ਲੈਫਟੀਨੈਂਟ ਗਵਰਨਰ ਮਨੋਜ ਸਿਨਹਾ “22 ਅਕਤੂਬਰ 1947 ਦੀਆਂ ਯਾਦਾਂ ਉੱਪਰ ਰਾਸ਼ਟਰੀ ਸੈਮੀਨਾਰ ਅਤੇ ਪ੍ਰਦਰਸ਼ਨੀ” ਦਾ ਉਦਘਾਟਨ ਕਰ ਰਹੇ ਸਨ - ਜਦੋਂ ਪਸ਼ਤੂਨ ਮਿਲੀਸ਼ੀਆ ਭਾਰਤ ਵਿਚ ਕਸ਼ਮੀਰ ਦਾ ਰਲੇਵਾਂ ਹੋਣ ਤੋਂ ਥੋੜ੍ਹਾ ਸਮਾਂ ਪਹਿਲਾਂ ਇੱਥੇ ਦਾਖ਼ਲ ਹੋਈ ਸੀ। ਪ੍ਰਦਰਸ਼ਨੀ ਵਿਚ ਉਸ ਦਿਨ ਦੇ (22 ਅਕਤੂਬਰ 1947) ਅਖ਼ਬਾਰਾਂ ’ਚ ਛਪੀਆਂ ਤਸਵੀਰਾਂ ਸਨ, ਜੋ ਸਿਨਹਾ ਨੇ ਆਪਣੇ ਟਵਿੱਟਰ ਹੈਂਡਲ ਉੱਪਰ ਪੋਸਟ ਕੀਤੀਆਂ। ਹਿੰਦੁਸਤਾਨ ਟਾਈਮਜ਼ ਦੇ ਪਹਿਲੇ ਪੰਨੇ ਦੀ ਤਸਵੀਰ ਦੀ ਸੁਰਖ਼ੀ ਸੀ “ਕਸ਼ਮੀਰ ਦਾ ਭਾਰਤ ਨਾਲ ਰਲੇਵਾਂ”, ਜਿਸ ਦੀ ਸਿਨਹਾ ਤਾਰੀਫ਼ ਕਰ ਰਹੇ ਜਾਪਦੇ ਸਨ। ਹਿੰਦੁਸਤਾਨ ਟਾਈਮਜ਼ ਦੇ ਉਸੇ ਪੰਨੇ ਉੱਪਰ ਇਕ ਹੋਰ ਖ਼ਬਰ ਦੀ ਸੁਰਖ਼ੀ ਸੀ “ਰਾਜੇ ਦੇ ਫ਼ੈਸਲੇ ਉੱਪਰ ਜਨਮਤ ਸੰਗ੍ਰਹਿ ਛੇਤੀ ਹੀ।” ਪਰ ਪ੍ਰਦਰਸ਼ਨੀ ’ਚ ਲਗਾਈ ਗਈ ਇਸ ਤਸਵੀਰ ਨੂੰ ਧੁੰਦਲੀ ਕਰ ਦਿੱਤਾ ਗਿਆ ਸੀ। **(ਸਮਾਪਤ)**

*(ਕਾਰਵਾਂ ਮੈਗਜ਼ੀਨ ਦੇ ਧੰਨਵਾਦ ਸਹਿਤ)*

CMYK